9-NOV-PAGE-1.qxd 11/8/2025 8:58 PM Page 1

ਐਤਵਾਰ, 9 ਨਵੰਬਰ, 2025
24 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 159

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 9 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਭਾਜਪਾ ਸਰਕਾਰ ਪੰਜਾਬ ਵਿਰੋਧੀ ਮਾਨਸਿਕਤਾ ਤੋਂ ਪੀੜਤ : ਮਾਨ

### ਬਟਾਲਾ ਵਿਖੇ ਨਵਾਂ ਤਹਿਸੀਲ ਕੰਪਲੈਕਸ ਲੋਕਾਂ ਨੂੰ ਸਮਰਪਤ

**ਬਟਾਲਾ (ਤਰਲੋਕ ਬੱਗਾ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਨੀਵਾਰ ਇੱਥੇ ਨਵਾਂ ਬਣਿਆ ਤਹਿਸੀਲ ਕੰਪਲੈਕਸ ਲੋਕਾਂ ਨੂੰ ਸਮਰਪਤ ਕੀਤਾ ਗਿਆ, ਜਿਸ ਦਾ ਉਦੇਸ਼ ਨਾਗਰਿਕਾਂ ਨੂੰ ਇੱਕੋ ਛੱਤ ਹੇਠ ਸਾਰੀਆਂ ਆਮ ਪ੍ਰਸ਼ਾਸਕੀ ਸੇਵਾਵਾਂ ਪ੍ਰਦਾਨ ਕਰਨਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਤਹਿਸੀਲ ਕੰਪਲੈਕਸ 10 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਹੈ। ਉਨ੍ਹਾ ਕਿਹਾ ਕਿ ਉਹ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ ਕਿ ਉਨ੍ਹਾ ਨੂੰ ਇਸ ਪਵਿੱਤਰ ਸ਼ਹਿਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਮੌਕਾ ਮਿਲਿਆ ਹੈ। ਨਵੇਂ ਕੰਪਲੈਕਸ ਦੇ ਨਿਰਮਾਣ ਨਾਲ ਹੁਣ 314 ਪਿੰਡਾਂ ਦੇ ਲੋਕ ਇੱਕੋ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਪ੍ਰਾਪਤ ਕਰ ਸਕਣਗੇ। ਮਾਨ ਨੇ ਕਿਹਾ ਕਿ ਬਟਾਲਾ ਸਬ-ਡਵੀਜ਼ਨ ਤੋਂ ਇਲਾਵਾ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ, ਕਾਦੀਆਂ, ਸ੍ਰੀ ਹਰਗੋਬਿੰਦਪੁਰ ਸਾਹਿਬ ਅਤੇ ਬਟਾਲਾ ਦੇ ਨਾਲ-ਨਾਲ ਡੇਰਾ ਬਾਬਾ ਨਾਨਕ ਅਤੇ ਕਾਹਨੂੰਵਾਨ ਦੇ ਕੁਝ ਪਿੰਡ ਇਸ ਤਹਿਸੀਲ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਤਹਿਸੀਲ ਕੰਪਲੈਕਸ ਵਿੱਚ ਐੱਸ ਡੀ ਐੱਮ, ਤਹਿਸੀਲਦਾਰ, ਕਾਨੂੰਨਗੋ ਅਤੇ ਪਟਵਾਰੀਆਂ ਦੇ ਦਫ਼ਤਰਾਂ ਦੇ ਨਾਲ ਇੱਕ ਨਾਗਰਿਕ ਸੇਵਾ ਕੇਂਦਰ ਵੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸ ਕੰਪਲੈਕਸ ਵਿੱਚ ਇੱਕ ਅਤਿ-ਆਧੁਨਿਕ ਈ-ਰਜਿਸਟਰੀ ਦਫ਼ਤਰ ਵੀ ਹੈ ਅਤੇ ਜਨਤਕ ਸਹੂਲਤ ਲਈ ਇੱਕ ਲਿਫਟ ਵੀ ਲਗਾਈ ਗਈ ਹੈ। ਇਸ ਸਹੂਲਤ ਵਿੱਚ ਬੈਠਣ ਲਈ ਆਰਾਮਦਾਇਕ ਪ੍ਰਬੰਧ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਸਹੂਲਤ ਦੇ ਨਾਲ ਇੱਕ ਸ਼ਾਨਦਾਰ ਵੇਟਿੰਗ ਰੂਮ ਵੀ ਬਣਿਆ ਹੋਇਆ ਹੈ। ਨਵਾਂ ਤਹਿਸੀਲ ਕੰਪਲੈਕਸ ਜੁਡੀਸ਼ੀਅਲ ਕੰਪਲੈਕਸ ਅਤੇ ਪੁਲਸ ਲਾਈਨ ਦੇ ਨੇੜੇ ਸਥਿਤ ਹੈ, ਜਿਸ ਨਾਲ ਵਸਨੀਕਾਂ ਲਈ ਪ੍ਰਸ਼ਾਸਨਿਕ ਕੰਮ ਆਸਾਨ ਹੋ ਜਾਵੇਗਾ।

ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਪੰਜਾਬ ਯੂਨੀਵਰਸਿਟੀ 'ਚ ਪਿਛਲੇ ਦਰਵਾਜ਼ੇ ਰਾਹੀਂ ਦਾਖ਼ਲ ਹੋਣ ਦੀ ਜੱਦੋ-ਜਹਿਦ ਕਰ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਸ਼ੁਰੂਆਤ ਤੋਂ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਾਡੇ ਸੂਬੇ ਦੀ ਭਾਵਨਾਤਮਕ, ਸੱਭਿਆਚਾਰਕ, ਸਾਹਿਤਕ ਅਤੇ ਅਮੀਰ ਵਿਰਾਸਤ ਦਾ ਹਿੱਸਾ ਹੈ। ਉਨ੍ਹਾ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਵਜੂਦ ਨੂੰ ਬਦਲਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਪੰਜਾਬ ਸਰਕਾਰ ਵਿਦਿਆਰਥੀਆਂ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਕਿਸੇ ਵੀ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਪੰਜਾਬ ਵਿਰੋਧੀ ਮਾਨਸਿਕਤਾ ਤੋਂ ਪੀੜਤ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਭਾਜਪਾ ਸੂਬੇ ਦੀਆਂ ਝਾਕੀਆਂ ਨੂੰ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੰਦੀ। ਇਸੇ ਤਰ੍ਹਾਂ ਬੀ ਬੀ ਐੱਮ ਬੀ, ਪੰਜਾਬ ਯੂਨੀਵਰਸਿਟੀ ਅਤੇ ਹੋਰ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਭਗਵਾਂ ਪਾਰਟੀ ਦੇ ਸੂਬੇ ਪ੍ਰਤੀ ਵਿਰੋਧੀ ਰਵੱਈਏ ਨੂੰ ਦਰਸਾਉਂਦੀ ਹੈ।

ਉਹਨਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਵੱਖ-ਵੱਖ ਪ੍ਰੋਗਰਾਮਾਂ ਦੀ ਲੜੀ ਕਰਵਾਈ ਜਾ ਰਹੀ ਹੈ। ਮੁੱਖ ਮੰਤਰੀ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਭਾਰਤੀ ਚੋਣ ਕਮਿਸ਼ਨ ਦੀ ਘਟਦੀ ਭਰੋਸੇਯੋਗਤਾ ਲੋਕਤੰਤਰ ਲਈ ਘਾਤਕ ਸਾਬਤ ਹੋ ਸਕਦੀ ਹੈ। ਉਨ੍ਹਾ ਕਿਹਾ ਕਿ ਜੇਕਰ ਕੋਈ ਰਾਜਨੀਤਕ ਪਾਰਟੀ ਈ ਵੀ ਐੱਮ ਅਤੇ ਵੋਟ ਚੋਰੀ 'ਤੇ ਸਵਾਲ ਉਠਾ ਰਹੀ ਹੈ ਤਾਂ ਚੋਣ ਕਮਿਸ਼ਨ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਹਾਲਾਂ ਕਿ ਚੋਣ ਕਮਿਸ਼ਨ ਇਸ ਪ੍ਰਤੀ ਚੁੱਪ ਹੈ, ਜਦੋਂ ਕਿ ਭਾਜਪਾ ਇਸ ਦੇ ਬੁਲਾਰੇ ਵਜੋਂ ਕੰਮ ਕਰ ਰਹੀ ਹੈ, ਜੋ ਕਿ ਸਰਾਸਰ ਗਲਤ ਹੈ।

ਇਸ ਮੌਕੇ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਟਾਲਾ ਸਮੇਤ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਮਿਲਣ ਨਾਲ ਬਹੁਤ ਲਾਭ ਮਿਲੇਗਾ।

## ਫਿਰੋਜ਼ਪੁਰ-ਦਿੱਲੀ ਸਮੇਤ 4 ਵੰਦੇ ਭਾਰਤ ਐੱਕਸਪ੍ਰੈੱਸ ਰੇਲਾਂ ਨੂੰ ਹਰੀ ਝੰਡੀ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਵਾਰਾਨਸੀ ਤੋਂ ਚਾਰ ਨਵੀਆਂ ਵੰਦੇ ਭਾਰਤ ਐੱਕਸਪ੍ਰੈੱਸ ਰੇਲ ਗੱਡੀਆਂ ਨੂੰ ਹਰੀ ਝੰਡੀ ਦਿੱਤੀ, ਜਿਸ ਨਾਲ ਭਾਰਤ ਦਾ ਅਰਧ-ਹਾਈ-ਸਪੀਡ ਰੇਲ ਨੈੱਟਵਰਕ 160 ਤੋਂ ਵੱਧ ਸੇਵਾਵਾਂ ਤੱਕ ਪਹੁੰਚ ਗਿਆ ਹੈ। ਇਨ੍ਹਾਂ ਵਿੱਚੋਂ ਫਿਰੋਜ਼ਪੁਰ-ਦਿੱਲੀ ਰੂਟ ਸਭ ਤੋਂ ਖਾਸ ਹੈ, ਜੋ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਨੂੰ ਸਿਰਫ਼ 6 ਘੰਟੇ 40 ਮਿੰਟ ਵਿੱਚ ਨਵੀਂ ਦਿੱਲੀ ਨਾਲ ਸਿੱਧਾ, ਤੇਜ਼ ਸੰਪਰਕ ਪ੍ਰਦਾਨ ਕਰਦਾ ਹੈ। ਇਹ ਰੂਟ 486 ਕਿਲੋਮੀਟਰ ਦੇ ਕੋਰੀਡੋਰ 'ਤੇ ਸਭ ਤੋਂ ਤੇਜ਼ ਹੈ। ਫਿਰੋਜ਼ਪੁਰ ਕੈਂਟ-ਦਿੱਲੀ ਵੰਦੇ ਭਾਰਤ ਹਫ਼ਤੇ ਵਿੱਚ ਛੇ ਦਿਨ (ਬੁੱਧਵਾਰ ਨੂੰ ਛੱਡ ਕੇ) ਸਵੇਰੇ 7:55 ਵਜੇ ਫਿਰੋਜ਼ਪੁਰ ਕੈਂਟ ਤੋਂ ਰਵਾਨਾ ਹੋਵੇਗੀ ਅਤੇ ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ ਕੈਂਟ, ਕੁਰੂਕਸ਼ੇਤਰ ਅਤੇ ਪਾਨੀਪਤ ਵਿਖੇ ਰੁਕਦੀ ਹੋਈ ਦੁਪਹਿਰ 2:35 ਵਜੇ ਤੱਕ ਨਵੀਂ ਦਿੱਲੀ ਪਹੁੰਚੇਗੀ। ਨਵੀਂ ਦਿੱਲੀ ਤੋਂ ਸ਼ਾਮ 4:00 ਵਜੇ ਰਵਾਨਾ ਹੋਵੇਗੀ, ਜੋ ਰਾਤ 10:35 ਵਜੇ ਫਿਰੋਜ਼ਪੁਰ ਕੈਂਟ ਵਿਖੇ ਪੁੱਜੇਗੀ। ਚੇਨਈ ਦੀ ਇੰਟੈਗਰਲ ਕੋਚ ਫੈਕਟਰੀ ਵਿੱਚ ਬਣੀ ਇਸ ਅੱਠ ਕੋਚਾਂ ਵਾਲੀ ਰੇਲ ਗੱਡੀ ਵਿੱਚ ਸੱਤ ਏ ਸੀ ਚੇਅਰ ਕਾਰ ਅਤੇ ਇੱਕ ਐਗਜ਼ੀਕਿਊਟਿਵ ਕਲਾਸ ਸ਼ਾਮਲ ਹੈ, ਜਿਸ ਵਿੱਚ ਆਟੋਮੈਟਿਕ ਦਰਵਾਜ਼ੇ, ਵਾਈ-ਫਾਈ ਅਤੇ ਬਾਇਓ-ਟਾਇਲਟ ਵਰਗੀਆਂ ਵਿਸ਼ੇਸ਼ਤਾਵਾਂ ਹਨ।

ਹੋਰ ਸ਼ੁਰੂ ਹੋਈਆਂ ਵੰਦੇ ਭਾਰਤ ਐੱਕਸਪ੍ਰੈੱਸ ਰੇਲਾਂ ਵਿੱਚ ਬਨਾਰਸ-ਖਜੂਰਾਹੋ, ਲਖਨਊ-ਸਹਾਰਨਪੁਰ ਤੇ ਏਰਨਾਕੁਲਮ-ਬੰਗਲੁਰੂ ਸ਼ਾਮਲ ਹਨ।

## ਉਪ ਮੁੱਖ ਮੰਤਰੀ ਦੇ ਪੁੱਤਰ ਦੀ ਕੰਪਨੀ ਨੂੰ ਸਰਕਾਰੀ ਜ਼ਮੀਨ ਕੌਡੀਆਂ ਦੇ ਭਾਅ



**ਮੁੰਬਈ** : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੇ ਪੁੱਤਰ ਪਾਰਥ ਪਵਾਰ ਦੀ ਕੰਪਨੀ ਨੂੰ ਬਹੁਤ ਘੱਟ ਕੀਮਤ 'ਤੇ ਸਰਕਾਰੀ ਜ਼ਮੀਨ ਦੇਣ ਤੇ ਇਸ ਉਪਰ 21 ਕਰੋੜ ਰੁਪਏ ਦੀ ਸਟੈਂਪ ਡਿਊਟੀ ਮੁਆਫ ਕਰ ਦੇਣ ਦਾ ਮਾਮਲਾ ਤੂਲ ਫੜਦਾ ਹੋਇਆ ਨਜ਼ਰ ਆ ਰਿਹਾ ਹੈ। ਮਾਮਲਾ ਭਖਣ ਤੋਂ ਬਾਅਦ ਅਜੀਤ ਪਵਾਰ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਉਨ੍ਹਾ ਦੇ ਪੁੱਤਰ ਪਾਰਥ ਪਵਾਰ ਦੀ ਫਰਮ ਵੱਲੋਂ ਪੁਣੇ ਵਿੱਚ ਇੱਕ ਪ੍ਰਮੁੱਖ ਜ਼ਮੀਨ ਲਈ ਕੀਤੀ ਗਈ ਵਿਕਰੀ ਡੀਡ ਰੱਦ ਕਰ ਦਿੱਤੀ ਹੈ। ਇਸ ਤੋਂ ਬਾਅਦ ਉਨ੍ਹਾ ਦੀ ਕੰਪਨੀ ਅਮਾਡੀਆ ਐਂਟਰਪ੍ਰਾਈਜ਼ਿਜ਼ (ਐੱਲ ਐੱਲ ਪੀ) ਨੂੰ ਹੁਣ ਸੌਦਾ ਰੱਦ ਕਰਨ ਦੇ ਇਵਜ਼ ਵਿਚ ਡਬਲ ਸਟੈਂਪ ਡਿਊਟੀ ਅਦਾ ਕਰਨੀ ਪੈ ਸਕਦੀ ਹੈ, ਜੋ 42 ਕਰੋੜ ਰੁਪਏ ਬਣਦੀ ਹੈ। ਇਸ ਸੰਬੰਧੀ ਰਜਿਸਟਰੇਸ਼ਨ ਅਤੇ ਸਟੈਂਪ ਵਿਭਾਗ ਨੇ ਪਾਰਥ ਪਵਾਰ ਦੇ ਚਚੇਰੇ ਭਰਾ ਅਤੇ ਅਮਾਡੀਆ ਐਂਟਰਪ੍ਰਾਈਜ਼ਿਜ਼ ਵਿੱਚ ਭਾਈਵਾਲ ਦਿਗਵਿਜੇ ਅਮਰ ਸਿੰਘ ਪਾਟਿਲ ਨੂੰ ਸੂਚਿਤ ਕੀਤਾ ਹੈ ਕਿ ਫਰਮ ਨੂੰ ਪਹਿਲਾਂ ਦੀ 7 ਪ੍ਰਤੀਸ਼ਤ ਸਟੈਂਪ ਡਿਊਟੀ (ਮਹਾਰਾਸ਼ਟਰ ਸਟੈਂਪ ਐਕਟ ਅਧੀਨ 5 ਪ੍ਰਤੀਸ਼ਤ, 1 ਪ੍ਰਤੀਸ਼ਤ ਸਥਾਨਕ ਸੰਸਥਾ ਟੈਕਸ ਅਤੇ 1 ਪ੍ਰਤੀਸ਼ਤ ਮੈਟਰੋ ਸੈੱਸ) ਦਾ ਭੁਗਤਾਨ ਕਰਨਾ ਪਵੇਗਾ, ਕਿਉਂਕਿ ਇਸ ਨੇ ਜ਼ਮੀਨ 'ਤੇ ਡੇਟਾ ਸੈਂਟਰ ਦਾ ਪ੍ਰਸਤਾਵ ਰੱਖਣ ਦਾ ਦਾਅਵਾ ਕਰਕੇ ਛੋਟ ਦੀ ਮੰਗ ਕੀਤੀ ਸੀ। ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਸੌਦਾ ਰੱਦ ਕਰਨ ਕਾਰਨ ਉਨ੍ਹਾਂ ਨੂੰ 7 ਪ੍ਰਤੀਸ਼ਤ ਵਾਧੂ ਸਟੈਂਪ ਡਿਊਟੀ ਵੀ ਅਦਾ ਕਰਨੀ ਪਵੇਗੀ। ਵਿਭਾਗ ਅਨੁਸਾਰ ਇਸ ਫਰਮ ਨੇ ਵਿਕਰੀ ਡੀਡ ਵੇਲੇ ਇਹ ਕਹਿ ਕੇ ਸਟੈਂਪ ਡਿਊਟੀ ਛੋਟ ਦਾ ਦਾਅਵਾ ਕੀਤਾ ਸੀ ਕਿ ਇਸ ਜ਼ਮੀਨ 'ਤੇ ਇੱਕ ਡੇਟਾ ਸੈਂਟਰ ਸਥਾਪਤ ਕੀਤਾ ਜਾਵੇਗਾ, ਪਰ ਇਹ ਯੋਜਨਾ ਹੁਣ ਰੱਦ ਕਰ ਦਿੱਤੀ ਗਈ ਹੈ।

ਅਜੀਤ ਨੇ ਕਿਹਾ ਕਿ ਪੁਣੇ ਜ਼ਮੀਨ ਸੌਦੇ ਦੀ ਜਾਂਚ ਨਿਰਪੱਖ ਢੰਗ ਨਾਲ ਤੇ ਬਿਨਾਂ ਰਾਜਨੀਤਕ ਦਖਲਅੰਦਾਜ਼ੀ ਦੇ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਪਾਰਥ ਪਵਾਰ ਦੀ ਕੰਪਨੀ ਨੂੰ ਸਰਕਾਰੀ ਜ਼ਮੀਨ ਬਹੁਤ ਘੱਟ ਪੈਸਿਆਂ ਵਿਚ ਦੇ ਦਿੱਤੀ ਗਈ ਸੀ ਤੇ ਇਸ ਜ਼ਮੀਨ ਵਿਚ ਸਰਕਾਰੀ ਫੀਸ ਵੀ ਨਾਮਾਤਰ ਹੀ ਹਾਸਲ ਕੀਤੀ ਸੀ। ਇਸ ਮਾਮਲੇ ਦੇ ਭਖਣ ਤੋਂ ਬਾਅਦ ਸਰਕਾਰ ਨੇ ਤਹਿਸੀਲਦਾਰ ਨੂੰ ਮੁਅੱਤਲ ਕਰ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜਾਣਕਾਰੀ ਅਨੁਸਾਰ ਪੁਣੇ ਦੇ ਕੋਰੇਗਾਉਂ ਵਿੱਚ 40 • ਬਾਕੀ ਸਫ਼ਾ 2 'ਤੇ

## ਮਾਨ ਦੀ ਪਤਨੀ ਤੇ ਮਾਤਾ ਮੋਰਚੇ 'ਤੇ



**ਤਰਨ ਤਾਰਨ** : ਵਿਧਾਨ ਸਭਾ ਜ਼ਿਮਨੀ ਚੋਣ ਦੇ ਗਰਮ ਮਾਹੌਲ ਵਿਚਕਾਰ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਨੂੰ ਸ਼ਨੀਵਾਰ ਉਸ ਸਮੇਂ ਹੋਰ ਹੁਲਾਰਾ ਮਿਲਿਆ, ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਉਨ੍ਹਾ ਦੀ ਮਾਤਾ ਨੇ ਨਿੱਜੀ ਤੌਰ 'ਤੇ ਚੋਣ ਮੈਦਾਨ ਵਿੱਚ ਉਤਰ ਕੇ ਪਾਰਟੀ ਉਮੀਦਵਾਰ ਹਰਮੀਤ • ਬਾਕੀ ਸਫ਼ਾ 2 'ਤੇ

## ਨੋਟੀਫਿਕੇਸ਼ਨ ਰੱਦ ਹੋਣਾ ਲੋਕਾਂ ਦੀ ਜਿੱਤ : ਬਰਾੜ



**ਜਲੰਧਰ** : ਪੰਜਾਬ ਦੀਆਂ ਤਿੰਨ ਖੱਬੀਆਂ ਪਾਰਟੀਆਂ ਸੀ ਪੀ ਆਈ (ਐੱਮ), ਸੀ ਪੀ ਆਈ ਅਤੇ ਸੀ ਪੀ ਆਈ(ਐੱਮ ਐੱਲ) ਲਿਬਰੇਸ਼ਨ ਨੇ ਮੋਦੀ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਬਾਰੇ ਨੋਟੀਫਿਕੇਸ਼ਨ ਰੱਦ ਕਰਨ ਨੂੰ ਵਿਦਿਆਰਥੀਆਂ, ਸਮੂਹ ਪੰਜਾਬੀਆਂ ਤੇ ਪ੍ਰਗਤੀਸ਼ੀਲ ਪਾਰਟੀਆਂ ਦੀ ਜਿੱਤ ਕਰਾਰ ਦਿੱਤਾ ਹੈ। ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤਪੁਰ ਨੇ ਇੱਥੋਂ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਨੂੰ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਬਾਰੇ ਨੋਟੀਫਿਕੇਸ਼ਨ ਰੱਦ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਲਈ ਵਿਦਿਆਰਥੀਆਂ, ਸਮੂਹ ਪੰਜਾਬੀਆਂ ਤੇ ਪ੍ਰਗਤੀਸ਼ੀਲ ਪਾਰਟੀਆਂ ਵੱਲੋਂ ਦਿਖਾਏ ਗਏ ਏਕੇ ਦੀ ਸ਼ਲਾਘਾ ਕਰਨੀ ਬਣਦੀ ਹੈ, ਜਿਸ ਅੱਗੇ ਝੁਕਦਿਆਂ ਕੇਂਦਰ ਨੂੰ ਆਪਣਾ ਜਮਹੂਰੀਅਤ ਵਿਰੋਧੀ ਫ਼ੈਸਲਾ ਵਾਪਸ ਲੈਣਾ ਪਿਆ ਹੈ। ਆਗੂਆਂ ਨੇ ਕਿਹਾ ਕਿ ਇਸ ਮਸਲੇ 'ਤੇ ਤਿੰਨੋਂ ਖੱਬੀਆਂ ਪਾਰਟੀਆਂ ਵਿਦਿਆਰਥੀ ਸੰਘਰਸ਼ ਵਿੱਚ ਡਟ ਕੇ ਖੜ੍ਹੀਆਂ ਤੇ ਅੱਗੋਂ ਵੀ ਵਿਦਿਆਰਥੀਆਂ ਦੇ ਨਾਲ ਖੜ੍ਹੀਆਂ ਹਨ।ਉਨ੍ਹਾਂ ਕਿਹਾ ਕਿ ਕੇਂਦਰ ਦੀ ਹਰੇਕ ਸਰਕਾਰ ਨੇ ਪੰਜਾਬ ਨਾਲ ਹਰ ਪੱਖੋਂ ਧੱਕਾ ਕੀਤਾ ਹੈ, ਜਿਸ ਕਾਰਨ 59 ਸਾਲ ਬਾਅਦ ਵੀ ਪੰਜਾਬ ਲਈ ਬਣਾਈ ਗਈ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਨਹੀਂ ਕੀਤਾ • ਬਾਕੀ ਸਫ਼ਾ 2 'ਤੇ

### ਖ਼ੈਬਰ ਪਖਤੂਨਖਵਾ 'ਚ ਧਮਾਕਾ, 3 ਮੌਤਾਂ

**ਪੇਸ਼ਾਵਰ** : ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਵਿੱਚ ਹੋਏ ਇੱਕ ਗ੍ਰਨੇਡ ਧਮਾਕੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਪੁਲਸ ਨੇ ਦੱਸਿਆ ਕਿ ਇਹ ਘਟਨਾ ਖ਼ੈਬਰ ਜ਼ਿਲ੍ਹੇ ਦੀ ਬਾਰਾ ਤਹਿਸੀਲ ਵਿੱਚ ਇੱਕ ਸਥਾਨਕ ਵਿਅਕਤੀ ਦੇ ਘਰ ਵਿੱਚ ਵਾਪਰੀ। ਧਮਾਕੇ ਵਿੱਚ ਘਰ ਦੇ ਮਾਲਕ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਧਮਾਕੇ ਵਿੱਚ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਇਲਾਜ ਲਈ ਡੋਗਰਾ ਹਸਪਤਾਲ ਲਿਜਾਇਆ ਗਿਆ ਹੈ।

### ਸਰਦ ਰੁੱਤ ਅਜਲਾਸ 1 ਤੋਂ

**ਨਵੀਂ ਦਿੱਲੀ** : ਸੰਸਦ ਦਾ ਸਰਦ ਰੁੱਤ ਅਜਲਾਸ 1 ਦਸੰਬਰ ਤੋਂ 19 ਦਸੰਬਰ ਤੱਕ ਹੋਵੇਗਾ। ਇਹ ਜਾਣਕਾਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜੀਜੂ ਨੇ ਸਨਿੱਚਰਵਾਰ ਨੂੰ ਦਿੱਤੀ। ਰਿਜੀਜੂ ਨੇ ਐੱਕਸ 'ਤੇ ਪੋਸਟ ਕਰਦਿਆਂ ਕਿਹਾ, 'ਇੱਕ ਉਸਾਰੂ ਅਤੇ ਅਰਥਪੂਰਨ ਸੈਸ਼ਨ ਦੀ ਉਡੀਕ ਹੈ, ਜੋ ਸਾਡੇ ਲੋਕਤੰਤਰ ਨੂੰ ਮਜ਼ਬੂਤ ਕਰੇ ਅਤੇ ਲੋਕਾਂ ਦੀਆਂ ਇੱਛਾਵਾਂ ਦੀ ਸੇਵਾ ਕਰੇ।'

### ਜੰਮੂ-ਕਸ਼ਮੀਰ 'ਚ ਦੋ ਅੱਤਵਾਦੀ ਢੇਰ

**ਸ੍ਰੀਨਗਰ** : ਸੁਰੱਖਿਆ ਬਲਾਂ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਕੇਰਨ ਸੈਕਟਰ ਵਿਚ ਦੋ ਅੱਤਵਾਦੀਆਂ ਨੂੰ ਮਾਰ ਦਿੱਤਾ। ਭਾਰਤੀ ਫੌਜ ਨੂੰ ਸ਼ੁੱਕਰਵਾਰ ਕੰਟਰੋਲ ਰੇਖਾ ਪਾਰੋਂ ਘੁਸਪੈਠ ਬਾਰੇ ਖ਼ੁਫ਼ੀਆ ਜਾਣਕਾਰੀ ਮਿਲੀ ਅਤੇ ਅੱਤਵਾਦੀਆਂ ਵਿਰੁੱਧ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਭਾਰਤੀ ਫੌਜ ਦੀ ਇਕ ਇਕਾਈ ਚਿਨਾਰ ਕੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦੱਸਿਆ ਕਿ ਅੱਤਵਾਦੀਆਂ ਨੇ ਤਲਾਸ਼ੀ ਮੁਹਿੰਮ ਦੌਰਾਨ ਅੰਨ੍ਹੇਵਾਹ ਗੋਲੀਬਾਰੀ ਕੀਤੀ। ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਜਵਾਬੀ ਗੋਲੀਬਾਰੀ ਵਿਚ ਦੋ ਅੱਤਵਾਦੀ ਮਾਰੇ ਗਏ। ਇਹ ਕਾਰਵਾਈ ਅਜੇ ਵੀ ਜਾਰੀ ਹੈ। ਮਾਰੇ ਗਏ ਅੱਤਵਾਦੀਆਂ ਜਾਂ ਉਨ੍ਹਾਂ ਦੇ ਸੰਗਠਨ ਦੀ ਪਛਾਣ ਅਜੇ ਤੱਕ ਜਾਰੀ ਨਹੀਂ ਕੀਤੀ ਗਈ।

### ਪੰਜਾਬ ਸਰਕਾਰ ਦਾ ਪ੍ਰਸਤਾਵ ਰੱਦ

**ਅੰਮ੍ਰਿਤਸਰ** : ਐੱਸ ਜੀ ਪੀ ਸੀ ਨੇ ਆਨੰਦਪੁਰ ਸਾਹਿਬ ਵਿਚ ਕੀਰਤਨ ਦਰਬਾਰ ਕਰਵਾਉਣ ਦੇ ਪੰਜਾਬ ਸਰਕਾਰ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਐੱਸ ਜੀ ਪੀ ਸੀ ਨੇ ਦਲੀਲ ਦਿੱਤੀ ਕਿ ਸਮਾਗਮ ਕਰਵਾਉਣ ਦੀ ਜ਼ਿੰਮੇਵਾਰੀ ਸਿਰਫ ਤੇ ਸਿਰਫ ਸਿੱਖ ਧਾਰਮਿਕ ਸੰਸਥਾਵਾਂ ਨੂੰ ਸੌਂਪੀ ਜਾਣੀ ਚਾਹੀਦੀ ਹੈ ਤੇ ਸਰਕਾਰ ਨੂੰ ਸਿਰਫ ਲੋੜੀਂਦੇ ਤੇ ਬੁਨਿਆਦੀ ਢਾਂਚਾ ਸਹੂਲਤਾਂ ਪ੍ਰਦਾਨ ਕਰਨ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ।

## ਟਰੰਪ ਵੱਲੋਂ ਐੱਚ-1 ਬੀ ਵੀਜ਼ਾ ਦੁਰਵਰਤੋਂ ਬਾਰੇ ਜਾਂਚ ਦੇ ਹੁਕਮ



**ਵਾਸ਼ਿੰਗਟਨ** : ਅਮਰੀਕੀ ਸਰਕਾਰ ਨੇ ਐੱਚ-1 ਬੀ ਵੀਜ਼ਾ ਪ੍ਰੋਗਰਾਮ ਦੀ ਸੰਭਾਵੀ ਦੁਰਵਰਤੋਂ ਦੀ ਜਾਂਚ ਸ਼ੁਰੂ ਕੀਤੀ ਹੈ। ਇਹ ਜਾਂਚ ਘੱਟੋ-ਘੱਟ 175 ਕੰਪਨੀਆਂ ਦੇ ਵਿਰੁੱਧ ਹੋਵੇਗੀ। ਕਿਰਤ ਵਿਭਾਗ ਨੇ ਇੱਕ ਸੋਸ਼ਲ ਮੀਡੀਆ ਮੁਹਿੰਮ ਰਾਹੀਂ ਕੰਪਨੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਕੰਪਨੀਆਂ ਨੂੰ ਤਕਨਾਲੋਜੀ ਅਤੇ ਇੰਜੀਨੀਅਰਿੰਗ ਵਰਗੇ ਖਾਸ ਖੇਤਰਾਂ 'ਚ ਨੌਕਰੀਆਂ ਲਈ ਅਮਰੀਕੀਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਦਰਅਸਲ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੇ ਹਾਲ ਹੀ 'ਚ ਇਮੀਗ੍ਰੇਸ਼ਨ ਸੁਧਾਰ ਅਤੇ ਨੌਕਰੀ ਸੁਰੱਖਿਆ ਸੰਬੰਧੀ ਕਈ ਵੱਡੇ ਫੈਸਲੇ ਲਏ ਹਨ। ਇਨ੍ਹਾਂ ਫੈਸਲਿਆਂ ਵਿੱਚ ਸਰਕਾਰ ਨੇ ਸਪੱਸ਼ਟ ਕੀਤਾ ਕਿ ਅਮਰੀਕੀ ਨੌਕਰੀਆਂ ਦੀ ਰੱਖਿਆ ਕਰਨਾ ਤੇ ਵਿਦੇਸ਼ੀ ਪੇਸ਼ੇਵਰਾਂ ਨਾਲੋਂ ਸਥਾਨਕ ਕਾਮਿਆਂ ਨੂੰ ਤਰਜੀਹ ਦੇਣਾ ਜ਼ਰੂਰੀ ਹੈ। ਉਦੋਂ ਤੋਂ ਕਿਰਤ ਵਿਭਾਗ ਨੇ ਪ੍ਰੋਜੈਕਟ ਫਾਇਰਵਾਲ ਸ਼ੁਰੂ ਕੀਤਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮਾਲਕ ਨੌਕਰੀਆਂ ਵਿੱਚ ਅਮਰੀਕੀ ਨਾਗਰਿਕਾਂ ਨੂੰ ਤਰਜੀਹ ਦੇ ਰਹੇ ਹਨ ਤੇ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਤਾਂ ਨਹੀਂ ਕਰ ਰਹੇ। ਇਹ ਐਲਾਨ ਉਸ ਸਮੇਂ ਆਇਆ, ਜਦੋਂ ਐੱਚ-1 ਬੀ ਵੀਜ਼ਾ ਅਰਜ਼ੀਆਂ 'ਤੇ 10,0000 ਡਾਲਰਾਂ ਦੀ ਇੱਕ ਵਾਰ ਦੀ ਫੀਸ ਲਗਾਈ ਗਈ ਹੈ।

### ਸਿਹਤ ਸਮੱਸਿਆਵਾਂ ਵਾਲੇ ਪ੍ਰਵਾਸੀਆਂ ਦਾ ਦਾਖਲਾ ਔਖਾ

**ਨਿਊ ਯਾਰਕ** : ਟਰੰਪ ਪ੍ਰਸ਼ਾਸਨ ਨੇ ਦੁਨੀਆ ਭਰ ਦੇ ਅਮਰੀਕੀ ਕੌਂਸਲਰ ਦਫ਼ਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਮਰੀਕਾ ਵਿੱਚ ਦਾਖਲ ਹੋਣ ਅਤੇ ਰਹਿਣ ਦੀ ਇੱਛਾ ਰੱਖਣ ਵਾਲੇ ਉਨ੍ਹਾਂ ਵਿਅਕਤੀਆਂ ਨੂੰ ਅਯੋਗ ਸਮਝਣ, ਜੋ ਕਿਸੇ ਸਿਹਤ ਸਮੱਸਿਆ ਨਾਲ ਜੂਝ ਰਹੇ ਹਨ, ਕਿਉਂਕਿ ਇਹ ਲੋਕ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ। ਕੇ ਐੱਫ ਐੱਫ ਹੈੱਲਥ ਨਿਊਜ਼ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਰਹਿਣ ਵਾਸਤੇ ਵੀਜ਼ੇ ਲਈ ਅਰਜ਼ੀ ਦੇਣ ਵਾਲੇ ਵਿਦੇਸ਼ੀਆਂ ਨੂੰ ਜੇਕਰ ਕੁਝ ਡਾਕਟਰੀ ਸਮੱਸਿਆਵਾਂ ਹਨ ਤਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਰਿਪੋਰਟ ਵਿੱਚ ਵਿਦੇਸ਼ ਵਿਭਾਗ ਵੱਲੋਂ ਦੂਤਾਵਾਸ ਅਤੇ ਕੌਂਸਲਰ ਅਧਿਕਾਰੀਆਂ ਨੂੰ ਭੇਜੀ ਗਈ ਇੱਕ ਕੇਬਲ ਵਿੱਚ ਜਾਰੀ ਕੀਤੇ ਗਏ ਇੱਕ ਮਾਰਗ-ਦਰਸ਼ਨ ਦਾ ਹਵਾਲਾ ਦਿੱਤਾ ਗਿਆ ਹੈ। ਕੇਬਲ ਦੇ ਅਨੁਸਾਰ, 'ਤੁਹਾਨੂੰ ਬਿਨੈਕਾਰ ਦੀ ਸਿਹਤ 'ਤੇ ਵਿਚਾਰ ਕਰਨਾ ਚਾਹੀਦਾ ਹੈ, ਜੇਕਰ ਕੋਈ ਕਾਰਡੀਓਵੈਸਕੁਲਰ ਰੋਗ, ਸਾਹ ਦੀਆਂ ਬਿਮਾਰੀਆਂ, ਕੈਂਸਰ, ਡਾਇਬਟੀਜ਼, ਮੈਟਾਬੋਲਿਕ ਰੋਗ, ਨਿਊਰੋਲੋਜੀਕਲ ਰੋਗ ਅਤੇ ਮਾਨਸਕ ਸਿਹਤ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਉਸ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਵੇ।' ਵੀਜ਼ਾ ਅਧਿਕਾਰੀਆਂ ਨੂੰ ਆਪਣੇ ਫੈਸਲੇ ਲੈਣ ਸਮੇਂ ਮੋਟਾਪੇ ਵਰਗੀਆਂ ਸਥਿਤੀਆਂ 'ਤੇ ਵਿਚਾਰ ਕਰਨ ਦੀ ਸਲਾਹ ਵੀ ਦਿੱਤੀ ਗਈ ਹੈ।

## ਕੈਨੇਡਾ ਵੱਲੋਂ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਸੰਬੰਧੀ 3 ਨੂੰ ਦੇਸ਼ ਨਿਕਾਲਾ

**ਓਟਾਵਾ** : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇੱਕ ਜਾਂਚ ਤੋਂ ਬਾਅਦ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਚੱਲ ਰਹੇ ਜਬਰੀ ਵਸੂਲੀ ਨੈੱਟਵਰਕ ਨਾਲ ਜੋੜਿਆ ਗਿਆ ਸੀ। 7 ਨਵੰਬਰ ਨੂੰ ਕੀਤਾ ਇਹ ਦੇਸ਼ ਨਿਕਾਲਾ 23 ਐਕਸਟੋਰਸ਼ਨ ਟਾਸਕ ਫੋਰਸ ਦੇ ਤਹਿਤ ਲਿਆ ਪਹਿਲਾ ਕਦਮ ਹੈ, ਜੋ ਕਿ ਏਜੰਸੀਆਂ ਦਾ ਇੱਕ ਸਾਂਝਾ ਅਪਰੇਸ਼ਨ ਹੈ। ਹਾਲਾਂ ਕਿ ਅਧਿਕਾਰੀਆਂ ਨੇ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਦੀ ਪਛਾਣ, ਦੇਸ਼ ਜਾਂ ਮੰਜ਼ਲ ਦਾ ਜਨਤਕ ਤੌਰ 'ਤੇ ਖੁਲਾਸਾ ਨਹੀਂ ਕੀਤਾ, ਪਰ ਕਾਨੂੰਨ ਲਾਗੂ ਕਰਨ ਵਾਲੇ ਸੂਤਰਾਂ ਨੇ ਸੰਕੇਤ ਦਿੱਤਾ ਹੈ ਕਿ ਜਬਰੀ ਵਸੂਲੀ ਨੈੱਟਵਰਕ ਵਿੱਚ ਸ਼ਾਮਲ ਬਹੁਤ ਸਾਰੇ ਪੀੜਤ ਅਤੇ ਅਪਰਾਧੀ ਦੋਵੇਂ ਹੀ ਪੰਜਾਬੀ ਮੂਲ ਦੇ ਹਨ। ਸੀ ਬੀ ਐੱਸ ਏ ਅਧਿਕਾਰੀਆਂ ਅਨੁਸਾਰ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਜੁੜੀ ਅਪਰਾਧਿਕ ਗਤੀਵਿਧੀਆਂ ਨਾਲ ਸੰਭਾਵਤ ਸੰਬੰਧਾਂ, ਕੈਨੇਡਾ ਵਿੱਚ ਦਾਖਲੇ ਲਈ ਸ਼ੱਕੀ ਅਯੋਗਤਾ ਦੇ ਲਈ 78 ਵਿਦੇਸ਼ੀ ਨਾਗਰਿਕਾਂ ਦੀ ਇਸ ਸਮੇਂ ਇਮੀਗ੍ਰੇਸ਼ਨ ਜਾਂਚ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਜਬਰੀ ਵਸੂਲੀ ਦਾ ਸੰਕਟ 2025 ਦੇ ਸ਼ੁਰੂ ਵਿੱਚ ਤੇਜ਼ੀ ਨਾਲ ਵਧ ਗਿਆ ਸੀ। ਅਪਰਾਧੀ ਕਾਰੋਬਾਰੀਆਂ ਤੋਂ ਕ੍ਰਿਪਟੋ ਕਰੰਸੀ ਭੁਗਤਾਨ ਦੀ ਮੰਗ ਕਰਨ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਹਨ ਅਤੇ ਕਥਿਤ ਤੌਰ 'ਤੇ ਉਨ੍ਹਾਂ ਦੀਆਂ ਮੰਗਾਂ ਨੂੰ ਠੁਕਰਾਉਣ 'ਤੇ ਹਿੰਸਾ ਅਤੇ ਅਗਜ਼ਨੀ ਦਾ ਸਹਾਰਾ ਲਿਆ ਹੈ।

## ਠਹਿਰਾਅ ਬਰਨਾਲਾ ਨਾ ਰੱਖਣ 'ਤੇ ਖ਼ਫ਼ਾ ਸੰਸਦ ਮੈਂਬਰ ਮੀਤ ਹੇਅਰ



**ਬਰਨਾਲਾ** : ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਦੀ ਸ਼ਨੀਵਾਰ ਨੂੰ ਸ਼ੁਰੂਆਤ ਮੌਕੇ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀਡੀਓ ਜਾਰੀ ਕਰਦਿਆਂ ਨਿਰਾਸ਼ਾ ਜ਼ਹਿਰ ਕੀਤੀ ਹੈ। ਉਨ੍ਹਾ ਕਿਹਾ ਕਿ ਇਸ ਗੱਡੀ ਦਾ ਠਹਿਰਾਅ ਬਰਨਾਲਾ ਵਿਖੇ ਰੱਖੇ ਜਾਣ ਸੰਬੰਧੀ ਮੇਰੇ ਵੱਲੋਂ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਅਪੀਲ ਕੀਤੀ ਗਈ ਸੀ। ਉਨ੍ਹਾ ਕਿਹਾ ਕਿ ਕੇਂਦਰੀ ਮੰਤਰੀ ਵੱਲੋਂ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਟਰੇਨ ਦਾ ਬਰਨਾਲਾ ਵਿਖੇ ਸਟਾਪੇਜ਼ ਰੱਖਣ ਦਾ ਵਾਅਦਾ ਕੀਤਾ ਗਿਆ ਸੀ, ਪਰ ਉਨ੍ਹਾ ਬਰਨਾਲਾ ਦੇ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। ਸੰਸਦ ਮੈਂਬਰ ਨੇ ਕਿਹਾ ਕਿ ਹੁਣ ਅਸੀਂ ਰੇਲਵੇ ਨੂੰ ਇੱਕ ਦਸੰਬਰ ਤੱਕ ਦਾ ਸਮਾਂ ਦਿੰਦੇ ਹਾਂ। ਇਸ ਸੰਬੰਧੀ ਸਰਦ ਰੁੱਤ ਸੈਸ਼ਨ 'ਚ ਪਾਰਲੀਮੈਂਟ ਦੇ ਅੰਦਰ ਕੰਮ ਰੋਕੂ ਮਤਾ ਪੇਸ਼ ਕਰਾਂਗਾ। ਇਕ ਦਸੰਬਰ ਤੋਂ ਬਾਅਦ ਬਰਨਾਲਾ ਸਟੇਸ਼ਨ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਭਾਜਪਾ ਵਿਧਾਇਕ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ



**ਚੰਬਾ** : ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਤੋਂ ਭਾਜਪਾ ਵਿਧਾਇਕ ਹੰਸ ਰਾਜ ਖ਼ਿਲਾਫ਼ ਇੱਕ ਔਰਤ ਦੀ ਸ਼ਿਕਾਇਤ 'ਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਤਹਿਤ ਪੋਕਸੋ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਹੰਸ ਰਾਜ ਚੂਰਾ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਔਰਤ ਨੇ ਉਨ੍ਹਾਂ 'ਤੇ ਲੰਮੇ ਸਮੇਂ ਤੋਂ ਜਿਨਸੀ ਸ਼ੋਸ਼ਣ ਅਤੇ ਡਰਾਉਣ-ਧਮਕਾਉਣ ਦੇ ਦੋਸ਼ ਲਾਏ ਹਨ। ਇਹ ਕਾਰਵਾਈ ਚੰਬਾ ਦੇ ਮਹਿਲਾ ਪੁਲਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਕੀਤੀ ਗਈ ਹੈ। ਪੁਲਸ ਸੂਤਰਾਂ ਅਨੁਸਾਰ ਪੀੜਤਾ ਨੇ ਆਪਣੇ ਬਿਆਨ ਵਿੱਚ ਦੋਸ਼ ਲਾਇਆ ਹੈ ਕਿ ਵਿਧਾਇਕ ਹੰਸ ਰਾਜ ਉਸ ਦਾ ਜਿਨਸੀ ਸ਼ੋਸ਼ਣ ਉਦੋਂ ਤੋਂ ਕਰ ਰਹੇ ਸਨ, ਜਦੋਂ ਉਹ ਸਿਰਫ਼ 16 ਸਾਲ ਦੀ ਸੀ। ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਔਰਤ ਨੇ ਫੇਸਬੁਕ 'ਤੇ ਲਾਈਵ ਹੋ ਕੇ ਵੀ ਵਿਧਾਇਕ ਅਤੇ ਉਸ ਦੇ ਸਹਿਯੋਗੀਆਂ 'ਤੇ ਗੰਭੀਰ ਦੋਸ਼ ਲਾਏ ਸਨ ਅਤੇ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਸਬੂਤ ਹੋਣ ਦੀ ਗੱਲ ਆਖੀ ਸੀ। ਸ਼ਿਕਾਇਤ ਦਰਜ ਹੋਣ ਤੋਂ ਬਾਅਦ ਪੁਲਸ ਨੇ ਪੀੜਤਾ ਦਾ ਬਿਆਨ ਮੈਜਿਸਟਰੇਟ ਸਾਹਮਣੇ ਦਰਜ ਕਰਵਾਇਆ ਹੈ ਅਤੇ ਉਸ ਦਾ ਡਾਕਟਰੀ ਮੁਆਇਨਾ ਵੀ ਕਰਵਾਇਆ ਗਿਆ ਹੈ। ਚੰਬਾ ਦੇ ਵਧੀਕ ਪੁਲਸ ਸੁਪਰਡੈਂਟ ਹਿਤੇਸ਼ ਲਖਨਪਾਲ ਨੇ ਦੱਸਿਆ ਕਿ ਪੀੜਤਾ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ, ਕਿਉਂਕਿ ਉਸ ਨੇ ਆਪਣੀ ਅਤੇ ਆਪਣੇ ਪਰਵਾਰ ਦੀ ਜਾਨ ਦੇ ਖ਼ਤਰੇ ਵਿੱਚ ਹੋਣ ਬਾਰੇ ਕਿਹਾ ਸੀ। ਇਸੇ ਦੌਰਾਨ ਤਿੱਸਾ ਪੁਲਸ ਥਾਣੇ ਵਿੱਚ ਇੱਕ ਹੋਰ ਐੱਫ ਆਈ ਆਰ ਵੀ ਦਰਜ ਕੀਤੀ ਗਈ ਹੈ, ਜਿਸ ਵਿੱਚ ਪੀੜਤਾ ਦੇ ਪਿਤਾ ਨੇ ਵਿਧਾਇਕ ਦੇ ਕਰੀਬੀ ਸਹਿਯੋਗੀਆਂ ਲੇਖ ਰਾਜ ਅਤੇ ਮੁਨੀਅਨ ਖਾਨ 'ਤੇ ਅਗਵਾ ਕਰਨ ਅਤੇ ਡਰਾਉਣ-ਧਮਕਾਉਣ ਦੇ ਦੋਸ਼ ਲਾਏ ਹਨ। ਪਿਛਲੇ ਸਾਲ 9 ਅਗਸਤ ਨੂੰ ਵੀ ਇਸੇ ਔਰਤ ਨੇ ਹੰਸ ਰਾਜ ਖ਼ਿਲਾਫ਼ ਅਸ਼ਲੀਲ ਸੰਦੇਸ਼ ਭੇਜਣ ਅਤੇ ਧਮਕੀਆਂ ਦੇਣ ਦੀ ਸ਼ਿਕਾਇਤ ਦਰਜ ਕਰਵਾਈ ਸੀ, ਪਰ ਬਾਅਦ ਵਿੱਚ ਉਸ ਨੇ ਇਹ ਕਹਿੰਦਿਆਂ ਦੋਸ਼ ਵਾਪਸ ਲੈ ਲਏ ਸਨ ਕਿ ਉਸ ਨੇ ਮਾਨਸਕ ਤਣਾਅ ਤੇ ਬਾਹਰੀ ਪ੍ਰਭਾਵ ਹੇਠ ਅਜਿਹਾ ਕੀਤਾ ਸੀ। ਇਨ੍ਹਾਂ ਸਾਰੇ ਦੋਸ਼ਾਂ ਦੇ ਜਵਾਬ ਵਿੱਚ ਵਿਧਾਇਕ ਹੰਸ ਰਾਜ ਨੇ ਇਸ ਨੂੰ ਸਿਆਸੀ ਤੌਰ 'ਤੇ ਪ੍ਰੇਰਿਤ ਸਾਜ਼ਿਸ਼ ਦੱਸਿਆ ਹੈ।

## ਚੋਣ ਕਮਿਸ਼ਨ ਵੱਲੋਂ ਐੱਸ ਐੱਸ ਪੀ ਤਰਨ ਤਾਰਨ ਮੁਅੱਤਲ



**ਚੰਡੀਗੜ੍ਹ** : ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਉਪ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਚੋਣ ਕਮਿਸ਼ਨ ਨੇ ਤਰਨ ਤਾਰਨ ਦੇ ਐੱਸ ਐੱਸ ਪੀ ਰਵਜੋਤ ਕੌਰ ਗਰੇਵਾਲ ਨੂੰ ਮੁਅੱਤਲ ਕਰ ਦਿੱਤਾ ਹੈ। ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਤਰਨ ਤਾਰਨ ਦੇ ਐੱਸ ਐੱਸ ਪੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ੁੱਕਰਵਾਰ ਤਰਨ ਤਾਰਨ ਜ਼ਿਲ੍ਹੇ ਵਿੱਚ ਤਾਇਨਾਤ ਅਬਜ਼ਰਵਰਾਂ ਨੂੰ ਕੀਤੀ ਇੱਕ ਲਿਖਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ ਸਰਕਾਰ ਦੇ ਇਸ਼ਾਰੇ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਤਿੰਨ ਸਰਪੰਚਾਂ ਅਤੇ ਇੱਕ ਕੌਂਸਲਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## ਅੱਜ-ਨਾਮਾ

ਜਦ ਵੀ ਚੁੱਕੀ ਅਖ਼ਬਾਰ ਤਾਂ ਖ਼ਬਰ ਡਿੱਠੀ,
ਮੰਦਾ ਏ ਅਮਨ-ਕਾਨੂੰਨ ਦਾ ਹਾਲ ਮੀਆਂ।
ਹੋਇਆ ਕਿਸੇ ਦਾ ਕਿਤੇ ਹੈ ਕਤਲ ਕਹਿੰਦੇ,
ਪਿਛਲੇ ਕਤਲਾਂ ਦੀ ਬਾਕੀ ਪੜਤਾਲ ਮੀਆਂ।
ਵਾਰਸ ਮ੍ਰਿਤਕ ਦੇ ਧਰਨਾ ਹਨ ਮਾਰ ਬੈਠੇ,
ਲਿਆਂਦਾ ਮ੍ਰਿਤਕ ਸਰੀਰ ਵੀ ਨਾਲ ਮੀਆਂ।
ਉਲਝਣ ਵਧੀ ਤਾਂ ਫੇਰ ਸਰਕਾਰ ਕਹਿੰਦੀ,
ਵਿਰੋਧੀ ਧਿਰਾਂ ਦੀ ਸਾਰੀ ਆ ਚਾਲ ਮੀਆਂ।
ਪਾਰਟੀ ਕੋਈ ਵੀ ਬੇਸ਼ੱਕ ਹੈ ਰਾਜ ਕਰਦੀ,
ਇਹੀਓ ਖ਼ਬਰਾਂ ਦੀ ਸਦਾ ਭਰਮਾਰ ਮੀਆਂ।
ਆਪਣੇ ਰੂਟਾਂ 'ਤੇ ਚੱਲਦੀ ਪਈ ਰਾਜਨੀਤੀ,
ਕਰ ਲਏ ਮੱਠੀ ਜਾਂ ਤੇਜ਼ ਰਫ਼ਤਾਰ ਮੀਆਂ।

-ਤੀਸ ਮਾਰ ਖਾਂ

## ਬ੍ਰਿਟਿਸ਼ ਯੁੱਗ ਦੇ ਕਾਨੂੰਨਾਂ ਕਾਰਨ ਵਧ ਰਹੇ ਕੇਸ : ਸੁਪਰੀਮ ਕੋਰਟ

### ਜ਼ਮੀਨ ਰਜਿਸਟਰੇਸ਼ਨ ਪ੍ਰਣਾਲੀ 'ਤੇ ਦਿੱਤੇ ਸੁਝਾਅ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕਿਹਾ ਹੈ ਕਿ ਭਾਰਤ ਵਿੱਚ ਜ਼ਮੀਨ ਰਜਿਸਟਰੀ ਅਤੇ ਮਾਲਕੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਸੁਧਾਰਨ ਦੀ ਲੋੜ ਹੈ। ਅਦਾਲਤ ਨੇ ਦੱਸਿਆ ਕਿ ਅੱਜ ਵੀ ਜਾਇਦਾਦ ਦੀ ਖਰੀਦ ਅਤੇ ਵਿਕਰੀ ਨੂੰ ਨਿਯੰਤਰਿਤ ਕਰਨ ਵਾਲੇ ਕਾਨੂੰਨ ਬ੍ਰਿਟਿਸ਼ ਯੁੱਗ ਦੇ ਕਾਨੂੰਨਾਂ 'ਤੇ ਅਧਾਰਤ ਹਨ, ਜਿਸ ਕਾਰਨ ਉਲਝਣ, ਦੇਰੀ ਅਤੇ ਵੱਡੇ ਪੱਧਰ 'ਤੇ ਮੁਕੱਦਮੇਬਾਜ਼ੀ ਹੁੰਦੀ ਹੈ। ਜਸਟਿਸ ਪੀ ਐੱਸ ਨਰਸਿਮਹਾ ਅਤੇ ਜੋਯਮਾਲਾ ਬਾਗਚੀ ਦੇ ਬੈਂਚ ਨੇ ਕਿਹਾ ਕਿ ਇਹ ਤਿੰਨ ਸੌ ਸਾਲ ਪੁਰਾਣੇ ਕਾਨੂੰਨ ਅੱਜ ਦੇ ਸਮੇਂ ਵਿੱਚ ਅਪ੍ਰਸੰਗਿਕ ਹੋ ਗਏ ਹਨ। ਇਨ੍ਹਾਂ ਪੁਰਾਣੇ ਨਿਯਮਾਂ ਨੇ ਰਜਿਸਟਰੇਸ਼ਨ ਅਤੇ ਮਾਲਕੀ ਵਿਚਕਾਰ ਅਸਮਾਨਤਾ ਪੈਦਾ ਕੀਤੀ ਹੈ। ਅਦਾਲਤ ਨੇ ਬਿਹਾਰ ਰਜਿਸਟਰੇਸ਼ਨ ਨਿਯਮਾਂ 2008 ਦੇ ਨਿਯਮ 19 ਨੂੰ ਰੱਦ ਕਰਦੇ ਹੋਏ ਇਹ ਟਿੱਪਣੀ ਕੀਤੀ। ਜੱਜਾਂ ਨੇ ਸੁਝਾਅ ਦਿੱਤਾ ਕਿ ਕੇਂਦਰ ਸਰਕਾਰ ਜ਼ਮੀਨ ਰਜਿਸਟਰੇਸ਼ਨ ਪ੍ਰਣਾਲੀ ਨੂੰ ਪਾਰਦਰਸ਼ੀ ਅਤੇ ਸੁਰੱਖਿਅਤ ਬਣਾਉਣ ਲਈ ਬਲਾਕਚੈਨ ਵਰਗੀਆਂ ਆਧੁਨਿਕ ਤਕਨਾਲੋਜੀਆਂ ਨੂੰ ਅਪਣਾਉਣ 'ਤੇ ਵਿਚਾਰ ਕਰੇ। ਅਦਾਲਤ ਨੇ ਕਾਨੂੰਨ ਕਮਿਸ਼ਨ ਨੂੰ ਇਸ ਵਿਸ਼ੇ 'ਤੇ ਵਿਸਤ੍ਰਿਤ ਅਧਿਐਨ ਕਰਨ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਕਾਨੂੰਨ ਕਮਿਸ਼ਨ ਨੂੰ ਕੇਂਦਰ ਅਤੇ ਰਾਜ ਸਰਕਾਰਾਂ, ਮਾਹਰਾਂ ਅਤੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇੱਕ ਰਿਪੋਰਟ ਤਿਆਰ ਕਰਨ ਦਾ ਨਿਰਦੇਸ਼ ਦਿੱਤਾ। ਅਦਾਲਤ ਦਾ ਮੰਨਣਾ ਹੈ ਕਿ ਮੌਜੂਦਾ ਰਜਿਸਟਰੇਸ਼ਨ ਪ੍ਰਣਾਲੀ ਨੇ ਜਾਇਦਾਦ ਦੇ ਲੈਣ-ਦੇਣ ਨੂੰ ਬਹੁਤ ਗੁੰਝਲਦਾਰ ਅਤੇ ਅਨਿਸਚਿਤ ਬਣਾ ਦਿੱਤਾ ਹੈ। ਜਾਇਦਾਦ ਖਰੀਦਣਾ ਹੁਣ ਇੱਕ ਦੁਖਦਾਈ ਅਨੁਭਵ ਬਣ ਗਿਆ ਹੈ। ਅਦਾਲਤ ਨੇ ਕਿਹਾ ਕਿ ਦੇਸ਼ ਵਿੱਚ ਲਗਭਗ 66 ਫੀਸਦੀ ਸਿਵਲ ਮਾਮਲਿਆਂ ਵਿੱਚ ਜ਼ਮੀਨ ਜਾਂ ਜਾਇਦਾਦ ਦੇ ਵਿਵਾਦ ਸ਼ਾਮਲ ਹਨ। ਪੁਰਾਣੇ ਕਾਨੂੰਨਾਂ ਅਤੇ ਅਸੰਗਠਿਤ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੇ ਧੋਖਾਧੜੀ ਵਾਲੇ ਦਸਤਾਵੇਜ਼ਾਂ, ਦੇਰੀ, ਕਬਜ਼ੇ ਅਤੇ ਵਿਚੋਲਿਆਂ ਦੀ ਭੂਮਿਕਾ ਵਿੱਚ ਵਾਧਾ ਕੀਤਾ ਹੈ।

ਅਦਾਲਤ ਨੇ ਕਿਹਾ ਕਿ ਸਿਰਫ਼ ਰਿਕਾਰਡਾਂ ਨੂੰ ਡਿਜੀਟਾਈਜ਼ ਕਰਨ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ, ਕਿਉਂਕਿ ਭੌਤਿਕ ਰਿਕਾਰਡਾਂ ਵਿੱਚ ਗਲਤੀਆਂ ਉਨ੍ਹਾਂ ਦੇ ਡਿਜੀਟਲ ਸੰਸਕਰਣਾਂ ਵਿੱਚ ਵੀ ਗਲਤ ਹੋਣਗੀਆਂ। ਅਦਾਲਤ ਨੇ ਡਿਜੀਟਲ ਇੰਡੀਆ ਲੈਂਡ ਰਿਕਾਰਡ ਮਾਡਰਨਾਈਜ਼ੇਸ਼ਨ ਪ੍ਰੋਗਰਾਮ ਅਤੇ ਨੈਸ਼ਨਲ ਜੈਨਰਿਕ ਡਾਕੂਮੈਂਟ ਸਿਸਟਮ ਦੀ ਸ਼ਲਾਘਾ ਕੀਤੀ, ਪਰ ਉਨ੍ਹਾਂ ਨੂੰ ਨਾਕਾਫ਼ੀ ਮੰਨਿਆ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸੰਸਥਾਗਤ ਸੁਧਾਰ ਸ਼ੁਰੂ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਜਾਇਦਾਦ ਦੇ ਤਬਾਦਲੇ ਦਾ ਕਾਨੂੰਨ (1882), ਰਜਿਸਟਰੇਸ਼ਨ ਐਕਟ (1908), ਭਾਰਤੀ ਸਟੈਂਪ ਐਕਟ (1899), ਸਬੂਤ ਕਾਨੂੰਨ (1872), ਸੂਚਨਾ ਤਕਨਾਲੋਜੀ ਐਕਟ (2000), ਅਤੇ ਡੇਟਾ ਪ੍ਰੋਟੈਕਸ਼ਨ ਐਕਟ (2023) ਦੀ ਸਮੀਖਿਆ ਅਤੇ ਸੋਧ ਕਰਨ ਦੀ ਲੋੜ ਹੈ।

## ਚਲਦੇ ਮੈਚ 'ਚ ਦਿਲ ਦਾ ਦੌਰਾ ਪੈਣ ਨਾਲ ਕਬੱਡੀ ਖਿਡਾਰੀ ਦੀ ਮੌਤ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਪਿੰਡ ਬਲਿਆਲ ਦੇ ਉੱਘੇ ਕਬੱਡੀ ਖਿਡਾਰੀ ਬਿੱਟੂ ਬਲਿਆਲ ਦੀ ਕਬੱਡੀ ਟੂਰਨਾਮੈਂਟ 'ਚ ਖੇਡਦੇ ਸਮੇਂ ਦਿਲ ਦਾ ਦੌਰਾ ਪੈ ਜਾਣ ਕਾਰਨ ਮੌਤ ਹੋ ਗਈ। ਪਿੰਡ ਬਲਿਆਲ ਦੇ ਸਰਪੰਚ ਜਗਮੀਤ ਸਿੰਘ ਭੋਲਾ ਨੇ ਦੱਸਿਆ ਕਿ ਬਿੱਟੂ ਬਲਿਆਲ ਪਿੰਡ ਰੁਪਾਲਹੇੜੀ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਇਕ ਕਬੱਡੀ ਟੂਰਨਾਮੈਂਟ 'ਚ ਖੇਡ ਰਿਹਾ ਸੀ। ਉਸ ਵੱਲੋਂ ਰੇਡ ਪਾਉਣ ਤੋਂ ਬਾਅਦ ਉਸ ਦੀ ਤਬੀਅਤ ਖ਼ਰਾਬ ਹੋ ਗਈ ਤੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾ ਦੱਸਿਆ ਕਿ ਕੁਝ ਸਮਾਂ ਪਹਿਲਾ ਬਿੱਟੂ ਬਲਿਆਲ ਨੂੰ ਦਿਲ ਦੀ ਬਿਮਾਰੀ ਹੋਣ ਕਾਰਨ ਉਸ ਦੇ 3 ਸਟੰਟ ਪਾਏ ਗਏ ਸਨ ਤੇ ਡਾਕਟਰਾਂ ਵੱਲੋਂ ਉਸ ਨੂੰ ਕਬੱਡੀ ਨਾ ਖੇਡਣ ਦੀ ਸਲਾਹ ਦਿੱਤੀ ਗਈ ਸੀ। ਬਿੱਟੂ ਬਲਿਆਲ ਦੀ ਅਚਾਨਕ ਹੋਈ ਮੌਤ ਨਾਲ ਪਿੰਡ ਵਾਸੀਆਂ ਤੇ ਉਸ ਦੇ ਦੋਸਤਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਬਿੱਟੂ ਬਲਿਆਲ ਦੇ ਮਾਤਾ-ਪਿਤਾ ਤੇ ਭਰਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਤੇ ਹੁਣ ਬਿੱਟੂ ਦੇ ਪਰਵਾਰ 'ਚ ਉਸ ਦੀ ਵਿਧਵਾ ਪਤਨੀ ਤੇ ਭੈਣ ਹੀ ਰਹਿ ਗਈਆਂ ਹਨ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪਰਵਾਰ ਦੀ ਯੋਗ ਆਰਥਕ ਸਹਾਇਤਾ ਕੀਤੀ ਜਾਵੇ ਤੇ ਉਸ ਦੀ ਵਿਧਵਾ ਪਤਨੀ ਤੇ ਭੈਣ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

## ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ 8 ਬੱਸਾਂ ਦੇ ਕੀਤੇ ਚਲਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੇਫ ਸਕੂਲ ਵਾਹਨ ਪਾਲਸੀ ਅਧੀਨ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੀਆਂ ਵੈਨਾਂ ਅਤੇ ਬੱਸਾਂ ਦੀ ਚੈਕਿੰਗ ਕੀਤੀ ਗਈ।ਇਸ ਚੈਕਿੰਗ ਦੌਰਾਨ 4 ਸਕੂਲਾਂ ਦੀਆਂ 30 ਬੱਸਾਂ ਅਤੇ 58 ਛੋਟੀਆਂ ਵੈਨਾਂ ਦੀ ਚੈਕਿੰਗ ਕੀਤੀ ਗਈ। ਜਿਸ ਵਿੱਚ ਅੱਗ ਬੁਝਾਊ ਸਿਲੰਡਰ, ਪ੍ਰਦੂਸ਼ਣ, ਮੈਡੀਕਲ ਕਿੱਟ, ਨੰਬਰ ਪਲੇਟਾਂ, ਡਰਾਈਵਰ ਦੀ ਵਰਦੀ, ਲੇਡੀ ਅਟੈਂਡੈਂਟ ਆਦਿ ਦੀ ਚੈਕਿੰਗ ਕੀਤੀ ਗਈ। ਵਿਭਾਗੀ ਟੀਮ ਵੱਲੋਂ ਵਾਹਨ ਪਾਲਸੀ ਅਧੀਨ ਤਿੰਨਾਂ ਪੀਲੇ ਰੰਗ ਵਾਲੀ ਬੱਸ, ਅੱਗ ਬੁਝਾਊ ਸਿਲੰਡਰ, ਪ੍ਰਦੂਸ਼ਣ, ਫਸਟ ਏਡ ਬਾਕਸ ਵਰਗੇ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ 8 ਬੱਸਾਂ ਦੇ ਚਲਾਨ ਕੀਤੇ ਗਏ।ਇਸ ਚੈਕਿੰਗ ਵਿੱਚ ਕੁਝ ਸਕੂਲਾਂ ਦੀਆਂ ਵੈਨਾਂ ਦੇ ਸਾਰੇ ਦਸਤਾਵੇਜ਼ ਦਰੁਸਤ ਪਾਏ ਗਏ, ਜਦ ਕਿ ਖਾਮੀਆਂ ਪਾਈਆਂ ਜਾਣ ਵਾਲੀਆਂ ਬੱਸਾਂ ਦੀਆਂ ਖਾਮੀਆਂ ਨੂੰ 20 ਦਿਨਾਂ ਅੰਦਰ ਪੂਰਾ ਕਰਨ ਲਈ ਸਖ਼ਤੀ ਨਾਲ ਚਿਤਾਵਨੀ ਦਿੱਤੀ ਗਈ। ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਵਿਭਾਗ ਵੱਲੋਂ ਸਕੂਲ ਦੇ ਪ੍ਰਿੰਸੀਪਲ ਅਤੇ ਡਰਾਈਵਰਾਂ ਨੂੰ ਚਿਤਾਵਨੀ ਦਿੱਤੀ ਗਈ ਕਿ ਜਲਦ ਤੋਂ ਜਲਦ ਸਾਰੇ ਕਾਗਜ਼ ਪੂਰੇ ਕੀਤੇ ਜਾਣ ਅਤੇ ਸਕੂਲ ਦੀਆਂ ਬੱਸਾਂ ਵਿਚ ਲੇਡੀ ਅਟੈਂਡੈਂਟ ਦਾ ਹੋਣਾ ਲਾਜ਼ਮੀ ਬਣਾਇਆ ਜਾਵੇ।ਇਸ ਮੌਕੇ ਟੀਮ ਬਾਲ ਸੁਰੱਖਿਆ ਦਫ਼ਤਰ ਤੋਂ ਲੀਗਲ ਅਫ਼ਸਰ ਬਬੀਤਾ ਕੁਮਾਰੀ, ਸੋਸ਼ਲ ਵਰਕਰ ਗੁਰਜੰਟ ਸਿੰਘ, ਥਾਣਾ ਮੁਖੀ ਬਲਬੀਰ ਸਿੰਘ, ਸਿੱਖਿਆ ਵਿਭਾਗ ਤੋਂ ਫਰਹਾਨ ਖਾਨ, ਮੀਡੀਆ ਸਹਾਇਕ ਪਰਗਟ ਸਿੰਘ ਤੋਂ ਇਲਾਵਾ ਬਾਲ ਸੁਰੱਖਿਆ ਵਿਭਾਗ ਦੀ ਟੀਮ ਦੇ ਹੋਰ ਮੈਂਬਰ ਹਾਜ਼ਰ ਸਨ।

# ਰਾਸ਼ਟਰੀ ਕੈਂਸਰ ਚੇਤਨਾ ਦਿਵਸ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਸੈਮੀਨਾਰ

### ਕੈਂਸਰ ਦੇ ਇਲਾਜ ਤੇ ਸਰਕਾਰੀ ਸਕੀਮਾਂ ਬਾਰੇ ਦਿੱਤੀ ਅਹਿਮ ਜਾਣਕਾਰੀ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਰਾਸ਼ਟਰੀ ਕੈਂਸਰ ਚੇਤਨਾ ਦਿਵਸ ਦੇ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਕੈਂਸਰ ਵਿਭਾਗ ਵੱਲੋਂ ਇੱਕ ਵਿਸ਼ਾਲ ਕੈਂਸਰ ਜਾਗਰੂਕਤਾ ਸੈਮੀਨਾਰ ਮਾਨਯੋਗ ਵਾਇਸ ਚਾਂਸਲਰ ਡਾ. ਰਾਜੀਵ ਸੂਦ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।ਸੈਮੀਨਾਰ ਵਿੱਚ ਗ.ਗ.ਸ. ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਸੰਜੇ ਗੁਪਤਾ ਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਨੀਤੂ ਕੁੱਕੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਪ੍ਰਦੀਪ ਗਰਗ ਨੇ ਕੈਂਸਰ ਦੇ ਲੱਛਣਾਂ ਤੇ ਇਸ ਦੇ ਇਲਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਇਸ ਬਿਮਾਰੀ ਤੋਂ ਘਬਰਾਉਣ ਦੀ ਲੋੜ ਨਹੀਂ ਹੈ, ਕਿਉਂਕਿ ਇਸ ਦਾ ਇਲਾਜ ਸੰਭਵ ਹੈ।ਉਨ੍ਹਾਂ ਮੁਤਾਬਕ, ਬਿਮਾਰੀ ਦਾ ਜਿੰਨਾ ਜਲਦੀ ਪਤਾ ਲੱਗ ਜਾਵੇ, ਓਨੀ ਹੀ ਇਸ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।ਉਨ੍ਹਾਂ ਮਰੀਜ਼ ਦੀ ਇੱਛਾ ਸ਼ਕਤੀ ਤੇ ਹੌਸਲੇ ਨੂੰ ਵੀ ਡਾਕਟਰੀ ਇਲਾਜ ਜਿੰਨੀ ਹੀ ਅਹਿਮੀਅਤ ਦਿੱਤੀ। ਐਸੋਸੀਏਟ ਪ੍ਰੋਫੈਸਰ ਡਾ. ਰੋਮੀ ਕਾਂਤ ਗਰੋਵਰ ਨੇ ਮਹਿਲਾਵਾਂ ਵਿੱਚ ਪਾਏ ਜਾਣ ਵਾਲੇ ਬੱਚੇਦਾਨੀ ਦੇ ਕੈਂਸਰ ਬਾਰੇ ਚਾਨਣਾ ਪਾਇਆ ਤੇ ਇਸ ਦੀ ਰੋਕਥਾਮ ਲਈ 9 ਸਾਲ ਤੋਂ ਉਪਰ ਦੀਆਂ ਲੜਕੀਆਂ ਨੂੰ ਵੈਕਸੀਨ ਲਗਵਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਦੱਸਿਆ ਕਿ ਇਹ ਵੈਕਸੀਨ ਹੁਣ ਭਾਰਤ ਵਿੱਚ ਹੀ ਵਾਜਬ ਰੇਟ 'ਤੇ ਤਿਆਰ ਕੀਤੀ ਜਾ ਰਹੀ ਹੈ।

ਡਾ. ਸਿਮਰਨਦੀਪ ਸਿੰਘ ਅਸਿਸਟੈਂਟ ਪ੍ਰੋਫੈਸਰ-ਮੂੰਹ ਤੇ ਗਲੇ ਦਾ ਕੈਂਸਰ, ਡਾ. ਸ਼ਿਪਰਾ ਗਰਗ-ਛਾਤੀ ਤੇ ਗਦੂਦਾਂ ਦਾ ਕੈਂਸਰ, ਡਾ. ਸਰਬਜੋਤ ਕੌਰ ਨੇ ਫੇਫੜਿਆਂ ਦਾ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਤੇ ਇਸਤਰੀਆਂ ਨੂੰ ਲੱਛਣਾਂ ਬਾਰੇ ਸ਼ਰਮਾਉਣ ਦੀ ਬਜਾਏ ਪਰਿਵਾਰਕ ਮੈਂਬਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਤਾਂ ਜੋ ਮੁਢਲੀ ਸਟੇਜ 'ਤੇ ਇਲਾਜ ਹੋ ਸਕੇ।ਮੈਡੀਕਲ ਸੁਪਰਡੈਂਟ ਡਾ. ਨੀਤੂ ਕੁੱਕੜ ਨੇ ਹਸਪਤਾਲ ਵਿੱਚ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚ ਕੈਂਸਰ ਦੇ ਇਲਾਜ ਲਈ ਸਾਰੀਆਂ ਉੱਚ ਪੱਧਰੀ ਸਹੂਲਤਾਂ ਉਪਲਬਧ ਹਨ। ਮੈਡੀਕਲ ਰਿਕਾਰਡ ਅਫਸਰ ਪਦਮਪਾਲ ਮੈਨੀ ਨੇ ਦੱਸਿਆ ਕਿ ਹਸਪਤਾਲ ਵਿੱਚ ਪੰਜਾਬ ਸਰਕਾਰ ਦੀਆਂ ਮੁੱਖ ਸਕੀਮਾਂ ਜਿਵੇਂ ਕਿ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ, ਸਰਬੱਤ ਸਿਹਤ ਬੀਮਾ ਯੋਜਨਾ (ਆਯੂਸ਼ਮਾਨ) ਅਧੀਨ ਕੈਂਸਰ ਦੀ ਬਿਮਾਰੀ ਦਾ ਕੈਸ਼ਲੈੱਸ ਇਲਾਜ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਵਿਭਾਗ ਵਿੱਚ 35,400 ਤੋਂ ਵੱਧ ਮਰੀਜ਼ ਰਜਿਸਟਰਡ ਹੋ ਚੁੱਕੇ ਹਨ।ਤਕਰੀਬਨ 14,000 ਮਰੀਜ਼ ਮੁੱਖ ਮੰਤਰੀ ਰਾਹਤ ਕੋਸ਼ ਸਕੀਮ ਅਧੀਨ ਤੇ 60-70% ਮਰੀਜ਼ ਆਯੂਸ਼ਮਾਨ ਸਕੀਮ ਅਧੀਨ ਆਪਣਾ ਇਲਾਜ ਕਰਵਾ ਰਹੇ ਹਨ, ਜਿਨ੍ਹਾਂ ਮਰੀਜ਼ਾਂ ਦਾ ਇਲਾਜ ਇਨ੍ਹਾਂ ਸਕੀਮਾਂ ਅਧੀਨ ਨਹੀਂ ਹੋ ਸਕਦਾ, ਉਨ੍ਹਾਂ ਲਈ ਇਲਾਜ ਬਹੁਤ ਘੱਟ ਰੇਟਾਂ 'ਤੇ ਉਪਲੱਬਧ ਹੈ।ਸੈਮੀਨਾਰ ਵਿੱਚ ਪੀ. ਜੀ. ਡਾਕਟਰਾਂ, ਨਰਸਿੰਗ ਸਟਾਫ ਤੇ ਨਰਸਿੰਗ ਦੇ ਵਿਦਿਆਰਥੀਆਂ ਨੇ ਪੋਸਟਰਾਂ ਤੇ ਭਾਸ਼ਣਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ।ਇਸ ਮੌਕੇ ਕੈਂਸਰ ਦੀ ਜੰਗ ਜਿੱਤ ਚੁੱਕੇ ਮਰੀਜ਼ਾਂ ਨੇ ਵੀ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਇਸ ਬਿਮਾਰੀ ਵਿੱਚ ਹੌਸਲਾ ਰੱਖਣ ਦੀ ਬਹੁਤ ਜ਼ਰੂਰਤ ਹੈ।

## ਅਹਿਮਦਪੁਰ ਸਕੂਲ 'ਚ ਅਨੀਮੀਆ ਰੋਗ ਸੰਬੰਧੀ ਮਾਪੇ-ਅਧਿਆਪਕ ਮਿਲਣੀ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ (ਐਲੀ) ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਵਿਖੇ ਮਾਪੇ-ਅਧਿਆਪਕ ਮਿਲਣੀ ਹੋਈ।ਇਸ ਮੌਕੇ ਬੋਲਦਿਆਂ ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਬੱਚਿਆਂ ਦੀ ਅਨੀਮੀਆ ਟੈਸਟਿੰਗ ਕੀਤੀ ਗਈ ਸੀ, ਜਿਸ ਦੌਰਾਨ ਵਿਦਿਆਰਥੀਆਂ 'ਚ ਖ਼ੂਨ ਦੀ ਕਮੀ ਪਾਈ ਗਈ ਸੀ।ਉਨ੍ਹਾਂ ਬੱਚਿਆਂ ਲਈ ਮੈਡੀਕਲ ਇਲਾਜ ਦੇ ਨਾਲ ਨਾਲ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣ ਸਬੰਧੀ ਵੀ ਮਾਪਿਆਂ ਨੂੰ ਪ੍ਰੇਰਿਤ ਕੀਤਾ ਗਿਆ।ਸਕੂਲ ਅਧਿਆਪਕਾ ਮਨਪ੍ਰੀਤ ਕੌਰ ਨੇ ਦੱਸਿਆ ਕਿ ਬੱਚਿਆਂ ਨੂੰ ਸਰਦੀ ਦੇ ਮੌਸਮ 'ਚ ਤਾਜੇ ਫਲ, ਗਾਜ਼ਰ, ਚਕੰਦਰ ਪਾਲਕ, ਸਬਜ਼ੀਆਂ ਆਦਿ ਖਾਣੀਆਂ ਚਾਹੀਦੀਆਂ ਹਨ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੀ ਉੱਪ-ਚੇਅਰਮੈਨ ਸਰੋਜ ਰਾਣੀ ਨੇ ਵੀ ਸੰਬੋਧਨ ਕੀਤਾ।ਮਾਪੇ-ਅਧਿਆਪਕ ਮਿਲਣੀ ਦੌਰਾਨ ਵੱਡੀ ਗਿਣਤੀ 'ਚ ਮਾਪਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ।ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ 'ਚ ਚੱਲ ਰਹੀ ਇਸ ਮੁਹਿੰਮ ਦਾ ਉਦੇਸ਼ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਦਿਆਂ ਉਨ੍ਹਾਂ ਵਿੱਚ ਖ਼ੂਨ ਦੀ ਕਮੀ ਸਬੰਧੀ ਮਾਪਿਆਂ ਨਾਲ ਰਾਬਤਾ ਕਰਕੇ ਅਨੀਮੀਆ ਰੋਗ ਨੂੰ ਖਤਮ ਦਾ ਟੀਚਾ ਮਿੱਥਿਆ ਗਿਆ ਹੈ।

## ਪੰਜਾਬ ਐਂਡ ਸਿੰਧ ਬੈਂਕ ਬਿਲਾਸਪੁਰ ਵਿਖੇ ਗੁਰਪੁਰਬ ਮਨਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਐਂਡ ਸਿੰਧ ਬੈਂਕ ਬਿਲਾਸਪੁਰ ਵਿਖੇ ਬ੍ਰਾਂਚ ਮੈਨੇਜਰ ਸੁਮਨ ਰਾਣੀ ਦੀ ਅਗਵਾਈ 'ਚ ਸਮੂਹ ਸਟਾਫ ਵੱਲੋਂ ਗੁਰਪੁਰਬ ਨੂੰ ਸਮਰਪਤ ਸਰਬੱਤ ਦੇ ਭਲੇ ਲਈ ਪਾਠ ਕਰਵਾਇਆ ਗਿਆ, ਜਿਸ ਦੇ ਭੋਗ ਉਪਰੰਤ ਸਮੂਹ ਇਲਾਕਾ ਨਿਵਾਸੀਆਂ ਦੀ ਭਲਾਈ ਲਈ ਅਰਦਾਸ ਕੀਤੀ ਗਈ।ਇਸ ਸਮਾਗਮ ਵਿੱਚ ਇਲਾਕੇ ਭਰ ਦੇ ਪੰਚ ਸਰਪੰਚ ਮੋਹਤਵਰ ਸ਼ਖ਼ਸੀਅਤਾਂ ਨੇ ਭਾਗ ਲਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਪੰਜਾਬ ਐਂਡ ਸਿੰਧ ਬੈਂਕ ਦੇ ਜ਼ੋਨਲ ਆਫ਼ਿਸ ਮੋਗਾ ਦੇ ਚੀਫ ਮੈਨੇਜਰ ਤੇਜਾ ਸਿੰਘ ਨੇ ਸਮੂਹ ਇਲਾਕਾ ਦੇ ਨਗਰ ਨਿਵਾਸੀਆਂ ਨੂੰ ਗੁਰਪੁਰਬ ਦਿਵਸ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਸਰਪੰਚ ਬਲਵੀਰ ਸਿੰਘ ਨਵਾਂ ਮਾਛੀਕੇ, ਮਹਿੰਦਰ ਸਿੰਘ ਜੇਈ, ਮੈਨੇਜਰ ਸਟੇਜ ਬੈਂਕ ਆਫ਼ ਇੰਡੀਆ ਅਮਿਤ ਕੁਮਾਰ ਬਰਮਾ, ਕੁਲਦੀਪ ਸਿੰਘ ਕੀਪਾ, ਤਾਰੀ ਰਾਊਕੇ ਆਦਿ ਹਾਜ਼ਰ ਸਨ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਮੰਗਾਂ ਮੰਨਣ ਦੀ ਅਪੀਲ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਕਸਬਾ ਝੁਨੀਰ ਦੀ ਇੱਕ ਅਹਿਮ ਮੀਟਿੰਗ ਦੁਰਗਾ ਮੰਦਰ ਝੁਨੀਰ ਵਿਖੇ ਹੋਈ।ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਦੱਸਿਆ ਕਿ ਹਰ ਮਹੀਨੇ ਦੀ 7 ਤਾਰੀਕ ਨੂੰ ਹੋਣ ਵਾਲੀ ਇਸ ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ, ਕੌਰ ਸਿੰਘ ਭੰਮਾ ਖੁਰਦ ਨੇ ਕੀਤੀ।ਮੀਟਿੰਗ ਦੌਰਾਨ ਪੈਨਸ਼ਨਰਜ਼ ਸਾਥੀਆਂ ਦੀਆਂ ਮੁਸ਼ਕਲਾਂ ਮੰਗਾਂ ਬਾਰੇ ਅਹਿਮ ਵਿਚਾਰਾਂ ਹੋਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਭੰਮਾ,ਜਨਰਲ ਸਕੱਤਰ ਗੁਰਜੰਟ ਸਿੰਘ ਝੁਨੀਰ, ਵਿੱਤ ਸਕੱਤਰ ਦਰਸ਼ਨ ਸਿੰਘ ਝੁਨੀਰ ਅਤੇ ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਰਾਮਾਨੰਦੀ ਨੇ ਪੰਜਾਬ ਯੂਨੀਵਰਸਟੀ ਦੀ ਸੈਨੇਟ ਨੂੰ ਭੰਗ ਕਰਨ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਫੈਡਰਲ ਢਾਂਚੇ ਦੀ ਉਲੰਘਣਾ ਕਰਾਰ ਦਿੱਤਾ।ਆਗੂਆਂ ਨੇ ਕਿਹਾ ਕਿ ਇਹ ਪੰਜਾਬ ਦੇ ਵਿਦਿਅੱਕ ਅਤੇ ਬੌਧਿਕ ਢਾਂਚੇ ਉਪਰ ਹਮਲਾ ਹੈ।ਉਹਨਾਂ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਸਾਥੀਆਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਵਲੋਂ ਵਾਰ ਵਾਰ ਮੀਟਿੰਗ ਦੇ ਕੇ ਕੋਈ ਹੱਲ ਨਾ ਕਰਨ ਕਾਰਨ ਪੰਜਾਬ ਸਰਕਾਰ ਨੂੰ ਰੱਜ ਕੇ ਕੋਸਿਆ।ਇਸ ਮੌਕੇ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਸਰਕਾਰ ਪੈਨਸ਼ਨਰਜ਼ ਅਤੇ ਮੁਲਾਜ਼ਮ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰੇ।

## 'ਹਰ ਘਰ ਸਵਦੇਸ਼ੀ, ਘਰ-ਘਰ ਸਵਦੇਸ਼ੀ ਸੰਮੇਲਨ' ਦਾ ਆਯੋਜਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸੰਗਰੂਰ-2 ਦੇ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦੀ ਅਗਵਾਈ ਹੇਠ 'ਹਰ ਘਰ ਸਵਦੇਸ਼ੀ, ਘਰ ਘਰ ਸਵਦੇਸ਼ੀ ਸੰਮੇਲਨ' ਦਾ ਆਯੋਜਨ ਕੀਤਾ ਗਿਆ। ਇਸ ਸੰਮੇਲਨ ਵਿੱਚ ਵਿਸ਼ੇਸ਼ ਤੌਰ 'ਤੇ ਭਾਜਪਾ ਪੰਜਾਬ ਉੱਪ ਪ੍ਰਧਾਨ ਬਿਕਰਮਜੀਤ ਸਿੰਘ ਚੀਮਾਂ ਪਹੁੰਚੇ ।ਸੰਮੇਲਨ ਦੌਰਾਨ ਬੋਲਦਿਆਂ ਭਾਜਪਾ ਉੱਪ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਸਵਦੇਸ਼ੀ ਅਭਿਆਨ ਦਾ ਮਕਸਦ ਭਾਰਤੀ ਉਤਪਾਦਾਂ ਨੂੰ ਪ੍ਰੋਤਸਾਹਿਤ ਕਰਨਾ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ ਹੈ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਇਹ ਮੁਹਿੰਮ ਆਤਮ ਨਿਰਭਰ ਭਾਰਤ ਵੱਲ ਇਕ ਮਹੱਤਵਪੂਰਨ ਕਦਮ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਦੁਕਾਨਦਾਰਾਂ, ਆੜਤੀਆਂ ਅਤੇ ਵਪਾਰੀਆਂ ਨੇ ਭਾਗ ਲਿਆ ਅਤੇ ਸਵਦੇਸ਼ੀ ਉਤਪਾਦਾਂ ਦੇ ਪ੍ਰਚਾਰ ਤੇ ਵਿਕਰੀ ਨੂੰ ਵਧਾਉਣ ਲਈ ਆਪਣਾ ਯੋਗਦਾਨ ਦੇਣ ਦਾ ਵਾਅਦਾ ਕੀਤਾ।ਸੰਮੇਲਨ ਵਿੱਚ ਰਾਜੀਵ ਮੱਖਣ, ਸੰਜੇ ਗੋਇਲ ਖੜਿਆਲੀਆਂ, ਤਰਸੇਮ ਕੁਲਾਰ, ਪ੍ਰੇਮ ਗੁਗਨਾਨੀ, ਨਰੇਸ਼ ਭੋਲਾ, ਸੁਰਜੀਤ ਨੰਦ, ਰਾਜੀਵ ਕੱਪੜਾ ਮਾਰਕਿਟ, ਸ਼ੰਕਰ ਬਾਂਸਲ, ਪਰਮਜੀਤ ਦੁੱਲਟ ਵਾਲਾ, ਅਸ਼ਵਨੀ ਸਿੰਗਲਾ, ਮੁਕੇਸ਼ ਬਿਜਲੀ ਵਾਲੇ, ਡਾ ਜਗਮਿੰਦਰ ਸੈਣੀ, ਰਜਿੱਤ ਸ਼ਰਮਾਂ, ਧੀਰਜ ਗੋਇਲ, ਮੁਕੇਸ਼ ਦਿੜ੍ਹਬਾ, ਤਰਸੇਮ ਬਾਲੀ, ਰਜਿੰਦਰ ਬਿੱਟੂ, ਦਰਸਨ ਨਮੋਲ, ਨਰਿੰਦਰ ਸ਼ੇਰੋਂ, ਜਗਸੀਰ ਨਾਗਰਾ, ਸੀਮਾ ਰਾਣੀ ਮਹਿਲਾ ਮੋਰਚਾ, ਬਿੰਦਰ ਕੌਰ, ਜੱਸੀ ਧਰਮਗੜ੍ਹ ਆਦਿ ਹਾਜ਼ਰ ਸਨ।

## ਪੀ ਜੀ ਆਈ ਦੇ ਡਾ. ਪੰਕਜ ਤਪਦਿਕ ਖੋਜ ਲਈ ਹੋਣਗੇ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਇੰਡੀਅਨ ਚੈਸਟ ਸੋਸਾਇਟੀ ਵਲੋਂ ਪੀ ਜੀ ਆਈ ਚੰਡੀਗੜ੍ਹ ਦੇ ਪ੍ਰੋਫੈਸਰ ਡਾ. ਪੰਕਜ ਸੀ. ਵੈਦਿਆ ਨੂੰ ਪ੍ਰਸਿੱਧ ਡਾ. ਓ.ਏ. ਸ਼ਰਮਾ ਔਰੇਸ਼ਨ ਅਵਾਰਡ ਲਈ ਚੁਣਿਆ ਹੈ।ਇਹ ਸਨਮਾਨ ਉਨ੍ਹਾਂ ਦੇ ਬਾਲ ਤਪਦਿਕ ਖੋਜ ਅਤੇ ਇਲਾਜ ਵਿੱਚ ਵਿਸ਼ੇਸ਼ ਯੋਗਦਾਨ ਵਜੋਂ ਦਿੱਤਾ ਜਾ ਰਿਹਾ ਹੈ।ਡਾ. ਵੈਦਿਆ ਪੀ ਜੀ ਆਈ ਦੇ ਐਡਵਾਂਸਡ ਪੀਡਿਆਟ੍ਰਿਕਸ ਸੈਂਟਰ ਦੇ ਬਾਲ ਫੇਫੜਾ ਰੋਗ ਵਿਭਾਗ ਵਿੱਚ ਪ੍ਰੋਫੈਸਰ ਹਨ, ਨੂੰ ਇਹ ਸਨਮਾਨ ਜੈਪੁਰ ਵਿਖੇ ਹੋਣ ਵਾਲੀ ਨੈਸ਼ਨਲ ਕਾਨਫਰੰਸ ਆਨ ਪਲਮੋਨਰੀ ਡਿਜ਼ੀਜ਼ਜ਼ ਵਿਖੇ ਦਿੱਤਾ ਜਾਵੇਗਾ।ਡਾ ਪੰਕਜ 15 ਨਵੰਬਰ ਨੂੰ ਭਾਰਤ ਵਿੱਚ ਬਾਲ ਟਿਊਬਰਕੁਲੋਸਿਸ ਪ੍ਰਬੰਧ ਦਾ ਵਿਕਾਸ: ਚੁਣੌਤੀਆਂ ਅਤੇ ਮੌਕਿਆਂ ਦੀ ਯਾਤਰਾ ਵਿਸ਼ੇ 'ਤੇ ਵਿਆਖਿਆਨ ਦੇਣਗੇ।

## ਲੜਕੀਆਂ ਦੇ ਸਰਕਾਰੀ ਕਾਲਜ ਨੇ ਯੂਥ ਫੈਸਟੀਵਲ 'ਚ ਮਾਰੀਆਂ ਮੱਲਾਂ



**ਜਲਾਲਾਬਾਦ (ਜੀਤ ਕੁਮਾਰ, ਪਰਮਜੀਤ ਢਾਬਾਂ)**-ਜਲਾਲਾਬਾਦ ਦੇ ਸਰਕਾਰੀ ਲੜਕੀਆਂ ਦੇ ਕਾਲਜ ਵੱਲੋਂ ਦਸਮੇਸ਼ ਗਰਲ ਕਾਲਜ ਬਾਦਲ ਵਿੱਚ ਕਰਵਾਏ ਜਾ ਰਹੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਯੂਥ ਫੈਸਟੀਵਲ ਵਿੱਚ ਵੱਖ ਵੱਖ ਗਤੀਵਿਧੀਆਂ ਵਿੱਚ ਮੈਡਲ ਹਾਸਲ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਗਿਆ। ਇਸ ਦੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਇੰਚਾਰਜ ਡਾਕਟਰ ਰਜੀਵ ਕੁਮਾਰ ਨੇ ਦੱਸਿਆ ਕਿ ਕਾਲਜ ਦੇ ਪ੍ਰਿੰਸੀਪਲ ਜਯੋਤਸਨਾ ਸਿੰਗਲਾ ਦੀ ਰਹਿਨੁਮਾਈ ਹੇਠ ਕਾਲਜ ਦੀਆਂ 52 ਵਿਦਿਆਰਥਣਾਂ ਨੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ। ਇਹਨਾਂ ਵਿਦਿਆਰਥਣਾਂ ਵੱਲੋਂ ਵੱਖ-ਵੱਖ 35 ਐਟਮਾਂ ਤਿਆਰ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਕਾਲਜ ਦੀਆਂ ਵਿਦਿਆਰਥਣਾਂ ਨੇ ਯੂਥ ਫੈਸਟੀਵਲ ਦੇ ਸਖਤ ਮੁਕਾਬਲੇ ਵਿੱਚ 15 ਮੈਡਲ ਹਾਸਲ ਕੀਤੇ। ਇਸ ਯੂਥ ਫੈਸਟੀਵਲ ਵਿੱਚ ਤਿੰਨ ਵਿਦਿਆਰਥਣਾਂ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ ਗਿਆ। ਇੱਕ ਵਿਦਿਆਰਥਣ ਵੱਲੋਂ ਦੂਸਰਾ ਤੇ 11 ਵਿਦਿਆਰਥਣਾ ਵੱਲੋਂ ਤੀਸਰਾ ਸਥਾਨ ਹਾਸਲ ਕੀਤਾ ਗਿਆ। ਮੈਡਲ ਲੈ ਕੇ ਕਾਲਜ ਵਿੱਚ ਪਹੁੰਚੀਆਂ ਵਿਦਿਆਰਥਣਾਂ ਦਾ ਕਾਲਜ ਸਟਾਫ ਤੇ ਬਾਕੀ ਵਿਦਿਆਰਥਣਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕਾਲਜ ਦੀ ਵਿਦਿਆਰਥਣ ਅਜ਼ੀਜ਼ ਕੌਰ ਨੇ ਦੱਸਿਆ ਕਿ ਇਸ ਯੂਥ ਫੈਸਟੀਵਲ ਤੋਂ ਪਹਿਲਾਂ ਸਾਡੇ ਕਾਲਜ ਦੇ ਪ੍ਰੋਫੈਸਰ ਡਾਕਟਰ ਪਰਮਿੰਦਰ ਕੌਰ, ਡਾਕਟਰ ਰਜੀਵ ਕੁਮਾਰ, ਪ੍ਰੋਫੈਸਰ ਪਰਮਜੀਤ ਕੌਰ, ਪ੍ਰੋਫੈਸਰ ਏਕਤਾ, ਮਿਸ ਸ਼ਿਲਪਾ, ਪ੍ਰੋਫੈਸਰ ਰਾਗਵ, ਪ੍ਰੋਫੈਸਰ ਸਤਨਾਮ ਸਿੰਘ ਦੇ ਵਡਮੁੱਲੇ ਯੋਗਦਾਨ ਸਦਕਾ ਸਾਨੂੰ ਇਹ ਮਾਣ ਹਾਸਲ ਹੋਇਆ ਹੈ।

## ਹੈਂਡਬਾਲ ਟੂਰਨਾਮੈਂਟ 'ਚ ਮਾਤਾ ਗੁਜਰੀ ਸਕੂਲ਼ ਦਾ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇਵੀਗੜ੍ਹ ਦੇ ਵਿਦਿਆਰਥੀਆਂ ਨੇ ਸਹੋਦਿਆ ਸਕੂਲ ਕੰਪਲੈਕਸ ਵੱਲੋਂ ਗੁਰੂ ਨਾਨਕ ਫਾਊਂਡੇਸ਼ਨ ਸਕੂਲ ਪਟਿਆਲਾ ਵਿਖੇ ਕਰਵਾਏ ਹੈਂਡਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ।ਵਿਦਿਆਰਥੀਆਂ ਨੇ ਆਪਣੀ ਖੇਡ-ਭਾਵਨਾ ਤੇ ਟੀਮ ਵਰਕ ਨਾਲ ਸਭ ਦਾ ਮਨ ਮੋਹ ਲਿਆ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਮੈਡਮ ਮਮਤਾ ਮੱਕੜ, ਅਕਾਦਮਿਕ ਡਾਇਰੈਕਟਰ ਮੈਡਮ ਤੇਜਿੰਦਰ ਕੌਰ ਤੇ ਕੋਚ ਸਮੀਰ ਮੁਹੰਮਦ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਉਪਲਬਧੀ ਸਕੂਲ ਲਈ ਮਾਣ ਦੀ ਗੱਲ ਹੈ ਤੇ ਉਨ੍ਹਾਂ ਦੇ ਭਵਿੱਖ ਲਈ ਹੋਰ ਉਚਾਈਆਂ ਛੂਹਣ ਦੀ ਕਾਮਨਾ ਕੀਤੀ।

## 7ਵਾਂ ਨਾਭਾ ਕਬੱਡੀ ਕੱਪ 15 ਤੇ 16 ਨੂੰ : ਚੇਅਰਮੈਨ ਜੱਸੀ

**ਨਾਭਾ (ਵਰਿੰਦਰ ਵਰਮਾ)**-ਆਜ਼ਾਦ ਵੈੱਲਫੇਅਰ ਐਂਡ ਸਪੋਰਟਸ ਕਲੱਬ ਨਾਭਾ ਵੱਲੋਂ ਐੱਨ ਆਰ ਆਈ ਤੇ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਦੋ ਦਿਨਾ 7ਵਾਂ ਨਾਭਾ ਕਬੱਡੀ ਕੱਪ 15 ਤੇ 16 ਨਵੰਬਰ 2025 ਨੂੰ ਰਿਪੁਦਮਨ ਕਾਲਜ ਸਟੇਡੀਅਮ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਪ੍ਰਧਾਨ ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਕਬੱਡੀ ਕੱਪ ਦੇ ਪਹਿਲੇ ਦਿਨ 15 ਨਵੰਬਰ ਨੂੰ 45, 55 ਤੇ 65 ਕਿੱਲੋ ਵਜ਼ਨ ਦੀਆਂ ਟੀਮਾਂ ਵਿਚਕਾਰ ਮੈਚ ਖੇਡੇ ਜਾਣਗੇ ਤੇ 16 ਨਵੰਬਰ ਨੂੰ ਅਖੀਰਲੇ ਦਿਨ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਕਬੱਡੀ 75 ਕਿਲੋ ਦੀਆਂ ਟੀਮਾਂ ਦੇ ਮੈਚ ਖੇਡੇ ਜਾਣਗੇ ਤੇ ਉਪਰੰਤ ਕਬੱਡੀ ਪੰਜਾਬ ਐਸੋਸੀਏਸ਼ਨ ਦੀਆਂ 8 ਅਕੈਡਮੀਆਂ ਵਿਚਕਾਰ ਹੋਣਗੇ ਫਸਵੇਂ ਮੁਕਾਬਲੇ ਹੋਣਗੇ, ਜਿਸ ਵਿੱਚ ਜੇਤੂ ਟੀਮ ਨੂੰ 2 ਲੱਖ ਤੇ ਦੂਜੇ ਸਥਾਨ ਵਾਲੀ ਟੀਮ ਨੂੰ 1.50 ਲੱਖ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ ਅਤੇ ਬੈਸਟ ਰੇਡਰ ਤੇ ਜਾਫੀ ਦਾ 51000-51000 ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਇਸ ਮੌਕੇ ਇਨਾਮਾਂ ਦੀ ਵੰਡ ਉਪਰੰਤ ਨਾਮੀਂ ਗਾਇਕ ਆਰ ਨੇਤ, ਹਰਜੀਤ ਹਰਮਨ, ਸੱਭਾ, ਜੈਲੀ, ਕੁਲਵਿੰਦਰ ਸੋਹੀ, ਗਾਇਕਾ ਤੇ ਉੱਘੀ ਮੰਚ ਸੰਚਾਲਿਕਾ ਸਤਿੰਦਰ ਸੱਤੀ, ਅੰਮ੍ਰਿਤਾ ਢਿੱਲੋਂ ਤੇ ਐੱਸ ਕੌਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

# ਚੋਰੀ ਦੇ 25 ਮੋਟਰਸਾਈਕਲਾਂ ਸਮੇਤ ਦੋ ਗ੍ਰਿਫਤਾਰ



**ਲਹਿਰਾਗਾਗਾ/ਮੂਨਕ (ਰੀਤਵਾਲ/ਰਾਜਪਾਲ ਸਿੰਗਲਾ)**-ਥਾਣਾ ਲਹਿਰਾਗਾਗਾ ਦੀ ਪੁਲਸ ਨੇ ਮੋਟਰਸਾਈਕਲ ਚੋਰ ਗਰੋਹ ਨੂੰ ਚੋਰੀ ਕੀਤੇ ਮੋਟਰਸਾਈਕਲਾਂ ਸਮੇਤ ਕਾਬੂ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ।ਬੀਤੇ ਦਿਨ ਥਾਣਾ ਲਹਿਰਾ ਵਿਖੇ ਡੀ ਐੱਸ ਪੀ ਲਹਿਰਾ ਦੀਪਇੰਦਰਪਾਲ ਸਿੰਘ ਜੇਜੀ, ਐੱਸ. ਐੱਚ. ਓ. ਲਹਿਰਾ ਕਰਮਜੀਤ ਸਿੰਘ, ਸਿਟੀ ਇੰਚਾਰਜ ਗੁਰਦੇਵ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਮੋਟਰਸਾਈਕਲ ਚੋਰ ਗਰੋਹ ਜੋ ਕਿ ਲਹਿਰਾ, ਜਾਖਲ, ਬੁਢਲਾਡਾ, ਮਾਨਸਾ ਆਦੀ ਥਾਵਾਂ ਤੋਂ ਚੋਰੀ ਕੀਤੇ ਹੋਏ ਮੋਟਰਸਾਈਕਲ, ਜਿਸ ਦੀ ਸੰਖਿਆ 25 ਹੈ, ਬਰਾਮਦ ਕੀਤੇ ਗਏ ਹਨ। ਡੀ ਐੱਸ ਪੀ ਦੀਪਇੰਦਰ ਪਾਲ ਸਿੰਘ ਜੇਜੀ ਨੇ ਦੱਸਿਆ ਕਿ ਗੁਪਤ ਜਾਣਕਾਰੀ ਦੇ ਅਧਾਰ 'ਤੇ ਚੌਕੀ ਸਿਟੀ ਲਹਿਰਾ ਦੀ ਪੁਲਸ ਵੱਲੋਂ ਯੋਜਨਾਬੱਧ ਤਰੀਕੇ ਨਾਲ ਕਾਰਵਾਈ ਕਰਦੇ ਹੋਏ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਦਰਸ਼ਨ ਸਿੰਘ ਬਾਸੀ ਖਾਨਪੁਰ ਫਕੀਰਾ ਥਾਣਾ ਦਿੜ੍ਹਬਾ ਤੇ ਸਤਿਗੁਰੂ ਸਿੰਘ ਉਰਫ ਮੋਨੂ ਪੁੱਤਰ ਭੋਲਾ ਸਿੰਘ ਬਾਸੀ ਕੁਲਰੀਆ, ਥਾਣਾ ਬਰੇਟਾ ਜ਼ਿਲ੍ਹਾ ਮਾਨਸਾ ਨੂੰ ਕਾਬੂ ਕੀਤਾ ਹੈ, ਜਿਸ ਪਾਸੋਂ ਚੋਰੀ ਹੋਏ ਮੋਟਰਸਾਈਕਲ ਪ੍ਰਾਪਤ ਹੋਣ 'ਤੇ ਮੁਕੱਦਮਾ ਨੰਬਰ 269 ਥਾਣਾ ਲਹਿਰਾ ਦਰਜ ਕਰਕੇ ਗ੍ਰਿਫ਼ਤਾਰੀ ਕੀਤੀ ਗਈ ਹੈ।ਪੁਲਸ ਤਫਦੀਸ਼ ਦੌਰਾਨ ਪਤਾ ਲੱਗਿਆ ਹੈ ਕਿ ਜੋ ਚੋਰੀ ਕੀਤੇ ਹੋਏ ਮੋਟਰਸਾਈਕਲ ਸਨ, ਉਹ ਇਨ੍ਹਾਂ ਨੇ ਸੁਨਸਾਨ ਖਾਲੀ ਪਏ ਕੋਠਿਆਂ ਵਿੱਚ ਇਕੱਠੇ ਕੀਤੇ ਹੋਏ ਸਨ।ਲਹਿਰਾ ਪੁਲਸ ਨੇ ਸਖਤਾਈ ਦੇ ਨਾਲ ਪੁਛਤਾਛ ਕਰਦੇ ਹੋਏ ਫੜੇ ਗਏ ਮੁਲਜ਼ਮਾਂ ਨੇ ਦੱਸਿਆ ਕਿ ਇਹ ਵਿਅਕਤੀ ਲਹਿਰਾ ਜਾਖਲ, ਬੁਢਲਾਡਾ, ਨਰਵਾਣਾ ਤੇ ਟੋਹਾਣਾ ਏਰੀਏ ਤੋਂ ਮੋਟਰਸਾਈਕਲਾਂ ਦੀ ਚੋਰੀ ਕਰਦੇ ਸਨ।ਇਨ੍ਹਾਂ ਦਾ ਇੱਕ ਹੋਰ ਸਾਥੀ ਜਗਸੀਰ ਸਿੰਘ ਉਰਫ ਜਗਨਾ ਉਰਫ ਜੱਗੀ ਪੁੱਤਰ ਭੋਲਾ ਸਿੰਘ ਬਾਸੀ ਕੁਲਰੀਆਂ, ਥਾਣਾ ਬਰੇਟਾ ਦਾ ਨਾਮ ਵੀ ਸਾਹਮਣੇ ਆਇਆ ਹੈ। ਉਸ ਨੂੰ ਵੀ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਅਸੀਂ ਇਨ੍ਹਾਂ ਮੋਟਰਸਾਈਕਲਾਂ ਦੀ ਚੈਸੀ ਨੰਬਰ ਤੇ ਇੰਜਨ ਨੰਬਰ ਤੋਂ ਇਨ੍ਹਾਂ ਦੇ ਅਸਲੀ ਨੰਬਰਾਂ ਦਾ ਪਤਾ ਕਰਕੇ ਉਨ੍ਹਾਂ ਦੇ ਮਾਲਕਾਂ ਤੱਕ ਪਹੁੰਚ ਕੀਤੀ ਜਾਵੇਗੀ।ਇਸ ਸਮੇਂ ਥਾਣਾ ਮੁਖੀ ਇੰਸਪੈਕਟਰ ਕਰਮਜੀਤ ਤੇ ਚੌਂਕੀ ਇੰਚਾਰਜ ਗੁਰਦੇਵ ਸਿੰਘ ਨੇ ਨਸ਼ਾ ਤਸਕਰਾਂ ਤੇ ਕ੍ਰਾਈਮ ਪੇਸ਼ਾ ਵਿਅਕਤੀਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਉਹ ਇਸ ਪੇਸ਼ੇ ਤੋਂ ਬਾਜ਼ ਆ ਜਾਣ, ਵਰਨਾ ਜਲਦੀ ਹੀ ਸਲਾਖਾਂ ਪਿੱਛੇ ਤੁੰਨੇ ਜਾਣਗੇ।

## ਨਿਰੰਜਣ ਬੋਹਾ ਨੂੰ ਰਾਜੇਂਦਰ ਵਿਆਥਿਤ ਸਾਹਿਤਯ ਗੌਰਵ ਸਨਮਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਸਾਹਿਤਯ ਕਲਸ਼ ਪਰਿਵਾਰ ਪਟਿਆਲਾ ਵੱਲੋਂ ਪ੍ਰਭਾਤ ਪਰਵਾਨਾ ਹਾਲ (ਛੋਟੀ ਬਾਰਾਂਦਰੀ) ਪਟਿਆਲਾ ਵਿਖੇ ਹੋਏ ਸਾਲਾਨਾ ਸਮਾਗਮ ਸਮੇ ਹਿੰਦੀ ਤੇ ਪੰਜਾਬੀ ਭਾਸ਼ਾ ਦੇ 11 ਲੇਖਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮੇ ਪੰਜਾਬੀ ਸਾਹਿਤ 'ਚ ਪਾਏ ਜਾ ਰਹੇ ਨਿਰੰਤਰ ਯੋਗਦਾਨ ਨੂੰ ਦੇਖਦਿਆਂ ਮਾਨਸਾ ਜ਼ਿਲ੍ਹੇ ਦੇ ਪ੍ਰਸਿੱਧ ਲੇਖਕ ਤੇ ਆਲੋਚਕ ਨਿਰੰਜਣ ਬੋਹਾ ਨੂੰ ਹਿੰਦੀ ਲੋਕ ਕਵੀ ਰਾਜੇਂਦਰ ਵਿਆਥਿਤ ਯਾਦਗਾਰੀ ਸਾਹਿਤਯ ਗੌਰਵ-ਪੁਰਸਕਾਰ 2025 ਪ੍ਰਦਾਨ ਕਰਕੇ ਸਨਮਾਨਤ ਕੀਤਾ ਗਿਆ।ਸਾਹਿਤਯ ਕਲਸ਼ ਸੰਸਥਾ ਦੇ ਸੰਸਥਾਪਕ ਸਾਗਰ ਸੂਦ ਸੰਜਯ ਨੇ ਇਸ ਮੌਕੇ ਕਿਹਾ ਕਿ ਨਿਰੰਜਣ ਬੋਹਾ ਪੰਜਾਬੀ ਤੇ ਹਿੰਦੀ ਲੇਖਕਾਂ ਵਿਚਕਾਰ ਸਾਂਝ ਦੇ ਮਜ਼ਬੂਤ ਪੁਲ ਵਾਂਗ ਕੰਮ ਕਰ ਰਹੇ ਹਨ ਤੇ ਪੰਜਾਬੀ ਸਾਹਿਤ 'ਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।ਇਸ ਮੌਕੇ ਤ੍ਰਿਲੋਕ ਢਿੱਲੋਂ, ਪਵਨ ਗੋਇਲ, ਨੀਰਜ ਭਾਰਦਵਾਜ਼, ਗੀਤਾ ਰਾਣੀ (ਸਪੁੱਤਰੀ ਰਾਜੇਂਦਰ ਵਿਆਥਿਤ) ਸ਼ਸ਼ੀ ਸੂਦ, ਮੰਜੂ ਆਰੋੜਾ, ਦਿਨੇਸ਼ ਸੂਦ, ਸਾਗਰ ਸੂਦ, ਸੁਖਮਿੰਦਰ ਸੇਖੋਂ, ਕੁਲਵਿੰਦਰ ਕੁਮਾਰ ਤੇ ਕੁਲਜੀਤ ਕੌਰ ਆਦਿ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।

## ਕਿਸਾਨ ਯੂਨੀਅਨ ਦੀ ਪਰਚੀ ਦੇਣ 'ਤੇ ਆਗੂਆਂ ਨੇ ਜਤਾਇਆ ਰੋਸ

### ਪੁਲਸ ਨੂੰ ਰੇਤ ਦਾ ਗੋਰਖਧੰਦਾ ਰੋਕਣ ਦੀ ਕੀਤੀ ਮੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਕਾਫ਼ੀ ਸਮੇਂ ਤੋਂ ਇਲਾਕੇ 'ਚੋਂ ਲੰਘ ਰਹੇ ਪੰਜਾਬ ਦੇ ਵੱਡੇ ਦਰਿਆ ਸਤਲੁਜ ਤੇ ਨਵਾਂਸ਼ਹਿਰ ਜ਼ਿਲ੍ਹੇ ਦੀ ਹੱਦ ਅੰਦਰੋਂ ਦਿਨ ਦਿਹਾੜੇ ਮਸ਼ੀਨਾਂ ਰਾਹੀਂ ਰੇਤੇ ਦੀ ਮਾਈਨਿੰਗ ਕੀਤੀ ਜਾ ਰਹੀ ਹੈ ਅਤੇ ਜਾਣਕਾਰੀ ਅਨੁਸਾਰ ਇਹ ਮਾਈਨਿੰਗ ਪੰਜਾਬ ਸਰਕਾਰ ਦੀ ਪਾਲਿਸੀ 'ਜਿਸ ਦਾ ਖੇਤ ਉਸ ਦੀ ਰੇਤ' ਤਹਿਤ ਇਹ ਰੇਤਾ ਚੁਕਾਇਆ ਜਾ ਰਿਹਾ ਹੈ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਸੁਖਵਿੰਦਰ ਸਿੰਘ ਭੱਟੀਆਂ, ਪਰਮਜੀਤ ਸਿੰਘ ਮਿਲਕੋਵਾਲ, ਅਮਨਦੀਪ ਸਿੰਘ ਸਰਪੰਚ ਮਿਲਕੋਵਾਲ, ਅਵਤਾਰ ਸਿੰਘ ਸ਼ੇਰੀਆਂ, ਮਨਜੀਤ ਸਿੰਘ ਪਵਾਤ, ਕਰਮਜੀਤ ਸਿੰਘ ਮਾਛੀਵਾੜਾ, ਬਾਬਾ ਹਰਬੰਤ ਸਿੰਘ ਤੇ ਜਸਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਸਤਲੁਜ ਦਰਿਆ ਵਿੱਚ ਇਹ ਨਜਾਇਜ਼ ਮਾਈਨਿੰਗ ਚੱਲ ਰਹੀ ਹੈ ਤਾਂ ਉਸ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਅਤੇ ਜੋ ਕਿਸਾਨ ਯੂਨੀਅਨ ਦੇ ਨਾਮ 'ਤੇ ਪਰਚੀਆਂ ਕੱਟੀਆਂ ਜਾ ਰਹੀਆਂ ਹਨ, ਉਸ ਦੀ ਵੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦੀ ਪਾਲਿਸੀ 'ਜਿਸ ਦਾ ਖੇਤ ਉਸ ਦੀ ਰੇਤ' ਤਹਿਤ ਮਾਈਨਿੰਗ ਹੋ ਰਹੀ ਹੈ ਤਾਂ ਉਸ ਵਿੱਚ ਕਿਸਾਨ ਯੂਨੀਅਨ ਦੀ ਪਰਚੀ ਨੂੰ ਵਰਤਣਾ ਬਿਲਕੁਲ ਗੈਰ-ਕਾਨੂੰਨੀ ਹੈ, ਜਿਸ ਨੂੰ ਬੰਦ ਕਰਵਾਇਆ ਜਾਵੇ, ਕਿਉਂਕਿ ਇਸ ਨਾਲ ਯੂਨੀਅਨ ਦੇ ਅਕਸ ਨੂੰ ਢਾਹ ਲੱਗਦੀ ਹੈ। ਅੱਜ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਧਿਆਨ ਵਿੱਚ ਜਦੋਂ ਇਹ ਮਸਲਾ ਆਇਆ ਕਿ ਕਿਸਾਨ ਯੂਨੀਅਨ ਦੇ ਨਾਮ 'ਤੇ ਰੇਤੇ ਦੀ ਨਜਾਇਜ਼ ਮਾਈਨਿੰਗ ਦਾ ਕੰਮ ਚੱਲ ਰਿਹਾ ਹੈ ਤਾਂ ਉਨ੍ਹਾਂ ਤੁਰੰਤ ਸਤਲੁਜ ਦਰਿਆ ਵਿੱਚ ਜਾ ਕੇ ਇਹ ਕੰਮ ਰੁਕਵਾਇਆ।

## ਲੇਖਕਾਂ ਨੇ ਮਾਰਚ ਕਰ ਕੇ ਰਾਜਪਾਲ ਦੇ ਨਾਂਅ ਦਿੱਤਾ ਰੋਸ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਤੇ ਸਿੰਡੀਕੇਟ ਭੰਗ ਕਰਨ ਦੇ ਰੋਸ ਵਜੋਂ ਸਾਹਿਤ ਸਦਨ ਸੰਗਰੂਰ ਵੱਲੋਂ ਸਥਾਨਕ ਸਰਕਾਰੀ ਰਣਬੀਰ ਕਾਲਜ ਤੋਂ ਡੀ ਸੀ ਦਫ਼ਤਰ ਤੱਕ ਰੋਸ ਮਾਰਚ ਕਰ ਕੇ ਵਧੀਕ ਡਿਪਟੀ ਕਮਿਸ਼ਨਰ ਨੂੰ ਰਾਜਪਾਲ ਪੰਜਾਬ ਦੇ ਨਾਂਅ ਰੋਸ ਪੱਤਰ ਦਿੱਤਾ ਗਿਆ।ਇਸ ਤੋਂ ਪਹਿਲਾਂ ਕਾਲਜ ਵਿਚ ਸਾਹਿਤ ਸਦਨ ਸੰਗਰੂਰ ਦੇ ਬੈਨਰ ਹੇਠ ਪ੍ਰਧਾਨ ਡਾ. ਇਕਬਾਲ ਸਿੰਘ ਸਕਰੌਦੀ, ਚੇਅਰਮੈਨ ਬਲਵੰਤ ਸਿੰਘ ਜੋਗਾ, ਜਨਰਲ ਸਕੱਤਰ ਜੀਤ ਹਰਜੀਤ, ਮੋਹਨ ਸ਼ਰਮਾ, ਸੁਰਿੰਦਰ ਪਾਲ ਸਿੰਘ ਸਿਦਕੀ, ਮੂਲਚੰਦ ਸ਼ਰਮਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਧੂਰੀ ਦੀ ਅਗਵਾਈ ਹੇਠ ਇਕੱਠੇ ਹੋਏ ਲੇਖਕਾਂ ਤੇ ਬੁੱਧੀਜੀਵੀਆਂ ਨੇ ਕੇਂਦਰ ਸਰਕਾਰ ਦੀ ਇਸ ਹਰਕਤ ਉੱਤੇ ਦੁੱਖ ਪ੍ਰਗਟ ਕੀਤਾ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ, ਪੰਜਾਬੀ ਸਾਹਿਤ ਸਭਾ ਸੰਗਰੂਰ ਦੇ ਪ੍ਰਧਾਨ ਡਾ. ਭਗਵੰਤ ਸਿੰਘ, ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਜੋਗਾ ਸਿੰਘ, ਜੰਗੀਰ ਸਿੰਘ ਰਤਨ, ਜੰਗ ਸਿੰਘ ਫੱਟੜ, ਡਾ. ਏ ਐੱਸ ਮਾਨ, ਕੁਲਵੰਤ ਕਸ਼ਕ, ਏ ਪੀ ਸਿੰਘ ਬਾਬਾ, ਸੁਖਦੇਵ ਰਾਮ, ਗੁਲਜਾਰ ਸਿੰਘ ਸ਼ੌਕੀ, ਸੁਰਜੀਤ ਸਿੰਘ ਈ ਓ ਪ੍ਰਧਾਨ ਭਾਈਚਾਰਕ ਤਾਲਮੇਲ ਸੰਸਥਾ, ਡਾ. ਜਗਦੀਪ ਸਿੰਘ ਅਹੂਜਾ, ਨਾਹਰ ਸਿੰਘ ਮੁਬਾਰਕਪੁਰੀ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।ਉਪਰੰਤ ਵਧੀਕ ਡਿਪਟੀ ਕਮਿਸ਼ਨਰ ਨੂੰ ਰੋਸ ਪੱਤਰ ਦੇਣ ਸਮੇਂ ਡਾ. ਇਕਬਾਲ ਸਿੰਘ ਸਕਰੌਦੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲਾਂ ਪੰਜਾਬ ਦੀ ਰਾਜਧਾਨੀ ਖੋਹ ਲਈ, ਫੇਰ ਪਾਣੀਆਂ ਉੱਤੇ ਡਾਕਾ ਮਾਰਿਆ ਤੇ ਹੁਣ ਪੰਜਾਬ ਯੂਨੀਵਰਸਿਟੀ ਤੋਂ ਪੰਜਾਬ ਦੇ ਹੱਕ ਖ਼ਤਮ ਕਰਨ ਲਈ ਕੋਝੀ ਹਰਕਤ ਕੀਤੀ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਮਲਕੀਤ ਸਿੰਘ ਚੰਗਾਲ, ਕਮਲ ਅਨੰਦ ਐਡਵੋਕੇਟ, ਸਤਿੰਦਰ ਸੈਣੀ ਨਗਰ ਕੌਂਸਲਰ, ਮੋਦਨ ਸਿੰਘ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

## ਸਕੂਲ ਆਫ ਐਮੀਨੈਂਸ ਦਾ ਵੇਟ ਲਿਫਟਿੰਗ 'ਚ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਹੁਸ਼ਿਆਰਪੁਰ ਵਿੱਚ ਹੋਈਆਂ ਸਿੱਖਿਆ ਵਿਭਾਗ ਪੰਜਾਬ ਵੱਲੋਂ ਆਯੋਜਿਤ ਅੰਡਰ-19 ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਸਕੂਲ ਆਫ ਐਮੀਨੈਂਸ ਦੋਰਾਹਾ ਦੀਆਂ ਛੇ ਖਿਡਾਰਨਾਂ ਨੇ ਲੁਧਿਆਣਾ ਜ਼ਿਲ੍ਹੇ ਵੱਲੋਂ ਹਿੱਸਾ ਲੈਂਦੇ ਹੋਏ ਓਵਰਆਲ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੁਕਾਬਲੇ ਵਿੱਚ ਕੁਮਾਰੀ ਪ੍ਰੀਆ ਗੁਪਤਾ ਨੇ 69 ਕਿੱਲੋ ਭਾਰ ਵਰਗ ਵਿੱਚ ਗੋਲਡ ਮੈਡਲ, ਜਸਲੀਨ ਕੌਰ ਨੇ 58 ਕਿੱਲੋ ਭਾਰ ਵਰਗ ਵਿੱਚ ਸਿਲਵਰ ਤੇ ਸ਼ਾਲਨੀ ਨੇ 53 ਕਿੱਲੋ ਭਾਰ ਵਰਗ ਵਿੱਚ ਸਿਲਵਰ ਮੈਡਲ ਹਾਸਲ ਕੀਤਾ।ਪ੍ਰੀਆ ਗੁਪਤਾ ਹੁਣ ਮਹਾਰਾਸ਼ਟਰ ਵਿਖੇ ਹੋਣ ਵਾਲੀਆਂ ਨੈਸ਼ਨਲ ਖੇਡਾਂ ਵਿੱਚ ਭਾਗ ਲਵੇਗੀ।ਪ੍ਰਿੰਸੀਪਲ ਸ੍ਰੀਮਤੀ ਹਰਵਿੰਦਰ ਰੂਪ ਰਾਏ ਨੇ ਖਿਡਾਰਨਾਂ, ਉਨ੍ਹਾਂ ਦੇ ਮਾਪਿਆਂ ਤੇ ਪੀ.ਟੀ.ਆਈ. ਸ੍ਰੀਮਤੀ ਜਸਵੀਰ ਕੌਰ ਨੂੰ ਵਧਾਈ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਸਾਲ ਸਕੂਲ ਦੀਆਂ ਦੋ ਵਿਦਿਆਰਥਣਾਂ ਖੁਸ਼ੀ (17 ਸਾਲ) ਤੇ ਪ੍ਰੀਆ ਗੁਪਤਾ (19 ਸਾਲ) ਵੱਖ-ਵੱਖ ਉਮਰ ਵਰਗਾਂ ਵਿੱਚ ਨੈਸ਼ਨਲ ਖੇਡਾਂ ਵਿੱਚ ਭਾਗ ਲੈਣ ਜਾ ਰਹੀਆਂ ਹਨ, ਜੋ ਸਕੂਲ ਲਈ ਮਾਣ ਦੀ ਗੱਲ ਹੈ।

## ਪੀ ਏ ਯੂ ਦੀ ਵਿਦਿਆਰਥਣ ਸਰਵੋਤਮ ਥੀਸਿਸ ਪੁਰਸਕਾਰ ਨਾਲ ਸਨਮਾਨਤ



**ਲੁਧਿਆਣਾ (ਕਥੂਰੀਆ, ਭਾਟੀਆ)**-ਪੀ ਏ ਯੂ ਦੇ ਮਾਈਕ੍ਰੋਬਾਇਆਲੋਜੀ ਵਿਭਾਗ ਵਿੱਚ ਪੀ ਐੱਚ ਡੀ ਦੀ ਵਿਦਿਆਰਥਣ ਪ੍ਰੀਤੀਮਾਨ ਕੌਰ ਨੂੰ ਮਾਈਕ੍ਰੋਬਾਇਆਲੋਜੀ ਦੇ ਖੇਤਰ ਵਿੱਚ ਸ਼ਾਨਦਾਰ ਖੋਜ ਲਈ 2025 ਦੇ ਸਰਵੋਤਮ ਥੀਸਿਸ ਪੁਰਸਕਾਰ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ। ਕੁਮਾਰੀ ਪ੍ਰੀਤੀਮਾਨ ਦਾ ਥੀਸਿਸ ਲਖਨਊ (ਉੱਤਰ ਪ੍ਰਦੇਸ਼) ਵਿਖੇ ਹੋਈ ਆਈ ਸੀ ਏ ਆਰ ਦੀ ਖੇਤੀ ਖੋਜ ਪ੍ਰਬੰਧਨ ਬਾਰੇ ਰਾਸ਼ਟਰੀ ਅਕੈਡਮੀ ਦੀ ਦੂਸਰੀ ਕੌਮਾਂਤਰੀ ਕਾਨਫਰੰਸ ਵਿੱਚ ਆਪਣੇ ਵਰਗ ਵਿੱਚ ਸਭ ਤੋਂ ਉੱਤਮ ਆਂਕਿਆ ਗਿਆ। ਪ੍ਰੀਤੀਮਾਨ ਕੌਰ ਆਪਣਾ ਖੋਜ ਕਾਰਜ ਮਾਈਕ੍ਰੋਬਾਇਆਲੋਜੀ ਵਿਭਾਗ ਦੇ ਮਾਹਰ ਡਾ. ਜੀ ਐੱਸ ਕੋਚਰ ਦੀ ਨਿਗਰਾਨੀ ਹੇਠ ਜਾਰੀ ਰੱਖਿਆ ਹੋਇਆ ਹੈ। ਇਸ ਦੌਰਾਨ ਇਹ ਖੋਜਾਰਥੀ ਸ੍ਰੇਸ਼ਟ ਮਾਈਕ੍ਰੋਬਾਇਲ ਤਕਨਾਲੋਜੀਆਂ ਦੀ ਵਰਤੋਂ ਕਰਕੇ ਖਮੀਰੀਕ੍ਰਿਤ ਤਰੀਕਿਆਂ ਵਿੱਚ ਫਲੇਵਰ ਦੇ ਵਿਕਾਸ ਬਾਰੇ ਨਵੀਂ ਤਕਨਾਲੋਜੀ ਦੀ ਖੋਜ ਕਰ ਰਹੀ ਹੈ। ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਡੀਨ ਪੋਸਟ ਗ੍ਰੈਜੂਏਟ ਸਟੱਡੀਜ਼ ਡਾ. ਮਾਨਵਇੰਦਰਾ ਸਿੰਘ ਗਿੱਲ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਬੇਸਿਕ ਸਾਇੰਸਜ਼ ਕਾਲਜ ਦੇ ਡੀਨ ਡਾ. ਕਿਰਨ ਬੈਂਸ ਤੇ ਮਾਈਕ੍ਰੋਬਾਇਆਲੋਜੀ ਵਿਭਾਗ ਦੇ ਮੁਖੀ ਡਾ. ਉਰਮਿਲਾ ਗੁਪਤਾ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ।

# ਹੈਰੋਇਨ ਸਮੇਤ ਕਾਬੂ

**ਮਲੋਟ (ਓਮ ਪ੍ਰਕਾਸ਼ ਸੇਖੂ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਐੱਸ ਐੱਸ ਪੀ ਅਖਿਲ ਚੌਧਰੀ ਤੇ ਲੰਬੀ ਦੇ ਡੀ ਐੱਸ ਪੀ ਇਸਾਨ ਸਿੰਗਲਾ ਦੀ ਰਹਿਨੁਮਾਈ ਹੇਠ ਚੌਕੀ ਪੰਨੀ ਵਾਲਾ ਦੇ ਇੰਚਾਰਜ ਏਐੱਸਆਈ ਜਸਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਗਸ਼ਤ ਕਰ ਰਹੇ ਸਨ। ਇਸੇ ਦੌਰਾਨ ਪੰਨੀ ਵਾਲਾ ਦੀ ਦਾਣਾ ਮੰਡੀ ਕੋਲੇ ਇੱਕ ਵਿਅਕਤੀ, ਜੋ ਪੁਲਸ ਟੀਮ ਨੂੰ ਆਪਣੇ ਵੱਲ ਆਉਂਦੀ ਵੇਖ ਘਬਰਾ ਗਿਆ ਤੇ ਉਸ ਨੇ ਜਲਦੀ ਨਾਲ ਕੋਈ ਚੀਜ਼ ਆਪਣੇ ਨਾਲੋਂ ਦੂਰ ਸੁੱਟੀ, ਪ੍ਰੰਤੂ ਉਸ ਦੀ ਇਹ ਚਲਾਕੀ ਚੌਕੀ ਇੰਚਾਰਜ ਜਸਵਿੰਦਰ ਸਿੰਘ ਦੀ ਟੀਮ ਤੋਂ ਲੁਕੀ ਨਹੀਂ ਰਹੀ ਤੇ ਉਸ ਨੂੰ ਜਦੋਂ ਰੋਕ ਕੇ ਪੁੱਛਗਿੱਛ ਕੀਤੀ ਤਾਂ ਉਸ ਕੋਲੋਂ ਪੰਜ ਗ੍ਰਾਮ ਹੈਰੋਇਨ ਬਰਾਮਦ ਹੋਈ ਮੁਲਜ਼ਮ ਦੀ ਪਹਿਚਾਣ ਪ੍ਰਤਾਪ ਸਿੰਘ ਪੁੱਤਰ ਪ੍ਰੇਮ ਸਿੰਘ ਪੁੱਤਰ ਫੁੱਲਾ ਸਿੰਘ ਵਾਸੀ ਪਿੰਡ ਢਿੱਪਾਂ ਵਾਲੀ ਵਜੋਂ ਹੋਈ ਪੁਲਸ ਨੇ ਮੁਕੱਦਮਾ ਦਰਜ ਕੀਤਾ ਗਿਆ।

## ...ਸਫ਼ਾ 1 ਦੇ ਬਾਕੀ

### ਨੋਟੀਫਿਕੇਸ਼ਨ ਰੱਦ ਹੋਣਾ...

ਗਿਆ, ਉਲਟਾ ਮੋਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਪੰਜਾਬੀਆਂ ਤੋਂ ਖੋਹਣ ਲਈ ਪੂਰੀ ਤਿਆਰੀ ਕਰ ਲਈ ਗਈ ਹੈ।ਮੋਦੀ ਸਰਕਾਰ ਦੇ ਇਹ ਸਾਰੇ ਕਦਮ ਸੰਵਿਧਾਨ ਦੇ ਸੰਘੀ ਢਾਂਚੇ ਦੀ ਘੋਰ ਉਲੰਘਣਾ ਵਾਲੇ ਹਨ। ਖੱਬੇ ਪੱਖੀ ਆਗੂਆਂ ਨੇ ਕਿਹਾ ਕਿ ਪੰਜਾਬੀਆਂ ਨੇ ਕਦੇ ਵੀ ਧੱਕੇਸ਼ਾਹੀ ਨੂੰ ਚੁੱਪਚਾਪ ਬਰਦਾਸ਼ਤ ਨਹੀਂ ਕੀਤਾ ਤੇ ਹਰੇਕ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਹੈ। ਆਗੂਆਂ ਨੇ ਕਿਹਾ ਕਿ ਜਿਵੇਂ ਇਸ ਮਸਲੇ 'ਚ ਸਮੂਹ ਪੰਜਾਬੀਆਂ ਨੇ ਦਖ਼ਲ ਦੇ ਕੇ ਵਿਦਿਆਰਥੀ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ, ਉਸੇ ਤਰ੍ਹਾਂ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਅਤੇ ਬੀ ਬੀ ਐਮ ਬੀ ਮੁੱਦੇ 'ਤੇ ਪੰਜਾਬ ਦੇ ਹੱਕ ਬਹਾਲ ਰੱਖਣ ਲਈ ਇੱਕਜੁੱਟ ਹੋ ਕੇ ਲੜਾਈ ਲੜਨ ਦੀ ਲੋੜ ਹੈ।

### ਉਪ ਮੁੱਖ ਮੰਤਰੀ ਦੇ ...

ਏਕੜ ਸਰਕਾਰੀ ਜ਼ਮੀਨ ਪਾਰਥ ਪਵਾਰ ਦੀ ਕੰਪਨੀ ਨੂੰ ਬਹੁਤ ਘੱਟ ਮੁੱਲ 'ਤੇ ਦਿੱਤੀ ਗਈ ਤੇ ਇਸ 'ਤੇ ਲੱਗਦੀ ਸਟੈਂਪ ਡਿਊਟੀ 21 ਕਰੋੜ ਰੁਪਏ ਮੁਆਫ ਕਰ ਦਿੱਤੀ ਗਈ, ਸਿਰਫ ਪੰਜ ਸੌ ਰੁਪਏ ਦਾ ਭੁਗਤਾਨ ਕੀਤਾ ਗਿਆ।

ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਸਰਕਾਰੀ ਪੈਸੇ ਨੂੰ ਚੂਨਾ ਲਾ ਕੇ ਉਪ ਮੁੱਖ ਮੰਤਰੀ ਦੇ ਪੁੱਤਰ ਨੂੰ ਲਾਭ ਪਹੁੰਚਾਇਆ ਗਿਆ। ਉਨ੍ਹਾਂ ਸਵਾਲ ਕੀਤਾ ਕਿ ਸੌਦੇ ਦੇ ਦੋ ਦਿਨ ਬਾਅਦ ਸਟੈਂਪ ਡਿਊਟੀ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਤੇ ਇਹ ਸਭ ਕੁਝ ਏਨੀ ਜਲਦੀ ਕਿਵੇਂ ਪਾਸ ਹੋ ਗਿਆ।

### ਮਾਨ ਦੀ ਪਤਨੀ ...

ਸਿੰਘ ਸੰਧੂ ਲਈ ਚੋਣ ਪ੍ਰਚਾਰ ਕੀਤਾ।ਡਾ. ਗੁਰਪ੍ਰੀਤ ਕੌਰ ਅਤੇ ਮਾਤਾ ਹਲਕੇ ਦੇ ਪਿੰਡ ਪੱਧਰੀ ਕਲਾਂ ਪਹੁੰਚੀਆਂ ਅਤੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਚੋਣ ਪ੍ਰਚਾਰ ਦੌਰਾਨ ਉਨ੍ਹਾਂ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਡਾ. ਗੁਰਪ੍ਰੀਤ ਕੌਰ ਨੇ ਉਨ੍ਹਾਂ ਨੂੰ 11 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾ ਲੋਕਾਂ ਨੂੰ ਹਲਕੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਵੋਟਿੰਗ ਵਾਲੇ ਦਿਨ 3 ਨੰਬਰ 'ਤੇ ਮੌਜੂਦ ਝਾੜੂ ਦੇ ਨਿਸ਼ਾਨ ਵਾਲੇ ਬਟਨ ਨੂੰ ਦਬਾ ਕੇ ਹਰਮੀਤ ਸਿੰਘ ਸੰਧੂ ਦੀ ਸ਼ਾਨਦਾਰ ਜਿੱਤ ਨੂੰ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ।

## ਐੱਸ ਆਈ ਇਕਬਾਲ ਸਿੰਘ ਨੇ ਨੱਥੂਵਾਲਾ ਗਰਬੀ ਚੌਂਕੀ ਦਾ ਇੰਚਾਰਜ ਸੰਭਾਲਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਦੇ ਅਧੀਨ ਆਉਂਦੀ ਨੱਥੂ ਵਾਲਾ ਗਰਬੀ ਚੌਕੀ ਦੇ ਨਵੇਂ ਇੰਚਾਰਜ ਐੱਸ. ਆਈ. ਇਕਬਾਲ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਮੌਕੇ ਉਨ੍ਹਾਂ ਕਿਹਾ ਕਿ ਖੇਤਰ ਵਿੱਚ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਐੱਸ.ਆਈ. ਇਕਬਾਲ ਸਿੰਘ ਨੇ ਸਪੱਸ਼ਟ ਕੀਤਾ ਕਿ ਸ਼ਰਾਰਤੀ ਤੱਤਾਂ ਤੇ ਨਸ਼ੇ ਦੇ ਧੰਦੇ ਨਾਲ ਜੁੜੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਵਿਕਰੀ ਜਾਂ ਵਰਤੋਂ ਸਮਾਜ ਲਈ ਜ਼ਹਿਰ ਹੈ ਤੇ ਇਸ 'ਤੇ ਪੂਰੀ ਤਰ੍ਹਾਂ ਨਿਯੰਤਰਣ ਰੱਖਣ ਲਈ ਖਾਸ ਟੀਮਾਂ ਬਣਾਈਆਂ ਜਾਣਗੀਆਂ।ਉਨ੍ਹਾਂ ਚੌਕੀ ਹੱਦ ਵਿੱਚ ਪੈਂਦੇ ਸਾਰੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਸ਼ਕਤੀਸ਼ਾਲੀ ਜਾਂ ਸ਼ਰਾਰਤੀ ਗਤੀਵਿਧੀ ਦੀ ਜਾਣਕਾਰੀ ਮਿਲੇ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ।ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਲੰਘਣਾ ਕਰਨ ਵਾਲੇ ਵਾਹਨ ਚਾਲਕਾਂ 'ਤੇ ਵੀ ਨਿਗਰਾਨੀ ਰੱਖੀ ਜਾਵੇਗੀ ਤੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫਰਜ਼ ਹੈ।ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਨਸ਼ਾ ਮੁਕਤ ਸਮਾਜ ਬਣਾਉਣ ਦੇ ਯਤਨਾਂ ਵਿੱਚ ਪੁਲਸ ਦਾ ਸਹਿਯੋਗ ਕਰਨ।

## ਫਸਲ ਵੇਚਣ ਆਏ ਕਿਸਾਨ ਦੀਆਂ ਮੰਡੀ 'ਚੋਂ 50 ਬੋਰੀਆਂ ਝੋਨਾ ਚੋਰੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਨਾਜ ਮੰਡੀ ਪਿੰਡ ਅਮਲਾ ਸਿੰਘ ਵਾਲਾ (ਬਰਨਾਲਾ) ਵਿੱਚ ਫਸਲ ਵੇਚਣ ਆਏ ਇੱਕ ਕਿਸਾਨ ਦੀਆਂ 50 ਬੋਰੀਆਂ ਝੋਨਾ ਚੋਰੀ ਹੋ ਜਾਣ ਦੀ ਖਬਰ ਮਿਲੀ ਹੈ।ਮਿਲੀ ਜਾਣਕਾਰੀ ਅਨੁਸਾਰ ਚੋਰੀ ਦਾ ਮਾਮਲਾ ਗੁਰਤੇਜ ਸਿੰਘ ਭੱਦਲਵੱਢ ਵੱਲੋਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਧਿਆਨ 'ਚ ਲਿਆਂਦਾ ਗਿਆ ਹੈ।ਜਥੇਬੰਦੀ ਦੇ ਜ਼ਿਲ੍ਹਾ ਆਗੂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ ਨੇ ਚੋਰੀ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਕਿਸਾਨ ਫਸਲ ਦੇ ਘੱਟ ਝਾੜ ਨਾਲ ਖਰਚਾ ਵੱਧ ਜਾਣ ਕਰਕੇ ਪਹਿਲਾਂ ਹੀ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ।ਉਪਰੋ ਚੋਰੀ ਦੀਆਂ ਘਟਨਾਵਾਂ ਨੇ ਨੱਕ 'ਚ ਦਮ ਕਰ ਰੱਖਿਆ ਹੈ।ਉਨ੍ਹਾਂ ਦੱਸਿਆ ਕਿ ਚੋਰੀ ਬਾਰੇ ਥਾਣਾ ਠੁੱਲੀਵਾਲ ਵਿਖੇ ਰਪਟ ਦਰਜ ਕਰਵਾ ਦਿੱਤੀ ਗਈ ਹੈ।ਬਲਾਕ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਕਿਹਾ ਕਿ ਜੇਕਰ ਚੋਰੀ ਦੇ ਮਾਮਲੇ ਸਬੰਧੀ ਇਨਸਾਫ ਨਾ ਮਿਲਿਆ, ਤਾਂ ਜਥੇਬੰਦੀ ਵੱਲੋਂ ਅਗਲਾ ਐਕਸ਼ਨ ਉਲੀਕਿਆ ਜਾਵੇਗਾ।

## ਕ੍ਰਿਸ਼ਨਾ ਮੰਦਰ ਦੀ ਗੋਲਕ ਚੋਰੀ ਦੇ ਸੰਬੰਧ 'ਚ ਤਿੰਨ ਕਾਬੂ



**ਬਰੇਟਾ (ਰੀਤਵਾਲ)**-ਸਥਾਨਕ ਪੁਲਸ ਥਾਣੇ ਦੇ ਮੁਖੀ ਮੇਲਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਅਕਤੂਬਰ ਨੂੰ ਕ੍ਰਿਸ਼ਨਾ ਮੰਦਰ ਬਰੇਟਾ ਵਿਖੇ ਗੋਲਕ ਚੋਰੀ ਸਬੰਧੀ ਮੁਕੱਦਮਾ ਨੰਬਰ 122 ਥਾਣਾ ਬਰੇਟਾ ਦੇ ਚੋਰ ਮੁਕਾਮੀ ਪੁਲਸ ਨੇ ਕੱਲ੍ਹ ਕਾਬੂ ਕਰ ਲਏ ਹਨ, ਜਿਨ੍ਹਾਂ ਦਾ ਨਾਮ ਚਰਨਜੀਤ ਸਿੰਘ ਉਰਫ ਚੰਨਾ, ਨਾਜਰ ਸਿੰਘ ਤੇ ਹਰਪ੍ਰੀਤ ਸਿੰਘ ਉਰਫ ਬਿੱਲਾ ਹਨ।ਇਨ੍ਹਾਂ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫ਼ਤਾਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਥਾਣਾ ਮੁਖੀ ਨੇ ਦੱਸਿਆ ਕਿ ਨਸ਼ਾ ਤਸਕਰਾਂ 'ਤੇ ਬਾਜ਼ ਅੱਖ ਰੱਖੀ ਜਾਵੇਗੀ ਤੇ ਅਮਨ ਪਸੰਦ ਲੋਕਾਂ ਦਾ ਸਤਿਕਾਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਲਾਅ ਐਂਡ ਆਰਡਰ ਦੀ ਡਿਊਟੀ ਬਰਕਰਾਰ ਰੱਖੀ ਜਾਵੇਗੀ।

## ਡੀ ਟੀ ਐੱਫ ਨੇ ਯੂਨੀਵਰਸਿਟੀ ਵਿਰੋਧੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੱਦੇ 'ਤੇ ਬਲਾਕ ਪਾਤੜਾਂ ਦੇ ਵੱਡੀ ਗਿਣਤੀ ਸਕੂਲਾਂ ਵਿੱਚ ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਦੇ ਸਮਰਥਨ ਵਿੱਚ ਕੇਂਦਰ ਦੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਖੁਦ ਮੁਖਤਿਆਰੀ ਖਤਮ ਕਰਨ ਦੇ ਗੈਰ-ਜਮਹੂਰੀ ਤੇ ਗੈਰ-ਸੰਵਿਧਾਨਿਕ ਫੈਸਲੇ ਦੀਆਂ ਕਾਪੀਆਂ ਸਾੜ ਕੇ ਵਿਰੋਧ ਦਰਜ ਕਰਵਾਇਆ।ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਜਸਪਾਲ ਖਾਂਗ, ਬਲਾਕ ਪ੍ਰਧਾਨ ਰਾਜੀਵ ਕੁਮਾਰ ਤੇ ਬਲਾਕ ਸਕੱਤਰ ਬਲਜਿੰਦਰ ਘੱਗਾ ਨੇ ਦੱਸਿਆ ਕਿ ਕੇਂਦਰ ਦੀ ਫਾਸ਼ੀਵਾਦੀ ਮੋਦੀ ਸਰਕਾਰ ਨੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਨੀਤੀ 'ਤੇ ਚੱਲਦਿਆਂ, ਸਿੱਖਿਆ ਦਾ ਕੇਂਦਰੀਕਰਨ, ਭਗਵਾਂਕਰਨ ਤੇ ਨਿੱਜੀਕਰਨ ਦੇ ਏਜੰਡੇ ਤਹਿਤ ਪੰਜਾਬ ਮਾਰੂ ਤੇ ਸਿੱਖਿਆ ਮਾਰੂ ਫੈਸਲੇ ਲੈ ਰਹੀ ਹੈ, ਜੋ ਅਸਲੋਂ ਗੈਰ-ਸੰਵਿਧਾਨਕ, ਗੈਰ-ਜਮਹੂਰੀ ਤੇ ਰਾਜਾਂ ਦੇ ਅਧਿਕਾਰਾਂ ਵਿੱਚ ਸਿੱਧਾ ਦਖਲ ਹਨ।ਕੇਂਦਰ ਵੱਲੋਂ ਪੰਜਾਬ ਵਿਰੋਧੀ ਫੈਸਲੇ ਵਾਪਸ ਨਾ ਲੈਣ ਦੀ ਸੂਰਤ ਵਿੱਚ ਆਉਣ ਵਾਲੇ ਸਮੇਂ ਵਿੱਚ ਤਿੱਖੇ ਤੇ ਲੰਮੇ ਸੰਘਰਸ਼ ਲਈ ਅਧਿਆਪਕ ਵਰਗ ਦੀ ਲਾਮਬੰਦੀ ਕੀਤੀ ਜਾਵੇਗੀ।ਬਲਾਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ, ਗੁਲਾਹੜ, ਸ਼ੁਤਰਾਣਾ, ਸਰਕਾਰੀ ਹਾਈ ਸਕੂਲ ਦੁਤਾਲ, ਹਰਿਆਊ, ਕਰੀਮ ਨਗਰ, ਸਰਕਾਰੀ ਮਿਡਲ ਸਕੂਲ ਦਿਓਗੜ੍ਹ, ਸਰਕਾਰੀ ਪ੍ਰਾਇਮਰੀ ਸਕੂਲ ਦੁਤਾਲ, ਹੀਰਾਨਗਰ, ਸ਼ੁਤਰਾਣਾ, ਰਸੌਲੀ, ਨਾਈਵਾਲਾ, ਅੱਡਾ ਸ਼ੁਤਰਾਣਾ, ਅਰਨੋ, ਤੰਬੂਵਾਲਾ, ਅਤਾਲਾਂ, ਬਨਵਾਲਾ, ਬਹਿਰਜੱਛ, ਗੁਲਜ਼ਾਰਪੁਰਾ, ਜੈਖਰ ਤੇ ਅਰਨੇਟੂ ਆਦਿ ਸਕੂਲਾਂ ਵਿੱਚ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ।

## ਪਰਾਲੀ ਨੂੰ ਅੱਗ ਲਗਾਉਣ ਵਾਲੇ 12 ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ, ਥਾਣਾ ਘੱਲਖੁਰਦ ਤੇ ਥਾਣਾ ਮੱਲਾਂਵਾਲਾ ਵਿਖੇ ਵੱਖ ਵੱਖ ਥਾਵਾਂ 'ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਕੁਝ ਅਣਪਛਾਤੇ ਵਿਅਕਤੀਆਂ ਸਮੇਤ 12 ਕਿਸਾਨਾਂ ਖਿਲਾਫ ਪੁਲਸ ਨੇ 223 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜੋਰਾ ਸਿੰਘ, ਸਹਾਇਕ ਥਾਣੇਦਾਰ ਗਹਿਣਾ ਰਾਮ, ਐੱਸਆਈ ਸੁਖਦੇਵ ਸਿੰਘ, ਸਹਾਇਕ ਥਾਣੇਦਾਰ ਓਮ ਪ੍ਰਕਾਸ਼, ਸਹਾਇਕ ਥਾਣੇਦਾਰ ਬਲਵੰਤ ਸਿੰਘ, ਸਹਾਇਕ ਥਾਣੇਦਾਰ ਸਤਨਾਮ ਸਿੰਘ, ਸਹਾਇਕ ਥਾਣੇਦਾਰ ਸੁਖਪਾਲ ਸਿੰਘ ਅਤੇ ਸਤਪਾਲ ਸਿੰਘ ਨੇ ਦੱਸਿਆ ਕਿ ਪਿੰਡ ਗੱਟੀ ਮਹਿਮੂਦ, ਪਿੰਡ ਚੱਕ ਦੋਨਾ, ਪਿੰਡ ਭੜੋਲੀ ਭੰਨ, ਪਿੰਡ ਗੱਟੀ ਬਸਤੀ, ਮਮਦੋਟ ਉਤਾੜ, ਪਿੰਡ ਰਹੀਮੇ ਕੇ, ਮਮਦੋਟ ਹਿਠਾੜ, ਪਿੰਡ ਗਿੱਲ, ਪਿੰਡ ਉੱਗੋ ਕੇ 'ਚ ਅਣਪਛਾਤੇ ਕਿਸਾਨਾਂ ਕਿਸਾਨ ਤੋਂ ਇਲਾਵਾ ਮੱਲਾਂਵਾਲਾ ਵਿਖੇ ਕਾਰਜ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਨਿਹਾਲ ਕੇ, ਚਤਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਮੱਲਾਂਵਾਲਾ ਦੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਪੁਲਸ ਵੱਲੋਂ ਉਕਤ ਕਿਸਾਨਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com * Web : www.nawanzamana.in**

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਕਰਨਬੀਰ ਸਿੰਘ ਬੁਰਜ ਦੇ ਹੱਕ 'ਚ ਫਤਵਾ ਦੇਣ ਦੀ ਅਪੀਲ

**ਸਰਾਏ ਅਮਾਨਤ ਖਾਂ, ਤਰਨਤਾਰਨ (ਮੱਖਣ ਮਨੋਜ)**- ਅਕਤੂਬਰ ਕ੍ਰਾਂਤੀ ਨੇ ਜਿੱਥੇ ਆਮ ਲੋਕਾਂ ਦੇ ਬੱਚਿਆਂ ਲਈ ਮੁਫਤ ਵਿੱਦਿਆ, ਮੁਫਤ ਇਲਾਜ ਦੀਆਂ ਸਹੂਲਤਾਂ ਦਿੱਤੀਆਂ ਉਥੇ ਜਗੀਰਦਾਰੀ ਨਿਜ਼ਾਮ ਦਾ ਭੋਗ ਪਾ ਕੇ ਬੇਜ਼ਮੀਨੇ ਮਜ਼ਦੂਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਸਬਾ ਝਬਾਲ ਵਿਖੇ ਪਾਰਟੀ ਵੱਲੋਂ ਆਯੋਜਿਤ ਵਿਸ਼ਾਲ ਰਾਜਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਸਾਥੀ ਪਾਸਲਾ ਨੇ ਕਿਹਾ ਕਿ ਸਾਡੇ ਦੇਸ਼ ਦੀ ਸੱਤਾ ਤੇ ਅਜਿਹੀ ਫਾਸ਼ੀਵਾਦੀ ਸਰਕਾਰ ਆਈ ਹੈ ਜੋ ਮਜ਼ਦੂਰਾਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਮਿਲੇ ਅਧਿਕਾਰ ਖੋਹ ਰਹੀ ਹੈ। ਸੂਬਿਆਂ ਦੇ ਅਧਿਕਾਰਾਂ 'ਤੇ ਲਗਾਤਾਰ ਛਾਪੇ ਮਾਰ ਰਹੀ ਹੈ। ਉਨ੍ਹਾਂ ਭਾਜਪਾ ਸਮੇਤ ਸਮੁੱਚੀਆਂ ਫਿਰਕੂ ਤਾਕਤਾਂ ਨੂੰ ਹਰਾਉਣ ਅਤੇ ਧਰਮ ਨਿਰਪੱਖ ਜਮਹੂਰੀ ਤਾਕਤਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ। ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਆਮ ਆਦਮੀ ਪਾਰਟੀ ਦੇ ਦੋਹਰੇ ਕਿਰਦਾਰ ਦੀ ਤਿੱਖੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਸ ਪਾਰਟੀ ਨੇ ਆਮ ਲੋਕਾਂ ਨਾਲ ਹਰ ਖੇਤਰ ਵਿੱਚ ਧੋਖਾ ਕੀਤਾ ਹੈ। ਉਨ੍ਹਾਂ ਹਰ ਖੇਤਰ ਵਿੱਚ ਫੇਲ ਨਕਲੀ ਇਨਕਲਾਬੀਆਂ ਦੀ ਸਰਕਾਰ ਨੂੰ ਸਬਕ ਸਿਖਾਉਣ ਲਈ ਜਮਹੂਰੀ ਸ਼ਕਤੀਆਂ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਕਾਨਫਰੰਸ ਦੀ ਪ੍ਰਧਾਨਗੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜਰਨੈਲ ਸਿੰਘ ਰਸੂਲਪੁਰ, ਜਸਬੀਰ ਕੌਰ ਕੈਰੋਵਾਲ ਆਦਿ ਆਗੂਆਂ ਨੇ ਕੀਤੀ। ਇਸ ਮੌਕੇ ਬਲਦੇਵ ਸਿੰਘ ਪੰਡੋਰੀ, ਦਲਜੀਤ ਸਿੰਘ ਦਿਆਲਪੁਰਾ, ਮਨਜੀਤ ਸਿੰਘ ਬੱਗੂ, ਸੁਲੱਖਣ ਸਿੰਘ ਤੁੜ ਧਰਮ ਸਿੰਘ ਜਸਪਾਲ ਸਿੰਘ ਝਬਾਲ ਲੱਖਾ ਸਿੰਘ ਮੰਨਣ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਉਚੇਚੇ ਤੌਰ ਤੇ ਪਹੁੰਚੇ ਕਾਂਗਰਸ ਪਾਰਟੀ ਸੀਨੀਅਰ ਆਗੂ ਬਲਬੀਰ ਸਿੰਘ ਸਿੱਧੂ ਸਾਬਕਾ ਕੈਬਨਿਟ ਮੰਤਰੀ, ਗੁਰਪ੍ਰੀਤ ਸਿੰਘ ਕਾਂਗੜ, ਕੈਬਨਿਟ ਮੰਤਰੀ, ਸ. ਸੁਖਪਾਲ ਸਿੰਘ ਭੁੱਲਰ ਸਾਬਕਾ ਐੱਮਐੱਲਏ ਹਲਕਾ ਖੇਮਕਰਨ, ਰਮਨ ਕੁਮਾਰ ਚੇਅਰਮੈਨ ਨੇ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਚ ਫਤਵਾ ਦੇਣ ਦੀ ਅਪੀਲ ਕੀਤੀ।




# 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ

ਬਿਆਸ (ਪਰਮਜੀਤ ਸਿੰਘ ਰੱਖੜਾ)- ਮਨਿੰਦਰ ਸਿੰਘ ਆਈਪੀਐੱਸ., ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਦੀਆਂ ਹਦਾਇਤਾਂ ਅਧੀਨ ਅਤੇ ਅਰੁਣ ਸ਼ਰਮਾ ਡੀਐੱਸਪੀ ਬਾਬਾ ਬਕਾਲਾ ਦੀ ਅਗਵਾਈ ਹੇਠ ਥਾਣਾ ਬਿਆਸ ਪੁਲਸ ਵੱਲੋਂ ਨਸ਼ੇ ਖ਼ਿਲਾਫ਼ ਚਲਾਈ ਮੁਹਿੰਮ ਦੌਰਾਨ ਮਹੱਤਵਪੂਰਨ ਕਾਰਵਾਈ ਅੰਜਾਮ ਦਿੱਤੀ ਗਈ।ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਪਲਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਰਈਆ ਨਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦਾ ਹੈ ਅਤੇ ਉਸ ਕੋਲੋਂ ਛਾਪਾਮਾਰੀ ਦੌਰਾਨ ਨਜਾਇਜ਼ ਸ਼ਰਾਬ ਬਰਾਮਦ ਹੋ ਸਕਦੀ ਹੈ।ਸੂਚਨਾ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਪਲਵਿੰਦਰ ਸਿੰਘ ਨੂੰ ਕਾਬੂ ਕਰਕੇ ਉਸਦੇ ਕਬਜ਼ੇ 'ਚੋਂ 20 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ।ਇਸ ਸਬੰਧ ਵਿੱਚ ਐਕਸਾਈਜ਼ ਐਕਟ ਤਹਿਤ ਥਾਣਾ ਬਿਆਸ ਵਿੱਚ ਮਾਮਲਾ ਦਰਜ ਕਰਕੇ ਅਗਲੀ ਤਫ਼ਤੀਸ਼ ਜਾਰੀ ਹੈ।



# ਦਫਤਰ ਮਾਰਕੀਟ ਕਮੇਟੀ ਮਜੀਠਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਮਜੀਠਾ (ਸੋਇਮ ਆਨੰਦ)**- ਦਫਤਰ ਮਾਰਕੀਟ ਕਮੇਟੀ ਮਜੀਠਾ ਵਿਖੇ ਸਮੂਹ ਆੜ੍ਹਤੀਆਂ, ਮਜ਼ਦੂਰਾਂ ਅਤੇ ਮਾਰਕੀਟ ਕਮੇਟੀ ਮਜੀਠਾ ਦੇ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਸਾਂਝੇ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਪੂਰੀ ਸ਼ਰਧਾ ਨਾਲ ਕਰਾਇਆ ਗਿਆ।ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਪੰਥਪ੍ਰੀਤ ਸਿੰਘ ਦੇ ਕੀਰਤਨੀ ਜਥੇ ਵੱਲੋਂ ਤੰਤੀ ਸਾਜ਼ਾਂ ਨਾਲ ਮਨੋਹਰ ਗੁਰਬਾਣੀ ਕੀਰਤਨ ਕੀਤਾ ਗਿਆ।ਉਪਰੰਤ ਕਥਾਵਾਚਕ ਭਾਈ ਰਵਿੰਦਰ ਸਿੰਘ ਖਾਲਸਾ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨੂੰ ਗੁਰਬਾਣੀ ਦੇ ਆਧਾਰ ਤੇ ਜਾਣੂੰ ਕਰਾਇਆ ਅਤੇ ਉਨ੍ਹਾਂ ਦੇ ਉਪਦੇਸ਼ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਮਜੀਠਾ ਦੇ ਸਕੱਤਰ ਜਸਪਾਲ ਸਿੰਘ, ਨਾਇਬ ਤਹਿਸੀਲਦਾਰ ਮਜੀਠਾ, ਸ਼ਮਸ਼ੇਰ ਸਿੰਘ ਮੂਧਲ, ਮੰਡੀ ਸੁਪਰਵਾਈਜ਼ਰ ਕੁਲਦੀਪ ਸਿੰਘ ਕਾਹਲੋਂ, ਹਰਜਿੰਦਰ ਸਿੰਘ, ਹਰਦੀਪ ਸਿੰਘ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਜਸਕਰਨ ਸਿੰਘ ਭੰਗੂ, ਸਰਪ੍ਰਸਤ ਅਨੂਪ ਸਿੰਘ ਸੰਧੂ, ਸਰਪੰਚ ਸੁਖਚੈਨ ਸਿੰਘ ਸੁੱਖ ਭੰਗੂ, ਪਲਵਿੰਦਰ ਸਿੰਘ ਗਿੱਲ, ਹਰਬੰਸ ਸਿੰਘ ਮੱਲ੍ਹੀ, ਕਾਬਲ ਸਿੰਘ ਮਜੀਠਾ, ਦੀਪਕ ਆੜ੍ਹਤੀ, ਨਵਜੋਤ ਸਿੰਘ ਭੰਗੂ, ਸਤਿੰਦਰ ਸਿੰਘ ਸ਼ਾਹ, ਸੰਤਪ੍ਰਕਾਸ਼ ਸਿੰਘ ਸਾਬਕਾ ਪ੍ਰਧਾਨ, ਪਲਵਿੰਦਰ ਸਿੰਘ ਗਿੱਲ, ਮਲਕੀਤ ਸਿੰਘ ਭੰਗਵਾਂ, ਮਨੋਜ ਕੁਮਾਰ, ਸੋਨੂੰ ਸ਼ਾਹ, ਰਮਿੰਦਰ ਸਿੰਘ ਮਿੰਟੂ, ਕੁਲਵੰਤ ਸਿੰਘ ਗਿੱਲ, ਨਰਿੰਦਰ ਸਿੰਘ ਸੋਹੀ, ਰਾਕੇਸ਼ ਕੁਮਾਰ ਪੱਪਾ, ਬਚਿੱਤਰ ਸਿੰਘ, ਬਲਵਿੰਦਰ ਸਿੰਘ ਭਗਵਾਂ, ਰਜੀਵ ਕੁਮਾਰ ਰੋਮੀ, ਮੋਹਿਤ ਬੌਬੀ, ਓਂਕਾਰ ਸਿੰਘ, ਮੰਗਤ ਸਿੰਘ ਸੇਠ, ਸਲਵੰਤ ਸਿੰਘ ਸੇਠ, ਬਲਵਿੰਦਰ ਸਿੰਘ ਭੰਗੂ, ਝਿਰਮਲ ਸਿੰਘ ਸੇਠ, ਨਿਤਿਸ਼ ਅਗਨੀਹੋਤਰੀ, ਸਤੀਸ਼ ਕੁਮਾਰ, ਸ਼ਿਵ ਵਰਿੰਦਰਪਾਲ ਸਿੰਘ, ਸੌਰਵ ਸ਼ਰਮਾ, ਅਨਮੋਲ ਸਿੰਘ, ਰਵੀ ਸ਼ਰਮਾ, ਪ੍ਰਦੀਪ ਸਿੰਘ, ਕੁਲਦੀਪ ਸਿੰਘ ਟੋਨੀ, ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।




# ਸਨਸਨੀਖੇਜ਼ ਕਤਲ ਮਾਮਲੇ ਦਾ ਖੁਲਾਸਾ, 2 ਸ਼ੂਟਰ ਗ੍ਰਿਫ਼ਤਾਰ

## ਸ਼ੂਟਰਾਂ ਦੇ ਪਾਕਿਸਤਾਨੀ ਗੈਂਗ ਨਾਲ ਸਬੰਧ ਹੋਏ ਬੇਨਕਾਬ

**ਅੰਮ੍ਰਿਤਸਰ, ਛੇਹਰਟਾ (ਨਰਿੰਦਰ ਜੀਤ ਸਿੰਘ, ਮਨੋਜ ਕੁਮਾਰ)**- ਪਿਛਲੇ ਦਿਨੀਂ ਅੰਮ੍ਰਿਤਸਰ ਦੇ ਹਲਕਾ ਰਾਜਾ ਸਾਂਸੀ ਦੇ ਪਿੰਡ ਧਾਰੀਵਾਲ ਵਿੱਚ ਦਿਨੋਂ ਦਿਨੇ ਆਏ ਮਲਕੀਤ ਸਿੰਘ ਨਾਮ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਿਸ ਦਾ ਖੁਲਾਸਾ ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਸਰ ਪੁਲਸ ਵੱਲੋਂ ਇੱਕ ਸੈਨਸੇਸ਼ਨਲ ਮਰਡਰ ਮਾਮਲੇ ਦਾ ਖੁਲਾਸਾ ਕਰਦਿਆਂ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਨੇ ਪਿਛਲੇ ਦਿਨੀਂ ਰਾਜਾ ਸਾਹਿਬ ਸੀ ਥਾਣੇ ਦੇ ਇਲਾਕੇ ਵਿੱਚ ਮਲਕੀਤ ਸਿੰਘ (ਨਿਵਾਸੀ ਦਾਰੀਵਾਲ) ਦਾ ਕਤਲ ਕੀਤਾ ਸੀ।ਜਾਣਕਾਰੀ ਮੁਤਾਬਕ 2 ਨਵੰਬਰ ਨੂੰ ਦੋ ਸ਼ੂਟਰ ਮਲਕੀਤ ਸਿੰਘ ਦੇ ਖੇਤਾਂ ਵਿੱਚ ਆਏ ਤੇ ਉਸ ਉਤੇ ਤਾਬੜਤੋੜ ਗੋਲੀਆਂ ਚਲਾਈਆਂ, ਜਿਸ ਵਿੱਚ ਉਸਦੀ ਮੌਤ ਹੋ ਗਈ।ਦੋਸ਼ੀਆਂ ਨੇ ਘਟਨਾ ਸਥਾਨ ਤੋਂ ਫਰਾਰ ਹੋਣ ਤੋਂ ਬਾਅਦ ਆਪਣੀਆਂ ਪਿਸਤੌਲਾਂ ਨਾਲ ਕੁੱਲ 15 ਗੋਲੀਆਂ ਚਲਾਈਆਂ ਸਨ।ਇਸ ਸਬੰਧੀ ਐੱਫਆਈਆਰ ਨੰਬਰ 117 ਦਰਜ ਕੀਤੀ ਗਈ ਸੀ। ਇਨਵੈਸਟੀਗੇਸ਼ਨ ਦੌਰਾਨ ਪੁਲਸ ਨੇ ਵਿਕਰਮਜੀਤ ਸਿੰਘ (ਨਿਵਾਸੀ ਦਾਰੀਵਾਲ) ਅਤੇ ਕਰਮਵੀਰ ਸਿੰਘ ਧਾਲੀਵਾਲ ਨੂੰ ਕਾਬੂ ਕੀਤਾ।ਵਿਕਰਮਜੀਤ ਨੂੰ 2 ਨਵੰਬਰ ਨੂੰ ਤੇ ਕਰਮਵੀਰ ਨੂੰ 7 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ।ਦੋਵਾਂ ਦੇ ਕਬਜ਼ੇ 'ਚੋਂ .32 ਬੋਰ ਪਿਸਤੌਲ, .45 ਬੋਰ ਪਿਸਤੌਲ ਅਤੇ ਇੱਕ ਰਿਵਾਲਵਰ ਬਰਾਮਦ ਕੀਤੇ ਗਏ ਹਨ, ਜੋ ਕਤਲ ਵਿੱਚ ਵਰਤੇ ਗਏ ਸਨ।ਪੁਲਸ ਅਧਿਕਾਰੀਆਂ ਦੇ ਅਨੁਸਾਰ ਵਿਕਰਮਜੀਤ ਸਿੰਘ ਉੱਤੇ 2018 ਵਿੱਚ ਵੀ ਗੰਭੀਰ ਮਾਮਲੇ ਦਰਜ ਹੋਏ ਸਨ ਤੇ ਉਹ ਉਸ ਸਮੇਂ ਜੇਲ੍ਹ ਗਿਆ ਸੀ। 2020 ਵਿੱਚ ਬੇਲ 'ਤੇ ਬਾਹਰ ਆ ਕੇ ਉਸ ਦਾ ਦੁਬਾਰਾ ਪੁਰਾਣੇ ਗੈਂਗਸਟਰਾਂ ਨਾਲ ਸੰਪਰਕ ਬਣ ਗਿਆ।ਜਾਂਚ ਦੌਰਾਨ ਖੁਲਾਸਾ ਹੋਇਆ ਹੈ ਕਿ ਉਸਦਾ ਸੰਪਰਕ ਪਾਕਿਸਤਾਨ-ਅਧਾਰਿਤ ਗੈਂਗਸਟਰਾਂ ਨਾਲ ਵੀ ਬਣਿਆ ਹੋਇਆ ਸੀ ਜੋ ਹਥਿਆਰਾਂ ਦੀ ਸਪਲਾਈ ਕਰਦੇ ਸਨ।ਮਲਕੀਤ ਸਿੰਘ ਦੇ ਕਤਲ ਦੇ ਪਿੱਛੇ ਪਰਿਵਾਰਕ ਰੰਜਿਸ਼ ਦਾ ਮਾਮਲਾ ਸਾਹਮਣੇ ਆ ਰਿਹਾ ਹੈ।ਅੰਮ੍ਰਿਤਸਰ ਪੁਲਸ ਕਮਿਸ਼ਨਰ ਦੇ ਅਨੁਸਾਰ ਦੋਵੇਂ ਦੋਸ਼ੀਆਂ ਨੂੰ ਤਿੰਨ ਦਿਨ ਦਾ ਪੁਲਸ ਰਿਮਾਂਡ ਮਿਲਿਆ ਹੈ ਅਤੇ ਅੱਗੇ ਹੋਰ ਲਿੰਕ, ਵਿਦੇਸ਼ੀ ਕੁਨੈਕਸ਼ਨ ਅਤੇ ਹਥਿਆਰ ਸਪਲਾਈ ਚੇਨ ਦੀ ਜਾਂਚ ਕੀਤੀ ਜਾ ਰਹੀ ਹੈ।



# ਅਕਾਲੀ ਤੇ ਕਾਂਗਰਸ ਰਾਜ ਦੌਰਾਨ ਹੁੰਦੇ ਸੀ ਝੂਠੇ ਪਰਚੇ, 'ਆਪ' ਨੇ ਦਿੱਤੀ ਵਿਕਾਸ ਨੂੰ ਤਰਜੀਹ: ਸ਼ੈਰੀ ਕਲਸੀ

**ਤਰਨਤਾਰਨ, (ਪ੍ਰਿਤਪਾਲ ਸਿੰਘ)**- ਤਰਨਤਾਰਨ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਅਕਾਲੀ ਦਲ ਅਤੇ ਕਾਂਗਰਸ ਨੂੰ ਲਗਾਤਾਰ ਵੱਡੇ ਝਟਕੇ ਦੇ ਰਹੀ ਹੈ।ਉੱਥੇ ਕਾਂਗਰਸ ਨੂੰ ਦੋਵੇਂ ਪਾਰਟੀਆਂ ਦੇ ਕਈ ਪ੍ਰਮੁੱਖ ਨੇਤਾ ਤੇ ਵਰਕਰ ਆਪਣੀ ਪਾਰਟੀ ਛੱਡ ਕੇ ਆਪ ਵਿੱਚ ਸ਼ਾਮਲ ਹੋ ਗਏ।ਇਹ ਸ਼ਮੂਲੀਅਤ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸੂਬਾ ਸਕੱਤਰ ਹਰਦੇਵ ਸਿੰਘ ਬਰਸਟ ਅਤੇ ਡਾ. ਐੱਸ. ਐੱਸ. ਅਹਲੂਵਾਲੀਆ ਦੀ ਹਾਜ਼ਰੀ ਵਿੱਚ ਹੋਈ।ਆਪ ਆਗੂਆਂ ਨੇ ਸਾਰੇ ਨਵੇਂ ਮੈਂਬਰਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ।ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਜਸਪਾਲ ਸਿੰਘ, ਸੁਖਵਿੰਦਰ ਸਿੰਘ, ਅਮਰਜੀਤ ਕੌਰ, ਰਾਜਵੀਰ ਕੌਰ, ਜਸਵੰਤ ਸਿੰਘ, ਮੱਘਰ ਸਿੰਘ, ਮਹਿੰਦਰ ਕੌਰ, ਹਰਜਿੰਦਰ ਸਿੰਘ, ਸੋਨੀਆ, ਅਮਨਪ੍ਰੀਤ ਕੌਰ, ਪਰਮਜੀਤ ਕੌਰ, ਬਲਜੀਤ ਸਿੰਘ, ਰਜਿੰਦਰ ਸਿੰਘ, ਮਨਜਿੰਦਰ ਕੌਰ, ਬਖ਼ਸ਼ੀਸ਼ ਸਿੰਘ, ਅਨੀਤਾ ਸ਼ਰਮਾ, ਪਰਮਿੰਦਰ ਕੌਰ, ਰੀਤਾ, ਮਾਇਆ ਅਤੇ ਕੋਮਲ ਸ਼ਾਮਲ ਹਨ।ਇਸ ਮੌਕੇ ਸ਼ੈਰੀ ਕਲਸੀ ਨੇ ਕਿਹਾ ਕਿ ਅਕਾਲੀ ਤੇ ਕਾਂਗਰਸ ਦੇ ਰਾਜ ਦੌਰਾਨ ਪੰਜਾਬ ਵਿੱਚ ਝੂਠੇ ਪਰਚੇ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦਾ ਰਾਜ ਸੀ ਪਰ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਸੱਚਾਈ, ਇਮਾਨਦਾਰੀ ਅਤੇ ਵਿਕਾਸ ਨੂੰ ਤਰਜੀਹ ਦਿੱਤੀ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਨਸ਼ੇ ਵਿਰੋਧੀ ਕਦਮਾਂ ਨਾਲ ਮਾਵਾਂ ਦੇ ਪੁੱਤਾਂ ਅਤੇ ਭੈਣਾਂ ਦੇ ਵੀਰਾਂ ਨੂੰ ਨਸ਼ੇ ਦੀ ਦਲਦਲ ਤੋਂ ਕੱਢਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਔਰਤਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਵੀ ਇਤਿਹਾਸਕ ਯਤਨ ਕੀਤੇ ਹਨ, ਜਿਸ ਨਾਲ ਔਰਤਾਂ ਦਾ ਵਿਸ਼ਵਾਸ ਤੇ ਰੁਝਾਨ ਪਾਰਟੀ ਵੱਲ ਵਧਿਆ ਹੈ।ਆਪ ਆਗੂਆਂ ਨੇ ਤਰਨਤਾਰਨ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ ਤਾਂ ਜੋ ਭਗਵੰਤ ਮਾਨ ਸਰਕਾਰ ਦੇ ਵਿਕਾਸ ਤੇ ਇਮਾਨਦਾਰੀ ਵਾਲੇ ਮਿਸ਼ਨ ਨੂੰ ਹੋਰ ਮਜ਼ਬੂਤੀ ਮਿਲ ਸਕੇ।



# ਜ਼ੋਨਲ ਪੱਧਰੀ ਯੋਗਾ ਮੁਕਾਬਲਿਆਂ 'ਚ ਪਹਿਲਾ ਤੇ ਦੂਜਾ ਸਥਾਨ ਆਰਡੀ ਖੋਸਲਾ ਸਕੂਲ ਦੇ ਬੱਚਿਆਂ ਦੇ ਨਾਂਅ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਨਿਸ਼ਾਂਤ ਤੇ ਅਮਾਇਰਾ ਨੇ ਰਿਦਮਿਕ ਯੋਗਾ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਪੰਜਾਬ ਸਕੂਲ ਜੋਨਲ ਪੱਧਰੀ ਯੋਗਾ ਮੁਕਾਬਲਿਆਂ ਵਿੱਚ ਅੰਡਰ 11 ਲੜਕਿਆਂ ਦੀ ਟੀਮ ਵਿੱਚ ਰਿਆਸ਼, ਗਰਿਤਿਕ, ਪ੍ਰੀਹਾਨ, ਨਿਸ਼ਾਂਤ ਤੇ ਅਰਸ਼ਦੀਪ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਿਲ ਕੀਤਾ ਇਸ ਤਰਾਂ ਅੰਡਰ 11 ਲੜਕੀਆਂ ਦੀ ਟੀਮ ਵਿੱਚ ਦੀਆ, ਨਿਮਰਤ ਕੌਰ, ਮੀਸ਼ਾ, ਅਮਾਇਰਾ ਤੇ ਹਰਗੁਣ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ। ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਯੋਗਾ ਵਿੱਚੋਂ ਜੇਤੂ ਵਿਦਿਆਰਥੀਆਂ ਉਨ੍ਹਾਂ ਦੇ ਮਾਪਿਆਂ ਤੇ ਉਨ੍ਹਾਂ ਦੇ ਕੋਚ ਊਸ਼ਾ ਕਿਰਨ ਅਤੇ ਵਿਨੈ ਪੁਸ਼ਕਰਨਾ ਨੂੰ ਹਾਰਦਿਕ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਕੂਲ ਦੇ ਲਈ ਮਾਣ ਵਾਲੀ ਗੱਲ ਹੈ ਕਿ ਵਿਦਿਆਰਥੀ ਯੋਗਾ ਵਿੱਚ ਆਪਣੀ ਸ੍ਰੇਸ਼ਟਤਾ ਨੂੰ ਸਾਬਿਤ ਕਰ ਰਹੇ ਹਨ।ਯੋਗਾ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਇਸ ਨਾਲ ਮਨੁੱਖ ਸਰੀਰਕ ਤੇ ਮਾਨਸਿਕ ਤੌਰ ਤੇ ਤੰਦਰੁਸਤ ਰਹਿੰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਯੋਗਾ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਿਲ ਕਰਕੇ ਆਪਣੇ ਸਰੀਰ ਨੂੰ ਚੁਸਤ ਤੇ ਫੁਰਤੀਲਾ ਬਣਾਉਣਾ ਚਾਹੀਦਾ ਹੈ।



# ਧਾਰਮਿਕ ਨਾਟਕ 'ਸੱਚ ਦੇ ਪਾਂਧੀ' ਦਾ ਸਫਲ ਮੰਚਨ

**ਅੰਮ੍ਰਿਤਸਰ, (ਜਸਬੀਰ ਸਿੰਘ)**- ਯੂ. ਐੱਨ. ਐਂਟਰਟੇਨਮੈਂਟ ਸੁਸਾਇਟੀ ਵੱਲੋਂ ਵਿਰਸਾ ਵਿਹਾਰ ਦੇ ਵਿਸ਼ੇਸ਼ ਸਹਿਯੋਗ ਨਾਲ ਪ੍ਰਿੰ. ਜੇ. ਐੱਸ. ਬਾਵਾ ਦਾ ਲਿਖਿਆ ਅਤੇ ਹਰਿੰਦਰ ਸੋਹਲ ਦਾ ਨਿਰਦੇਸ਼ਤ ਕੀਤਾ ਪੀਰ ਬੁੱਧੂ ਸ਼ਾਹ ਜੀ ਦੇ ਜੀਵਨ ਦੇ ਅਧਾਰਿਤ ਧਾਰਮਿਕ ਨਾਟਕ 'ਸੱਚ ਦੇ ਪਾਂਧੀ' ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਮੰਚਨ ਕੀਤਾ ਗਿਆ। ਇਸ ਨਾਟਕ ਨੂੰ ਵੇਖਣ ਲਈ ਵਿਸ਼ੇਸ਼ ਤੌਰ 'ਤੇ ਡ਼ਿਰ. ਐੱਸ ਖਾਲਸਾ ਪਬਲਿਕ ਸੀਨੀ. ਸਕੂਲ, (ਬੂਅ) ਹਰੀਕੇ ਪਤਣ ਤੋਂ ਵਿਸ਼ੇਸ਼ ਤੌਰ ਤੇ ਅਧਿਆਪਕ, ਸਕੂਲ ਮੈਨੇਜਮੈਂਟ ਸਟਾਫ਼ ਅਤੇ ਵਿਦਿਆਰਥੀ ਸ਼ਾਮਲ ਹੋਏ। ਇਹ ਨਾਟਕ ਪੀਰ ਬੁੱਧੂ ਸ਼ਾਹ ਜੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਸੱਚੀ ਸ਼ਰਧਾ ਨੂੰ ਸਮਰਪਿਤ ਹੈ। ਇਸ ਨਾਟਕ ਵਿੱਚ ਹਰਿੰਦਰ ਸੋਹਲ, ਗੁਰਤੇਜ ਮਾਨ, ਵਿਪਨ ਧਵਨ, ਭੁਪਿੰਦਰ ਸਿੰਘ ਸੰਧੂ, ਰਕੇਸ਼ ਕੁਮਾਰ, ਜਗਦੀਸ਼ ਜੱਬਲ, ਬਿਕਰਮਜੀਤ ਬਿੰਨੀ, ਸਾਵਨ ਵੇਰਕਾ, ਜਸਕਰਨ ਸੋਹਲ, ਸਰਬ ਮਜੀਠਾ, ਮਨਪ੍ਰੀਤ ਸੋਹਲ ਅਤੇ ਨਵਪ੍ਰੀਤ ਹੁੰਦਲ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਨਾਟਕ ਦਾ ਗੀਤ ਤੇ ਸੰਗੀਤ ਹਰਿੰਦਰ ਸੋਹਲ ਵੱਲੋਂ ਤਿਆਰ ਕੀਤਾ। ਨਾਟਕ ਵਿੱਚ ਕਲਾਕਾਰਾਂ ਦਾ ਮੇਕਅਪ ਗਗਨਦੀਪ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਿੰ. ਰਘਬੀਰ ਸਿੰਘ ਸੋਹਲ, ਪ੍ਰਿੰ. ਸੰਦੀਪ ਕੌਰ ਅਤੇ ਸਕੂਲ ਦੇ 200 ਦੇ ਕਰੀਬ ਵਿਦਿਆਰਥੀਆਂ ਨੇ ਨਾਟਕ ਨੂੰ ਵੇਖਿਆ।



# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਨਿੱਘਾ ਸਵਾਗਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਇਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਅਰੰਭ ਹੋਏ ਮਹਾਨ ਨਗਰ ਕੀਰਤਨ ਦਾ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵੱਲੋਂ ਖਾਲਸਾਈ ਰਵਾਇਤ ਮੁਤਾਬਕ ਭਰਵਾ ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਨੇ ਪੰਜ ਪਿਆਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸਿਰੋਪਾਓ ਭੇਟ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਭੇਟ ਕੀਤੇ ਗਏ।



# ਆਨੰਦ ਕਾਲਜ ਆਫ਼ ਕਾਲਜਿਜ਼ 'ਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਮਜੀਠਾ (ਸੋਇਮ ਆਨੰਦ)**- ਆਨੰਦ ਕਾਲਜ ਆਫ਼ ਕਾਲਜਿਜ਼ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ਼ਰਧਾ ਤੇ ਭਗਤੀ ਭਾਵਨਾ ਨਾਲ ਸਮਾਰੋਹ ਆਯੋਜਿਤ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਜੀ ਦੇ ਜਪੁ ਜੀ ਸਾਹਿਬ ਦੇ ਪਾਠ ਨਾਲ ਹੋਈ, ਜਿਸ ਤੋਂ ਬਾਅਦ ਸੁਖਮਨੀ ਸਾਹਿਬ ਤੇ ਚੌਪਈ ਸਾਹਿਬ ਦਾ ਪਾਠ ਵੀ ਕੀਤਾ ਗਿਆ, ਜਿਸ ਦੌਰਾਨ ਪੂਰੇ ਕਾਲਜ ਦਾ ਮਾਹੌਲ ਨਾਮ-ਸਿਮਰਨ ਨਾਲ ਗੂੰਜ ਉਠਿਆ। ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਇਸ ਚੇਅਰਮੈਨ ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਿਆ ਪ੍ਰਕਾਸ਼ ਆਨੰਦ, ਪ੍ਰਿੰ. ਰਚਨਾ ਕੁਮਾਰੀ ਅਤੇ ਕਵਲਜੀਤ ਕੌਰ, ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ, ਵਾਇਸ ਪ੍ਰਿੰ. ਰਮਨਜੀਤ ਕੌਰ ਸੋਹਲ, ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਗੁਰੂ ਸਾਹਿਬ ਦੀਆਂ ਬਾਣੀਆਂ ਨੂੰ ਸਿਮਰਦੇ ਹੋਏ ਚਰਨਾ ਵਿਚ ਨਤਮਸਤਕ ਹੋਏ।ਇਸ ਮੌਕੇ ਮੈਡਮ ਮਨਵਿੰਦਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ, ਰੁਪਨਦੀਪ ਕੌਰ, ਅਰਪਨਜੋਤ ਕੌਰ, ਕੋਮਲਪ੍ਰੀਤ ਕੌਰ, ਪੁਨਰ, ਹਰਮਨਜੋਤ ਕੌਰ, ਹਰਮਨ, ਰਮਨਦੀਪ ਕੌਰ, ਮਨਦੀਪ ਕੌਰ, ਪ੍ਰਿਅੰਕਾ, ਸ਼ਰਨਦੀਪ ਕੌਰ, ਨਿਧੀ, ਸਿਮਰਨਜੀਤ ਕੌਰ, ਗੀਤੂ ਕਾਲੀਆ, ਹਰਪ੍ਰੀਤ ਕੌਰ, ਬਲਜੀਤ ਕੌਰ, ਸੁਰਚੀਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਸੋਨਲ ਮਹਾਜਨ, ਸ਼ੈਲੀ ਸ਼ਰਮਾ, ਸਮੇਤ ਹੋਰ ਸਟਾਫ ਅਤੇ ਵਿਦਿਆਰਥੀ ਆਦਿ ਸ਼ਾਮਲ ਸਨ।



# ਰਾਜਾ ਵੜਿੰਗ ਦੇ ਬਿਆਨ ਨੂੰ ਵਿਰੋਧੀ ਪਾਰਟੀਆਂ ਵੱਲੋਂ ਦਲਿਤ ਵਿਰੋਧੀ ਦੱਸਣ 'ਤੇ ਕੱਕੜ ਨੇ ਕੀਤੀ ਸਖ਼ਤ ਨਿਖੇਧੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਵਿੱਚ ਕਾਂਗਰਸ ਪਾਰਟੀ 2027 ਵਿੱਚ ਸ਼ਾਨਦਾਰ ਵਾਪਸੀ ਕਰ ਰਹੀ ਹੈ।ਕਾਂਗਰਸ ਪਾਰਟੀ ਨਾਲ ਪੰਜਾਬ ਦੀ ਜਨਤਾ ਰੋਜ਼ਾਨਾ ਵੱਡੀ ਗਿਣਤੀ ਵਿੱਚ ਜੁੜ ਰਹੀ ਹੈ। ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਵੱਧ ਰਹੀ ਲੋਕਪ੍ਰਿਅਤਾ ਕਾਰਨ ਵਿਰੋਧੀ ਪੂਰੀ ਤਰ੍ਹਾਂ ਘਬਰਾ ਗਏ ਹਨ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੋਂ ਪੰਜਾਬ ਦੀ ਜਨਤਾ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੀ ਹੈ।ਪੰਜਾਬ ਦੀ ਭਲਾਈ ਲਈ ਮਾਨ ਸਰਕਾਰ ਨੇ ਅੱਜ ਤੱਕ ਕੋਈ ਵੀ ਕੰਮ ਨਹੀਂ ਕੀਤਾ।ਅਕਾਲੀ ਦਲ ਬਾਦਲ ਦੇ ਕਾਰਜਕਾਲ ਤੋਂ ਵੀ ਜਨਤਾ ਭਲੀਭਾਂਤ ਜਾਣੂੰ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇੱਕ ਧਰਮ ਨਿਰਪੱਖ ਪਾਰਟੀ ਹੈ ਜੋ ਸਭ ਧਰਮਾਂ ਦਾ ਸਤਿਕਾਰ ਕਰਦੀ ਹੈ।ਹਰ ਵਰਗ ਦਾ ਬਰਾਬਰ ਸਨਮਾਨ ਕਰਦੀ ਹੈ।ਕੱਕੜ ਨੇ ਪੰਜਾਬ ਪ੍ਰਦੇਸ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਦਲਿਤ ਸਮਾਜ ਦੀ ਇੱਕ ਰੈਲੀ ਵਿੱਚ ਦਿੱਤੇ ਗਏ ਇੱਕ ਬਿਆਨ ਨੂੰ ਮਾਨ ਸਰਕਾਰ ਅਤੇ ਵਿਰੋਧੀ ਪਾਰਟੀਆਂ ਵੱਲੋਂ ਦਲਿਤ ਸਮਾਜ ਵਿਰੋਧੀ ਦੱਸਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪ੍ਰਧਾਨ ਰਾਜਾ ਵੜਿੰਗ ਨੇ ਕਦੇ ਵੀ ਕਿਸੇ ਵਰਗ ਵਿਰੁੱਧ ਕੋਈ ਗਲਤ ਬਿਆਨਬਾਜ਼ੀ ਨਹੀਂ ਕੀਤੀ।ਜੇਕਰ ਉਨ੍ਹਾਂ ਦੇ ਕਿਸੇ ਬਿਆਨ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਉਸਦੀ ਪ੍ਰਧਾਨ ਨੇ ਬਿਨਾਂ ਕਿਸੇ ਦੇਰੀ ਦੇ ਮੁਆਫ਼ੀ ਵੀ ਮੰਗੀ ਹੈ।ਕੱਕੜ ਨੇ ਪੰਜਾਬ ਦੀ ਸੂਝਵਾਨ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੌੜੀ ਅਤੇ ਘਟੀਆ ਰਾਜਨੀਤੀ ਕਰਨ ਵਾਲੀਆਂ ਪੰਜਾਬ ਵਿਰੋਧੀ ਪਾਰਟੀਆਂ ਨੂੰ ਮੂੰਹ ਨਾ ਲਾਉਣ।

# ਬਜ਼ੁਰਗ ਮਾਤਾ ਤਾਰਾ ਰਾਣੀ ਲਈ ਆਦਰਸ਼ ਬਿਰਧ ਆਸ਼ਰਮ ਹੀ ਇੱਕੋ-ਇੱਕ ਸਹਾਰਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਨੇ ਇੱਕ ਹੋਰ ਬਜ਼ੁਰਗ ਮਾਤਾ ਨੂੰ ਸਹਾਰਾ ਦਿੱਤਾ।ਮਾਤਾ ਤਾਰਾ ਰਾਣੀ, ਪਤਨੀ ਗੁਰਦੇਵ ਸਿੰਘ ਬੀਸੂਵਾਲ ਨਿਵਾਸੀ- ਮਲਿਕਪੁਰ ਪਠਾਨਕੋਟ 80 ਸਾਲ ਦੀ ਹੈ।ਉਸ ਨੇ ਦੱਸਿਆ ਕਿ ਮੇਰਾ ਇੱਕ ਪੁੱਤਰ ਹੈ ਜੋ ਮੇਰੇ ਹੀ ਘਰ ਵਿੱਚ ਮੈਨੂੰ ਨਹੀਂ ਰੱਖਦਾ।ਉਹ ਨਸ਼ਾ ਕਰਕੇ ਮੈਨੂੰ ਬਹੁਤ ਕੁੱਟਦਾ ਅਤੇ ਮੇਰੇ ਕੋਲੋਂ ਸਾਰੇ ਹੀ ਪੈਸੇ ਖੋਹ ਲੈਂਦਾ।ਖਾਣ ਲਈ ਰੋਟੀ ਤੱਕ ਨਹੀਂ ਦਿੰਦਾ ਅਤੇ ਨਾ ਹੀ ਮੈਨੂੰ ਦਵਾਈ ਲਈ ਪੈਸੇ ਦਿੰਦਾ।ਮੈਂ ਲੋਕਾਂ ਦੇ ਘਰ ਮੰਗ ਕੇ ਗੁਜ਼ਾਰਾ ਕਰਦੀ ਸੀ।ਉਮਰ ਜ਼ਿਆਦਾ ਹੋਣ ਕਰਕੇ ਮੈਂ ਆਪਣੇ ਆਪ ਨੂੰ ਨਹੀਂ ਸੰਭਾਲ ਸਕਦੀ।ਮੈਂ ਤੁਹਾਡੇ ਬਿਰਧ ਘਰ ਵਿੱਚ ਬਹੁਤ ਉਮੀਦਾਂ ਲੈ ਕੇ ਆਈ ਹਾਂ। ਮਾਤਾ ਦੀ ਦਰਦ ਭਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਮਾਤਾ ਨੂੰ ਬਿਰਧ ਘਰ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਸਵਿਤਾ, ਰੂਪ ਰਾਣੀ, ਰਾਜ ਰਾਣੀ, ਰਮੇਸ਼ ਚੰਦਰ, ਕਮਲੇਸ਼, ਬਲਦੇਵ ਰਾਜ, ਕਿਰਣ ਕੁਮਾਰ ਆਦਿ ਮੌਜੂਦ ਸਨ।



# ਇੰਜੀ. ਕੁਲਦੀਪ ਸਿੰਘ ਨੇ ਐਕਸੀਅਨ ਗੁਰਦਾਸਪੁਰ ਦਾ ਅਹੁਦਾ ਸੰਭਾਲਿਆ

**ਗੁਰਦਾਸਪੁਰ (ਜਨਕ ਮਹਾਜਨ)**- ਇੰਜੀਨੀਅਰ ਕੁਲਦੀਪ ਸਿੰਘ ਨੇ ਪਾਵਰਕਾਮ ਦੀ ਡਿਵੀਜ਼ਨ ਗੁਰਦਾਸਪੁਰ ਵਿਖੇ ਬਤੌਰ ਨਿਗਰਾਨ ਇੰਜੀਨੀਅਰ ਦਾ ਅਹੁਦਾ ਸੰਭਾਲ ਲਿਆ ਹੈ, ਇੰਜੀਨੀਅਰ ਕੁਲਦੀਪ ਸਿੰਘ ਇਸ ਤੋਂ ਪਹਿਲਾਂ ਵੀ ਡਿਵੀਜ਼ਨ ਗੁਰਦਾਸਪੁਰ ਵਿੱਚ ਬਤੌਰ ਨਿਗਰਾਨ ਇੰਜੀਨੀਅਰ ਸੇਵਾਵਾਂ ਨਿਭਾ ਚੁੱਕੇ ਹਨ। ਪਾਵਰਕਾਮ ਦੀ ਡਵੀਜ਼ਨ ਮੁਕੇਰੀਆਂ ਤੋਂ ਤਬਦੀਲ ਹੋ ਕੇ ਆਏ ਕੁਲਦੀਪ ਸਿੰਘ ਨੇ ਅਹੁਦਾ ਸੰਭਾਲਣ ਉਪਰੰਤ ਡਵੀਜ਼ਨ ਗੁਰਦਾਸਪੁਰ ਦਾ ਕੰਮ ਕਾਜ ਦੇਖਣਾ ਸ਼ੁਰੂ ਕਰ ਦਿੱਤਾ ਹੈ। ਆਪਣੇ ਦਫਤਰ ਵਿਚ ਅਹੁਦਾ ਸੰਭਾਲਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇੰਜੀਨੀਅਰ ਕੁਲਦੀਪ ਸਿੰਘ ਨੇ ਦੱਸਿਆ ਕਿ ਉਹ ਪਾਵਰਕਾਮ ਦੇ ਵੱਡਮੁੱਲੇ ਖਪਤਕਾਰਾਂ ਦੀ ਸੇਵਾ ਦੇ ਵਿੱਚ ਦਿਨ-ਰਾਤ ਸੇਵਾ ਵਿੱਚ ਰਹਿਣਗੇ, ਉਹ ਕੋਸ਼ਿਸ਼ ਕਰਨਗੇ ਕਿ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲ ਸਕੇ। ਉਨ੍ਹਾਂ ਬਿਜਲੀ ਖਪਤਕਾਰਾਂ ਨੂੰ ਬਿਜਲੀ ਸਪਲਾਈ ਸਬੰਧੀ ਜਾਂ ਕਿਸੇ ਵੀ ਹੋਰ ਮੁਸ਼ਕਿਲ ਸਬੰਧੀ ਉਹ ਖੁਦ ਉਨ੍ਹਾਂ ਦੇ ਦਫਤਰ ਆ ਕੇ ਆਪਣੀ ਮੁਸ਼ਕਿਲ ਦੱਸ ਸਕਦੇ ਹਨ। ਅਹੁਦਾ ਸੰਭਾਲਣ ਮੌਕੇ ਇੰਜੀਨੀਅਰ ਰਵਿੰਦਰ ਕੁਮਾਰ, ਇੰਜੀਨੀਅਰ ਗੁਰਮੀਤ ਸਿੰਘ, ਇੰਜੀਨੀਅਰ ਮਨਦੀਪ ਸਿੰਘ, ਇੰਜੀਨੀਅਰ ਗੁਰਮੀਤ ਸਿੰਘ, ਮੁਲਾਜ਼ਮ ਆਗੂ ਪ੍ਰੇਮ ਸਿੰਘ, ਇੰਜੀਨੀਅਰ ਅਮਰਦੀਪ ਸਿੰਘ ਨਾਗਰਾ ਅਤੇ ਲਾਈਨਮੈਨ ਮੋਹਨ ਲਾਲ ਵੱਲੋਂ ਨਿਗਰਾਨ ਇੰਜੀ. ਕੁਲਦੀਪ ਸਿੰਘ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।




# ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਨੂੰ ਲੜੀ ਜਾ ਰਹੀ ਲੜਾਈ ਲਈ ਹਰ ਵਰਗ ਅੱਗੇ ਆਏਗਾ : ਜਫਰਵਾਲ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਦੀ ਲੜਾਈ ਕੱਲੀ ਵਿਦਿਆਰਥੀਆਂ ਦੀ ਲੜਾਈ ਨਹੀਂ ਹੈ ਇਸ ਯੂਨੀਵਰਸਿਟੀ ਦੀ ਲੜਾਈ ਲਈ ਹਰ ਵਰਗ ਅੱਗੇ ਆਏਗਾ। ਭਾਰਤੀ ਕਿਸਾਨ ਯੂਨੀਅਨ ਮਾਝਾ ਪੰਜਾਬ ਦੇ ਸੂਬਾ ਆਗੂ ਰਜਿੰਦਰ ਸਿੰਘ ਜਫਰਵਾਲ ਨੇ ਕਿਹਾ ਕਿ 10 ਤਾਰੀਕ ਨੂੰ ਹੋਣ ਵਾਲੇ ਇਕੱਠ ਵਿੱਚ ਸਮੁੱਚੀਆਂ ਕਿਸਾਨ ਜਥੇਬੰਦੀਆਂ ਵੱਡੀ ਪੱਧਰ 'ਤੇ ਸ਼ਿਰਕਤ ਕਰਨਗੀਆਂ ਅਤੇ ਇਸ ਲੜਾਈ ਨੂੰ ਜਿਵੇਂ ਪਹਿਲਾਂ ਜਮੀਨਾਂ ਦੀ ਲੜਾਈ ਲੜੀ ਗਈ ਹੈ, ਉਸੇ ਤਰ੍ਹਾਂ ਹੀ ਹੁਣ ਇਹ ਯੂਨੀਵਰਸਿਟੀ ਦੀ ਲੜਾਈ ਲੜੀ ਜਾਏਗੀ, ਕਿਉਂਕਿ ਅੱਜ ਇਹ ਚੰਡੀਗੜ੍ਹ ਦੇ ਵਿੱਚ ਹੋਇਆ ਕੱਲ ਨੂੰ ਪਟਿਆਲੇ ਵਿੱਚ ਹੋਏਗਾ, ਅੰਮ੍ਰਿਤਸਰ ਵਿੱਚ ਹੋਏਗਾ। ਜਿੱਥੇ ਜਿੱਥੇ ਸਾਡੇ ਵਿਦਿਅਕ ਅਦਾਰੇ ਹਨ ਉਥੇ ਹੀ ਸਰਕਾਰ ਇਸ ਤਰ੍ਹਾਂ ਦੀ ਧੱਕੇਸ਼ਾਹੀ ਕਰੇਗੀ ਜਿਸ ਨੂੰ ਕਦੀ ਵੀ ਬਰਦਾਸਤ ਨਹੀਂ ਕੀਤਾ ਜਾਵੇਗਾ। ਸੋ ਇਸ 10 ਦੇ ਸੱਦੇ ਵਿੱਚ ਵੱਡੀ ਪੱਧਰ 'ਤੇ ਕਿਸਾਨ ਜਥੇਬੰਦੀਆਂ ਪਹੁੰਚ ਕਰਨਗੀਆਂ ਅਤੇ ਇਸ ਯੂਨੀਵਰਸਿਟੀ ਨੂੰ ਬਚਾਉਣ ਲਈ ਹਰ ਹੀਲਾ ਕੀਤਾ ਜਾਵੇਗਾ। ਕਿਸੇ ਵੀ ਕੀਮਤ 'ਤੇ ਯੂਨੀਵਰਸਿਟੀ ਵਿੱਚ ਸੈਂਟਰ ਸਰਕਾਰ ਨੂੰ ਦਖਲਅੰਦਾਜ਼ੀ ਨਹੀਂ ਕਰਨ ਦਿੱਤੀ ਜਾਵੇਗੀ। ਕਿਸਾਨ ਆਗੂ ਨੇ ਕਿਹਾ ਅਸੀਂ ਹਰ ਤਰ੍ਹਾਂ ਦਾ ਸੰਘਰਸ਼ ਕਰਨ ਲਈ ਤਿਆਰ ਹਾਂ ਅਤੇ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ ਸੂਬਾ ਆਗੂ ਰਜਿੰਦਰ ਸਿੰਘ ਜਫਰਵਾਲ ਦੇ ਨਾਲ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਦਲਜੀਤ ਸਿੰਘ ਸਿੱਧਵਾਂ, ਬਲਵਿੰਦਰ ਸਿੰਘ, ਪਰਗਟ ਸਿੰਘ, ਹਰਵਿੰਦਰ ਸਿੰਘ ਘੁੰਮਣ, ਗੋਲਡੀ ਕੋਚ ਆਦਿ ਹਾਜਰ ਸਨ।



# ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਨੂੰ ਹਮਾਇਤ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**- ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪੰਜਾਬ ਯੂਨੀਵਰਸਿਟੀ ਦਾ ਸੈਨੇਟ ਢਾਂਚਾ ਭੰਗ ਕਰਨ ਰਾਹੀਂ ਤੇ ਇਸ ਪ੍ਰਕਿਰਿਆ ਨੂੰ ਸਿੱਧੀਆਂ ਹਕੂਮਤੀ ਨਿਯੁਕਤੀਆਂ ਦੀ ਮੁਥਾਜ ਬਣਾਉਣ ਰਾਹੀਂ ਕੇਂਦਰੀ ਹਕੂਮਤ ਦੇ ਕੰਟਰੋਲ ਵਿੱਚ ਲੈਣ ਦੇ ਕਦਮਾਂ ਦਾ ਵਿਰੋਧ ਕੀਤਾ ਹੈ ਅਤੇ ਕੇਂਦਰੀਕਰਨ ਦੇ ਇਨ੍ਹਾਂ ਕਦਮਾਂ ਨੂੰ ਸਿੱਖਿਆ ਦੇ ਫਿਰਕੂ-ਕਰਨ, ਨਿੱਜੀਕਰਨ ਤੇ ਵਪਾਰੀਕਰਨ ਦੇ ਹਮਲੇ ਨੂੰ ਤੇਜ਼ ਕਰਨ ਦੀ ਵਿਉਂਤ ਦਾ ਹਿੱਸਾ ਕਰਾਰ ਦਿੱਤਾ ਹੈ।ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਯੂਨੀਵਰਸਿਟੀ ਦਾ ਸੈਨੇਟ ਤੇ ਸਿੰਡੀਕੇਟ ਵਾਲਾ ਤੁਰਿਆ ਆਉਂਦਾ ਸਿਸਟਮ ਚਾਹੇ ਆਪਣੇ ਆਪ ਵਿੱਚ ਯੂਨੀਵਰਸਿਟੀ ਦੇ ਪ੍ਰਬੰਧਕੀ ਅਮਲ 'ਚ ਇਸ ਦੇ ਵਿਦਿਆਰਥੀਆਂ ਤੇ ਲੋਕਾਂ ਦੀ ਹਕੀਕੀ ਜਮਹੂਰੀ ਸ਼ਮੂਲੀਅਤ ਦਾ ਕੋਈ ਬਹੁਤਾ ਅਸਰਦਾਰ ਢੰਗ ਨਹੀਂ ਸੀ, ਪਰ ਕੇਂਦਰੀ ਭਾਜਪਾ ਹਕੂਮਤ ਦੀ ਆਪਣੀ ਲੋਕ-ਦੋਖੀ ਧੁੱਸ ਏਨੀ ਜ਼ੋਰਦਾਰ ਹੈ ਕਿ ਉਸਨੂੰ ਇਹ ਰਸਮੀ ਅਮਲ ਵੀ ਰੜਕਦਾ ਆ ਰਿਹਾ ਸੀ ਤੇ ਆਪਣਾ ਫਿਰਕੂ ਤੇ ਕਾਰਪੋਰੇਟ ਏਜੰਡਾ ਲਾਗੂ ਕਰਨ ਦੇ ਰਾਹ 'ਚ ਅੜਿੱਕਾ ਜਾਪਦਾ ਸੀ।ਇਸ ਲਈ ਉਸਨੇ ਇਸ ਅੜਿੱਕੇ ਨੂੰ ਵੀ ਦੂਰ ਕਰਨ ਤੇ ਯੂਨੀਵਰਸਿਟੀ ਉੱਤੇ ਆਪਣਾ ਮੁਕੰਮਲ ਕੰਟਰੋਲ ਬਣਾਉਣ ਦੀ ਨੀਤ 'ਚੋਂ ਹੀ ਇਹ ਕਦਮ ਚੱਕਿਆ ਹੈ।ਇਹ ਪੰਜਾਬ ਦੇ ਲੋਕਾਂ ਦੀ ਯੂਨੀਵਰਸਿਟੀ ਪ੍ਰਬੰਧਾਂ 'ਚ ਦਖਲ ਦੀ ਬਚੀ ਖੁਚੀ ਨਿਗੂਣੀ ਭੂਮਿਕਾ ਨੂੰ ਵੀ ਖਤਮ ਕਰ ਦੇਵੇਗਾ।ਇਹ ਕਦਮ ਯੂਨੀਵਰਸਿਟੀ ਉਤੇ ਪੰਜਾਬੀ ਕੌਮੀਅਤ ਦੇ ਦਾਅਵੇ ਨੂੰ ਵੀ ਕਮਜ਼ੋਰ ਕਰੇਗਾ।ਕਿਸਾਨ ਆਗੂਆਂ ਨੇ ਕਿਹਾ ਹੈ ਕਿ ਸਾਡੀ ਜਥੇਬੰਦੀ ਵਿਦਿਆਰਥੀਆਂ ਵੱਲੋਂ ਉਠਾਈ ਜਾ ਰਹੀ ਆਵਾਜ਼ ਦਾ ਜ਼ੋਰਦਾਰ ਸਮਰਥਨ ਕਰਦੀ ਹੈ ਤੇ ਕੇਂਦਰ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ।ਉਨ੍ਹਾਂ ਕਿਹਾ ਕਿ ਨਾ ਸਿਰਫ ਇਹ ਕਦਮ ਵਾਪਸ ਹੋਣਾ ਚਾਹੀਦਾ ਹੈ ਸਗੋਂ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ ਤੇ ਵਪਾਰੀਕਰਨ ਦੇ ਸਾਰੇ ਕਦਮ ਰੋਕੇ ਜਾਣੇ ਚਾਹੀਦੇ ਹਨ।



# ਈਟੀਓ ਵੱਲੋਂ ਤਰਸਿੱਕਾ 'ਚ 17 ਕਰੋੜ ਤੋਂ ਵੱਧ ਲਾਗਤ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਪਿੰਡ ਤਰਸਿੱਕਾ ਵਿੱਚ ਪਿੰਡਾਂ ਦੇ ਸੁੰਦਰੀਕਰਨ, ਖੇਡ ਸਟੇਡੀਅਮ, ਸ਼ੈੱਡ ਅਤੇ ਪੰਚਾਇਤ ਘਰ ਬਣਾਉਣ ਲਈ ਕਰੀਬ 17 ਕਰੋੜ ਤੋਂ ਵੱਧ ਲਾਗਤ ਵਾਲੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ।ਵਿਕਾਸ ਕੰਮਾਂ ਦੀ ਸ਼ੁਰੂਆਤ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਜੰਡਿਆਲਾ ਹਲਕੇ ਦਾ ਇਹ ਪਿੰਡ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਪਰ ਵਿਕਾਸ ਪੱਖੋਂ ਕਈ ਗੱਲਾਂ ਤੋਂ ਪੱਛੜਿਆ ਹੋਇਆ ਸੀ।ਮੈਂ ਇਸ ਦੀਆਂ ਲੋੜਾਂ ਬਾਬਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮੇਰੇ ਵੱਲੋਂ ਪੇਸ਼ ਕੀਤੇ ਗਏ ਪ੍ਰੋਜੈਕਟ, ਜਿਸ ਉਤੇ ਕਰੀਬ 16 ਕਰੋੜ ਰੁਪਏ ਲੱਗਣੇ ਹਨ, ਨੂੰ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਦੱਸਿਆ ਕਿ ਹੁਣ ਇੱਥੇ ਸੁੰਦਰ ਪਾਰਕ, ਖੇਡ ਸਟੇਡੀਅਮ, ਜਿਸ ਵਿੱਚ ਗਰਾਊਂਡ, ਓਪਨ ਜਿੰਮ, ਸੈਰ ਕਰਨ ਲਈ ਟਰੈਕ, ਬੈਠਣ ਲਈ ਦੋ ਗਜੀਬੋ ਬਣਾਏ ਜਾਣਗੇ।ਉਨ੍ਹਾਂ ਕਿਹਾ ਕਿ ਇਹ ਕੰਮ ਪੂਰੇ ਹੋਣ ਨਾਲ ਤਰਸਿੱਕਾ ਵਿੱਚ ਵੱਸਣਾ ਇੱਕ ਮਾਣ ਵਾਲੀ ਗੱਲ ਹੋ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇੱਕ 70 ਲੱਖ ਰੁਪਏ ਦੀ ਲਾਗਤ ਨਾਲ ਸ਼ੈੱਡ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਅੱਜ 2 ਕਮਿਊਨਿਟੀ ਹਾਲ, ਪਿੰਡ ਦੀ ਨਿਕਾਸੀ, 2 ਬੱਸ ਸਟਾਪ, ਇੰਟਰਲਾਕਿੰਗ ਟਾਇਲਾਂ, 2 ਪਾਰਕਾਂ, ਖੇਡ ਸਟੇਡੀਅਮ ਅਤੇ ਮੰਡੀ ਵਿੱਚ ਸ਼ੈੱਡਾਂ ਦਾ ਨਿਰਮਾਣ ਸ਼ੁਰੂ ਕਰਵਾਇਆ ਹੈ।ਇਸ ਮੌਕੇ ਸਰਪੰਚ ਜਗਦੀਪ ਸਿੰਘ, ਸਰਪੰਚ ਸੁਖਦੇਵ ਸਿੰਘ, ਹਰਪਾਲ ਸਿੰਘ ਚੌਹਾਨ ਅਤੇ ਹੋਰ ਮੋਹਤਬਰ ਹਾਜ਼ਰ ਸਨ।



# ਫੈਨੇਸਟਾ ਨੇ ਨਵਾਂਸ਼ਹਿਰ 'ਚ ਅਪਣਾ ਪਹਿਲਾ ਸ਼ੋਅਰੂਮ ਖੋਲ੍ਹਿਆ

**ਨਵਾਂਸ਼ਹਿਰ**- ਬ੍ਰਾਂਡ ਫੈਨੇਸਟਾ ਨੇ ਪੰਜਾਬ ਵਿੱਚ ਆਪਣੀ ਰਿਟੇਲ ਪਹੁੰਚ ਨੂੰ ਹੋਰ ਵਿਸਥਾਰਦਿਆਂ ਨਵਾਂਸ਼ਹਿਰ ਵਿੱਚ ਆਪਣਾ ਪਹਿਲਾ ਸ਼ੋਅਰੂਮ ਲਾਂਚ ਕੀਤਾ।ਪੰਕਜ ਟਰੇਡਿੰਗ ਕੰਪਨੀ ਦੁਆਰਾ ਚਲਾਇਆ ਜਾਣ ਵਾਲਾ ਇਹ ਸ਼ੋਅਰੂਮ ਚੰਡੀਗੜ੍ਹ ਰੋਡ 'ਤੇ ਬਰਨਾਲਾ ਗੇਟ, ਬਲੂ ਮੂਨ ਰਿਜ਼ੋਰਟ ਦੇ ਸਾਹਮਣੇ, ਨਵਾਂਸ਼ਹਿਰ ਵਿੱਖੇ ਸਥਿਤ ਹੈ।ਇਹ ਸ਼ੋਅਰੂਮ ਖੇਤਰ ਦੇ ਘਰਾਂ ਦੇ ਮਾਲਕਾਂ, ਆਰਕੀਟੈਕਟਾਂ ਅਤੇ ਬਿਲਡਰਾਂ ਨੂੰ ਉਨ੍ਹਾਂ ਦੇ ਸੁਪਨਿਆਂ ਦੇ ਆਧੁਨਿਕ ਯੁਗ ਦੇ ਹਾਣ ਦਾ ਬਣਾਉਣ ਲਈ ਦਰਪੇਸ਼ ਜ਼ਰੂਰਤਾਂ ਪੂਰੀਆਂ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।ਉਦਘਾਟਨ ਮੌਕੇ ਫੈਨੇਸਟਾ ਦੇ ਬਿਜ਼ਨੈੱਸ ਹੈੱਡ ਸਕੇਤ ਜੈਨ ਨੇ ਕਿਹਾ ਕਿ ਅਸੀਂ ਨਵਾਂਸ਼ਹਿਰ ਵਿੱਚ ਆਪਣਾ ਪਹਿਲਾ ਸ਼ੋਅਰੂਮ ਲਾਂਚ ਕਰਕੇ ਬਹੁਤ ਖੁਸ਼ ਹਾਂ। ਪੰਕਜ ਟਰੇਡਿੰਗ ਕੰਪਨੀ ਨਾਲ ਸਾਡੀ ਸਾਂਝੇਦਾਰੀ ਖੇਤਰ ਦੇ ਗਾਹਕਾਂ ਨੂੰ ਉੱਚ ਗੁਣਵੱਤਾ ਵਾਲੇ ਸੁੰਦਰ ਅਤੇ ਭਰੋਸੇਮੰਦ ਉਤਪਾਦ ਉਪਲਬਧ ਕਰਵਾਉਣ ਲਈ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ।ਇਸ ਨਵੇਂ ਸ਼ੋਅਰੂਮ ਦੇ ਨਾਲ ਫੈਨੇਸਟਾ ਨੇ ਪੰਜਾਬ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਦਿਆਂ ਰਾਜ ਵਿੱਚ ਆਪਣਾ 9ਵਾਂ ਸ਼ੋਅਰੂਮ ਖੋਲ੍ਹਿਆ ਹੈ।

# 'ਆਪ' ਨੇਤਾ ਇੰਦਰਜੀਤ ਜੁਗਨੂੰ ਨੇ ਸਾਥੀਆਂ ਸਮੇਤ ਤਰਨ ਤਾਰਨ 'ਚ ਕੀਤਾ ਚੋਣ ਪ੍ਰਚਾਰ

**ਕਪੂਰਥਲਾ (ਨਜ਼ਸ)**- ਮਨਜੀਤ ਮਾਨ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਕਪੂਰਥਲਾ ਦੇ ਮੀਡਿਆ ਇੰਚਾਰਜ ਇੰਦਰਜੀਤ ਸਿੰਘ ਜੁਗਨੂੰ ਆਪਣੇ ਸਾਥੀਆਂ ਸਮੇਤ ਤਰਨ ਤਾਰਨ ਵਿਖੇ ਹੋਣ ਜਾ ਰਹੀ ਜ਼ਿਮਨੀ ਚੋਣ ਵਿਚ ਆਮ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਪੁੱਜੇ। ਉਨ੍ਹਾਂ ਨੇ ਕਈ ਇਲਾਕਿਆ ਦਾ ਦੌਰਾ ਕਰਨ ਉਪਰੰਤ ਕਪੂਰਥਲਾ ਵਿਖੇ ਪੱਤਰਕਾਰਾਂ ਨਾਲ ਵਿਸ਼ੇਸ ਗੱਲਬਾਤ ਦੌਰਾਨ ਦੱਸਿਆ ਕਿ ਉਥੇ ਦੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿਛਲੇ ਸਮੇ ਦੌਰਾਨ ਕਰਵਾਏ ਗਏ ਵਿਕਾਸ ਦੇ ਕੰਮਾਂ ਦੀ ਬੁਹਤ ਸ਼ਲਾਘਾ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਤਰਨਤਾਰਨ ਦੀਆਂ ਗਲੀਆਂ, ਪਿੰਡਾਂ ਅਤੇ ਬਾਜ਼ਾਰਾਂ ਵਿਚ ਆਮ ਆਦਮੀ ਪਾਰਟੀ ਦੀ ਲਹਿਰ ਸਪੱਸ਼ਟ ਤੌਰ 'ਤੇ ਦਿਖ ਰਹੀ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦਾ ਜੋਸ਼ ਅਤੇ ਉਤਸ਼ਾਹ ਦਰਸਾਉਂਦਾ ਹੈ ਕਿ ਹੁਣ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਰਾਜਨੀਤੀ ਅਤੇ ਲੋਕ ਪੱਖੀ ਸੋਚ ਨਾਲ ਖੜ੍ਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਤਰਨਤਾਰਨ ਦੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਸ਼ਾਨਦਾਰ ਜਿੱਤ ਨਿਸ਼ਚਿਤ ਹੈ ਕਿਉਂਕਿ ਇਹ ਜਿੱਤ ਸਿਰਫ ਉਮੀਦਵਾਰ ਦੀ ਨਹੀਂ ਸਗੋਂ ਪੰਜਾਬ ਦੀ ਜਨਤਾ ਦੀ ਆਵਾਜ਼ ਦੀ ਜਿੱਤ ਹੋਵੇਗੀ।




# ਫੁੱਟਬਾਲ, ਬੈਡਮਿੰਟਨ ਅਤੇ ਰਿਦਮਿਕ ਯੋਗ ਵਿੱਚ ਸ਼ਾਨਦਾਰ ਪ੍ਰਦਰਸ਼ਨ

**ਪਠਾਨਕੋਟ (ਦਵਿੰਦਰ ਸਿੰਘ)** ਮੌਂਟੇਸਰੀ ਕੈਂਬਰਿਜ ਸਕੂਲ, ਪਠਾਨਕੋਟ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਅਤੇ ਬਲਾਕ ਪੱਧਰੀ ਸਕੂਲ ਖੇਡਾਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੰਸਥਾ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਫੁੱਟਬਾਲ, ਬੈਡਮਿੰਟਨ ਅਤੇ ਰਿਦਮਿਕ ਯੋਗ ਵਰਗੀਆਂ ਵੱਖ-ਵੱਖ ਖੇਡਾਂ ਵਿੱਚ ਕਾਬਲੇ-ਤਾਰੀਫ਼ ਪ੍ਰਦਰਸ਼ਨ ਕਰਦੇ ਹੋਏ ਅਸਲ ਖੇਡ ਭਾਵਨਾ, ਸਮਰਪਣ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ।ਅੰਡਰ-11 ਫੁੱਟਬਾਲ (ਲੜਕੇ) ਵਿੱਚ, ਸਕੂਲ ਦੀ ਟੀਮ ਨੇ ਵਿਲੱਖਣ ਟੀਮ ਵਰਕ ਅਤੇ ਦ੍ਰਿੜ ਨਿਸ਼ਚੇ ਦਾ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ। ਵਿਵਾਨ ਮਹਾਜਨ, ਆਦਵਿਕ ਸਲਾਰੀਆ, ਸੁਮਿਤ ਕੁਮਾਰ, ਵੇਦਾਂਤ ਰੈਣਾ, ਨੀਰਵ ਸੂਦ ਅਤੇ ਆਰਵ ਸੋਨੀ — ਨੂੰ ਰਾਜ ਪੱਧਰੀ ਚੈਂਪਿਅਨਸ਼ਿਪ ਵਿੱਚ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ, ਜੋ ਸਕੂਲ ਲਈ ਮਾਣ ਦੀ ਗੱਲ ਹੈ। ਅੰਡਰ-11 ਬੈਡਮਿੰਟਨ ਟੀਮ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸੇ ਦਰਮਿਆਨ, ਅੰਡਰ-11 ਬਲਾਕ ਪੱਧਰੀ ਰਿਦਮਿਕ ਯੋਗ ਮੁਕਾਬਲੇ ਵਿੱਚ ਸਕੂਲ ਦੇ ਨੰਨੇ-ਮੁੰਨੇ ਕਲਾਕਾਰਾਂ ਨੇ ਲਯ, ਸੰਤੁਲਨ ਅਤੇ ਸਮਨਵਯ ਦਾ ਬੇਹਤਰੀਨ ਪ੍ਰਦਰਸ਼ਨ ਕਰਦੇ ਹੋਏ ਸਮੂਹਿਕ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਪ੍ਰਦਨਿਆ ਨੇ ਵਿਅਕਤੀਗਤ ਸ਼੍ਰੇਣੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਸ ਉਪਲਬਧੀ ਵਿੱਚ ਚਾਰ ਚਾਂਦ ਲਗਾ ਦਿੱਤੇ।ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਚੇਅਰਮੈਨ ਸ਼੍ਰੀ ਵਿਨੋਦ ਮਹਾਜਨ, ਵਾਈਸ-ਚੇਅਰਮੈਨ ਸ਼੍ਰੀ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਸ਼੍ਰੀਮਤੀ ਰਸ਼ਮੀ ਅਹਲੂਵਾਲੀਆ ਨੇ ਦਿਲੋਂ ਪ੍ਰਸ਼ੰਸ਼ਾ ਕੀਤੀ ਅਤੇ ਉਪਲਬਧੀ ਹਾਸਲ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਮਾਰਗਦਰਸ਼ਕਾਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਉਤਕ੍ਰਿਸ਼ਟਤਾ ਲਈ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਫਲਤਾ ਲਈ ਲਗਾਤਾਰ ਯਤਨ ਕਰਦੇ ਰਹਿਣ ਅਤੇ ਦ੍ਰਿੜਤਾ ਅਤੇ ਟੀਮ ਵਰਕ ਦੀ ਭਾਵਨਾ ਬਰਕਰਾਰ ਰੱਖਣ ਲਈ ਉਤਸ਼ਾਹਿਤ ਕੀਤਾ।



# ਸਾਥੀ ਕਰਨੈਲ ਸਿੰਘ ਨੰਬਰਦਾਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਬਟਾਲਾ (ਤਰਲੋਕ ਬੱਗਾ)**- ਸ਼ਹੀਦ ਕਾਮਰੇਡ ਹਰਪਾਲ ਸਿੰਘ ਸਾਬਕਾ ਸਰਪੰਚ ਦੇ ਚਾਚਾ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਸਤਿਕਾਰਤ ਬੁਜ਼ਰਗ ਆਗੂ ਬਰਾਂਚ ਸਕੱਤਰ ਕਾਮਰੇਡ ਕਰਨੈਲ ਸਿੰਘ ਨੰਬਰਦਾਰ ਨਵਾਂ ਪਿੰਡ ਮਿਲਖੀਵਾਲ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ, ਨਮਿੱਤ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ।ਉਪਰੰਤ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ਹੋਇਆ।ਕਾਮਰੇਡ ਕਰਨੈਲ ਸਿੰਘ ਨੰਬਰਦਾਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਰਐੱਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ, ਹਰਜੀਤ ਸਿੰਘ ਕਾਹਲੋਂ, ਉੱਘੇ ਸਮਾਜ ਸੇਵੀ ਵੈਦ ਪ੍ਰੇਮ ਸਿੰਘ, ਕਾਂਗਰਸੀ ਆਗੂ ਸੁਖਦੇਵ ਸਿੰਘ ਬਿਆਲ, ਰਣਜੀਤ ਸਿੰਘ ਭਾਗੋਵਾਲ ਨੇ ਕਿਹਾ ਕਿ ਸਾਥੀ ਕਰਨੈਲ ਸਿੰਘ ਨੰਬਰਦਾਰ ਪਹਿਲਾਂ ਸੀਪੀਆਈ (ਐਮ) ਨਾਲ ਜੁੜੇ ਉਸ ਤੋਂ ਬਾਅਦ ਸੀਪੀਐੱਮ ਪੰਜਾਬ ਤੇ ਆਰਐੱਮਪੀਆਈ ਨਾਲ ਅੰਤਿਮ ਸਾਹਾਂ ਤੱਕ ਜੁੜੇ ਰਹੇ।ਉਨ੍ਹਾਂ ਤਾਉਮਰ ਕਮਿਊਨਿਸਟ ਲਹਿਰ ਦੇ ਲੇਖੇ ਲਾਈ ਅਤੇ ਮਜ਼ਦੂਰਾਂ-ਕਿਸਾਨਾਂ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ ਦੇ ਘੋਲਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਕਾਮਰੇਡ ਕਰਨੈਲ ਨੰਬਰਦਾਰ ਦੀ ਮੌਤ ਨਾਲ ਪਰਿਵਾਰ ਦੇ ਨਾਲ-ਨਾਲ ਕਮਿਊਨਿਸਟ ਲਹਿਰ ਲਈ ਵੱਡਾ ਘਾਟਾ ਪਿਆ ਹੈ।ਪੀੜਤ ਪਰਿਵਾਰ ਨਾਲ ਕਾਮਰੇਡ ਧਿਆਨ ਸਿੰਘ ਠਾਕੁਰ, ਅਜੀਤ ਸਿੰਘ ਹੁੰਦਲ, ਸੰਤੋਖ ਸਿੰਘ ਔਲਖ, ਸੁਰਜੀਤ ਸਿੰਘ ਘੁਮਾਣ, ਇਕਬਾਲ ਸਿੰਘ ਸਰਪੰਚ ਨਵਾਂ ਪਿੰਡ, ਮਨਮੋਹਨ ਸਿੰਘ ਸਾਬਕਾ ਸਰਪੰਚ ਨਵਾਂ ਪਿੰਡ,ਬਲਰਾਜ ਸਿੰਘ ਬਿਸ਼ਨਕੋਟ, ਮੁਖਤਾਰ ਸਿੰਘ ਨੰਬਰਦਾਰ ਭਾਗੋਵਾਲ, ਮਹਿੰਦਰ ਸਿੰਘ ਨੰਬਰਦਾਰ ਜੌੜਾ ਸਿੰਘਾ, ਦਰਸ਼ਨ ਸਿੰਘ ਨੰਬਰਦਾਰ ਧੀਰ, ਕੰਵਲਜੀਤ ਸਿੰਘ ਸਾਬਕਾ ਸਰਪੰਚ ਰੌੜ ਖਹਿਰਾ, ਅਵਤਾਰ ਸਿੰਘ ਠੱਠਾ, ਰਣਜੀਤ ਸਿੰਘ ਰਾਣਾ ਨਵਾਂ ਪਿੰਡ ,ਅਸ਼ੋਕ ਕੁਮਾਰ ਸਾਬਕਾ ਸਰਪੰਚ ਨਵਾਂ ਪਿੰਡ, ਜਗਪਾਲ ਸਿੰਘ ਨਵਾਂ ਪਿੰਡ, ਬਲਜੀਤ ਸਿੰਘ ਦਾਬਾਂਵਾਲ, ਖੁਸ਼ਵੰਤ ਸਿੰਘ ਮਾੜੀ ਬੁੱਚੀਆਂ ਆਦਿ ਨੇ ਦੁੱਖ ਸਾਂਝਾ ਕੀਤਾ।



9-NOV-PAGE-10.qxd 11/8/2025 9:04 PM Page 1



## ਲੇਖਕ ਭਾਈਚਾਰੇ ਵੱਲੋਂ ਪੰਜਾਬ 'ਵਰਸਿਟੀ ਬਚਾਓ ਸੰਘਰਸ਼ ਦੀ ਹਮਾਇਤ




**ਲੁਧਿਆਣਾ (ਰੈਕਟਰ ਕਥੂਰੀਆ)**-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਹੈ।ਸਭਾ ਨੇ ਯੂਨੀਵਰਸਿਟੀ ਬਚਾਓ ਮੋਰਚੇ ਅਤੇ ਵਿਦਿਆਰਥੀ ਸੰਘਰਸ਼ ਨੂੰ ਪੂਰੀ ਹਮਾਇਤ ਦਿੰਦਿਆਂ 10 ਨਵੰਬਰ ਨੂੰ ਹੋਣ ਵਾਲੇ ਧਰਨੇ ਅਤੇ ਬੰਦ ਵਿੱਚ ਵੱਡੇ ਪੱਧਰ 'ਤੇ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ।ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨਾ ਗੰਭੀਰ ਅਤੇ ਚਿੰਤਾਜਨਕ ਕਦਮ ਹੈ। ਇਹ ਕੋਈ ਸਾਧਾਰਨ ਘਟਨਾ ਨਹੀਂ, ਬਲਕਿ ਸਿੱਖਿਆ ਨੂੰ ਭਗਵੇਂ ਰੰਗ ਵਿੱਚ ਰੰਗਣ ਵੱਲ ਸੇਧਿਤ ਵਰਤਾਰਾ ਹੈ, ਜੋ ਆਰ ਐੱਸ ਐੱਸ ਦੀ ਰਣਨੀਤੀ ਦਾ ਹਿੱਸਾ ਹੈ।ਉਨ੍ਹਾਂ ਨੇ ਜ਼ੋਰ ਦਿੱਤਾ ਕਿ ਪੰਜਾਬ ਦਾ ਲੇਖਕ ਭਾਈਚਾਰਾ ਇਸ ਸੰਘਰਸ਼ ਵਿੱਚ ਭਰਵੀਂ ਸ਼ਮੂਲੀਅਤ ਕਰੇਗਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨਾਲ ਸਬੰਧਿਤ ਸਾਰੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਨੂੰ ਵੱਡੀ ਗਿਣਤੀ ਵਿੱਚ 10 ਨਵੰਬਰ ਦੇ ਧਰਨੇ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ।

## ਹਾਕੀ ਖਿਡਾਰਨ ਹਰਸਿਮਰਨ ਕੌਰ ਨੂੰ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਲਈ ਚੁਣਿਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਹਰਸਿਮਰਨ ਕੌਰ (ਜਮਾਤ ਦਸਵੀਂ) ਨੂੰ 69ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਸਕੂਲ ਖੇਡਾਂ (ਹਾਕੀ ਟੂਰਨਾਮੈਂਟ) ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ।ਇਨ੍ਹਾਂ ਖੇਡਾਂ ਦਾ ਆਯੋਜਨ 6 ਨਵੰਬਰ ਤੋਂ 9 ਨਵੰਬਰ ਤੱਕ ਲਾਲਾ ਲਾਜਪਤ ਰਾਏ ਸਰਕਾਰੀ ਕਾਲਜ, ਢੁੱਡੀਕੇ, ਮੋਗਾ ਵਿਖੇ ਕੀਤਾ ਜਾ ਰਿਹਾ ਹੈ।ਹਰਸਿਮਰਨ ਕੌਰ ਨੇ ਹਾਕੀ ਵਿੱਚ ਆਪਣੀਆਂ ਨਿਰੰਤਰ ਸ਼ਾਨਦਾਰ ਪ੍ਰਾਪਤੀਆਂ ਦੁਆਰਾ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਹੋਣਹਾਰ ਵਿਦਿਆਰਥਣ ਨੇ ਸੰਨ 2023 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਹੋਏ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਕਾਂਸੀ ਦਾ ਤਮਗਾ ਤੇ ਸੰਨ 2024 ਵਿੱਚ ਵੀ ਇੱਥੋਂ ਹੀ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਸੋਨ ਤਮਗਾ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਦੇ ਨਾਲ ਹੀ ਸੰਨ 2025 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਵੱਦੀ ਵਿਖੇ ਹੋਏ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਇੱਕ ਹੋਰ ਸੋਨ ਤਮਗਾ ਹਾਸਿਲ ਕਰਕੇ ਆਪਣੀਆਂ ਪ੍ਰਾਪਤੀਆਂ ਵਿੱਚ ਵਾਧਾ ਕੀਤਾ।ਇਸ ਮੌਕੇ ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਹਰਸਿਮਰਨ ਕੌਰ ਨੂੰ ਖੇਡਾਂ ਵਿੱਚ ਉਸ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈਆਂ ਦਿੰਦਿਆਂ ਕਿਹਾ ਕਿ ਉਸ ਦੀ ਸਖ਼ਤ ਮਿਹਨਤ ਨੇ ਪੂਰੇ ਸਕੂਲ ਨੂੰ ਮਾਣ ਦਿਵਾਇਆ ਹੈ।ਸਕੂਲ ਕਾਰਜਕਾਰੀ ਪ੍ਰਸ਼ਾਸਕ ਰੁਪਿੰਦਰ ਕੌਰ ਬਰਾੜ ਨੇ ਹਰਸਿਮਰਨ ਕੌਰ ਦੀ ਸ਼ਲਾਘਾ ਕਰਦਿਆਂ ਹਾਕੀ ਕੋਚ ਤਲਵਿੰਦਰ ਸਿੰਘ ਦੇ ਅਣਥੱਕ ਯਤਨਾਂ ਤੇ ਵਧੀਆ ਮਾਰਗਦਰਸ਼ਨ ਦੀ ਵੀ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਡਾ. ਪੀ. ਠਾਕੁਰ ਨੇ ਹਰਸਿਮਰਨ ਕੌਰ ਦੀਆਂ ਪ੍ਰਾਪਤੀਆਂ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਸ ਦੀ ਸਫ਼ਲਤਾ ਉਸ ਦੁਆਰਾ ਕੀਤੀ ਸਖ਼ਤ ਮਿਹਨਤ ਨੂੰ ਦਰਸਾਉਂਦੀ ਹੈ।

## ਪਹਿਲੀ ਪਾਤਸ਼ਾਹੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ



**ਲੌਂਗੋਵਾਲ (ਪ੍ਰਦੀਪ ਸੱਪਲ)**-ਗੁਰਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਲੌਂਗੋਵਾਲ ਤੇ ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ ਅਤੇ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਗਏ।ਇਸ ਸਮੇਂ ਮੰਤਰੀ ਬਰਿੰਦਰ ਗੋਇਲ ਸਿੰਘ ਲੌਂਗੋਵਾਲ, ਭਾਜਪਾ ਜ਼ਿਲ੍ਹਾ ਸੰਗਰੂਰ-2 ਪ੍ਰਧਾਨ ਦਾਮਨ ਥਿੰਦ ਬਾਜਵਾ, ਵਿਜੇ ਗੋਇਲ, ਤਰਨ ਕੁਮਾਰ ਮੰਗੂ, ਡਾ. ਕੇਵਲ ਚੰਦ ਧੌਲਾ, ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ, ਅੰਮ੍ਰਿਤਪਾਲ ਸਿੰਘ ਸਿੱਧੂ, ਬਲਵਿੰਦਰ ਸਿੰਘ ਢਿੱਲੋਂ, ਮੇਲਾ ਸਿੰਘ ਸੂਬੇਦਾਰ, ਰੁਪਿੰਦਰ ਸਿੰਘ ਨੰਬਰਦਾਰ, ਮਾ. ਗੁਰਬਿੰਦਰ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਹਰਦੀਪ ਸਿੰਘ ਖਹਿਰਾ, ਸੁਖਪਾਲ ਸਿੰਘ ਬਾਜਵਾ, ਗੁਰਜੀਤ ਸਿੰਘ ਪਟਵਾਰੀ, ਸਰਪੰਚ ਸੁਖਵਿੰਦਰ ਸਿੰਘ, ਗੁਰਮੀਤ ਸਿੰਘ ਲੱਲੀ ਕੌਂਸਲ, ਮਾ. ਕੰਵਲਜੀਤ ਸਿੰਘ, ਦਲਜੀਤ ਸਿੰਘ ਸਿੱਧੂ, ਹਰਜਿੰਦਰ ਸਿੰਘ ਦੁੱਲਟ, ਬਾਬਾ ਨਾਮਦੇਵ ਸਭਾ ਦੇ ਪ੍ਰਧਾਨ ਰਜਿੰਦਰ ਸਿੰਘ ਰਾਣਾ, ਅੰਮ੍ਰਿਤਪਾਲ ਸਿੰਘ ਜਿੰਦਾ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਅਵਤਾਰ ਸਿੰਘ ਦੁੱਲਟ ਨੰਬਰਦਾਰ, ਜਸਵਿੰਦਰ ਸਿੰਘ ਦੁੱਲਟ, ਜਸਵਿੰਦਰ ਸਿੰਘ ਨਿਪੀ, ਗੁਰਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ ਵਾਲੀਆ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਕਮਲ ਬਰਾੜ, ਕੁਲਦੀਪ ਸਿੰਘ ਦਲਿਓ, ਕੇਵਲ ਸਿੰਘ ਡੋਗਰ, ਬ੍ਰਾਹਮਣ ਸਭਾ ਆਗੂ ਹਰਮੇਸ਼ ਸ਼ਰਮਾ, ਕਾਂਗਰਸ ਦੇ ਕਿਸਾਨ ਸੈੱਲ ਆਗੂ ਹਰਦੇਵ ਸਿੰਘ ਭੱਠਲ, ਲਖਵਿੰਦਰ ਸਿੰਘ ਭਾਲ, ਨਿਟੂ ਸ਼ਰਮਾ, ਸੁਰਜੀਤ ਸਿੰਘ ਦੁੱਲਟ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਹਾਜ਼ਰੀ ਲਵਾਈ।ਇਸ ਸਮੇਂ ਬਾਬਾ ਜਗਜੀਤ ਸਿੰਘ ਗੁਰਨੇ ਵਾਲੇ, ਬਾਬਾ ਜਸਵਿੰਦਰ ਸਿੰਘ ਦਮਦਮੀ ਟਕਸਾਲ, ਬਾਬਾ ਹਰਨੇਕ ਸਿੰਘ ਰਾੜਾ ਸਾਹਿਬ, ਬਾਬਾ ਜਗਜੀਤ ਸਿੰਘ, ਕਾਕਾ ਵੀਰ ਜੀ ਬੜੂ ਸਾਹਿਬ ਵਾਲਿਆਂ ਨੇ ਆਪਣਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਹੈੱਡ ਗ੍ਰੰਥੀ ਹਰਜਿੰਦਰ ਸਿੰਘ ਦੁੱਗਾਂ ਨੇ ਆਪਣੀ ਹਾਜ਼ਰੀ ਲਗਵਾਈ ਤੇ ਬਾਅਦ ਵਿੱਚ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਮੰਗਾਂ ਸੰਬੰਧੀ ਚਰਚਾ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ.) ਜਲਾਲਾਬਾਦ ਦੀ ਮੀਟਿੰਗ ਪ੍ਰਧਾਨ ਬਲਬੀਰ ਸਿੰਘ ਪੁਆਰ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਜਲਾਲਾਬਾਦ ਵਿਖੇ ਹੋਈ। ਇਸ ਮੀਟਿੰਗ ਦੌਰਾਨ ਨਿਰਮਲਜੀਤ ਸਿੰਘ ਬਰਾੜ ਨੇ ਸਰਕਾਰ ਦੀਆਂ ਮੁਲਾਜ਼ਮ-ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ। ਇਸ ਤੋਂ ਬਾਅਦ ਸਤੀਸ਼ ਕੁਮਾਰ ਚਪਾਇਆ ਤੇ ਗੁਰਦੀਪ ਸਿੰਘ ਛਾਬੜਾ ਨੇ ਜਥੇਬੰਦੀ ਦੀਆਂ ਸਰਗਰਮੀਆਂ 'ਤੇ ਚਾਨਣਾ ਪਾਇਆ ਤੇ ਸਰਕਾਰ ਨੂੰ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਕਰਨ 'ਤੇ ਜ਼ੋਰ ਦਿੱਤਾ। ਸਰਪ੍ਰਸਤ ਗੁਰਬਖਸ਼ ਸਿੰਘ ਖੁਰਾਣਾ ਨੇ ਸਰਕਾਰ ਨੂੰ ਪੈਨਸ਼ਨਰਜ਼ ਮੁਲਾਜ਼ਮ ਮੰਗਾਂ ਮੰਨਣ ਦੀ ਮੰਗ ਕੀਤੀ। ਸਰਪ੍ਰਸਤ ਦੇਸ ਰਾਜ ਗਾਂਧੀ ਨੇ ਪੈਨਸ਼ਨਰਜ਼ ਐਸੋਸੀਏਸ਼ਨ ਦੀਆਂ ਮੰਗਾਂ ਨਾ ਮੰਨਣ 'ਤੇ ਸਰਕਾਰ ਦੇ ਅੜੀਅਲ ਰਵੱਈਏ ਦੀ ਨਿੰਦਾ ਕੀਤੀ। ਤਿਲਕ ਰਾਜ ਕਾਹਲ ਤੇ ਰਾਜ ਕੁਮਾਰ ਨੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ, ਡੀ. ਏ., ਪੇ ਕਮਿਸ਼ਨ ਦਾ ਬਕਾਇਆ, 2.59 ਲਾਗੂ ਕਰਨ ਦੀ ਮੰਗ ਕੀਤੀ। ਮੀਟਿੰਗ ਦੇ ਅੰਤ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਬੀਰ ਸਿੰਘ ਪੁਆਰ ਨੇ 16 ਨਵੰਬਰ 2025 ਨੂੰ ਧੂਰੀ ਵਿੱਚ ਮੁਲਾਜ਼ਮ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਕੀਤੀ ਜਾ ਰਹੀ ਰੈਲੀ ਵਿੱਚ ਜਲਾਲਾਬਾਦ ਤੋਂ ਵੱਧ ਤੋਂ ਵੱਧ ਪੈਨਸ਼ਨਰਜ਼ ਤੇ ਮੁਲਾਜ਼ਮਾਂ ਨੂੰ ਪਹੁੰਚਣ ਦੀ ਅਪੀਲ ਕੀਤੀ। ਗੋਬਿੰਦ ਰਾਮ ਨੱਢਾ ਨੇ ਮੀਟਿੰਗ ਵਿੱਚ ਸ਼ਾਮਲ ਪੈਨਸ਼ਨਰਜ਼ ਦਾ ਧੰਨਵਾਦ ਕੀਤਾ।

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਹਾੜਾ ਮਨਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਅਧੀਨ ਪੈਂਦੇ ਪਿੰਡ ਛੱਤਿਆਣਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਅਵਤਾਰ ਦਿਹਾੜਾ ਪਿੰਡ ਦੀ ਗ੍ਰਾਮ ਪੰਚਾਇਤ, ਲੋਕਲ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਦੇ ਡੇਰਾ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਗੁਪਤਸਰ ਸਾਹਿਬ ਤੋਂ ਹੁੰਦਾ ਹੋਇਆ ਪਿੰਡ ਦੀ ਮੇਨ ਤੇ ਵੱਡੀ ਫਿਰਨੀ ਤੋਂ ਹੁੰਦਾ ਹੋਇਆ ਸ਼ਾਮ ਨੂੰ ਡੇਰਾ ਸਾਹਿਬ ਵਿਖੇ ਹੀ ਸਮਾਪਤ ਹੋਇਆ। ਇਸ ਮੌਕੇ ਗੱਤਕਾ ਅਖਾੜਾ ਦੇ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਵਿਖਾ ਕੇ ਸੰਗਤਾਂ ਦਾ ਮਨ ਮੋਹਿਆ ਅਤੇ ਢਾਡੀ ਤੇ ਰਾਗੀ ਜਥਿਆਂ ਨੇ ਆਪਣੇ ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਕੀਰਤਨ ਸਮੇਂ ਸਤਿਕਾਰ ਵਜੋਂ ਸੰਗਤਾਂ ਲਈ ਪਿੰਡ ਵਿੱਚ ਕਈ ਥਾਂਵਾਂ 'ਤੇ ਬਰੈੱਡ, ਪਕੌੜੇ, ਚਾਹ-ਪਾਣੀ ਤੇ ਫਲਾਂ ਦੇ ਲੰਗਰ ਲਾਏ ਗਏ। ਨਗਰ ਕੀਰਤਨ ਸਮੇਂ ਪਿੰਡ ਦੀ ਲੋਕਲ ਕਮੇਟੀ ਦੇ ਸਮੂਹ ਮੈਂਬਰ ਪਿੰਡ ਪੰਚਾਇਤ ਤੇ ਪਿੰਡ ਦੇ ਆਮ ਲੋਕ ਹਾਜ਼ਰ ਸਨ।

## ਸ਼ਹੀਦੀ ਦਿਵਸ ਨੂੰ ਸਮਰਪਤ ਲਾਈਟ ਐਂਡ ਸਾਊਂਡ ਸ਼ੋਅ 11 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਫ਼ਿਰੋਜ਼ਪੁਰ ਵਿਖੇ 11 ਨਵੰਬਰ ਨੂੰ ਕੰਟੋਨਮੈਂਟ ਬੋਰਡ ਸਟੇਡੀਅਮ ਫਿਰੋਜ਼ਪੁਰ ਛਾਉਣੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਇੱਕ ਵਿਲੱਖਣ ਲਾਈਟ ਐਂਡ ਸਾਊਂਡ ਸ਼ੋਅ ਕੀਤਾ ਜਾ ਰਿਹਾ ਹੈ। ਸਟੇਡੀਅਮ ਵਿਖੇ ਐਂਟਰੀ ਸ਼ਾਮ 5 ਵਜੇ ਤੋਂ ਸ਼ੁਰੂ ਹੋ ਜਾਵੇਗੀ ਤੇ ਸਭ ਤੋਂ ਪਹਿਲਾਂ ਕੀਰਤਨੀ ਜਥੇ ਗੁਰੂ ਸਾਹਿਬ ਦੇ ਜੀਵਨ ਸਬੰਧੀ ਰਸਭਿੰਨਾ ਕੀਰਤਨ ਕਰਨਗੇ। ਇਸ ਤੋਂ ਬਾਅਦ ਲਾਈਟ ਐਂਡ ਸ਼ਾਊਂਡ ਸ਼ੋਅ ਹੋਵੇਗਾ ਜੋ ਕਿ 45 ਮਿੰਟ ਤੱਕ ਚੱਲੇਗਾ। ਇਸ ਸ਼ੋਅ ਵਿੱਚ ਨੌਂਵੇਂ ਗੁਰੂ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਮਹਾਨ ਸ਼ਹਾਦਤ ਨੂੰ ਆਕਰਸ਼ਕ ਤੇ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਜਾਵੇਗਾ। ਇਹ ਪ੍ਰਗਟਾਵਾ ਐੱਸਡੀਐੱਮ ਫਿਰੋਜ਼ਪੁਰ ਗੁਰਦੇਵ ਸਿੰਘ ਧੰਮ ਨੇ ਸ਼ੋਅ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਬਾਰੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਗੁਰੂ ਸਾਹਿਬ ਦੇ ਮਨੁੱਖਤਾ ਤੇ ਦਇਆ ਦੇ ਸੰਦੇਸ਼ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ੋਅ ਲਈ ਐਂਟਰੀ ਮੁਫ਼ਤ ਹੋਵੇਗੀ ਤੇ ਕੋਈ ਵੀ ਵਿਅਕਤੀ ਬਿਨਾਂ ਪਾਸ ਦੇ ਇਸ ਸ਼ਾਨਦਾਰ ਸਮਾਗਮ ਵਿੱਚ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਵਾਰਾਂ ਸਮੇਤ ਵੱਡੀ ਗਿਣਤੀ ਵਿਚ ਇਸ ਸਮਾਗਮ ਵਿੱਚ ਹਿੱਸਾ ਲੈਣ।

# ਮਜ਼ਬੀ ਸਿੱਖ/ਵਾਲਮੀਕਿ ਸਮਾਜ ਨੂੰ ਵਾਰ-ਵਾਰ ਅਪਮਾਨਤ ਕਰਨ ਵਾਲਿਆਂ 'ਤੇ ਵੀ ਹੋਵੇ ਕਾਰਵਾਈ : ਕਾਂਗੜਾ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸ੍ਰ. ਬੂਟਾ ਸਿੰਘ ਸਾਬਕਾ ਗ੍ਰਹਿ ਮੰਤਰੀ ਭਾਰਤ ਸਰਕਾਰ ਬਾਰੇ ਭਾਸ਼ਣ ਦੌਰਾਨ ਵਰਤੇ ਸ਼ਬਦਾਂ ਦਾ ਮਾਮਲਾ ਨਵਾਂ ਮੋੜ ਲੈਂਦਾ ਨਜ਼ਰ ਆ ਰਿਹਾ ਹੈ, ਜਿਸ ਸਬੰਧੀ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਨੇ ਚੇਅਰਮੈਨ ਐੱਸ ਸੀ ਕਮਿਸ਼ਨ ਭਾਰਤ, ਚੇਅਰਮੈਨ ਐੱਸ ਸੀ ਕਮਿਸ਼ਨ ਪੰਜਾਬ ਤੇ ਡੀ ਜੀ ਪੀ ਪੰਜਾਬ ਨੂੰ ਇੱਕ ਲਿਖਤੀ ਸ਼ਿਕਾਇਤ ਕੀਤੀ ਹੈ, ਜਿਸ ਵਿੱਚ ਉਨ੍ਹਾਂ ਹਰ ਰੋਜ਼ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਇਹ ਵੀਡੀਓ ਵਾਰ ਵਾਰ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਤੇ ਰਾਜਾ ਵੜਿੰਗ ਵੱਲੋਂ ਬੋਲੇ ਸ਼ਬਦਾਂ ਨੂੰ ਕੁੱਝ ਹੋਰ ਸਿਆਸੀ ਆਗੂਆਂ ਵੱਲੋਂ ਗ਼ਲਤ ਤਰੀਕੇ ਨਾਲ ਸੋਸ਼ਲ ਮੀਡੀਆ 'ਤੇ ਬੋਲਣ 'ਤੇ ਭਾਰੀ ਇਤਰਾਜ਼ ਜਿਤਾਉਂਦਿਆਂ ਉਨ੍ਹਾਂ ਖਿਲਾਫ ਐੱਸਸੀ/ਐੱਸਟੀ ਐਕਟ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਹੈ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗੜਾ ਨੇ ਕਿਹਾ ਕਿ ਜੋ ਰਾਜਾ ਵੜਿੰਗ ਵੱਲੋਂ ਸ੍ਰ. ਬੂਟਾ ਸਿੰਘ ਬਾਰੇ ਭਾਸ਼ਣ ਦੌਰਾਨ ਚਰਚਾ ਕਰਦਿਆਂ ਸ਼ਬਦ ਬੋਲੇ ਗਏ ਸਨ, ਬੇਸ਼ੱਕ ਰਾਜਾ ਵੜਿੰਗ ਦੀ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਮਨਸ਼ਾ ਨਹੀਂ ਸੀ, ਪ੍ਰੰਤੂ ਉਨ੍ਹਾਂ ਦੇ ਸ਼ਬਦ ਵੀ ਸਹੀ ਨਹੀਂ ਸਨ, ਜਿਸ ਸਬੰਧੀ ਉਨ੍ਹਾਂ ਬੋਲੇ ਸ਼ਬਦਾਂ ਲਈ ਜਨਤਕ ਤੌਰ 'ਤੇ ਸਮੂਹ ਮਜ਼ਬੀ ਸਿੱਖ/ਵਾਲਮੀਕਿ ਸਮਾਜ ਕੋਲੋਂ ਮੁਆਫ਼ੀ ਮੰਗ ਲਈ ਹੈ ਅਤੇ ਕਾਨੂੰਨ ਮੁਤਾਬਕ ਰਾਜਾ ਵੜਿੰਗ ਖਿਲਾਫ ਥਾਣਾ ਕਪੂਰਥਲਾ ਵਿਖੇ ਐੱਸਸੀ/ਐੱਸਟੀ ਐਕਟ ਤਹਿਤ ਮੁਕੱਦਮਾ ਵੀ ਦਰਜ ਕੀਤਾ ਗਿਆ ਹੈ, ਪ੍ਰੰਤੂ ਹੁਣ ਰਾਜਾ ਵੜਿੰਗ ਦੀ ਆੜ ਵਿੱਚ ਜਾਤੀਵਾਦ ਦਾ ਭੇਦਭਾਵ ਰੱਖਣ ਵਾਲੇ ਉਨ੍ਹਾਂ ਸਿਆਸੀ ਆਗੂਆਂ ਵੱਲੋਂ ਰਾਜਾ ਵੜਿੰਗ ਦੀ ਉਹ ਵੀਡੀਓ ਵਾਰ ਵਾਰ ਸੋਸ਼ਲ ਮੀਡੀਆ 'ਤੇ ਅਪਲੋਡ ਕਰਕੇ ਤੇ ਉਨ੍ਹਾਂ ਸ਼ਬਦਾਂ ਨੂੰ ਹੋਰ ਵੀ ਗ਼ਲਤ ਤਰੀਕੇ ਨਾਲ ਖ਼ੁਦ ਬੋਲ ਕੇ ਮਜ਼ਬੀ ਸਿੱਖ/ਵਾਲਮੀਕਿ ਸਮਾਜ ਦਾ ਹਰ ਰੋਜ਼ ਅਪਮਾਨ ਕੀਤਾ ਜਾ ਰਿਹਾ ਹੈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੋ ਭਾਜਪਾ ਤੇ ਆਮ ਆਦਮੀ ਪਾਰਟੀ ਵਾਲੇ ਐੱਸ ਸੀ ਸਮਾਜ ਨਾਲ ਹਮਦਰਦੀ ਕਰਨ ਦੇ ਪਾਖੰਡ ਕਰ ਰਹੇ ਹਨ, ਜਿਸ ਸਮੇਂ ਅਮਿਤ ਸ਼ਾਹ ਗ੍ਰਹਿ ਮੰਤਰੀ ਭਾਰਤ ਸਰਕਾਰ ਵੱਲੋਂ ਸੰਸਦ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਅਪਮਾਨ ਕੀਤਾ ਗਿਆ ਤੇ ਆਪ ਵਿਧਾਇਕਾ ਅਨਮੋਲ ਗਗਨ ਮਾਨ ਵੱਲੋਂ ਸਾਡੇ ਦੇਸ਼ ਦੇ ਮਹਾਂਗ੍ਰੰਥ ਭਾਰਤੀ ਸੰਵਿਧਾਨ ਦਾ ਅਪਮਾਨ ਕੀਤਾ ਗਿਆ, ਐਨਾ ਹੀ ਨਹੀਂ ਦੇਸ਼ ਦੇ ਚੀਫ਼ ਜਸਟਿਸ 'ਤੇ ਜੁੱਤੀ ਸੁੱਟਣ ਤੇ ਦੇਸ਼ ਦੇ ਰਾਸ਼ਟਰਪਤੀ ਦਾ ਕਈ ਵਾਰ ਕਥਿਤ ਅਪਮਾਨ ਕਰਨ ਵੇਲੇ ਇਨ੍ਹਾਂ ਦੀ ਜ਼ੁਬਾਨ 'ਤੇ ਤਾਲੇ ਕਿਓਂ ਲੱਗ ਗਏ ਸਨ। ਉਸ ਸਮੇਂ ਇਨ੍ਹਾਂ ਵੱਲੋਂ ਅਮਿਤ ਸ਼ਾਹ ਤੇ ਅਨਮੋਲ ਗਗਨ ਮਾਨ ਦੇ ਪੁਤਲੇ ਕਿਓਂ ਨਹੀਂ ਫੂਕੇ ਗਏ। ਇਸ ਮੌਕੇ ਰਵੀ ਚਾਵਲਾ ਕੌਂਸਲਰ ਪ੍ਰਧਾਨ ਭਗਵਾਨ ਵਾਲਮੀਕਿ ਰਾਮਾਇਣ ਭਵਨ ਸਰੋਵਰ ਆਸ਼ਰਮ ਸੰਗਰੂਰ ਤੇ ਸ਼ਸ਼ੀ ਚਾਵਰੀਆ ਪ੍ਰਧਾਨ ਵਾਲਮੀਕਿ ਸਭਾ ਡਾ. ਅੰਬੇਡਕਰ ਨਗਰ ਸੰਗਰੂਰ ਹਾਜ਼ਰ ਹਨ।

## ਪ੍ਰੀਗੈਬਾਲਿਨ ਦੀ ਬਿਨਾਂ ਡਾਕਟਰੀ ਪਰਚੀ ਤੋਂ ਵਿਕਰੀ 'ਤੇ ਪਾਬੰਦੀ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਜ਼ਿਲ੍ਹਾ ਮਾਲੇਰਕੋਟਲਾ 'ਚ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰੀਗੈਬਾਲਿਨ 75 ਐਮ.ਜੀ ਤੋਂ ਵੱਧ ਮਾਤਰਾ ਦੇ ਕੈਪਸੂਲਾਂ ਦੀ ਖੁੱਲ੍ਹੇ ਤੌਰ 'ਤੇ ਵੇਚਣ 'ਤੇ ਪਾਬੰਦੀ ਲਗਾਈ ਗਈ ਹੈ।ਜ਼ਿਲ੍ਹਾ ਮੈਜਿਸਟਰੇਟ ਵਿਰਾਜ ਐਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 (ਬੀ.ਐਨ.ਐਸ.ਐਸ) ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਹ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਪ੍ਰੀਗੈਬਾਲਿਨ ਦਵਾਈ ਦੀ 75 ਐਮ.ਜੀ ਤੋਂ ਵੱਧ ਮਾਤਰਾ ਦੇ ਕੈਪਸੂਲ ਦੇ ਵੇਚਣ ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕ੍ਰਿਪਸ਼ਨ ਸਲਿਪ ਤੇ ਆਪਣੀ ਮੋਹਰ ਲਗਾਈ ਜਾਵੇ ਅਤੇ ਮੈਡੀਸਨ ਦੇਣ ਦੀ ਮਿਤੀ ਦਰਜ ਕੀਤੀ ਜਾਵੇ। ਇਹ ਹੁਕਮ 29 ਦਸੰਬਰ 2025 ਤੱਕ ਲਾਗੂ ਰਹੇਗਾ।

## ਰੋਟਰੀ ਕਲੱਬ ਦਾ ਤਾਜਪੋਸ਼ੀ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਰੋਟਰੀ ਕਲੱਬ ਫਿਰੋਜ਼ਪੁਰ ਜ਼ਿਲ੍ਹਾ 3090 ਦੇ ਸਾਲ 2025-26 ਲਈ ਰੋਟੇਰੀਅਨ ਭੂਪੇਸ਼ ਮਹਿਤਾ ਨੂੰ ਜ਼ਿਲ੍ਹਾ ਗਵਰਨਰ ਚੁਣਿਆ ਗਿਆ ਅਤੇ ਇਨ੍ਹਾਂ ਦੀ ਹਾਜ਼ਰੀ ਵਿੱਚ ਫਿਰੋਜ਼ਪੁਰ ਦੇ ਤਿੰਨ ਕਲੱਬਾਂ ਦੇ ਪ੍ਰਧਾਨਾਂ ਦੀ ਤਾਜਪੋਸ਼ੀ ਵਾਸਤੇ ਸ਼ਹਿਰ ਦੇ ਇੱਕ ਹੋਟਲ ਵਿੱਚ ਇਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਸਾਬਕਾ ਜ਼ਿਲ੍ਹਾ ਗਵਰਨਰ ਰੋਟੇਰੀਅਨ ਵਿਜੇ ਅਰੋੜਾ ਵਿਸ਼ੇਸ਼ ਤੌਰ 'ਤੇ ਪਹੁੰਚੇ।

ਉਨ੍ਹਾਂ ਪ੍ਰੋਗਰਾਮ ਦਾ ਆਗਾਜ਼ ਜੋਤੀ ਪ੍ਰਚੰਡ ਕਰਕੇ ਕੀਤਾ ਗਿਆ। ਉਸ ਤੋਂ ਬਾਅਦ 2024-25 ਪ੍ਰਧਾਨ ਰੋਟਰੀ ਕਲੱਬ ਫਿਰੋਜ਼ਪੁਰ ਗੋਲਡ ਪੁਸ਼ਪਾ ਬਹਿਲ ਪਤਨੀ ਅਸ਼ੋਕ ਬਹਿਲ ਨੇ ਆਪਣਾ ਪ੍ਰਧਾਨ ਕਾਲਰ ਉਤਾਰ ਕੇ ਨਵ-ਨਿਯੁਕਤ ਪ੍ਰਧਾਨ ਅਨੁਰਾਧਾ ਪਤਨੀ ਕਮਲ ਸ਼ਰਮਾ, ਨਰਿੰਦਰ ਕੱਕੜ ਪ੍ਰਧਾਨ ਰੋਟਰੀ ਕਲੱਬ ਨੇ ਆਪਣਾ ਕਾਲਰ ਨਵੇਂ ਬਣੇ ਪ੍ਰਧਾਨ ਹਿੰਮਤ ਗੋਇਲ ਦੇ ਗਲ ਵਿੱਚ ਪਾ ਕੇ ਉਨ੍ਹਾਂ ਦੀ ਰਸਮੀ ਤੌਰ 'ਤੇ ਤਾਜਪੋਸ਼ੀ ਕੀਤੀ। ਰੋਟਰੀ ਕਲੱਬ ਫਿਰੋਜ਼ਪੁਰ ਕੈਂਟ ਦੇ ਪ੍ਰਧਾਨ ਰਾਹੁਲ ਕੱਕੜ ਨੂੰ ਲਗਾਤਾਰ ਦੂਜੇ ਸਾਲ ਪ੍ਰਧਾਨ ਬਣਾਇਆ ਗਿਆ ਤੇ ਤਾਜਪੋਸ਼ੀ ਕੀਤੀ ਗਈ। ਇਸ ਉਪਰੰਤ ਜ਼ਿਲ੍ਹਾ ਗਵਰਨਰ ਭੂਪੇਸ਼ ਮਹਿਤਾ ਨੇ ਨਵ-ਨਿਯੁਕਤ ਪ੍ਰਧਾਨਾਂ ਨੂੰ ਆਪਣੇ ਕਾਰਜਕਾਲ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਸਹੁੰ ਚੁਕਾਈ। ਸਮਾਰੋਹ ਦੌਰਾਨ ਗਵਰਨਰ ਨੇ ਸਾਲ 2025-26 ਦੀ ਡਾਇਰੈਕਟਰੀ ਨਵੇ ਬਣੇ ਪ੍ਰਧਾਨਾਂ, ਸਕੱਤਰਾਂ ਨੂੰ ਗਿਫਟ ਕੀਤੀ।

ਇਸ ਸਮਾਰੋਹ ਵਿੱਚ ਸੀਨੀਅਰ ਰੋਟੇਰੀਅਨ ਅਸ਼ੋਕ ਬਹਿਲ, ਸਟੇਟ ਡਿਪਟੀ ਕੋਆਰਡੀਨੇਟਰ ਕਮਲ ਸ਼ਰਮਾ, ਅਸਿਸਟੈਂਟ ਗਵਰਨਰ ਵਿਜੇ ਮੋਗਾ ਤੋਂ ਇਲਾਵਾ ਦਸ਼ਮੇਸ਼ ਸੇਠੀ, ਕੁਲਦੀਪ ਸਿੰਘ ਸੰਧੂ, ਹਰਵਿੰਦਰ ਘਈ, ਸੁਨੀਤਾ ਅਰੋੜਾ, ਨੰਨ੍ਹੂ ਘਈ, ਨਮਿਤਾ ਗੋਇਲ, ਰੰਜੂ ਪੁੰਜ, ਪਰਮਜੀਤ ਕੌਰ, ਅੰਜੂ ਸਚਦੇਵਾ, ਬੂਟਾ ਸਿੰਘ, ਗੁਰਵਿੰਦਰ ਸਿੰਘ, ਸਕੱਤਰ ਸੁਮਿਤ ਵੋਹਰਾ, ਰਣਧੀਰ ਗੁਪਤਾ, ਨਵੀਨ ਅਰੋੜਾ, ਬਿੱਟੂ ਸਚਦੇਵਾ, ਕਪਿਲ ਡਾਵਰ, ਰਾਜੀਵ ਗੁਪਤਾ, ਅਨੁਜ ਮਿੱਤਲ, ਮਨੀਸ਼ ਮਹਿਤਾ, ਤਜਿੰਦਰ ਸਿੰਘ ਲੱਕੀ ਆਦਿ ਰੋਟੇਰੀਅਨ ਸ਼ਾਮਲ ਹੋਏ।

## ਜੀਵਨ ਮੱਲ ਸਕੂਲ 'ਚ ਨੈਸ਼ਨਲ ਲੀਗਲ ਦਿਵਸ ਮਨਾਇਆ




**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਟੀ ਮੋਹਾਲੀ ਦੇ ਐਕਸ਼ਨ ਪਲਾਨ ਅਨੁਸਾਰ ਸਿਵਲ ਜੱਜ ਐੱਸ.ਡੀ./ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਅਨੁਰਾਧਾ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿੱਚ ਨੈਸ਼ਨਲ ਲੀਗਲ ਦਿਵਸ ਮਨਾਇਆ ਗਿਆ।ਇਸ ਸਮਾਰੋਹ ਦੀ ਅਗਵਾਈ ਸਕੂਲ ਦੇ ਪ੍ਰਿੰਸੀਪਲ ਕਰਮਜੀਤ ਸਿੰਘ ਜੋਸ਼ਨ ਨੇ ਕੀਤੀ।ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਐਡਵੋਕੇਟ ਨਵਦੀਪ ਸਿੰਘ ਕਰੀਰ ਸਿਵਿਲ ਕੋਰਟ ਜ਼ੀਰਾ ਸ਼ਾਮਲ ਹੋਏ, ਜਿਨ੍ਹਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਕਾਨੂੰਨ ਦੀ ਪਰਿਭਾਸ਼ਾ, ਕਾਨੂੰਨੀ ਨੁਕਤੇ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਆਮ ਲੋਕਾਂ ਨੂੰ ਨਿਆ ਲੈਣ ਲਈ ਨਿਆ ਪ੍ਰਨਾਲੀ ਬਾਰੇ ਤੇ ਹੋਰ ਮੁਆਵਜ਼ਿਆਂ ਸਬੰਧੀ ਜਾਣਕਾਰੀ ਦਿੱਤੀ, ਉਨ੍ਹਾਂ ਨਾਲ ਸਤਿੰਦਰ ਸਚਦੇਵਾ ਮੈਂਬਰ ਲੋਕ ਅਦਾਲਤ ਤੇ ਅਸ਼ੋਕ ਮੂੰਗਾ ਮੈਂਬਰ ਲੋਕ ਅਦਾਲਤ ਪਹੁੰਚੇ ਸਨ।ਇਸ ਮੌਕੇ ਲੀਗਲ ਲਿਟਰੇਸੀ ਦੇ ਨੋਡਲ ਇੰਚਾਰਜ ਲੈਕਚਰਾਰ ਨਵੀਨ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਵਿੱਚ ਲੀਗਲ ਸਰਵਿਸ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਪੇਂਟਿੰਗ ਤੇ ਸਲੋਗਨ ਮੁਕਾਬਲੇ ਕਰਵਾਏ ਗਏ ਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ ਵੱਲੋਂ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦੀ ਸਫਲਤਾ ਲਈ ਲੈਕਚਰਾਰ ਸੁਨੀਤਾ ਰਾਣੀ, ਸਵਰਨਪਾਲ ਪਾਲ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ।ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਮੁਫ਼ਤ ਲੀਗਲ ਸਰਵਿਸ ਦੇ ਮਹੱਤਵ ਬਾਰੇ ਵੀ ਅਗਾਹ ਕਰਵਾਇਆ ਗਿਆ।ਇਸ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਲੈਕਚਰਾਰ ਮਹਾਂਬੀਰ ਬਾਂਸਲ, ਨਿਰਮਲਜੀਤ ਕੌਰ, ਮਮਤਾਪੁਰੀ, ਮਨਿੰਦਰਜੀਤ ਕੌਰ, ਮੈਡਮ ਸੁਮਨ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਅਜੈ ਕੁਮਾਰ, ਕੁਲਵਿੰਦਰ ਸਿੰਘ, ਦਰਸ਼ਨ ਲਾਲ, ਬਲਜੀਤ ਸਿੰਘ, ਗੁਰਮੀਤ ਕੌਰ, ਜਗਤਾਰ ਸਿੰਘ, ਅਮਰਜੀਤ ਸਿੰਘ, ਗੁਰਸ਼ਾਮ ਸਿੰਘ, ਸੰਦੀਪ ਕੌਰ, ਰਣਬੀਰ ਸਿੰਘ ਆਦਿ ਹਾਜ਼ਰ ਸਨ।

## ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਐੱਮ ਬੀ ਬੀ ਐੱਸ ਤੇ ਆਈ ਆਈ ਟੀ ਮੁਫ਼ਤ ਰਿਹਾਇਸ਼ੀ ਕੋਚਿੰਗ

**ਫ਼ਰੀਦਕੋਟ/ਚੰਡੀਗੜ੍ਹ (ਐਲਿਗਜੈਂਡਰ ਡਿਸੂਜਾ)**-ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ ਡਾਕਟਰੀ (ਐੱਮ ਬੀ ਬੀ ਐੱਸ) ਤੇ ਇੰਜੀਨੀਅਰਿੰਗ (ਆਈ ਆਈ ਟੀ) ਦੇ ਦਾਖਲਾ ਇਮਤਿਹਾਨਾਂ ਦੀ ਤਿਆਰੀ ਕਰਵਾਉਣ ਲਈ ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਸਾਲ 2026-2028 ਦੇ ਦੋ ਸਾਲਾ ਰਿਹਾਇਸ਼ੀ ਕੋਚਿੰਗ ਪ੍ਰੋਗਰਾਮ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਸਾਰੀਆਂ ਸਹੂਲਤਾਂ ਬਿਲਕੁਲ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ।ਚੁਣੇ ਹੋਏ ਵਿਦਿਆਰਥੀਆਂ ਲਈ ਐੱਮ ਬੀ ਬੀ ਐੱਸ (ਨੀਟ) ਤੇ ਆਈ ਆਈ ਟੀ (ਜੇਈਈ) ਦੀ ਉੱਚ ਪੱਧਰੀ ਕੋਚਿੰਗ, ਰਹਿਣ-ਸਹਿਣ ਤੇ ਖਾਣੇ ਦਾ ਸਾਰਾ ਪ੍ਰਬੰਧ ਫਾਊਂਡੇਸ਼ਨ ਵੱਲੋਂ ਮੁਫ਼ਤ ਕੀਤਾ ਜਾਵੇਗਾ।ਉਹ ਵਿਦਿਆਰਥੀ, ਜੋ ਇਸ ਸਮੇਂ 10ਵੀਂ ਕਲਾਸ ਵਿੱਚ ਪੜ੍ਹ ਰਹੇ ਹਨ ਤੇ ਅੱਗੇ ਮੈਡੀਕਲ ਜਾਂ ਨਾਨ-ਮੈਡੀਕਲ ਖੇਤਰ ਵਿੱਚ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ, ਉਹ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।ਇਹ ਉੱਤਮ ਕੋਚਿੰਗ ਸੈਂਟਰ ਚੰਡੀਗੜ੍ਹ ਦੇ ਸੈਕਟਰ 28-1 (ਏ) ਵਿੱਚ ਸਫ਼ਲਤਾਪੂਰਵਕ ਚੱਲ ਰਿਹਾ ਹੈ।ਇੱਛੁਕ ਵਿਦਿਆਰਥੀ 30.11.25 ਤੱਕ ਆਪਣੇ ਫਾਰਮ ਭਰ ਕੇ ਭੇਜ ਸਕਦੇ ਹਨ।ਜੇਕਰ ਕਿਸੇ ਨੂੰ ਪ੍ਰੋਗਰਾਮ ਬਾਰੇ ਹੋਰ ਵੇਰਵੇ ਚਾਹੀਦੇ ਹਨ ਤਾਂ ਉਹ ਕੋਆਰਡੀਨੇਟਰ ਹਰਵਿੰਦਰ ਸਿੰਘ ਮੋਬਾਈਲ ਨੰਬਰ 99881-45499 ਨਾਲ ਸੰਪਰਕ ਕਰ ਸਕਦੇ ਹਨ।

## ਸਰਕਾਰੀ ਆਈ ਟੀ ਆਈ ਮੂਨਕ ਵਿਖੇ ਪਲੇਸਮੈਂਟ ਕੈਂਪ 11 ਨੂੰ

**ਮੂਨਕ (ਰਾਜਪਾਲ ਸਿੰਗਲਾ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਵਰਧਮਾਨ ਸਪਿੰਨਿੰਗ ਐਂਡ ਜਨਰਲ ਮਿਲਜ਼, ਸ਼ੇਅਰ ਇੰਡੀਆ, ਸਕਾਈ ਇੰਟਰਨੈਸ਼ਨਲ, ਪੁਖਰਾਜ ਹੈਲਥ ਕੇਅਰ ਪ੍ਰਾਈਵੇਟ ਲਿਮਿਟਡ ਮੁਥੂਟ ਮਾਈਕਰੋਫਿਨ ਲਿਮਿਟਡ ਕੰਪਨੀਆਂ ਨਾਲ ਤਾਲਮੇਲ ਕਰਕੇ 11 ਨਵੰਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਸਰਕਾਰੀ ਆਈ ਟੀ ਆਈ ਮੂਨਕ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ਼੍ਰੀਮਤੀ ਸਿੰਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ ਫੀਲਡ ਅਫਸਰ, ਬਰਾਂਚ ਮੈਨੇਜਰ, ਬਿਜ਼ਨੈੱਸ ਐਗਜ਼ੀਕਿਊਟਿਵ, ਮਸ਼ੀਨ ਓਪਰੇਟਰ-ਅਪਰੈਂਟਸ, ਵੈੱਲਨੈੱਸ ਅਡਵਾਈਜ਼ਰ, ਟ੍ਰੇਨਰ, ਟੀ ਐੱਲ (ਲੜਕੇ ਤੇ ਲੜਕੀਆਂ ਦੋਵੇਂ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 8ਵੀਂ ਤੋਂ ਗਰੈਜੂਏਸ਼ਨ ਪਾਸ ਤੇ ਆਈ.ਟੀ.ਆਈ. ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਪ੍ਰਾਰਥੀ ਦੀ ਉਮਰ 18 ਤੋਂ 45 ਸਾਲ ਤੱਕ ਹੋਣੀ ਚਾਹੀਦੀ ਹੈ।

## ਅਫਸਾਨਾ ਕਲੱਬ ਮਾਲੇਰਕੋਟਲਾ ਵੱਲੋਂ ਸਿਲਵਰ ਜੁਬਲੀ ਸਮਾਗਮ




**ਮਾਲੇਰਕੋਟਲਾ (ਅਸਗਰ ਪਰਿਹਾਰ)**
ਅਫਸਾਨਾ ਕਲੱਬ (ਰਜਿ.) ਮਾਲੇਰਕੋਟਲਾ ਪੰਜਾਬ ਵੱਲੋਂ ਸਿਲਵਰ ਜੁਬਲੀ ਸਮਾਗਮ ਦਾ ਆਯੋਜਨ ਕੀਤਾ ਗਿਆ।ਜਿਸ ਦੀ ਪ੍ਰਧਾਨਗੀ ਪ੍ਰੋਫੈਸਰ ਅਸਲਮ ਜਮਸ਼ੇਦਪੁਰੀ ਮੁਖੀ ਉਰਦੂ ਵਿਭਾਗ, ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਠ ਨੇ ਕੀਤੀ।ਸਥਾਨਕ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਪ੍ਰੋ. ਡਾ.ਇਰਫਾਨ ਫਾਰੂਕੀ ਪ੍ਰਿੰਸੀਪਲ ਸਰਕਾਰੀ ਕਾਲਜ ਕਰਮਸਰ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਸਮਾਗਮ ਦਾ ਆਰੰਭ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਨਾਲ ਹਾਫਿਜ ਸ਼ੌਕਤ ਸਾਹਿਬ ਨੇ ਕੀਤਾ। ਅਰਸ਼ਦ ਸ਼ਰੀਫ ਨੇ ਨਾਅਤ ਪੇਸ਼ ਕੀਤੀ।ਜਿਸ ਤੋਂ ਬਾਅਦ ਸ਼੍ਰੋਮਣੀ ਸਾਹਿਤਕਾਰ ਬਸ਼ੀਰ ਮਾਲੇਰਕੋਟਲਵੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਲੱਬ ਦੀ 25 ਸਾਲਾ ਰਿਪੋਰਟ ਪੇਸ਼ ਕੀਤੀ।ਕਲੱਬ ਦੇ ਪ੍ਰਧਾਨ ਅਰਸ਼ਦ ਮੁਨੀਮ ਨੇ ਆਪਣਾ ਅਫਸਾਨਾ ਡਾਨ ਪੇਸ਼ ਕੀਤਾ।ਜਨਾਬ ਡਾਕਟਰ ਇਰਫਾਨ ਆਰਿਫ ਅਸਿਸਟੈਂਟ ਪ੍ਰੋਫੈਸਰ ਸਰਕਾਰੀ ਡਿਗਰੀ ਕਾਲਜ ਜੰਮੂ ਨੇ ਆਪਣਾ ਅਫਸਾਨਾ ਸੀਲਨ ਪੇਸ਼ ਕੀਤਾ। ਤੀਸਰਾ ਅਤੇ ਆਖਰੀ ਅਫਸਾਨਾ ਡਾਕਟਰ ਪ੍ਰਵੇਜ਼ ਸਹਰਿਯਾਰ ਵੱਲੋਂ ਮਿਲਖੀ ਰਾਮ ਸਿਰਲੇਖ ਅਧੀਨ ਪੇਸ਼ ਕੀਤਾ ਗਿਆ। ਪ੍ਰੋਫੈਸਰ ਇਰਫਾਨ ਫਾਰੂਕੀ ਪ੍ਰਿੰਸੀਪਲ ਸਰਕਾਰੀ ਕਾਲਜ ਕਰਮਸਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਫਸਾਨਾ ਕਲੱਬ ਨੇ ਆਪਣੀਆਂ ਸਾਹਿਤਕ ਗਤੀਵਿਧੀਆਂ ਰਾਹੀਂ ਉਰਦੂ ਭਾਸ਼ਾ ਦੀ ਬਹੁਤ ਸੇਵਾ ਕੀਤੀ ਹੈ।ਡਾਕਟਰ ਜਮੀਲ ਉਰ ਰਹਿਮਾਨ ਨੇ ਅਫਸਾਨਾ ਕਲੱਬ ਦੇ 25 ਸਾਲ ਪੂਰੇ ਹੋਣ 'ਤੇ ਕਲੱਬ ਦੇ ਸਾਰੇ ਮੈਂਬਰਾਂ ਨੂੰ ਮੁਬਾਰਕਬਾਦ ਪੇਸ਼ ਕੀਤੀ। ਪ੍ਰੋਫੈਸਰ ਅਸਲਮ ਜਮਸ਼ੇਦਪੁਰੀ ਮੁਖੀ ਉਰਦੂ ਵਿਭਾਗ ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਠ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਫਸਾਨਾ ਕਲੱਬ ਬੀਤੇ 25 ਸਾਲਾਂ ਤੋਂ ਅਫਸਾਨੇ ਨੂੰ ਪ੍ਰਫੁਲਿਤ ਕਰਣ ਦੇ ਲਈ ਮਿਹਨਤ ਕਰਦਾ ਆ ਰਿਹਾ ਹੈ।ਅਫਸਾਨੇ ਤੋਂ ਇਲਾਵਾ ਅਫਸਾਨਾ ਨਿਗਾਰੀ ਵਿੱਚ ਵੀ ਅਫਸਾਨਾ ਕਲੱਬ ਦੇ ਮੈਂਬਰਾਂ ਨੂੰ ਸ਼ਾਇਰੀ ਦੀ ਤਰ੍ਹਾਂ ਸਰਾਹਨਾ ਮਿਲੀ।ਸਮਾਗਮ ਦੇ ਅੰਤ 'ਚ ਕਲੱਬ ਦੇ ਪ੍ਰਧਾਨ ਸ੍ਰੀ ਅਰਸ਼ਦ ਮੁਨੀਮ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਮੁਹੰਮਦ ਨਾਸਰ ਆਜ਼ਾਦ ਨੇ ਮੰਚ ਦਾ ਸੰਚਾਲਨ ਕੀਤਾ।ਸਿਲਵਰ ਜੁਬਲੀ ਸਮਾਗਮ ਦਾ ਆਯੋਜਨ ਪੰਜਾਬ ਉਰਦੂ ਅਕੈਡਮੀ ਦੇ ਇਕਬਾਲ ਆਡੀਟੋਰੀਅਮ ਵਿੱਚ ਕੀਤਾ ਗਿਆ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ 16 ਦੀ ਵਿਸ਼ਾਲ ਸੂਬਾਈ ਰੈਲੀ ਦੀਆਂ ਤਿਆਰੀਆਂ ਮੁਕੰਮਲ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਸਥਾਨਕ ਅਨਾਜ ਮੰਡੀ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਉਲੀਕੀ 16 ਨਵੰਬਰ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।ਇਹ ਐਲਾਨ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ ਦੀ ਅਗਵਾਈ ਵਿੱਚ ਹੋਈ ਇੱਕ ਵਿਸ਼ਾਲ ਮੀਟਿੰਗ ਦੌਰਾਨ ਕੀਤਾ ਗਿਆ।ਸੀਨੀਅਰ ਆਗੂ ਰਮੇਸ਼ ਸ਼ਰਮਾ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਤੇ ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ, ਗੁਰਦਾਸ ਬਾਂਸਲ, ਸਤੀਸ਼ ਸ਼ਰਮਾ, ਦਰਸ਼ਨ ਧਾਂਦਰਾ ਸਰਬਜੀਤ ਸਿੰਘ ਸਮੇਤ ਵੱਖ ਵੱਖ ਬੁਲਾਰਿਆਂ ਨੇ ਰੈਲੀ ਦੀ ਸਫ਼ਲਤਾ ਲਈ ਯਤਨ ਤੇਜ਼ ਕਰਦਿਆਂ ਸਾਂਝੀ ਤਿਆਰੀ ਕਮੇਟੀ ਵੱਲੋਂ ਕੀਤੀ ਤਿਆਰੀਆਂ ਦੇ ਵੇਰਵੇ ਬਿਆਨ ਕਰਦਿਆਂ ਕਿਹਾ ਕਿ ਇਹ ਰੈਲੀ ਸਰਕਾਰ ਲਈ ਚੈਲੰਜ ਸਾਬਿਤ ਹੋਵੇਗੀ, ਕਿਉਂਕਿ ਇਸ ਵਾਰ ਸਰਕਾਰ ਦੀ ਵਾਅਦਾ ਖਿਲਾਫੀ ਤੋਂ ਅੱਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਰ-ਪਾਰ ਦੀ ਲੜਾਈ ਦਾ ਫ਼ੈਸਲਾ ਕਰ ਲਿਆ ਹੈ।ਇਸ ਮੌਕੇ ਜੀਵਨ ਪ੍ਰਮਾਣ-ਪੱਤਰ (ਲਾਈਫ ਸਰਟੀਫਿਕੇਟ), ਜੋ ਕਿ ਇਸ ਵਾਰ ਸਬੰਧਤ ਬੈਂਕਾਂ ਵਿੱਚ ਆਨ ਲਾਈਨ (ਡਿਜ਼ੀਟਲੀ) ਜਮਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ, ਬਾਰੇ ਪੈਨਸ਼ਨਰਾਂ ਦੀਆਂ ਤਕਲੀਫਾਂ ਤੇ ਸ਼ੰਕਿਆਂ ਦੀ ਨਵਿਰਤੀ ਲਈ ਸਟੇਟ ਬੈਂਕ ਆਫ ਇੰਡੀਆ ਦੀ ਧੂਰੀ ਬ੍ਰਾਂਚ ਦੇ ਚੀਫ਼ ਮੈਨੇਜਰ ਪ੍ਰਸ਼ਾਂਤ ਕੁਮਾਰ ਨੇ ਖ਼ੁਦ ਮੀਟਿੰਗ ਵਿੱਚ ਭਰੋਸਾ ਦਿੱਤਾ ਕਿ ਕਿਸੇ ਵੀ ਪੈਨਸ਼ਨਰ ਨੂੰ ਕੋਈ ਮੁਸ਼ਕਲ ਜਾਂ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਬੈਂਕ ਸਟਾਫ਼ ਪੂਰੀ ਤਤਪਰਤਾ ਦੇ ਨਾਲ ਇਸ ਪ੍ਰੋਜੈਕਟ ਵਿੱਚ ਜੁਟਿਆ ਹੋਇਆ ਹੈ ਤਾਂ ਕਿ ਸਮੇਂ ਸਿਰ ਇਹ ਕਾਰਜ ਨੇਪਰੇ ਚਾੜ੍ਹਿਆ ਜਾ ਸਕੇ।ਇਸ ਮੌਕੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਬੈਂਕ ਮੈਨੇਜਰ ਪ੍ਰਸ਼ਾਂਤ ਕੁਮਾਰ ਦਾ ਲੋਈ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ।ਉਪਰੰਤ 17 ਦਸੰਬਰ ਦੇ ਪੈਨਸ਼ਨਰ ਦਿਹਾੜੇ ਨੂੰ ਮੰਗਲਾ ਆਸ਼ਰਮ (ਗਊ ਸ਼ਾਲਾ) ਵਿੱਚ ਮਨਾਉਣ ਦੇ ਫ਼ੈਸਲੇ ਅਨੁਸਾਰ ਸਮੂਹ ਪੈਨਸ਼ਨਰਾਂ ਦੀ ਡਿਊਟੀ ਵੰਡ ਕੀਤੀ ਗਈ, ਜਿਸ ਅਨੁਸਾਰ ਵੱਖ ਵੱਖ ਕਮੇਟੀਆਂ ਦੇ ਗਠਨ ਨੂੰ ਅੰਤਿਮ ਰੂਪ ਦਿੱਤਾ ਗਿਆ।

## ਗੰਨੇ ਦੀ ਫ਼ਸਲ ਦਾ ਬਕਾਇਆ ਵਿਆਜ ਸਮੇਤ ਕਿਸਾਨਾਂ ਨੂੰ ਦਿੱਤਾ ਜਾਵੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਕਿਸਾਨਾਂ ਨੂੰ ਹੁਕਮ ਕਰਦੀਆਂ ਹਨ ਕਿ ਉਹ ਝੋਨੇ ਤੇ ਕਣਕ ਦੀ ਫ਼ਸਲ ਪੈਦਾ ਕਰਨੀ ਬੰਦ ਕਰਕੇ ਹੋਰ ਫ਼ਸਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਕਰਨ, ਪਰ ਜਦੋਂ ਕਿਸਾਨ ਸਰਕਾਰੀ ਪਾਲਸੀਆਂ ਨੂੰ ਮੰਨਦੇ ਹੋਏ ਗੰਨੇ ਦੀ ਫ਼ਸਲ ਪੈਦਾ ਕਰਦਾ ਹੈ ਤਾਂ ਉਸ ਨੂੰ ਇਕ ਤਾਂ ਗੰਨਾ ਮਿੱਲਾਂ ਗੰਨੇ ਦੀ ਸਹੀ ਕੀਮਤ ਅਦਾ ਨਹੀਂ ਕਰਦੀਆਂ, ਫਿਰ ਗੰਨੇ ਦੀ ਫ਼ਸਲ ਦਾ ਕਰੋੜਾਂ ਰੁਪਏ ਦਾ ਬਕਾਇਆ ਜੋ ਕਿਸਾਨਾਂ ਨੂੰ ਦੇਣਾ ਹੈ, ਉਹ ਲੰਮੇਂ ਸਮੇਂ ਤੋਂ ਖੜ੍ਹਾ ਹੈ। ਫਿਰ ਕਿਸਾਨੀ ਪੈਦਾਵਾਰ ਦੀ ਕੌਮਾਂਤਰੀ ਮੰਡੀਕਰਨ ਦੀ ਜ਼ਿੰਮੇਵਾਰੀ ਸਰਕਾਰ ਵੱਲੋਂ ਨਾ ਨਿਭਾਉਣ ਦੀ ਬਦੌਲਤ ਕਿਸਾਨੀ ਕਿੱਤਾ ਘਾਟੇ ਦਾ ਸੌਦਾ ਬਣਦਾ ਜਾ ਰਿਹਾ ਹੈ।ਇਹੀ ਵਜ੍ਹਾ ਹੈ ਕਿ ਕਿਸਾਨ ਦੀ ਫ਼ਸਲ ਦੀ ਲਾਗਤ ਵੀ ਪੂਰੀ ਨਾ ਹੋਣ ਦੀ ਬਦੌਲਤ ਖੁਦਕਸ਼ੀਆਂ ਦੇ ਰਾਹ ਪੈ ਰਿਹਾ ਹੈ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਹ ਮੰਗ ਕਰਦਾ ਹੈ ਕਿ ਗੰਨੇ ਦੀ ਫ਼ਸਲ ਦਾ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਬਕਾਇਆ ਪੰਜਾਬ ਸਰਕਾਰ ਤੇ ਗੰਨਾਂ ਮਿੱਲਾਂ ਤੁਰੰਤ ਵਿਆਜ ਸਮੇਤ ਭੁਗਤਾਨ ਕਰਨ ਦਾ ਪ੍ਰਬੰਧ ਕਰਨ ਦੇ ਨਾਲ-ਨਾਲ, ਜੋ ਉਸ ਦੀ ਲਾਗਤ ਕੀਮਤ ਵਧਦੀ ਜਾ ਰਹੀ ਹੈ, ਇਸ ਲਈ ਗੰਨੇ ਦੀ ਮਾਰਕਿਟ ਕੀਮਤ ਵੀ ਉਸੇ ਰੇਸ਼ੋ ਨਾਲ ਵਧਾਈ ਜਾਵੇ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜੇਕਰ ਜ਼ਿਮੀਂਦਾਰ ਆਲੂ, ਗੰਨਾ, ਮਟਰ, ਭਿੰਡੀ, ਗੋਭੀ ਆਦਿ ਦੀ ਪੈਦਾਵਾਰ ਕਰਦਾ ਹੈ ਤਾਂ ਉਸ ਦੀ ਸਹੀ ਕੀਮਤ 'ਤੇ ਇਕ ਤਾਂ ਖਰੀਦ ਨਾ ਹੋਣ ਕਾਰਨ ਜੰਗਲੀ ਸੂਰ ਤੇ ਅਵਾਰਾ ਡੰਗਰਾਂ ਦੀ ਬਦੌਲਤ ਇਹ ਫ਼ਸਲਾਂ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।ਇਸ ਵਿਸ਼ੇ 'ਤੇ ਸਰਕਾਰਾਂ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ ਤੇ ਜ਼ਿਮੀਂਦਾਰ ਅੱਜ ਵੱਡੇ ਭੰਬਲਭੂਸੇ ਵਿੱਚ ਤੇ ਮਾੜੀ ਮਾਲੀ ਹਾਲਤ ਵਿੱਚ ਗੁਜ਼ਰ ਰਿਹਾ ਹੈ।

## ਰਿੰਪੀ ਮਿੱਤਲ ਤੇ ਕੋਟਲਾ ਵੱਲੋਂ ਹਰਮੀਤ ਸੰਧੂ ਦੇ ਹੱਕ 'ਚ ਜ਼ੋਰਦਾਰ ਪ੍ਰਚਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਗਰ ਸੁਧਾਰ ਟਰੱਸਟ ਬਾਘਾ ਪੁਰਾਣਾ ਦੇ ਚੇਅਰਮੈਨ ਰਮਨ ਮਿੱਤਲ (ਰਿੰਪੀ) ਤੇ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਚੇਅਰਮੈਨ ਮਨਦੀਪ ਮਾਨ ਕੋਟਲਾ ਨੇ ਵਿਧਾਨ ਸਭਾ ਹਲਕਾ ਤਰਨਤਾਰਨ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਮੁਹਿੰਮ ਚਲਾਈ।ਦੋਵੇਂ ਆਗੂਆਂ ਵੱਲੋਂ ਆਪਣੇ ਸਾਥੀਆਂ ਦੇ ਨਾਲ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਤੇ ਹਰ ਇੱਕ ਵੋਟ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਰਮਨ ਮਿੱਤਲ ਤੇ ਮਨਦੀਪ ਮਾਨ ਕੋਟਲਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਦੇ ਲੋਕਾਂ ਦੀ ਭਲਾਈ ਲਈ ਲਏ ਜਾ ਰਹੇ ਇਤਿਹਾਸਕ ਤੇ ਲੋਕ ਹਿਤੈਸ਼ੀ ਫੈਸਲੇ ਆਮ ਆਦਮੀ ਪਾਰਟੀ ਦੀ ਵੱਡੀ ਸਫਲਤਾ ਦਾ ਪ੍ਰਮਾਣ ਹਨ।ਇਹੀ ਕਾਰਨ ਹੈ ਕਿ ਤਰਨਤਾਰਨ ਦੇ ਵੋਟਰ ਇਸ ਵਾਰ ਆਪਣਾ ਫੱਤਵਾ ਆਪ ਦੇ ਹੱਕ ਵਿੱਚ ਸੁਣਾਉਣਗੇ।ਮਾਰਕੀਟ ਕਮੇਟੀ ਦੇ ਚੇਅਰਮੈਨ ਮਨਦੀਪ ਮਾਨ ਕੋਟਲਾ ਨੇ ਕਿਹਾ ਕਿ ਹਰਮੀਤ ਸਿੰਘ ਸੰਧੂ ਇਕ ਸਾਫ-ਸੁਥਰੀ ਛਵੀ ਵਾਲੇ, ਇਮਾਨਦਾਰ ਤੇ ਲੋਕਾਂ ਨਾਲ ਜੁੜੇ ਹੋਏ ਆਗੂ ਹਨ।ਉਨ੍ਹਾਂ ਤਰਨਤਾਰਨ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਇੱਕ-ਇੱਕ ਵੋਟ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਪਾ ਕੇ ਭਗਵੰਤ ਮਾਨ ਦੀ ਵਿਕਾਸ ਯਾਤਰਾ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ, ਤਾਂ ਜੋ ਤਰਨਤਾਰਨ ਵੀ ਬਾਘਾ ਪੁਰਾਣਾ ਦੀ ਤਰ੍ਹਾਂ ਵਿਕਾਸ ਦੇ ਨਵੇਂ ਪੰਨੇ ਲਿਖ ਸਕੇ।

## ਵੇਰਕਾ ਪਲਾਂਟ ਮੱਲਵਾਲ 'ਚ ਸਾਰਾਗੜ੍ਹੀ ਜੰਗਲ ਦਾ ਉਦਘਾਟਨ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਦੀ 128ਵੀ ਵਰ੍ਹੇਗੰਢ ਮੌਕੇ ਬ੍ਰਿਟਿਸ਼ ਆਰਮੀ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ ਬ੍ਰਿਟਿਸ਼ ਡੈਲੀਗੇਸ਼ਨ ਵੱਲੋਂ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫਿਰੋਜ਼ਪੁਰ ਛਾਉਣੀ ਨਮਸਤਕ ਹੋ ਕੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਪ੍ਰਭਾਵਸ਼ਾਲੀ ਸਮਾਗਮ ਉਪਰੰਤ ਬ੍ਰਿਟਿਸ਼ ਆਰਮੀ ਡੈਲੀਗੇਸ਼ਨ ਸਾਰਾਗੜ੍ਹੀ ਫਾਊਂਡੇਸ਼ਨ ਦੇ ਚੇਅਰਮੈਨ ਡਾ. ਗੁਰਿੰਦਰਪਾਲ ਜੋਸਨ ਦੀ ਅਗਵਾਈ ਵਿੱਚ ਵੇਰਕਾ ਪਲਾਂਟ ਮੱਲਵਾਲ ਪੁੱਜਾ, ਜਿੱਥੇ ਵੇਰਕਾ ਪਲਾਂਟ ਦੇ ਚੇਅਰਮੈਨ ਗੁਰਭੇਜ ਸਿੰਘ ਟਿੱਬੀ ਵੱਲੋਂ ਡੈਲੀਗੇਸ਼ਨ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਡੇਲੀਗੇਸ਼ਨ ਵਿੱਚ ਸ਼ਾਮਲ ਬ੍ਰਿਟਿਸ਼ ਆਰਮੀ ਦੇ ਅਫ਼ਸਰ ਸਾਹਿਬਾਨ ਵੱਲੋਂ ਵੇਰਕਾ ਪਲਾਂਟ ਵਿੱਚ ਬਣੇ ਸਾਰਾਗੜ੍ਹੀ ਜੰਗਲ (ਪਾਰਕ) ਦਾ ਉਦਘਾਟਨ ਕਰਨ ਉਪਰੰਤ ਆਪਣੇ ਹੱਥੀਂ ਪੌਦੇ ਵੀ ਲਗਾਏ ਗਏ। ਉਦਘਾਟਨ ਸਮਾਰੋਹ ਦੌਰਾਨ ਗੁਰਭੇਜ ਸਿੰਘ ਟਿੱਬੀ ਨੇ ਕਿਹਾ ਕਿ ਸਰਾਗੜ੍ਹੀ ਜੰਗਲ ਸਿਰਫ਼ ਇਕ ਪ੍ਰਾਕ੍ਰਿਤਕ ਪ੍ਰੋਜੈਕਟ ਨਹੀਂ, ਸਗੋਂ ਸ਼ਹੀਦਾਂ ਦੀ ਸ਼ਹਾਦਤ ਨੂੰ ਜੀਵਤ ਰੱਖਣ ਦਾ ਪ੍ਰਤੀਕ ਹੈ।ਇਹ ਜੰਗਲ 21 ਸ਼ਹੀਦਾਂ ਦੀ ਯਾਦ ਨੂੰ ਸਮਰਪਤ ਹੈ ਤੇ ਹਰ ਰੁੱਖ ਇਕ ਸ਼ਹੀਦ ਦੀ ਸੂਰਵੀਰਤਾ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਵੇਰਕਾ ਵੱਲੋਂ ਕੀਤਾ ਗਿਆ ਇਹ ਯਤਨ ਵਾਤਾਵਰਣ ਸੰਭਾਲ ਤੇ ਸੈਨਿਕ ਵਿਰਾਸਤ ਦੋਵਾਂ ਨੂੰ ਜੋੜਦਾ ਹੈ।ਬ੍ਰਿਟਿਸ਼ ਡੈਲੀਗੇਸ਼ਨ ਦੇ ਮੁਖੀ ਮੇਜਰ ਜਨਰਲ ਜੋਸਨ ਕੌਂਡਲ ਨੇ ਆਪਣੀ ਸ਼ਰਧਾਂਜਲੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਧਰਤੀ 'ਤੇ ਆ ਕੇ ਉਨ੍ਹਾਂ ਨੂੰ ਉਨ੍ਹਾਂ ਬਹਾਦਰ ਸਿਪਾਹੀਆਂ ਦੀ ਰੂਹਾਨੀ ਹਾਜ਼ਰੀ ਮਹਿਸੂਸ ਹੋਈ ਹੈ।ਇਸ ਮੌਕੇ ਬ੍ਰਿਟਿਸ਼ ਡੈਲੀਗੇਸ਼ਨ ਦੇ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ।

## ਸਿਹਤ ਸੇਵਾਵਾਂ ਦੇ ਨਾਲ ਖੇਡਾਂ 'ਚ ਵੀ ਨਾਮਣਾ ਖੱਟ ਰਹੇ ਹਨ ਡਾਕਟਰ ਢਿੱਲੋਂ




**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**-ਫਿਰੋਜ਼ਪੁਰ ਜ਼ਿਲ੍ਹੇ ਦੇ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਤੇ ਚਮੜੀ ਰੋਗਾਂ ਦੇ ਮਸ਼ਹੂਰ ਡਾਕਟਰ ਗੁਰਿੰਦਰਜੀਤ ਸਿੰਘ ਢਿੱਲੋਂ ਸੇਵਾ ਮੁਕਤੀ ਤੋਂ ਬਾਅਦ ਵੀ ਆਪਣੀਆਂ ਸੇਵਾਵਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਨਾਲ ਨਾਲ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਾਜ਼ਿਲਕਾ, ਮੋਗਾ, ਕਪੂਰਥਲਾ ਜ਼ਿਲਿਆਂ ਵਿੱਚ ਵੀ ਹਰ ਹਫ਼ਤੇ ਕਰੀਬ 20 ਸਟੇਸ਼ਨਾਂ 'ਤੇ ਦੇ ਰਹੇ ਹਨ, ਜਿਸ ਨਾਲ ਲੋਕਾਂ ਦੇ ਜਿੱਥੇ ਸਮੇਂ ਦੀ ਬੱਚਤ ਹੋ ਰਹੀ ਹੈ, ਉੱਥੇ ਹੀ ਪੈਸੇ ਦੀ ਬਚਤ ਵੀ ਹੋ ਰਹੀ ਹੈ। ਇਨ੍ਹਾਂ ਸੇਵਾਵਾਂ ਦੇ ਨਾਲ ਨਾਲ ਵੱਖ-ਵੱਖ ਸਮੇਂ ਬਾਰਡਰ ਦੇ ਪਿੰਡਾਂ ਤੇ ਸ਼ਹਿਰਾਂ ਦੀਆਂ ਸਭਾਵਾਂ ਵਿੱਚ ਕੈਂਪ ਲਗਾ ਕੇ ਡਾਕਟਰ ਢਿੱਲੋਂ ਸੇਵਾਵਾਂ ਦੇ ਰਹੇ ਹਨ ਚਮੜੀ ਰੋਗਾਂ ਸਬੰਧੀ ਸੇਵਾਵਾਂ ਦੇ ਨਾਲ ਨਾਲ 72 ਸਾਲ ਦੀ ਉਮਰ ਵਿੱਚ ਵੀ ਉਹ ਖੇਡਾਂ ਵਿੱਚ ਵੀ ਸਮੇਂ ਸਮੇਂ ਸਿਰ ਭਾਗ ਲੈ ਕੇ ਤਮਗੇ ਤੇ ਤਮਗੇ ਜਿੱਤ ਰਹੇ ਹਨ। ਹਰਿਆਣਾ ਵਿੱਚ ਹੋਈਆਂ ਓਪਨ ਮਾਸਟਰ ਖੇਡਾਂ ਵਿੱਚ ਪੰਜਾਬ, ਹਰਿਆਣਾ ਤੇ ਰਾਜਸਥਾਨ ਤੋਂ ਤਕਰੀਬਨ 500 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ, ਜਿਸ ਵਿੱਚ ਡਾਕਟਰ ਢਿੱਲੋਂ ਨੇ ਵੀ ਭਾਗ ਲਿਆ ਤੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਜੈਵਲਿਨ ਥਰੋ ਤੇ ਸ਼ਾਟ-ਪੁੱਟ ਵਿੱਚ 2 ਸੋਨ ਤਮਗੇ ਜਿੱਤ ਕੇ ਫਿਰੋਜ਼ਪੁਰ ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਫਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਵੀ ਡਾਕਟਰ ਢਿੱਲੋਂ ਨੂੰ ਵਿਸ਼ੇਸ਼ ਤੌਰ 'ਤੇ ਮਿਲ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਡਾਕਟਰ ਢਿੱਲੋਂ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਉਨ੍ਹਾਂ ਨੂੰ ਕਈ ਵਾਰ 15 ਅਗਸਤ ਤੇ 26 ਜਨਵਰੀ 'ਤੇ ਸਨਮਾਨਤ ਕੀਤਾ ਜਾ ਚੁੱਕਿਆ ਹੈ।

## ਭਗੌੜਾ ਤੇ ਨਸ਼ੀਲੇ ਪਦਾਰਥਾਂ ਸਮੇਤ 2 ਕਾਬੂ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਸ਼ੀਲੇ ਪਦਾਰਥਾਂ ਤੇ ਅਦਾਲਤ ਵੱਲੋਂ ਭਗੌੜਾ ਕਰਾਰ ਕੀਤੇ ਵਿਅਕਤੀ ਸਮੇਤ 2 ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਕਿ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਵੇਦਪਾਲ ਵਾਸੀ ਟੰਡੀ ਮੰਡ, ਜੋ ਕਿ ਨਸ਼ੇ ਕਰਨ ਦਾ ਆਦੀ ਹੈ ਤੇ ਇਸ ਸਮੇਂ ਪਿੰਡ ਦੇ ਬਾਹਰ ਨਸ਼ੇ ਕਰਕੇ ਘੁੰਮ ਰਿਹਾ ਹੈ। ਪੁਲਸ ਵੱਲੋਂ ਉਸ ਨੂੰ ਗ੍ਰਿਫ਼ਤਾਰ ਕਰਕੇ ਜਦੋਂ ਡੋਪ ਟੈਸਟ ਕਰਵਾਇਆ ਤਾਂ ਰਿਪੋਰਟ ਪਾਜ਼ੀਟਿਵ ਆਈ। ਪੁੱਛਗਿੱਛ ਦੌਰਾਨ ਉਸ ਕੋਲੋਂ 2 ਗ੍ਰਾਮ ਨਸ਼ੀਲਾ ਪਦਾਰਥ ਵੀ ਬਰਾਮਦ ਹੋਇਆ। ਵੇਦਪਾਲ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਦੂਸਰੇ ਮਾਮਲੇ ਸਬੰਧੀ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਸੰਨ 2020 ਵਿੱਚ ਸ਼ਰਾਬ ਤਸਕਰੀ ਮਾਮਲੇ ਵਿੱਚ ਗੁਰਬਾਜ ਸਿੰਘ ਵਾਸੀ ਟੱਪਰੀਆਂ 'ਤੇ ਭਾਰੀ ਮਾਤਰਾ ਵਿਚ ਨਜਾਇਜ਼ ਸ਼ਰਾਬ ਦਾ ਪਰਚਾ ਦਰਜ ਹੋਇਆ ਤੇ ਜਮਾਨਤ ਤੋਂ ਬਾਅਦ ਇਹ ਮੁੜ ਅਦਾਲਤ ਵਿੱਚ ਪੇਸ਼ ਨਾ ਹੋਇਆ, ਜਿਸ ਕਾਰਨ 30-2-2024 ਨੂੰ ਭਗੌੜਾ ਕਰਾਰ ਦਿੱਤਾ ਗਿਆ। ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਨੂੰ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਭਗੌੜਾ ਗੁਰਬਾਜ ਸਿੰਘ ਪਵਾਤ ਪੁਲ ਨੇੜੇ ਖੜ੍ਹਾ ਹੈ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਹੁਣ ਅਦਾਲਤ ਵਿੱਚ ਪੇਸ਼ ਕੀਤਾ ਗਿਆ।

## ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਤਲਵੰਡੀ ਸਾਬੋ ਵਿਖੇ ਡਰੋਨ ਸ਼ੋਅ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਵਿਭਾਗ ਦੇ ਸਾਇੰਸ ਐਂਡ ਇਨਵਾਇਰਮੈਂਟ ਕਲੱਬ ਵੱਲੋਂ ਡਰੋਨ-ਸ਼ੋਅ ਇਵੈਂਟ ਕਰਵਾਇਆ ਗਿਆ।ਮਾਰੁਤ ਡਰੋਨ ਤੇ ਸ੍ਰੀ ਕ੍ਰਿਸ਼ਨਾ ਡ੍ਰੋਨਜ਼ ਕੰਪਨੀ ਦੇ ਜ਼ੋਨਲ ਮੈਨੇਜਰ ਸ੍ਰੀ ਹਿਮਾਂਸ਼ੂ ਸ਼ਰਮਾ ਤੇ ਉਨ੍ਹਾਂ ਦੀ ਟੀਮ ਵੱਲੋਂ ਡਰੋਨ ਸਬੰਧੀ ਵਿਦਿਆਰਥੀਆਂ ਨੂੰ ਹਰ ਪੱਖੋਂ ਮੁਕੰਮਲ ਜਾਣਕਾਰੀ ਦਿੱਤੀ ਗਈ ਤੇ ਇਸ ਦੇ ਸਮਾਜ ਲਈ ਉਪਯੋਗਤਾ ਬਾਰੇ ਉਦਾਹਰਣ ਦਿੱਤੀ ਕਿ ਡਰੋਨ ਰਾਹੀਂ ਖੇਤਾਂ ਵਿੱਚ ਕਿਵੇਂ ਆਧੁਨਿਕ ਤਕਨੀਕ ਨਾਲ ਸਪਰੇ ਕੀਤੀ ਜਾਂਦੀ ਹੈ ਬਾਰੇ ਡੈਮੋ ਦਿੱਤਾ ਗਿਆ।ਇਸ ਇਵੈਂਟ ਵਿੱਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਵੱਲੋਂ ਸ਼ਿਰਕਤ ਕੀਤੀ ਗਈ ਤੇ ਡਰੋਨ ਕੰਪਨੀ ਦੇ ਜ਼ੋਨਲ ਮੈਨੇਜਰ ਤੇ ਉਨ੍ਹਾਂ ਦੀ ਟੀਮ ਦਾ ਇਸ ਬਹੁਮੁੱਲੀ ਜਾਣਕਾਰੀ ਦੇਣ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਵਿਭਾਗ ਦੇ ਮੁਖੀ ਡਾ. ਨਵਦੀਪ ਗੋਇਲ, ਪ੍ਰੋਫੈਸਰ ਤੇ ਅਧਿਆਪਕਾਂ ਵੱਲੋਂ ਕੰਪਨੀ ਦੇ ਜ਼ੋਨਲ ਮੈਨੇਜਰ ਹਿਮਾਂਸ਼ੂ ਸ਼ਰਮਾ ਤੇ ਉਨ੍ਹਾਂ ਦੀ ਟੀਮ ਦਾ ਨਿੱਘਾ ਸਵਾਗਤ ਕੀਤਾ।ਇਹ ਇਵੈਂਟ ਡਾ. ਯਾਦਵਿੰਦਰ ਕੁਮਾਰ, ਕੋਆਰਡੀਨੇਟਰ ਤੇ ਪ੍ਰਧਾਨ ਸਾਇੰਸ ਐਂਡ ਇਨਵਾਇਰਮੈਂਟ ਕਲੱਬ ਦੀ ਦੇਖ ਰੇਖ ਹੇਠ ਕਰਵਾਇਆ ਗਿਆ, ਜਿਸ ਵਿੱਚ ਡਾ. ਕੁਲਵੰਤ ਸਿੰਘ ਨੇ ਕੋ-ਕੋਆਰਡੀਨੇਟਰ ਵਜੋਂ ਅਹਿਮ ਭੂਮਿਕਾ ਨਿਭਾਈ।ਇਸ ਇਵੈਂਟ ਸਬੰਧੀ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਅਮਨਦੀਪ ਸਿੰਘ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।ਇਸ ਈਵੈਂਟ ਨੂੰ ਨੇਪਰੇ ਚਾੜ੍ਹਨ ਲਈ ਵਿਦਿਆਰਥੀਆਂ ਦੀ ਟੀਮ ਨੇ ਬਹੁਮੁੱਲਾ ਯੋਗਦਾਨ ਪਾਇਆ।

## ਚੇਅਰਮੈਨ ਸੁਭਾਸ਼ ਪਲਤਾ ਵੱਲੋਂ ਹਰਮਨਪ੍ਰੀਤ ਕੌਰ ਨੂੰ ਮਹਿਲਾ ਵਿਸ਼ਵ ਕੱਪ ਜਿੱਤਣ ਦੀ ਵਧਾਈ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵੱਲੋਂ ਭਾਰਤੀ ਮਹਿਲਾ ਟੀਮ ਦੀ ਕਪਤਾਨ ਹਰਮਨ ਪ੍ਰੀਤ ਕੌਰ ਆਈਸੀਸੀ ਜਿੱਤਣ ਦੇ ਵਧਾਈ ਦਿੱਤੀ ਗਈ।ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਦੱਖਣੀ ਅਫਰੀਕਾ ਨੂੰ ਹਰਾ ਕੇ ਪਹਿਲੀ ਵਾਰ ਆਈਸੀਸੀ ਮਹਿਲਾ ਵਿਸ਼ਵ ਕੱਪ ਜਿੱਤਿਆ ਤੇ ਇਸ ਜਿੱਤ ਨਾਲ ਦੇਸ਼ ਭਰ ਵਿੱਚ ਜਸ਼ਨ ਮਨਾਏ ਗਏ ਹਨ।ਸਕੂਲ ਚੇਅਰਮੈਨ ਸੁਭਾਸ਼ ਪਲਤਾ ਨੇ ਕਿਹਾ ਕਿ ਬੱਲੇ ਤੇ ਗੇਂਦ ਦੋਹਾਂ ਨਾਲ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਸ਼ੈਫਾਲੀ ਵਰਮਾ ਤੇ ਦੀਪਤੀ ਦੀ ਸ਼ਰਮਾ ਦਾ ਹਰਮਨ ਹਰਫਨਮੌਲਾ ਪ੍ਰਦਰਸ਼ਨ ਇਸ ਜਿੱਤ ਲਈ ਬਹੁਤ ਮਹੱਤਵਪੂਰਨ ਸੀ।ਮੋਗਾ ਜ਼ਿਲ੍ਹੇ ਦੀ ਜੰਮਪਲ ਕਪਤਾਨ ਹਰਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਭਾਰਤੀ ਮਹਿਲਾ ਟੀਮ ਨੇ ਫਾਈਨਲ ਵਿੱਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ।ਇਸ ਜਿੱਤ ਦੀ ਸਟਾਰ ਦੀਪਤੀ ਸ਼ਰਮਾ ਸੀ, ਜਿਸ ਨੇ ਬੱਲੇ ਨਾਲ 58 ਦੌੜਾਂ ਬਣਾਈਆਂ ਤੇ ਗੇਂਦਾਂ ਨਾਲ ਪੰਜ ਵਿਕਟਾਂ ਲਈਆਂ।ਸ਼ੈਫਾਲੀ ਵਰਮਾ ਨੇ ਵੀ 21 ਸਾਲ ਦੀ ਉਮਰ ਵਿੱਚ ਕੱਪ ਜਿੱਤਣ ਦਾ ਇਤਿਹਾਸ ਰਚ ਦਿੱਤਾ। ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਹ ਟਰਾਫ਼ੀ ਸਿਰਫ ਇੱਕ ਖਿਤਾਬ ਨਹੀਂ ਹੈ, ਇਹ ਘੋਸ਼ਣਾ ਹਰ ਉਸ ਕੁੜੀ ਲਈ ਹੈ ਜੋ ਬੱਲਾ ਜਾਂ ਕਿਤਾਬ ਫੜਦੀ ਹੈ ਅਤੇ ਹੁਣ ਇਸ ਸ਼ਾਨਦਾਰ ਜਿੱਤ ਵਿੱਚ ਆਪਣੀ ਅਸੀਮ ਸੰਭਾਵਨਾ ਨੂੰ ਦਰਸਾਉਂਦੀ ਹੈ।

9-NOV-PAGE-5.qxd 11/8/2025 9:02 PM Page 1



# ਸੀ ਪੀ ਆਈ ਤਹਿਸੀਲ ਫਰੀਦਕੋਟ ਦੀ ਕਾਨਫਰੰਸ 'ਚ ਕਾਮਰੇਡ ਗੁਰਨਾਮ ਸਿੰਘ ਮੁੜ ਸਕੱਤਰ ਚੁਣੇ

## ਜ਼ਿਲ੍ਹਾ ਕਾਨਫਰੰਸ 29 ਨਵੰਬਰ ਨੂੰ ਹੋਵੇਗੀ : ਕੌਸ਼ਲ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਫਰੀਦਕੋਟ ਦੀ ਕਾਨਫਰੰਸ ਸਥਾਨਕ ਸ਼ਹੀਦ ਕਾਮਰੇਡ ਅਜੰਲ ਭਵਨ ਵਿਖੇ ਮਾਸਟਰ ਗੁਰਚਰਨ ਸਿੰਘ ਮਾਨ, ਹਰਪਾਲ ਸਿੰਘ ਮਚਾਕੀ, ਸੁਖਜਿੰਦਰ ਸਿੰਘ ਤੂੰਬੜਭੰਨ ਤੇ ਸੁਖਚਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਸ਼ੋਕ ਮਤਾ ਪਾਸ ਕਰਕੇ ਪਿਛਲੇ ਸਮੇਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਕਾਨਫਰੰਸ ਦਾ ਉਦਘਾਟਨੀ ਭਾਸ਼ਣ ਦਿੰਦੇ ਹੋਏ ਦੱਸਿਆ ਕਿ ਕਮਿਊਨਿਸਟ ਪਾਰਟੀ ਜਮਹੂਰੀ-ਕੇਂਦਰਵਾਦ ਦੇ ਅਸੂਲ ਮੁਤਾਬਕ ਕੰਮ ਕਰਦੀ ਹੈ, ਜਿਸ ਦੀ ਚੋਣ ਹਰ ਤਿੰਨ ਸਾਲ ਬਾਅਦ ਪਿੰਡ ਦੀ ਬ੍ਰਾਂਚ ਤੋਂ ਲੈ ਕੇ ਕੌਮੀ ਕੌਂਸਲ ਦੇ ਪੱਧਰ ਤੱਕ ਆਮ ਪਾਰਟੀ ਵਰਕਰਾਂ ਦੀ ਸਰਗਰਮ ਭਾਈਵਾਲੀ ਨਾਲ ਕੀਤੀ ਜਾਂਦੀ ਹੈ। ਤਹਿਸੀਲ ਸਕੱਤਰ ਕਾਮਰੇਡ ਗੁਰਨਾਮ ਸਿੰਘ ਨੇ ਪਿਛਲੇ ਤਿੰਨ ਸਾਲ ਦੌਰਾਨ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ, ਜਿਸ 'ਤੇ ਹੋਈ ਬਹਿਸ ਵਿੱਚ ਗੋਰਾ ਪਿਪਲੀ ਤੇ ਵੀਰ ਸਿੰਘ ਕੰਮੇਆਣਾ ਨਰੇਗਾ ਆਗੂ, ਬਲਕਾਰ ਸਿੰਘ ਸਹੋਤਾ ਆਊਟਸੋਰਸ ਮੁਲਾਜ਼ਮ ਆਗੂ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਹਰਪਾਲ ਮਚਾਕੀ ਬਿਜਲੀ ਮੁਲਾਜ਼ਮ ਆਗੂ, ਨੌਜਵਾਨ ਆਗੂ ਚਰਨਜੀਤ ਸਿੰਘ ਚੰਮੇਲੀ ਤੇ ਬੀਬੀ ਸ਼ਸ਼ੀ ਸ਼ਰਮਾ ਇਸਤਰੀ ਆਗੂ ਨੇ ਹਿੱਸਾ ਲਿਆ।ਕੁੱਝ ਵਾਧਿਆਂ ਸਮੇਤ ਰਿਪੋਰਟ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ।ਪਾਰਟੀ ਦੇ ਵਿਧਾਨ ਮੁਤਾਬਕ ਪੁਰਾਣੀ ਤਹਿਸੀਲ ਕਮੇਟੀ ਵੱਲੋਂ ਨਵੇਂ ਅਹੁਦੇਦਾਰਾਂ ਤੇ ਨਵੀਂ ਤਹਿਸੀਲ ਕਮੇਟੀ ਲਈ ਪੈਨਲ ਪੇਸ਼ ਕੀਤਾ ਗਿਆ।

ਇਸ ਉਪਰੰਤ ਕਾਮਰੇਡ ਗੁਰਨਾਮ ਸਿੰਘ ਨੂੰ ਅਗਲੇ ਤਿੰਨ ਸਾਲ ਲਈ ਮੁੜ ਸਕੱਤਰ ਵਜੋਂ ਚੁਣ ਲਿਆ ਗਿਆ।ਮਾਸਟਰ ਗੁਰਚਰਨ ਸਿੰਘ ਮਾਨ ਤੇ ਬੀਬੀ ਸ਼ਸ਼ੀ ਸ਼ਰਮਾ ਨੂੰ ਮੀਤ ਸਕੱਤਰ ਤੇ ਇੰਦਰਜੀਤ ਸਿੰਘ ਗਿੱਲ ਨੂੰ ਖ਼ਜ਼ਾਨਚੀ ਚੁਣਿਆ ਗਿਆ।ਇਸ ਦੇ ਇਲਾਵਾ 17 ਮੈਂਬਰਾਂ 'ਤੇ ਅਧਾਰਤ ਨਵੀਂ ਤਹਿਸੀਲ ਕਮੇਟੀ ਦੀ ਚੋਣ ਦੇ ਨਾਲ-ਨਾਲ 29 ਨਵੰਬਰ ਨੂੰ ਹੋਣ ਵਾਲੀ ਜ਼ਿਲ੍ਹਾ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।ਇੱਕ ਮਤਾ ਪਾਸ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਪਿੰਡ ਦੀਪ ਸਿੰਘ ਵਾਲਾ ਦੀ ਪੰਚਾਇਤੀ ਗਲੀ ਤੇ ਦੁਨੀ ਸਿੰਘ ਵੱਲੋਂ ਕੀਤਾ ਨਜਾਇਜ਼ ਕਬਜ਼ਾ ਤੁਰੰਤ ਖਤਮ ਕਰਵਾ ਕੇ ਕਾਮਰੇਡ ਜਸਵਿੰਦਰ ਸਿੰਘ ਨਾਲ ਇਨਸਾਫ ਕੀਤਾ ਜਾਵੇ, ਜਿਸ ਦੇ ਗੁਜ਼ਾਰਾ ਦਾ ਇੱਕੋ-ਇੱਕ ਸਾਧਨ ਉਸ ਦਾ ਛੋਟਾ ਹਾਥੀ ਮਕਾਨ ਅੰਦਰ ਬੰਦ ਹੋਣ ਕਾਰਨ ਉਸ ਦੇ ਪਰਵਾਰ ਲਈ ਭੁੱਖਮਰੀ ਦੇ ਹਾਲਾਤ ਪੈਦਾ ਹੋ ਗਏ ਹਨ। ਇਸ ਮੌਕੇ ਕਾਮਰੇਡ ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ ਤੇ ਜਸਪਾਲ ਸਿੰਘ ਦੀਪ ਸਿੰਘ ਵਾਲਾ, ਪ੍ਰਦੀਪ ਬਰਾੜ, ਜਗਤਾਰ ਸਿੰਘ ਰਾਜੋਵਾਲਾ, ਗੁਰਦੀਪ ਸਿੰਘ ਕੰਮੇਆਣਾ, ਸ਼ਿਵ ਨਾਥ ਦਰਦੀ, ਜਤਿੰਦਰ ਸਿੰਘ, ਸੁਖਚੈਨ ਸਿੰਘ ਥਾਂਦੇਵਾਲਾ ਤੇ ਗੁਰਮੇਲ ਸਿੰਘ ਕਿਲਾ ਨੌ ਸਮੇਤ ਭਾਰੀ ਗਿਣਤੀ ਵਿੱਚ ਪਾਰਟੀ ਦੇ ਡੈਲੀਗੇਟਾਂ ਨੇ ਕਾਨਫਰੰਸ ਵਿੱਚ ਹਾਜ਼ਰੀ ਦਿੱਤੀ।

# ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਡੀ ਸੀ ਦਫਤਰ ਅੱਗੇ ਮੁਜ਼ਾਹਰਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਵੱਖ-ਵੱਖ ਵਿਭਾਗ ਦੇ ਪੈਨਸ਼ਨਰਾਂ ਵੱਲੋਂ ਪ੍ਰਧਾਨ ਸੁਰਿੰਦਰ ਕੁਮਾਰ ਬਾਲੀਆ ਦੀ ਪ੍ਰਧਾਨਗੀ ਹੇਠ ਡੀ. ਸੀ. ਦਫਤਰ ਸੰਗਰੂਰ ਅੱਗੇ ਭਾਰੀ ਰੋਸ ਰੈਲੀ ਤੇ ਮੁਜ਼ਾਹਰਾ ਕੀਤਾ ਗਿਆ।ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਮੰਗਾਂ ਸੰਬੰਧੀ ਦਿਖਾਈ ਜਾ ਰਹੀ ਨਾ-ਪੱਖੀ ਨੀਤੀ ਵਿਰੁੱਧ ਰੋਸ ਪ੍ਰਗਟਾਵਾ ਕੀਤਾ।ਪੰਜਾਬ ਸਰਕਾਰ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ 1-1-2016 ਤੋਂ ਲਾਗੂ ਕਰਨ ਦੇ ਮਿਤੀ 21/10/21 ਦੇ ਆਦੇਸ਼ਾਂ ਨੂੰ ਵੀ ਲਾਗੂ ਨਹੀਂ ਕੀਤਾ ਗਿਆ।ਪੈਨਸ਼ਨ ਰਿਵਾਈਜ਼ਨ ਫਾਰਮੂਲਾ ਰੱਦ ਕਰ ਦਿੱਤਾ, 119% ਡੀ ਏ ਮਰਜ ਕਰਕੇ ਪੈਨਸ਼ਨ ਫਿਕਸ ਕਰਨ ਨੂੰ ਅਦਾਲਤ ਤੋਂ ਸਟੇਅ ਪ੍ਰਾਪਤ ਕਰ ਲਈ ਤੇ 2.59 ਗੁਣਾਕ ਨਾਲ ਪੈਨਸ਼ਨ ਰੀਵਾਇਜ਼ ਨਹੀਂ ਕੀਤੀ, ਜਿਸ ਦੀ ਸਖਤ ਲਫਜ਼ਾਂ ਵਿੱਚ ਨਿਖੇਧੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਰਿੰਦਰ ਸਿੰਘ ਬਾਲੀਆ, ਸ੍ਰਪ੍ਰਸਤ ਜਗਦੀਸ਼ ਸ਼ਰਮਾ, ਪਵਨ ਕੁਮਾਰ ਸ਼ਰਮਾ, ਬਿੱਕਰ ਸਿੰਘ ਸਿਬੀਆ, ਮੋਹਨ ਸਿੰਘ ਬਾਵਾ ਨੇ ਦੱਸਿਆ ਕਿ ਮੁੱਖ ਮੰਤਰੀ ਤੇ ਪੰਜਾਬ ਦੇ ਸਾਰੇ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਤੇ ਰੈਲੀਆਂ ਮੁਜ਼ਾਹਰੇ ਕਰਨ ਦੇ ਬਾਵਜੂਦ ਐਸੋ. ਨਾਲ ਕੋਈ ਸਾਰਥਕ ਹੱਲ ਕਰਨ ਲਈ ਮੀਟਿੰਗ ਨਹੀਂ ਕੀਤੀ ਜਾਂਦੀ, ਜਿਸ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ।ਪੈਨਸ਼ਨਰਾਂ ਦਾ 16% ਡੀ ਏ, 140 ਮਹੀਨਿਆਂ ਦੇ ਡੀ ਏ ਦੇ ਬਕਾਏ, ਅਦਾਲਤੀ ਫੈਸਲੇ ਲਾਗੂ ਨਾ ਕਰਕੇ ਪੈਨਸ਼ਨਰ ਬਹੁਤ ਦੁਖੀ ਤੇ ਪ੍ਰੇਸ਼ਾਨ ਹਨ।ਦੂਜੇ ਪਾਸੇ ਆਈ ਏ ਐੱਸ, ਪੀ ਸੀ ਐੱਸ ਤੇ ਜੁਡੀਸ਼ੀਅਲ ਅਧਿਕਾਰੀਆਂ ਨੂੰ ਮਿਲ ਚੁੱਕੀ ਹੈ, ਜੋ ਕਿ ਬਹੁਤ ਬੇਇਨਸਾਫੀ ਹੈ।ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਫੈਸਲੇ ਅਨੁਸਾਰ 16 ਨਵੰਬਰ ਨੂੰ ਮੁੱਖ ਮੰਤਰੀ ਦੇ ਹਲਕਾ ਧੂਰੀ ਵਿਖੇ ਪੰਜਾਬ ਪੱਧਰ ਦੇ ਮੁਜ਼ਾਹਰੇ ਵਿੱਚ ਭਾਰੀ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਰਾਮ ਲਾਲ ਸ਼ਰਮਾ, ਜਸਮੇਲ ਸਿੰਘ, ਕੁਲਵੰਤ ਸਿੰਘ, ਹਵਾ ਸਿੰਘ, ਸੁਖਵਿੰਦਰ ਸਿੰਘ ਖੇੜੀ, ਮੰਗਲ ਰਾਣਾ, ਦਰਸ਼ਨ ਸਿੰਘ, ਫੈਜ ਖਾਂ, ਪ੍ਰੇਮ ਚੰਦ ਗੋਇਲ, ਰੰਗੀ ਰਾਮ ਉੱਪਲੀ, ਸੀਤਾ ਰਾਮ ਸਰਮਾਂ, ਭੋਲਾ ਸਿੰਘ ਘਨੌਰੀ, ਰਾਜਿੰਦਰ ਕੁਮਾਰ, ਗੁਰਚਰਨ ਸਿੰਘ, ਰਾਜਿੰਦਰ ਸਿੰਘ, ਸੁਖਦੇਵ ਸਿੰਘ, ਉਜਾਗਰ ਸਿੰਘ ਆਦਿ ਹਾਜ਼ਰ ਸਨ।

# ਸੁਪਰ ਸੀਡਰ ਦੀ ਲਪੇਟ 'ਚ ਆਉਣ ਨਾਲ ਮਜ਼ਦੂਰ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਚੰਨਣਵਾਲ ਵਿਖੇ ਵਾਪਰੇ ਖੇਤੀਬਾੜੀ ਹਾਦਸੇ 'ਚ ਇੱਕ ਪ੍ਰਵਾਸੀ ਮਜ਼ਦੂਰ ਦੀ ਮੌਤ ਹੋਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਚੰਦ ਮਹਿਤਾ ਵਾਸੀ ਬਿਹਾਰ ਵਜੋਂ ਹੋਈ ਹੈ, ਜੋ ਕਿ ਇਕ ਕਿਸਾਨ ਗੁਰਜੋਤ ਸਿੰਘ ਚੰਨਣਵਾਲ ਦੇ ਖੇਤ 'ਚ ਕਣਕ ਦੀ ਬਿਜਾਈ ਦਾ ਕੰਮ ਕਰ ਰਿਹਾ ਸੀ।ਇਸ ਦੌਰਾਨ ਚੰਦ ਮਹਿਤਾ ਅਚਾਨਕ ਸੁਪਰ ਸੀਡਰ ਦੀ ਲਪੇਟ ਵਿੱਚ ਆ ਗਿਆ, ਇਸ ਹਾਦਸੇ 'ਚ ਉਸ ਦੀ ਮੌਕੇ 'ਤੇ ਮੌਤ ਹੋ ਗਈ।ਮ੍ਰਿਤਕ ਮਜ਼ਦੂਰ ਆਪਣੇ ਪਿੱਛੇ ਤਿੰਨ ਬੱਚੇ, ਪਤਨੀ ਤੇ ਪਿਤਾ ਨੂੰ ਛੱਡ ਗਿਆ ਹੈ।ਗ੍ਰਾਮ ਪੰਚਾਇਤ ਤੇ ਵੱਖ-ਵੱਖ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਪ੍ਰਵਾਸੀ ਮਜ਼ਦੂਰ ਦੇ ਪੀੜਤ ਪਰਵਾਰ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।ਇਸ ਸੰਬੰਧੀ ਥਾਣਾ ਮਹਿਲ ਕਲਾਂ ਦੇ ਏ ਐੱਸ ਆਈ ਜਗਰੂਪ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਅਗਲੀ ਕਾਰਵਾਈ ਮ੍ਰਿਤਕ ਦੇ ਪਰਵਾਰ ਵੱਲੋਂ ਬਿਆਨ ਦਰਜ ਕਰਵਾਉਣ ਤੋਂ ਬਾਅਦ ਕੀਤੀ ਜਾਵੇਗੀ।

# ਕੈਲਾਸ਼ ਰਾਣੀ ਨਮਿੱਤ ਪਾਠ ਦਾ ਭੋਗ ਅੱਜ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਧੀਰ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਪਿਛਲੇ ਦਿਨੀਂ ਸਥਾਨਕ ਨਵ ਭਾਰਤ ਕਲਾ ਮੰਚ ਦੇ ਪ੍ਰਧਾਨ ਤੇ ਸਮਾਜ ਸੇਵੀ ਸੁਰਿੰਦਰ ਧੀਰ ਦੇ ਭਰਜਾਈ ਤੇ ਲਖਵਿੰਦਰ ਧੀਰ (ਲੱਕੀ) ਦੀ ਧਰਮਪਤਨੀ ਕੈਲਾਸ਼ ਰਾਣੀ ਅਚਾਨਕ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਮੌਕੇ ਇਲਾਕੇ ਦੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।ਉਨ੍ਹਾਂ ਨਮਿੱਤ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਸ਼ੀਤਲਾ ਬਿਰਧ ਆਸ਼ਿਆਨਾ, ਨੇੜੇ ਪਾਣੀ ਵਾਲੀ ਟੈਂਕੀ ਰਾਮਪੁਰਾ ਫੂਲ ਵਿਖੇ 09 ਨਵੰਬਰ ਐਤਵਾਰ ਨੂੰ ਦੁਪਹਿਰ 12.00 ਵਜੇ ਤੋਂ 01.00 ਵਜੇ ਪਵੇਗਾ ਤੇ ਅੰਤਿਮ ਅਰਦਾਸ ਹੋਵੇਗੀ।

# ਪਾਥਵੇਜ਼ ਗਲੋਬਲ ਸਕੂਲ ਦਾ ਵਿਦਿਆਰਥੀ ਰਿਐਲਿਟੀ ਸ਼ੋਅ ਲਈ ਸਿਲੈਕਟ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦਾ ਨੌਵੀਂ ਕਲਾਸ ਦਾ ਵਿਦਿਆਰਥੀ ਏਕਮਿਸਨ ਸਿੰਘ ਭੁੱਲਰ ਨੇ ਮਿਊਜ਼ਿਕ ਟੀਚਰ ਗੁਰਕਮਲ ਸਿੰਘ ਦੀ ਯੋਗ ਅਗਵਾਈ ਹੇਠ ਰਿਆਲਿਟੀ ਸ਼ੋ, ਜਿਸ ਦਾ ਨਾਮ ਕਿਸ ਮੇਂ ਕਿਤਨਾ ਹੈ ਦਮ, ਵਿੱਚ ਪਹਿਲੇ ਰਾਊਂਡ ਲਈ ਸਿਲੈਕਸ਼ਨ ਪ੍ਰਾਪਤ ਕਰ ਲਈ ਹੈ।ਇਹ ਰਿਆਲਿਟੀ ਸ਼ੋ ਕੈਂਬਰਿਜ ਕੌਨਵੈਂਟ ਸਕੂਲ ਕੋਟ ਈਸੇ ਖਾਂ ਵਿਖੇ ਕਰਵਾਇਆ ਗਿਆ ਸੀ।ਏਕਮਿਸਨ ਨੇ ਕਵੀਸ਼ਰੀ ਵਿਵੇਟ ਵਿੱਚ ਭਾਗ ਲਿਆ ਤੇ ਆਪਣੇ ਸ਼ਾਨਦਾਰ ਟੈਲੇਂਟ ਦਾ ਪ੍ਰਦਰਸ਼ਨ ਕਰਕੇ ਪਹਿਲੇ ਰਾਊਂਡ ਵਿੱਚ ਸਿਲੈਕਸ਼ਨ ਹਾਸਲ ਕੀਤੀ।ਇਸ ਮੌਕੇ ਸਕੂਲ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੰਧੂ, ਚਾਰਤ ਕੰਬੋਜ, ਸਤਨਾਮ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਮਾਨਯੋਗ ਪ੍ਰਿੰਸੀਪਲ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਏਕਮਿਸਨ ਸਿੰਘ ਭੁੱਲਰ ਦੀ ਇਸ ਪ੍ਰਾਪਤੀ ਲਈ ਉਸ ਦੀ ਹੌਸਲਾ ਅਫਜ਼ਾਈ ਕੀਤੀ।

# ਵਾਟਰ ਸਪਲਾਈ ਦੀ ਪਾਈਪ ਟੁੱਟਣ ਕਾਰਨ ਲੋਕ ਪ੍ਰੇਸ਼ਾਨ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਜਸਵਿੰਦਰ ਸਿੰਘ ਲਿਬੜਾ ਪੱਤੀ ਦੁੱਲਟ ਲੌਂਗੋਵਾਲ ਦੇ ਘਰ ਨਜ਼ਦੀਕ ਤੇ ਵਾਰਡ ਨੰ. 15 ਵਿੱਚ ਵਾਟਰ ਸਪਲਾਈ ਦੀ ਪਾਈਪ ਟੁੱਟੀ ਹੋਣ ਕਰਕੇ ਜਿੱਥੇ ਪਾਣੀ ਦੀ ਬੇਕਦਰੀ ਹੋ ਰਹੀ ਹੈ, ਉਥੇ ਹੀ ਵਾਰਡ ਵਾਸੀਆਂ ਨੂੰ ਪਾਣੀ ਦੀ ਸਪਲਾਈ ਵਿੱਚ ਵੀ ਵਿਘਨ ਪੈ ਰਿਹਾ ਹੈ।ਲੋਕਾਂ ਨੇ ਦੱਸਿਆ ਕਿ ਵਾਟਰ ਸਪਲਾਈ ਵਾਲੀ ਪਾਈਪ ਟੁੱਟੀ ਨੂੰ ਇੱਕ ਹਫਤਾ ਬੀਤ ਚੁੱਕਾ ਹੈ ਤੇ ਕੋਈ ਵੀ ਅਧਿਕਾਰੀ ਦੇਖਣ ਲਈ ਨਹੀਂ ਆਇਆ ਅਤੇ ਪਾਣੀ ਦੀ ਪਾਈਪ ਟੁੱਟਣ ਕਰਕੇ ਸੜਕ ਵਿਚਕਾਰ ਟੋਆ ਪੈ ਗਿਆ ਹੈ, ਜਿਸ ਨਾਲ ਰਾਹਗੀਰਾਂ ਨੂੰ ਵੀ ਮੁਸ਼ਕਲ ਆ ਰਹੀ ਹੈ ਅਤੇ ਸੜਕ ਦਾ ਬੁਰਾ ਹਾਲ ਹੋਇਆ ਪਿਆ ਹੈ।ਵਾਰਡ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਪਾਣੀ ਦੀ ਪਾਈਪ ਦੀ ਮੁਰੰਮਤ ਕਰਕੇ ਵਾਰਡ ਵਾਸੀਆਂ ਦੀ ਮੁਸ਼ਕਲ ਦਾ ਹੱਲ ਕੀਤਾ ਜਾਵੇ ਤੇ ਸੜਕ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਹੋ ਸਕੇ।

## ਕਾਤਰਾਂ

### 30 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 30 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਕੁੱਲਗੜ੍ਹੀ ਪੁਲਸ ਦੇ ਸਹਾਇਕ ਥਾਣੇਦਾਰ ਤਰਲੋਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਫਿਰੋਜ਼ਪੁਰ ਦਾਣਾ ਮੰਡੀ ਕੈਂਟ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮਹਿੰਦਰ ਸਿੰਘ ਪੁੱਤਰ ਮੁਲਖਾ ਸਿੰਘ ਵਾਸੀ ਪਿੰਡ ਨੂਰਪੁਰ ਸੇਠਾਂ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜਿਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਨਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ 'ਤੇ ਛਾਪੇਮਾਰੀ ਕੀਤੀ ਤਾਂ ਦੋਸ਼ੀ ਮਹਿੰਦਰ ਸਿੰਘ ਨੂੰ 30 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਮਾਤਾ ਜਗਰੂਪ ਕੌਰ ਨਮਿੱਤ ਅੰਤਿਮ ਅਰਦਾਸ ਅੱਜ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼ਹੀਦ ਊਧਮ ਸਿੰਘ ਸਰਕਾਰੀ ਸਕੂਲ (ਮੁੰਡੇ) ਸੁਨਾਮ ਵਿਖੇ ਤਾਇਨਾਤ ਲੈਕਚਰਾਰ ਦਵਿੰਦਰ ਸਿੰਘ ਦੀ ਮਾਤਾ ਤੇ ਜਵਾਹਰ ਨਵੋਦਿਆ ਵਿਦਿਆਲਿਆ ਲੌਂਗੋਵਾਲ ਵਿਖੇ ਤਾਇਨਾਤ ਪੰਜਾਬੀ ਅਧਿਆਪਕਾ ਕੁਲਵੀਰ ਕੌਰ ਦੀ ਸੱਸ ਜਗਰੂਪ ਕੌਰ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ।ਸਵ. ਮਾਤਾ ਜਗਰੂਪ ਕੌਰ ਨਮਿੱਤ ਪਰਵਾਰ ਵੱਲੋਂ ਰੱਖੀ ਗਈ ਅੰਤਿਮ ਅਰਦਾਸ ਤੇ ਭੋਗ ਸਮਾਗਮ 9 ਨਵੰਬਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਜਵਾਹਰ ਨਵੋਦਿਆ ਵਿਦਿਆਲਿਆ, ਝਾੜੋਂ ਰੋਡ ਲੌਂਗੋਵਾਲ ਵਿਖੇ ਹੋਵੇਗਾ।ਇਸ ਮੌਤ 'ਤੇ ਪ੍ਰਿੰ. ਰਾਜੀਵ ਸ਼ਰਮਾ, ਪਰਮਿੰਦਰ ਸਿੰਘ, ਕਰਨੈਲ ਸਿੰਘ, ਰਾਜੇਸ਼ ਕੁਮਾਰ ਸੁਨਾਮ, ਮੇਲਾ ਸਿੰਘ ਸੂਬੇਦਾਰ, ਅਮਰਜੀਤ ਸਿੰਘ ਗਿੱਲ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਹੈਰੋਇਨ ਸਮੇਤ ਕਾਬੂ

**ਧੂਰੀ (ਮਨੋਹਰ ਸਿੰਘ ਸੱਗੂ)**-ਥਾਣਾ ਸਦਰ ਧੂਰੀ ਅਧੀਨ ਆਉਂਦੀ ਪੁਲਸ ਚੌਂਕੀ ਭਲਵਾਨ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ।ਜਾਣਕਾਰੀ ਅਨੁਸਾਰ ਪੁਲਸ ਚੌਂਕੀ ਭਲਵਾਨ ਦੇ ਇੰਚਾਰਜ ਕਮਲਜੀਤ ਸਿੰਘ ਵੱਲੋਂ ਆਪਣੀ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਭਲਵਾਨ ਤੋਂ ਛੀਟਾਂਵਾਲਾ ਨੂੰ ਜਾਂਦਿਆਂ ਬਾ-ਹੱਦ ਭਲਵਾਨ ਜੰਮੂ-ਕਟੜਾ ਹਾਈਵੇਅ ਨੇੜਿਓਂ ਪੁਲਸ ਪਾਰਟੀ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗੇ ਗਵਿੰਦਰ ਸਿੰਘ ਉਰਫ਼ ਗੌਂਦੀ ਵਾਸੀ ਕੰਧਾਰਗੜ੍ਹ ਛੰਨਾ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਦੌਰਾਨ ਉਸ ਪਾਸੋਂ 11 ਗ੍ਰਾਮ ਨਸ਼ੀਲਾ ਪਦਾਰਥ ਹੈਰੋਇਨ/ ਚਿੱਟਾ ਬਰਾਮਦ ਕਰਕੇ ਉਸ ਖਿਲਾਫ਼ ਨਸ਼ਾ ਵਿਰੋਧੀ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ।

# ਪਰਾਲੀ ਸਾੜਨ ਸੰਬੰਧੀ ਕਾਰਵਾਈ ਦੇ ਡਰੋਂ ਕਿਸਾਨ ਨੇ ਪੀਤੀ ਸਪਰੇਅ



**ਲਹਿਰਾਗਾਗਾ (ਗੀਤਵਾਲ)**-ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਸੰਬੰਧੀ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ, ਉੱਥੇ ਹੀ ਇਨ੍ਹਾਂ 'ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦੇ ਚਲਦਿਆਂ ਹਲਕਾ ਲਹਿਰਾਗਾਗਾ ਦੇ ਪਿੰਡ ਹਮੀਰਗੜ੍ਹ ਦੇ 45 ਸਾਲਾ ਕਿਸਾਨ ਕੁਲਵੰਤ ਸਿੰਘ ਵੱਲੋਂ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਸੰਬੰਧੀ ਕਾਰਵਾਈ ਦੀਆਂ ਧਮਕੀਆਂ ਤੋਂ ਪ੍ਰੇਸ਼ਾਨ ਹੋ ਕੇ ਜ਼ਹਿਰੀਲੀ ਚੀਜ਼ ਨਿਗਲ ਲਈ ਗਈ, ਜਿਸ ਤੋਂ ਬਾਅਦ ਕਿਸਾਨ ਕੁਲਵੰਤ ਸਿੰਘ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ, ਜਿਸ ਤੋਂ ਬਾਅਦ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਹਰਿਆਣਾ ਸੂਬੇ ਦੇ ਟੋਹਾਣਾ ਵਿਖੇ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।ਕੁਲਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਜਦੋਂ ਇਸ ਬਾਰੇ ਗੱਲਬਾਤ ਕੀਤੀ ਤਾਂ ਕੁਲਵੰਤ ਸਿੰਘ ਦੇ ਪੁੱਤਰ ਨੇ ਦੱਸਿਆ ਕਿ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਮੇਰੇ ਪਿਤਾ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਤੇ ਅਧਿਕਾਰੀਆਂ ਵੱਲੋਂ ਮੇਰੇ ਪਿਤਾ ਦੇ ਨਾਲ ਬਦਸਲੂਕੀ ਕੀਤੀ ਗਈ।ਇੰਜ ਬਦਸਲੂਕੀ ਨੂੰ ਮੇਰੇ ਪਿਤਾ ਸਹਾਰ ਨਾ ਸਕੇ ਤੇ ਮੇਰੇ ਪਿਤਾ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਲਈ ਗਈ।ਉਨ੍ਹਾਂ ਦੱਸਿਆ ਕਿ ਸਾਡੇ ਕੋਲ ਛੇ ਕਿੱਲ੍ਹੇ ਜ਼ਮੀਨ ਹੈ ਅਤੇ ਅਸੀਂ ਦੋ ਭਾਈ ਹਾਂ ਸਾਡੇ ਪਿਤਾ ਹੀ ਕਮਾਉਣ ਵਾਲੇ ਹਨ, ਹੁਣ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਜੇਕਰ ਮੇਰੇ ਪਿਤਾ ਨੂੰ ਕੁਝ ਹੋ ਜਾਂਦਾ ਹੈ, ਤਾਂ ਇਹ ਮੁਲਾਜ਼ਮ ਜ਼ਿੰਮੇਵਾਰ ਹੋਣਗੇ।

# ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀਆਂ ਸਹਾਇਕ ਗਤੀਵਿਧੀਆਂ 'ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਦੇ ਪ੍ਰਿੰਸੀਪਲ ਸੁਖਿਆ ਖੁਰਾਣਾ ਦੀ ਅਗਵਾਈ ਹੇਠ ਸਕੂਲ ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਇੰਸਟੀਟਿਊਟ ਔਫ ਮੈਨੇਜਮੈਂਟ ਟੈਕਨਾਲੌਜੀ ਕਾਲਜ ਮੁਲਾਂਪੁਰ (ਦਾਖਾ) ਦੁਆਰਾ ਆਯੋਜਿਤ ਕੀਤੇ ਗਏ 'ਅਨੁਭਵ 2025' ਵਿੱਚ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈ ਕੇ ਮੱਲਾਂ ਮਾਰੀਆਂ, ਜਿਸ ਵਿੱਚ ਮਹਿੰਦੀ ਪ੍ਰਤਿਯੋਗਤਾ ਵਿੱਚ ਬਾਰਵੀਂ ਜਮਾਤ ਦੀ ਵਿਦਿਆਰਥਣ ਰਜਨੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਰੰਗੋਲੀ ਪ੍ਰਤੀਯੋਗਤਾ ਵਿੱਚ ਗਿਆਰਵੀਂ ਕਲਾਸ ਦੇ ਵਿਦਿਆਰਥੀ ਨਵਦੀਪ ਸਿੰਘ, ਆਰਤੀ ਦੇਵੀ, ਅੰਜਲੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਪੋਸਟਰ ਮੈਕਿੰਗ ਵਿੱਚ ਦਸਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਕੌਰ ਨੇ ਦੂਜਾ ਸਥਾਨ, ਲੋਕਗੀਤ ਲੰਮੀ ਹੇਕ ਵਿੱਚ ਤਰਨਜੀਤ ਕੌਰ ਮੁਸਕਾਨ, ਹਰਸਿਮਰਨ ਕੌਰ, ਜੈਸਮੀਨ ਕੌਰ, ਪਲਕ ਤੇ ਜਵਿਕਾ ਨੇ ਪਹਿਲਾ ਸਥਾਨ, ਲੋਕਗੀਤ ਵਿੱਚ ਬਾਰਵੀਂ ਦੀ ਵਿਦਿਆਰਥਣ ਰਾਜਦੀਪ ਕੌਰ ਨੇ ਤੀਜਾ ਸਥਾਨ ਤੇ ਲੋਕ ਨਾਚ ਵਿੱਚ ਗਿਆਰਵੀਂ ਕਲਾਸ ਦੀ ਵਿਦਿਆਰਥਣ ਮਹਿਕ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਨ੍ਹਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਮੈਡਮ ਨੇਹਾ ਸਹੋਤਾ, ਨਵਜੋਤ ਕੌਰ, ਵੀਰਪਾਲ ਕੌਰ, ਗੁਰਮੀਤ ਕੌਰ, ਜਸਵੀਰ ਕੁਮਾਰੀ ਨੂੰ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਵੱਲੋਂ ਵਧਾਈ ਦਿੱਤੀ ਗਈ ਤੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

# ਬੱਸ ਦਰੱਖ਼ਤ ਨਾਲ ਟਕਰਾਈ, 11 ਬੱਚੇ, ਪ੍ਰਿੰਸੀਪਲ ਤੇ ਡਰਾਈਵਰ ਜ਼ਖ਼ਮੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਲਾਂਡਰਾਂ ਰੋਡ 'ਤੇ ਚੁੰਨੀ ਕਲਾਂ ਨਜ਼ਦੀਕ ਸ਼ਨੀਵਾਰ ਦੁਪਹਿਰ ਵਾਪਰੇ ਇੱਕ ਸੜਕ ਹਾਦਸੇ ਵਿੱਚ ਲਹਿਰਾਗਾਗਾ ਦੇ ਇੱਕ ਨਿੱਜੀ ਸਕੂਲ ਨਾਲ ਸਬੰਧਤ ਵਿਦਿਆਰਥੀਆਂ, ਸਕੂਲ ਪ੍ਰਿੰਸੀਪਲ ਤੇ ਬੱਸ ਡਰਾਇਵਰ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ।ਡੀ.ਐੱਸ.ਪੀ. ਖੁਸ਼ਪ੍ਰੀਤ ਸਿੰਘ ਨੇ ਦੱਸਿਆ ਕਿ ਦੁਪਹਿਰ ਕਰੀਬ 12 ਵਜੇ ਸੂਚਨਾ ਮਿਲੀ ਸੀ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਲਿਜਾ ਰਹੀ ਇੱਕ ਬੱਸ ਹਾਦਸੇ ਦਾ ਸ਼ਿਕਾਰ ਹੋਈ ਹੈ, ਜਿਸ ਸਬੰਧੀ ਮੌਕੇ 'ਤੇ ਪੁੱਜ ਕੇ ਪੁਲਸ ਵੱਲੋਂ ਕੀਤੀ ਗਈ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਪੰਜਾਬ ਪਬਲਿਕ ਸਕੂਲ, ਲਹਿਰਾਗਾਗਾ ਦੇ ਵਿਦਿਆਰਥੀ ਤੇ ਅਧਿਆਪਕ ਤਿੰਨ ਵੱਖ ਵੱਖ ਬੱਸਾਂ 'ਚ ਸਵਾਰ ਹੋ ਕੇ ਸਕੂਲ ਟ੍ਰਿਪ 'ਤੇ ਚੰਡੀਗੜ੍ਹ ਜਾ ਰਹੇ ਸਨ, ਜੋ ਕਿ ਚੁੰਨੀ ਕਲਾਂ ਨਜ਼ਦੀਕ ਉਨ੍ਹਾਂ 'ਚੋਂ ਇੱਕ ਬੱਸ ਸੰਤੁਲਨ ਵਿਗੜ ਜਾਣ ਕਾਰਨ ਸੜਕ ਕਿਨਾਰੇ ਲੱਗੇ ਇੱਕ ਦਰੱਖ਼ਤ ਨਾਲ ਜਾ ਟਕਰਾਈ।ਇਸ ਹਾਦਸੇ ਕਾਰਨ 11 ਵਿਦਿਆਰਥੀਆਂ, ਸਕੂਲ਼ ਪ੍ਰਿੰਸੀਪਲ ਤੇ ਬੱਸ ਦੇ ਡਰਾਈਵਰ ਦੇ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ 'ਚ ਇਲਾਜ ਲਈ ਭੇਜਿਆ ਗਿਆ ਹੈ।ਇਸ ਹਾਦਸੇ ਕਾਰਨ ਬੱਸ ਦੇ ਡਰਾਈਵਰ ਦੀ ਲੱਤ ਟੁੱਟ ਗਈ, ਜਦੋਂ ਕਿ ਸਾਰੇ ਜ਼ਖਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

# ਡੀ ਐੱਸ ਪੀ ਧਾਲੀਵਾਲ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਜੁਟਣ ਦਾ ਸੱਦਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਸਬ-ਡਵੀਜ਼ਨ ਮਹਿਲ ਕਲਾਂ ਦੇ ਡੀ ਐੱਸ ਪੀ ਜਸਪਾਲ ਸਿੰਘ ਧਾਲੀਵਾਲ ਨੇ ਬੱਸ ਸਟੈਂਡ ਮਹਿਲ ਕਲਾਂ ਵਿਖੇ ਨੌਜਵਾਨਾਂ ਨਾਲ ਮੀਟਿੰਗ ਕਰਕੇ ਨਸ਼ਿਆਂ ਦੇ ਖ਼ਿਲਾਫ਼ ਲੜਾਈ 'ਚ ਅੱਗੇ ਆਉਣ ਦਾ ਸੱਦਾ ਦਿੱਤਾ।ਡੀ ਐੱਸ ਪੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡਾਂ ਤੇ ਕਸਬਿਆਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਲਗਾਤਾਰ ਵਧਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਸਮਾਜ ਨੂੰ ਨਸ਼ਾ ਰਹਿਤ ਬਣਾਉਣ ਲਈ ਸਰਕਾਰ ਦੇ ਯਤਨਾਂ ਦਾ ਸਹਿਯੋਗ ਦੇਣਾ ਚਾਹੀਦਾ ਹੈ, ਤਾਂ ਜੋ ਭਵਿੱਖ 'ਚ ਨਵੀਂ ਪਨੀਰੀ ਨੂੰ ਬਚਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਥਾਣਾ ਮਹਿਲ ਕਲਾਂ, ਠੁੱਲੀਵਾਲ ਤੇ ਟੱਲੇਵਾਲ ਹੇਠ ਆਉਂਦੇ ਸਾਰੇ ਪਿੰਡਾਂ ਵਿੱਚ ਨਸ਼ਾ ਵਿਰੋਧੀ ਕਮੇਟੀਆਂ ਦਾ ਗਠਨ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ, ਸਮਾਜ ਸੇਵੀ ਸੰਸਥਾਵਾਂ, ਕਿਸਾਨ ਜਥੇਬੰਦੀਆਂ ਤੇ ਹੋਰ ਇਨਸਾਫ਼-ਪਸੰਦ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ।ਇਸ ਮੌਕੇ ਏ ਐੱਸ ਆਈ ਜਗਰੂਪ ਸਿੰਘ, ਮੁਨਸ਼ੀ ਗੁਰਪ੍ਰੀਤ ਸਿੰਘ, ਹੌਲਦਾਰ ਬਲਜਿੰਦਰ ਸਿੰਘ, ਹੌਲਦਾਰ ਮਨਜੀਤ ਸਿੰਘ ਆਦਿ ਹਾਜ਼ਰ ਸਨ।

# ਕੈਪਟਨ ਹਰਚਰਨ ਸਿੰਘ ਰੋਡੇ ਨਮਿੱਤ ਅੰਤਮ ਅਰਦਾਸ ਭਲਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਰਹੇ ਬਾਬਾ ਜੋਗਿੰਦਰ ਸਿੰਘ ਦੇ ਸਪੁੱਤਰ ਕੈਪਟਨ ਹਰਚਰਨ ਸਿੰਘ ਰੋਡੇ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਉਨ੍ਹਾਂ ਦੇ ਜੱਦੀ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖਾਲਸਾ ਵਿਖੇ 10 ਨਵੰਬਰ ਨੂੰ ਹੋਵੇਗੀ।ਇਹ ਜਾਣਕਾਰੀ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਦਿੰਦਿਆਂ ਕਿਹਾ ਕਿ ਕੈਪਟਨ ਹਰਚਰਨ ਸਿੰਘ ਰੋਡੇ ਇੱਕ ਨਵੰਬਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।ਉਨ੍ਹਾਂ ਨੇ ਜਿੱਥੇ ਸੰਯੁਕਤ ਅਕਾਲੀ ਦਲ ਵਿੱਚ ਬਹੁਤ ਲੰਬਾ ਸਮਾਂ ਪੰਥਕ ਸੇਵਾਵਾਂ ਨਿਭਾਈਆਂ, ਉਥੇ ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਖਿਲਾਫ਼ ਵੀ ਇੱਕ ਲੰਬੀ ਲੜਾਈ ਲੜ ਕੇ ਸਮਾਜ ਨੂੰ ਚੰਗੀ ਸੇਧ ਦੇਣ ਦਾ ਯਤਨ ਵੀ ਕੀਤਾ। ਆਪਣੇ ਸਕੂਲ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਉਨ੍ਹਾਂ ਨੇ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਭਾਰਤੀ ਸਰਹੱਦਾਂ ਦੀ ਰਾਖੀ ਵੀ ਕੀਤੀ।ਸਾਲ 1984 ਵਿੱਚ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਹੋਏ ਆਪ੍ਰੇਸ਼ਨ 'ਬਲੂ ਸਟਾਰ' ਮਗਰੋਂ ਉਹ ਭਾਰਤੀ ਸੈਨਾ ਵਿੱਚੋਂ ਕੈਪਟਨ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ।ਕੈਪਟਨ ਹਰਚਰਨ ਸਿੰਘ ਰੋਡੇ ਨੂੰ ਜਿੱਥੇ ਇੱਕ ਪੰਥਕ ਆਗੂ ਵਜੋਂ ਯਾਦ ਕੀਤਾ ਜਾਂਦਾ ਹੈ, ਉੱਥੇ ਉਨ੍ਹਾਂ ਵੱਲੋਂ ਖਾੜਕੂਵਾਦ ਦੌਰਾਨ ਨਿਰਦੋਸ਼ੇ ਸਿੱਖ ਨੌਜਵਾਨਾਂ ਨੂੰ ਪੁਲਸ ਹਿਰਾਸਤ ਵਿੱਚੋਂ ਮੁਕਤ ਕਰਾਵਾ ਕੇ ਉਨ੍ਹਾਂ ਦੇ ਪਰਵਾਰਾਂ ਨੂੰ ਸੌਂਪਿਆ।ਉਸ ਸਮੇਂ ਦੇ ਪੀੜਤ ਪਰਵਾਰ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਅੱਜ ਵੀ ਸਿੱਖ ਨੌਜਵਾਨਾਂ ਦਾ ਰਾਖਾ ਮੰਨਦੇ ਹਨ, ਕਿਉਂਕਿ ਕੈਪਟਨ ਸਾਹਿਬ ਵੱਲੋਂ ਉਸ ਸਮੇਂ ਸਮਾਜ ਵਿੱਚ ਦੁਖੀ ਤੇ ਲੋੜਵੰਦਾਂ ਦੀ ਸੇਵਾ ਕਰਨ ਨੂੰ ਹੀ ਤਰਜੀਹ ਦਿੱਤੀ। ਉਨ੍ਹਾਂ ਦੇ ਸਪੁੱਤਰ ਤਿਰਲੋਚਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅੰਤਿਮ ਅਰਦਾਸ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖਾਲਸਾ ਵਿਖੇ 10 ਨਵੰਬਰ ਨੂੰ 11 ਤੋਂ 2 ਵਜੇ ਤੱਕ ਹੋਵੇਗੀ।ਇਸ ਮੌਕੇ ਵੱਖ-ਵੱਖ ਸਿਆਸੀ ਦਲਾਂ ਤੋਂ ਇਲਾਵਾ ਧਾਰਮਿਕ ਸੰਪਰਦਾਵਾਂ ਦੇ ਆਗੂ ਤੇ ਸਮਾਜ ਸੇਵੀ ਸੰਗਠਨਾਂ ਦੇ ਆਗੂ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਨਮਿੱਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰਖਾਏ ਗਏ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਵਿੱਚ ਸ਼ਮੂਲੀਅਤ ਕਰਕੇ ਸ਼ਰਧਾਂਜਲੀਆਂ ਭੇਟ ਕਰਨਗੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਨੂੰ ਮੰਗ ਪੱਤਰ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਅਸ਼ੋਕ ਸ਼ਰਮਾ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫਰੀਦਕੋਟ ਵੱਲੋਂ ਪੰਜਾਬ ਸਰਕਾਰ ਦੇ ਨਾਮ 'ਤੇ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਮੁੱਖ ਮੰਗਾਂ ਬਿਜਲੀ ਸੋਧ ਬਿੱਲ 2025 ਜੋ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਮਨਜ਼ੂਰ ਕਰਨ ਲਈ ਭੇਜਿਆ ਸੀ, ਇਸ ਨੂੰ ਪੰਜਾਬ ਸਰਕਾਰ ਤੁਰੰਤ ਰੱਦ ਕਰਕੇ ਕੇਂਦਰ ਸਰਕਾਰ ਨੂੰ ਵਾਪਸ ਭੇਜਿਆ ਜਾਵੇ, ਤਾਂ ਜੋ ਇਸ ਬਿਜਲੀ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਚੁੰਗਲ 'ਚੋਂ ਕੱਢਿਆ ਜਾ ਸਕੇ। ਇਸ ਦੇ ਨਾਲ ਹੀ ਹੜ੍ਹ ਪੀੜਤਾਂ ਨੂੰ ਅਜੇ ਤੱਕ ਪੂਰਨ ਤੌਰ 'ਤੇ ਮੁਆਵਜ਼ਾ ਨਹੀਂ ਦਿੱਤਾ ਗਿਆ, ਜੋ ਆਮ ਆਦਮੀ ਪਾਰਟੀ ਦੀ ਸੁਪਰੀਮੋ ਆਰਵਿੰਦ ਕੇਜਰੀਵਾਲ ਗੁਜਰਾਤ ਵਿੱਚ ਐਲਾਨ ਕਰ ਰਿਹਾ ਹੈ ਕਿ ਪੰਜਾਬ ਵਿੱਚ ਹੜ੍ਹ ਪੀੜਤਾਂ ਨੂੰ ਪੰਜਾਹ ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਗਿਆ ਹੈ, ਜੋ ਸਚਾਈ ਤੋਂ ਕੋਹਾਂ ਦੂਰ ਝੂਠ ਦਾ ਪੁਲੰਦਾ ਹੈ। ਡੀ ਏ ਪੀ ਤੇ ਯੂਰੀਆ ਖਾਦ ਦੀ ਕਿੱਲਤ ਵੱਡੀ ਮਾਤਰਾ ਵਿੱਚ ਪਾਈ ਜਾ ਰਹੀ ਹੈ, ਇਸ ਨੂੰ ਤੁਰੰਤ ਦੂਰ ਕੀਤਾ ਜਾਵੇ ਤੇ ਝੋਨੇ ਦਾ ਝਾੜ ਘਟਣ ਕਰਕੇ ਕਿਸਾਨਾਂ ਨੂੰ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ ਤਾਂ ਜੋ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਹੋ ਸਕੇ।ਇਸ ਮੌਕੇ ਸ਼ਮਸ਼ੇਰ ਸਿੰਘ ਕਿੰਗਰਾ ਸੂਬਾ ਜਨਰਲ ਸਕੱਤਰ ਕੌਮੀ ਕਿਸਾਨ ਯੂਨੀਅਨ, ਜਸਪਾਲ ਸਿੰਘ ਨੰਗਲ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਸੁਖਦੇਵ ਸਿੰਘ ਬੱਬੀ ਬਰਾੜ ਜ਼ਿਲ੍ਹਾ ਜਨਰਲ ਸਕੱਤਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਰਾਜਵੀਰ ਸੰਧਵਾਂ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ, ਸੁਖਜਿੰਦਰ ਸਿੰਘ ਤੂੰਬੜ ਭੰਨ ਜ਼ਿਲ੍ਹਾ ਪ੍ਰਧਾਨ ਕੁਲਹਿੰਦ ਕਿਸਾਨ ਸਭਾ, ਸੁਖਦੇਵ ਸਿੰਘ ਫੌਜੀ ਜ਼ਿਲ੍ਹਾ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ, ਰਜਿੰਦਰ ਸਿੰਘ ਕਿੰਗਰਾ ਜ਼ਿਲ੍ਹਾ ਮੀਤ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਕੁਲਦੀਪ ਸਿੰਘ ਘੁੱਦੂਵਾਲਾ ਬਲਾਕ ਪ੍ਰਧਾਨ ਸਾਦਕ, ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਜ਼ੋਰਾ ਸਿੰਘ ਭਾਣਾ ਜ਼ਿਲ੍ਹਾ ਜਰਨਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ, ਸ਼ਮਸ਼ੇਰ ਸਿੰਘ ਜਲਾਲੇਆਣਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਸੁਖਦੇਵ ਸਿੰਘ ਜ਼ਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਹਰਮੇਲ ਸਿੰਘ ਢਿੱਲੋਂ ਜ਼ਿਲ੍ਹਾ ਯੂਥ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਹਾਜ਼ਰ ਸਨ।

# ਪਟਿਆਲਾ ਨੂੰ ਵੰਦੇ ਭਾਰਤ ਐੱਕਸਪ੍ਰੈੱਸ ਦਾ ਇਤਿਹਾਸਕ ਤੋਹਫਾ : ਹਰਪਾਲਪੁਰ

## ਸ਼ਹਿਰ ਵਾਸੀਆਂ ਦੀ ਲੰਮੇ ਸਮੇਂ ਦੀ ਮੰਗ ਹੋਈ ਪੂਰੀ : ਜੈਇੰਦਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਪੰਜਾਬ ਨੂੰ ਵਿਕਾਸ ਦੀ ਇੱਕ ਹੋਰ ਵੱਡੀ ਸੌਗਾਤ ਦਿੰਦੇ ਹੋਏ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਐਕਸਪ੍ਰੈੱਸ ਰੇਲਗੱਡੀ ਨੂੰ ਹਰੀ ਝੰਡੀ ਦਿੱਤੀ ਹੈ।ਇਸ ਮਹੱਤਵਪੂਰਨ ਤੇ ਅਤਿ-ਆਧੁਨਿਕ ਰੇਲਗੱਡੀ ਦਾ ਪਟਿਆਲਾ ਵਿਖੇ ਠਹਿਰਾਅ ਨਿਸ਼ਚਿਤ ਕੀਤਾ ਗਿਆ ਹੈ, ਜਿਸ ਦੀ ਸ਼ੁਰੂਆਤ 8 ਨਵੰਬਰ ਨੂੰ ਹੋਵੇਗੀ।ਇਹ ਫੈਸਲਾ ਪਟਿਆਲਾ ਵਾਸੀਆਂ ਲਈ ਇੱਕ ਵੱਡੀ ਰਾਹਤ ਹੈ।ਇਸ ਇਤਿਹਾਸਕ ਪ੍ਰਾਪਤੀ 'ਤੇ ਭਾਜਪਾ ਪੰਜਾਬ ਮਹਿਲਾ ਮੋਰਚਾ ਪ੍ਰਧਾਨ ਸ਼੍ਰੀਮਤੀ ਜੈ ਇੰਦਰ ਕੌਰ ਤੇ ਬੀ ਜੇ ਪੀ ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਨੇ ਸਮੁੱਚੇ ਪਟਿਆਲਾ ਵਾਸੀਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਤੇ ਇਸ ਕਦਮ ਨੂੰ ਇਲਾਕੇ ਦੀ ਤਰੱਕੀ ਲਈ ਮੀਲ ਦਾ ਪੱਥਰ ਦੱਸਿਆ। ਉਨ੍ਹਾਂ ਕਿਹਾ ਕਿ ਪਟਿਆਲਾ ਇੱਕ ਇਤਿਹਾਸਕ, ਸਿੱਖਿਆ ਤੇ ਵਪਾਰਕ ਕੇਂਦਰ ਹੈ ਅਤੇ ਵੰਦੇ ਭਾਰਤ ਦਾ ਠਹਿਰਾਅ ਇਸ ਦੀ ਅਹਿਮੀਅਤ ਨੂੰ ਹੋਰ ਵਧਾਉਂਦਾ ਹੈ।ਇਹ ਰੇਲ ਫਿਰੋਜ਼ਪੁਰ ਕੈਂਟ ਤੋਂ ਦਿੱਲੀ ਤੱਕ ਨਵੀਂ ਸ਼ੁਰੂ ਇਹ ਵੰਦੇ ਭਾਰਤ ਰੇਲਗੱਡੀ ਹੁਣ ਪਟਿਆਲਾ ਵਿਖੇ ਵੀ ਰੁਕਿਆ ਕਰੇਗੀ, ਜਿਸ ਨਾਲ ਰਾਜਧਾਨੀ ਦਿੱਲੀ ਤੱਕ ਦਾ ਸਫ਼ਰ ਬਹੁਤ ਆਸਾਨ ਹੋ ਜਾਵੇਗਾ, ਫਿਰੋਜ਼ਪੁਰ, ਫਰੀਦਕੋਟ, ਪਟਿਆਲਾ ਤੇ ਅੰਬਾਲਾ ਰਹੀ ਅਤੇ ਨਵੀਂ ਦਿੱਲੀ ਪੁੱਜਿਆ ਕਰੇਗੀ, ਜਿਸ ਨਾਲ ਪਟਿਆਲਾ ਦੇ ਨਾਗਰਿਕਾਂ ਦਾ ਸਫ਼ਰ ਹੁਣ ਸੁਰੱਖਿਅਤ, ਆਰਾਮਦਾਇਕ ਤੇ ਬੇਹੱਦ ਤੇਜ਼ ਹੋਵੇਗਾ, ਸਮੇਂ ਦੀ ਬਚਤ ਹੋਵੇਗੀ।ਜੈ ਇੰਦਰ ਕੌਰ ਤੇ ਹਰਪਾਲਪੁਰ ਨੇ ਅੱਗੇ ਗੱਲਬਾਤ ਕਰਦਿਆਂ ਦੱਸਿਆ ਕਿ ਪਟਿਆਲਾ ਵਿਖੇ ਵੰਦੇ ਭਾਰਤ ਰੇਲ ਦੇ ਚੱਲਣ ਨਾਲ ਵਿਦਿਆਰਥੀਆਂ, ਨੌਕਰੀ ਪੇਸ਼ਾ ਲੋਕਾਂ ਤੇ ਖਾਸ ਕਰਕੇ ਵਪਾਰੀਆਂ ਨੂੰ ਬਹੁਤ ਲਾਭ ਮਿਲੇਗਾ, ਜਿਸ ਨਾਲ ਖੇਤਰ ਵਿੱਚ ਵਪਾਰ ਵਿੱਚ ਵਾਧਾ ਹੋਵੇਗਾ ਤੇ ਸਥਾਨਕ ਆਰਥਿਕ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਮਿਲੇਗਾ।ਸ਼੍ਰੀਮਤੀ ਜੈ ਇੰਦਰ ਕੌਰ ਤੇ ਹਰਪਾਲਪੁਰ ਨੇ ਇਸ ਸ਼ਲਾਘਾਯੋਗ ਤੇ ਸਮਾਂਬੱਧ ਕਦਮ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੇਲ ਮੰਤਰੀ ਅਸ਼ਵਨੀ ਵੈਸ਼ਨਵ ਤੇ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਵੰਦੇ ਭਾਰਤ ਐੱਕਪ੍ਰੈੱਸ ਦਾ ਧੂਰੀ ਪੁੱਜਣ 'ਤੇ ਭਰਵਾਂ ਸਵਾਗਤ

## ਜਿਸ ਰਫ਼ਤਾਰ ਨਾਲ ਵੰਦੇ ਭਾਰਤ ਦੌੜੇਗੀ, ਉਸੇ ਰਫ਼ਤਾਰ ਨਾਲ ਪੰਜਾਬ 'ਚ ਭਾਜਪਾ ਸੱਤਾ 'ਚ ਆਏਗੀ : ਰਵਨੀਤ ਬਿੱਟੂ



**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਕੇਂਦਰੀ ਰੇਲ ਵਿਭਾਗ ਵੱਲੋਂ ਫਿਰੋਜ਼ਪੁਰ ਤੋਂ ਦਿੱਲੀ ਤੱਕ ਚਲਾਈ ਗਈ ਨਵੀਂ ਰੇਲ ਗੱਡੀ 'ਵੰਦੇ ਭਾਰਤ ਐਕਸਪ੍ਰੈੱਸ' ਦਾ ਪਹਿਲੇ ਦਿਨ ਧੂਰੀ ਰੇਲਵੇ ਸਟੇਸ਼ਨ ਉੱਪਰ ਪੁੱਜਣ 'ਤੇ ਸਥਾਨਕ ਭਾਜਪਾ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਪੁੱਜੇ ਲੋਕਾਂ ਵੱਲੋਂ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਨਵੀਂ ਵੰਦੇ ਭਾਰਤ ਰੇਲ ਗੱਡੀ ਨਾਲ ਚੱਲ ਰਹੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਸਥਾਨਕ ਭਾਜਪਾ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਰਵਨੀਤ ਸਿੰਘ ਬਿੱਟੂ ਨੇ ਧੂਰੀ ਸਟੇਸ਼ਨ 'ਤੇ ਰੇਲ ਗੱਡੀ ਦਾ ਸਵਾਗਤ ਕਰਨ ਆਏ ਲੋਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਧੂਰੀ ਹਲਕੇ ਦਾ ਨੁਮਾਇੰਦਾ ਹੋਣ ਦੇ ਬਾਵਜੂਦ ਧੂਰੀ ਨਿਵਾਸੀਆਂ ਨੂੰ ਕੋਈ ਵੱਡੀ ਸੌਗਾਤ ਨਹੀਂ ਦੇ ਸਕਿਆ, ਜਦੋਂਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਧੂਰੀ ਵਾਸੀਆਂ ਨੂੰ ਵੰਦੇ ਭਾਰਤ ਐਕਪ੍ਰੈੱਸ ਰੇਲ ਗੱਡੀ ਦੇ ਕੇ ਨਿਵਾਜਿਆ ਹੈ।ਸ੍ਰੀ ਬਿੱਟੂ ਨੇ ਸਟੇਸ਼ਨ 'ਤੇ ਪੁੱਜੇ ਲੋਕਾਂ ਦੇ ਉਤਸ਼ਾਹ ਨੂੰ ਦੇਖਦਿਆਂ ਭਾਵੁਕ ਹੋ ਕੇ ਕਿਹਾ ਕਿ ਜਿਸ ਰਫ਼ਤਾਰ ਨਾਲ ਵੰਦੇ ਭਾਰਤ ਰੇਲ ਦੌੜੇਗੀ, ਉਸੇ ਰਫ਼ਤਾਰ ਨਾਲ ਪੰਜਾਬ 'ਚ ਭਾਜਪਾ ਸੱਤਾ 'ਚ ਆਏਗੀ।ਇਸ ਮੌਕੇ ਭਾਜਪਾ ਆਗੂਆਂ 'ਚ ਹਲਕਾ ਇੰਚਾਰਜ ਹੀਰਾ ਸਿੰਘ, ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਭਾਜਪਾ ਕਿਸਾਨ ਵਿੰਗ ਦੇ ਸਤਵੰਤ ਸਿੰਘ ਪੂਨੀਆ, ਬ੍ਰਿਜੇਸ਼ਵਰ ਗੋਇਲ, ਪ੍ਰਦੀਪ ਗਰਗ, ਜਗਦੇਵ ਜਿੰਦਲ, ਭੁਪੇਸ਼ ਜਿੰਦਲ, ਕ੍ਰਿਸ਼ਨ ਮਿੱਤਲ, ਭਾਜਪਾ ਮਹਿਲਾ ਆਗੂ ਸੁਮਿੱਤਰਾ ਦੇਵੀ ਤੋਂ ਇਲਾਵਾ ਪਤਵੰਤਿਆਂ 'ਚ ਏ ਪੀ ਸੋਲਵੈਕਸ ਦੇ ਡਾਇਰੈਕਟਰ ਪ੍ਰਸ਼ੋਤਮ ਗਰਗ, ਕੌਂਸਲਰ ਅਸ਼ਵਨੀ ਮਿੱਠੂ, ਗਊਸ਼ਾਲਾ ਕਮੇਟੀ ਦੇ ਪ੍ਰਧਾਨ ਸੰਜੇ ਸਿੰਗਲਾ, ਵਪਾਰੀ ਆਗੂ ਵਿਕਾਸ ਜੈਨ ਤੇ ਧੂਰੀ ਵਿਕਾਸ ਮੰਚ ਦੇ ਹੰਸ ਰਾਜ ਬਜਾਜ ਆਦਿ ਮੌਜੂਦ ਸਨ।

# ਥਰਮਲ ਪਲਾਂਟ ਵਿਖੇ ਇੰਜੀਨੀਅਰ ਐਸੋਸੀਏਸ਼ਨ ਦੀ ਅਗਵਾਈ 'ਚ ਰੋਸ ਰੈਲੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਪੰਜਾਬ ਰਾਜ ਬਿਜਲੀ ਬੋਰਡ ਇੰਜੀਨੀਅਰ ਐਸੋਸੀਏਸ਼ਨ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਰੀਜ਼ਨ ਦੇ ਇੰਜੀਨੀਅਰਾਂ ਨੇ ਪਾਵਰਕਾਮ ਮੈਨੇਜਮੈਂਟ ਵੱਲੋਂ ਇੰਜੀ. ਹਰੀਸ਼ ਸ਼ਰਮਾ (ਮੁੱਖ ਇੰਜੀਨੀਅਰ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ) ਦੀ ਮੁਅੱਤਲੀ ਤੇ ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੇ ਡਾਇਰੈਕਟਰ ਜਨਰੇਸ਼ਨ ਇੰਜੀ. ਹਰਜੀਤ ਸਿੰਘ ਨੂੰ ਹਟਾਉਣ ਦੇ ਢੰਗ-ਤਰੀਕੇ 'ਤੇ ਡੂੰਘੀ ਨਰਾਜ਼ਗੀ ਜ਼ਾਹਰ ਕਰਦੇ ਹੋਏ ਰੋਸ ਵਜੋਂ ਥਰਮਲ ਪਲਾਂਟ ਦੇ ਗੇਟ 'ਤੇ ਰੋਸ ਰੈਲੀਆਂ ਕੀਤੀਆਂ ਗਈਆਂ, ਜਿਸ ਵਿੱਚ ਥਰਮਲ ਦੇ ਸਮੂਹ ਇੰਜੀਨੀਅਰਾਂ ਨੇ ਭਾਗ ਲਿਆ। ਮੈਨੇਜਮੈਂਟ ਵੱਲੋਂ ਜਿਸ ਤਰ੍ਹਾਂ ਬੇਬੁਨਿਆਦ ਤੇ ਗੈਰ-ਤਕਨੀਕੀ ਤੱਥਾਂ ਦੇ ਅਧਾਰ 'ਤੇ ਉਪਰੋਕਤ ਦੋਵੇਂ ਇੰਜੀਨੀਅਰਾਂ ਨੂੰ ਦੋਸ਼ੀ ਠਹਿਰਾਏ ਜਾਣ 'ਤੇ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ। ਰੈਲੀ ਦੌਰਾਨ ਸਮੂਹ ਇੰਜੀਨੀਅਰਾਂ ਨੇ ਪ੍ਰਣ ਕੀਤਾ ਕਿ ਮੈਨੇਜਮੈਂਟ ਤੇ ਸਰਕਾਰ ਵੱਲੋਂ ਇੰਜੀਨੀਅਰਾਂ ਵਿੱਚ ਡਰ ਤੇ ਸਹਿਮ ਪੈਦਾ ਕਰਨ ਲਈ ਅਪਣਾਏ ਜਾ ਰਹੇ ਹੱਥ ਕੰਡਿਆਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ ਅਤੇ ਜੇਕਰ ਸਰਕਾਰ ਵੱਲੋਂ ਪਾਵਰਕਾਮ ਦੀਆਂ ਜਾਇਦਾਦਾਂ ਨੂੰ ਵੇਚਣ, ਮਹਿਕਮੇ ਦੀ ਖੁਦਮੁਖਤਿਆਰੀ ਨੂੰ ਢਾਹ ਲਾਉਣ ਲਈ ਜਾਰੀ ਬੇਲੋੜੀ ਰਾਜਨੀਤਕ ਦਖਲ ਅੰਦਾਜ਼ੀ ਤੇ ਲੁਕਵੇਂ ਏਜੰਡੇ ਲਾਗੂ ਕਰਨ ਦੀ ਕੋਸ਼ਿਸ਼ ਤੁਰੰਤ ਬੰਦ ਨਹੀਂ ਕੀਤੀ ਜਾਂਦੀ ਤਾਂ ਇਸ ਦੇ ਜਵਾਬ ਵਿੱਚ ਪੀ ਐੱਸ ਈ ਬੀ ਇੰਜੀਨੀਅਰ ਐਸੋਸੀਏਸ਼ਨ ਦੀ ਕੇਂਦਰੀ ਕਾਰਜਕਾਰਨੀ ਵੱਲੋਂ ਭਵਿੱਖ ਵਿੱਚ ਦਿੱਤੇ ਜਾਣ ਵਾਲੇ ਸੰਘਰਸ਼ ਦੇ ਪ੍ਰੋਗਰਾਮ ਵਿੱਚ ਪੂਰੇ ਜ਼ੋਰਦਾਰ ਢੰਗ ਨਾਲ ਸ਼ਮੂਲੀਅਤ ਕੀਤੀ ਜਾਵੇਗੀ। ਅਖੀਰ ਵਿੱਚ ਇੰਜੀਨੀਅਰ ਐਸੋਸੀਏਸ਼ਨ ਦੀ ਲਹਿਰਾ ਮੁਹੱਬਤ ਇਕਾਈ ਵੱਲੋਂ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਸਮੂਹ ਇੰਜੀਨੀਅਰ ਪੰਜਾਬ ਸਰਕਾਰ ਦੇ ਟੀਚਿਆਂ ਅਨੁਸਾਰ ਲੋਕਾਂ ਨੂੰ ਬਿਹਤਰ ਸੇਵਾਵਾਂ ਤੇ ਨਿਰਵਿਘਨ ਸਪਲਾਈ ਦੇਣ ਲਈ ਬਚਨਬੱਧ ਹਨ। ਇਸ ਲਈ ਸਰਕਾਰ ਨੂੰ ਕਿਸੇ ਵੀ ਅਜਿਹੀ ਕਾਰਵਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਇੰਜੀਨੀਅਰ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣ ਅਤੇ ਮਹਿਕਮੇ ਵਿੱਚ ਅਣਸੁਖਾਵਾਂ ਮਾਹੌਲ ਪੈਦਾ ਹੋਣ ਕਾਰਨ ਲੋਕਾਂ ਨੂੰ ਨਿਰਵਿਘਨ ਸਪਲਾਈ ਦੇਣ ਦੇ ਟੀਚਿਆਂ ਵਿੱਚ ਕੋਈ ਵਿਘਨ ਪਵੇ।

# ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣਾ ਅੱਜ ਦੇ ਸਮੇਂ ਦੀ ਮੁੱਖ ਲੋੜ : ਪ੍ਰੇਮ ਚਾਵਲਾ

- 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੀਤੀ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ
- 16 ਨੂੰ ਧੂਰੀ ਸੂਬਾ ਪੱਧਰੀ ਰੋਸ ਰੈਲੀ ਤੇ ਮੁਜ਼ਾਹਰੇ 'ਚ ਭਰਵੀਂ ਸ਼ਮੂਲੀਅਤ ਦਾ ਫੈਸਲਾ



**ਕੋਟਕਪੂਰਾ (ਰਛਪਾਲ ਭੁੱਲਰ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਰਕੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਇੱਕ ਸ਼ੋਕ ਮਤਾ ਪਾਸ ਕਰਕੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਿੰਸੀਪਲ ਮਹਿੰਦਰ ਪਾਲ ਸਿੰਘ, ਸੇਵਾ ਮੁਕਤ ਪੰਜਾਬੀ ਅਧਿਆਪਕਾ ਅੰਗਰੇਜ਼ ਕੌਰ ਔਲਖ ਤੇ ਕਈ ਹੋਰ ਸਾਥੀਆਂ ਨੂੰ ਯਾਦ ਕਰਦੇ ਹੋਏ 2 ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾ ਦੀ ਫੁੱਲ ਭੇਟ ਕੀਤੇ ਗਏ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਸ੍ਰੀ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਨੂੰ ਯਾਦ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਹਿਣਸ਼ੀਲਤਾ ਭਰਪੂਰ ਜੀਵਨ ਤੋਂ ਪ੍ਰੇਰਨਾ ਲੈਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ।ਇਸ ਕਰਕੇ ਮੌਜੂਦਾ ਦੌਰ ਵਿੱਚ ਮੁਲਕ ਵਿੱਚ ਬਣੇ ਹੋਏ ਗੰਭੀਰ ਹਾਲਾਤਾਂ 'ਤੇ ਡੂੰਘੀ ਚਿੰਤਾ ਤੇ ਵਿਚਾਰ ਕਰਨ ਦੀ ਲੋੜ ਹੈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਮੁਖਤਿਆਰ ਸਿੰਘ ਮੱਤਾ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ ਤੇ ਤਰਸੇਮ ਨਰੂਲਾ ਨੇ ਪੰਜਾਬ ਵਿੱਚ ਪਿਛਲੇ ਪੌਣੇ ਚਾਰ ਸਾਲ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਹੁਣ ਬਿਜਲੀ ਬੋਰਡ ਤੇ ਕਈ ਹੋਰ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਨੂੰ ਵੇਚਣ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਪੰਜਾਬ ਦੇ ਚਾਰ ਸਰਕਾਰੀ ਹਸਪਤਾਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖਧੀ ਕੀਤੀ।ਉਨ੍ਹਾਂ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 16 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕਾ ਧੂਰੀ ਵਿੱਚ ਕੀਤੀ ਜਾ ਰਹੀ ਸੂਬਾ ਪੱਧਰੀ ਰੋਸ ਰੈਲੀ ਤੇ ਮੁਜ਼ਾਹਰੇ ਨੂੰ ਸਫਲ ਬਣਾਉਣ ਲਈ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਗਿਆ ਅਤੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੌਰਾਨ ਸਾਰੇ ਪੈਨਸ਼ਨਰਾਂ ਨੂੰ ਨਵੰਬਰ ਮਹੀਨੇ ਦੌਰਾਨ ਜੀਵਨ ਪ੍ਰਮਾਣ ਐਪ ਰਾਹੀਂ ਆਪਣੇ ਲਾਈਫ ਸਰਟੀਫਿਕੇਟ ਆਨਲਾਈਨ ਕਰਨ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ ਗਈ ਤੇ ਕੋਈ ਮੁਸ਼ਕਿਲ ਆਉਣ ਦੀ ਸਥਿਤੀ ਵਿੱਚ ਜਥੇਬੰਦੀ ਦੇ ਆਗੂ ਤਰਸੇਮ ਨਰੂਲਾ ਨਾਲ ਤੁਰੰਤ ਸੰਪਰਕ ਕਰਨ ਲਈ ਕਿਹਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਅਸ਼ੋਕ ਚਾਵਲਾ ਸੁਪਰਡੈਂਟ, ਜਸਵਿੰਦਰ ਸਿੰਘ ਬਰਾੜ ਸੇਵਾ ਮੁਕਤ ਪੇਂਡੂ ਵਿਕਾਸ ਅਧਿਕਾਰੀ, ਪ੍ਰਿੰਸੀਪਲ ਬਲਬੀਰ ਸਿੰਘ ਬਰਾੜ, ਹਾਕਮ ਸਿੰਘ ਡੀ ਪੀ ਈ, ਮੇਜਰ ਸਿੰਘ ਡੀ ਪੀ ਈ, ਲੈਕਚਰਾਰ ਮੰਦਰ ਸਿੰਘ, ਤਾਰਾ ਸਿੰਘ, ਮਦਨ ਲਾਲ ਸ਼ਰਮਾ ਸੰਧਵਾਂ, ਗੇਜ ਰਾਮ ਭੌਰਾ, ਗਲਵੰਤ ਸਿੰਘ ਔਲਖ, ਜੋਗਿੰਦਰ ਸਿੰਘ ਛਾਬੜਾ, ਵਿਨੋਦ ਕੁਮਾਰ ਧਵਨ ਲੈਕਚਰਾਰ, ਅਮਰਜੀਤ ਸਿੰਘ ਲੈਕਚਰਾਰ, ਰਾਜੀਵ ਕੌਸ਼ਲ ਸਿਹਤ ਵਿਭਾਗ, ਬਿੱਕਰ ਸਿੰਘ ਗੋਂਦਾਰਾ, ਸੁਖਦਰਸ਼ਨ ਸਿੰਘ ਗਿੱਲ ਤੇ ਮਲਕੀਤ ਸਿੰਘ ਢਿੱਲਵਾਂ ਕਲਾਂ ਆਦਿ ਹਾਜ਼ਰ ਸਨ।

# ਕਾਂਗਰਸ ਮੁੱਢ ਤੋਂ ਹੀ ਦਲਿਤਾਂ ਤੇ ਪੱਛੜੇ ਵਰਗ ਪ੍ਰਤੀ ਨਫ਼ਰਤੀ ਰਹੀ : ਡਾ. ਬਲੱਗਣ



**ਸਮਰਾਲਾ (ਸੁਰਜੀਤ ਸਿੰਘ)**-ਬਾਬਾ ਸਾਹਿਬ ਬੀ. ਆਰ. ਅੰਬੇਡਕਰ ਮਿਸ਼ਨਰੀ ਸਭਾ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਡਾ. ਸੋਹਣ ਲਾਲ ਬਲੱਗਣ ਸਰਪ੍ਰਸਤ ਤੇ ਸਭਾ ਦੇ ਪ੍ਰਧਾਨ ਕਾਮਰੇਡ ਭਜਨ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਵਿੱਚ ਪੰਜਾਬ ਦੇ ਵਿਗੜ ਰਹੇ ਹਾਲਾਤਾਂ, ਦਿਨ ਦਿਹਾੜੇ ਹੁੰਦੇ ਕਤਲ ਤੇ ਪੱਛੜੀਆਂ ਜਾਤੀਆਂ ਪ੍ਰਤੀ ਬੋਲੇ ਜਾਂਦੇ ਅੱਪਸ਼ਬਦਾਂ ਸਬੰਧੀ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਸਰਪ੍ਰਸਤ ਡਾ. ਸੋਹਣ ਲਾਲ ਬਲੱਗਣ ਨੇ ਬੀਤੇ ਦਿਨੀਂ ਇੱਕ ਚੋਣ ਜਲਸੇ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਰਾਜ ਵੜਿੰਗ ਵੱਲੋਂ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਦੀ ਸ਼ਾਨ ਖਿਲਾਫ ਵਰਤੇ ਗਲਤ ਸ਼ਬਦਾਂ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਮੁੱਢ ਤੋਂ ਹੀ ਸਰਮਾਏਦਾਰਾਂ ਦੀ ਪਾਰਟੀ ਰਹੀ ਹੈ, ਜੋ ਹਮੇਸ਼ਾਂ ਪੱਛੜੀਆਂ ਜਾਤੀਆਂ ਨੂੰ ਨਫਰਤ ਹੀ ਕਰਦੇ ਰਹੇ ਹਨ, ਜੇਕਰ ਕੋਈ ਪੱਛੜੀ ਜਾਤੀ ਵਾਲੇ ਨੇ ਉੱਚ ਅਹੁਦਾ ਪ੍ਰਾਪਤ ਕੀਤਾ ਹੈ, ਉਹ ਉਸ ਨੇ ਆਪਣੀ ਉੱਚ ਯੋਗਤਾ, ਲਿਆਕਤ ਤੇ ਕੀਤੇ ਕੰਮਾਂ ਦੀ ਬਦੌਲਤ ਪ੍ਰਾਪਤ ਕੀਤਾ ਹੈ, ਇਹ ਨਹੀਂ ਕਿ ਕਿਸੇ ਪਾਰਟੀ ਨੇ ਕੋਈ ਅਹੁਦਾ ਉਸ ਦੀ ਜਾਤੀ ਦੇਖਦੇ ਹੋਏ ਖੈਰਾਤ ਵਿੱਚ ਦਿੱਤਾ ਹੈ, ਰਾਜਾ ਵੜਿੰਗ ਵੱਲੋਂ ਵਰਤੀ ਸ਼ਬਦਾਵਲੀ ਵਿੱਚੋਂ ਹੰਕਾਰ ਤੇ ਜਾਤੀ ਦੀ ਬੋਅ ਆ ਰਹੀ ਸੀ।

ਇਸ ਲਈ ਮਿਸ਼ਨਰੀ ਸਭਾ ਸਮਰਾਲਾ ਰਾਜਾ ਵੜਿੰਗ ਵੱਲੋਂ ਵਰਤੀ ਸ਼ਬਦਾਵਲੀ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਉਸ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਲਾਹਿਆ ਜਾਵੇ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬੂਟਾ ਸਿੰਘ ਜਨਰਲ ਸਕੱਤਰ, ਰਾਜਿੰਦਰਪਾਲ ਮੱਟੂ ਖਜਾਨਚੀ, ਬਲਦੇਵ ਸਿੰਘ ਤੂਰ, ਕਰਮਜੀਤ ਸਿੰਘ, ਜਸਵੀਰ ਸਿੰਘ, ਜਸਵੰਤ ਸਿੰਘ, ਜਗਤਾਰ ਸਿੰਘ, ਗੁਰਮੀਤ ਸਿੰਘ, ਮੱਘਰ ਸਿੰਘ, ਕੁਲਵਿੰਦਰ ਸਿੰਘ, ਮਨਵੀਰ ਕੌਰ ਆਦਿ ਤੋਂ ਇਲਾਵਾ ਸਭਾ ਦੇ ਹੋਰ ਮੈਂਬਰ ਤੇ ਮੁਹੱਲਾ ਨਿਵਾਸੀ ਹਾਜ਼ਰ ਸਨ।

# ਏਕਨੂਰ ਚੈਰੀਟੇਬਲ ਟਰੱਸਟ ਨੂੰ ਤਿੰਨ ਲੱਖ 51 ਹਜ਼ਾਰ ਰੁਪਏ ਦੀ ਰਾਸ਼ੀ ਦਾਨ

**ਨਕੋਦਰ (ਮਨਜੀਤ ਮਾਨ)**- ਲਾਇਨਜ਼ ਪਬਲਿਕ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਲਾਲੀ ਸੋਖੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਲਵਪ੍ਰੀਤ ਸਿੰਘ ਦੀ ਅਗਵਾਈ ਹੇਠ ਟਰੱਸਟੀ ਲਾਲੀ ਸੋਖੀ ਅਤੇ ਡਾ. ਰਕੇਸ਼ ਸੱਚਦੇਵ ਦੁਆਰਾ ਏਕਨੂਰ ਚੈਰੀਟੇਬਲ ਟਰੱਸਟੀ ਅੰਮ੍ਰਿਤਸਰ ਨੂੰ ਤਿੰਨ ਲੱਖ ਇਕਵੰਜਾ ਹਜ਼ਾਰ ਦੀ ਰਾਸ਼ੀ ਭੇਟ ਕੀਤੀ ਗਈ। ਇੱਥੇ ਪ੍ਰਿੰਸੀਪਲ ਲਵਪ੍ਰੀਤ ਨੇ ਦੱਸਿਆ ਕਿ ਇਸ ਟਰੱਸਟ ਦੀ ਅਗਵਾਈ ਬੀਬੀ ਮਨਜੀਤ ਕੌਰ ਵੱਲੋਂ ਕੀਤੀ ਜਾਂਦੀ ਹੈ। ਇਸ ਟਰੱਸਟ ਵਿੱਚ ਅਨਾਥ ਲੜਕੀਆਂ ਦੀ ਸਾਭ -ਸੰਭਾਲ ਕੀਤੀ ਜਾਂਦੀ ਹੈ ਅਤੇ ਉਹਨਾਂ ਦੇ ਖਾਣ -ਪੀਣ, ਰਹਿਣ -ਸਹਿਣ ਅਤੇ ਪੜ੍ਹਾਈ ਦਾ ਪੂਰਾ ਖਰਚਾ ਕੀਤਾ ਜਾਂਦਾ ਹੈ। ਬੀਬੀ ਮਨਜੀਤ ਕੌਰ ਨੇ ਵਿਸ਼ੇਸ਼ਕਰ ਲਾਲੀ ਸੋਖੀ, ਰਕੇਸ਼ ਸੱਚਦੇਵ ਅਤੇ ਰਵੀ ਸੋਖੀ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਰਾਸ਼ੀ ਨਾਲ ਲੜਕੀਆਂ ਲਈ ਕਮਰਿਆਂ ਦੀ ਉਸਾਰੀ ਕਰਨ ਵਿੱਚ ਸਹਾਇਤਾ ਮਿਲੇਗੀ। ਉਹਨਾਂ ਇਹ ਵੀ ਦੱਸਿਆ ਕਿ ਉਹਨਾਂ ਕੋਲ 39 ਲੜਕੀਆਂ ਹਨ। ਜਿਨ੍ਹਾਂ ਦੀ ਦੇਖ-ਰੇਖ ਉਹ ਕਰ ਰਹੇ ਹਨ। ਵਾਇਸ ਪ੍ਰਿੰਸੀਪਲ ਰੇਨੂਕਾ ਨੇ ਦੱਸਿਆ ਕਿ ਉਹ ਆਪਣੇ ਨਾਲ ਸਕੂਲ ਵਿੱਚ ਅਨਾਥ ਲੜਕੀਆਂ ਨੂੰ



ਲੈ ਕੇ ਆਏ ਅਤੇ ਉਹਨਾਂ ਨੂੰ ਪੂਰਾ ਸਕੂਲ ਦਿਖਾਇਆ ਅਤੇ ਅੰਤ ਵਿੱਚ ਸਭ ਨੂੰ ਚਾਹ ਪਾਣੀ ਪਿਲਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਲਵਪ੍ਰੀਤ ਸਿੰਘ, ਬੀਬੀ ਮਨਜੀਤ ਕੌਰ, ਰੇਨੂਕਾ, ਮੋਹਨ ਸਿੰਘ, ਭਜਨ ਸਿੰਘ, ਪਰਮਿੰਦਰ ਸਿੰਘ ਅਤੇ ਨਿਰਮਲ ਸਿੰਘ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਹਵਾ ਪ੍ਰਦੂਸ਼ਣ ਤੋਂ ਬਚਾਅ ਲਈ ਐਡਵਾਇਜ਼ਰੀ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)**- ਠੰਡ ਦੀ ਆਮਦ ਅਤੇ ਹਵਾ ਦੀ ਗੁਣਵੱਤਾ 'ਚ ਵਿਗਾੜ ਨੂੰ ਵੇਖਦਿਆਂ ਜ਼ਿਲ੍ਹਾ ਸਿਹਤ ਵਿਭਾਗ ਨੇ ਜ਼ਿਲ੍ਹਾ ਵਾਸੀਆਂ ਲਈ ਐਡਵਾਇਜ਼ਰੀ ਜਾਰੀ ਕੀਤੀ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਕਿਹਾ ਕਿ ਅੱਜ ਕਲ੍ਹ ਠੰਡ ਦੀ ਆਮਦ ਅਤੇ ਹਵਾ ਪ੍ਰਦੂਸ਼ਣ ਵਧਣ ਕਾਰਨ ਵਾਇਰਲ ਬੁਖ਼ਾਰ, ਖੰਘ, ਜ਼ੁਕਾਮ, ਸਿਰਦਰਦ, ਘਬਰਾਹਟ ਅਤੇ ਸਾਹ ਦੀ ਸਮੱਸਿਆ ਦੇ ਮਾਮਲੇ ਵੱਧ ਰਹੇ ਹਨ ਜਿਸ ਕਾਰਨ ਜ਼ਿਲ੍ਹਾ ਵਾਸੀਆਂ ਨੂੰ ਠੰਡ ਤੇ ਹਵਾ ਪ੍ਰਦੂਸ਼ਣ ਤੋਂ ਬਚਾਅ ਲਈ ਸਾਵਧਾਨੀਆਂ ਵਰਤਣੀ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਬੱਚਿਆਂ, ਬਜ਼ੁਰਗਾਂ, ਗਰਭਵਤੀ ਔਰਤਾਂ, ਸਾਹ ਦੀਆਂ ਪੁਰਾਣੀਆਂ ਬੀਮਾਰੀਆਂ ਤੋਂ ਪੀੜਤ ਵਿਅਕਤੀਆਂ ਅਤੇ ਘੱਟ ਰੋਗ-ਪ੍ਰਤੀਰੋਧਕ ਸਮਰੱਥਾ ਵਾਲੇ ਵਿਅਕਤੀਆਂ ਨੂੰ ਇਨ੍ਹੀਂ ਦਿਨੀਂ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਵਾ ਪ੍ਰਦੂਸ਼ਣ ਦਾ ਪੱਧਰ ਵੇਖਣ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਵੈਬਸਾਈਟ ਵੇਖੀ ਜਾਵੇ। ਜੇ ਏ.ਕਿਊ.ਆਈ. 200 ਤੋਂ ਵੱਧ ਹੁੰਦਾ ਹੈ ਤਾਂ ਬਾਹਰ ਜਾਣ ਤੋਂ ਪ੍ਰਹੇਜ਼ ਕੀਤਾ ਜਾਵੇ। ਵਿਸ਼ੇਸ਼ ਤੌਰ 'ਤੇ ਸਵੇਰ ਵੇਲੇ ਜਾਂ ਦੇਰ ਸ਼ਾਮ ਸਮੇਂ ਭੀੜ-ਭਾੜ ਵਾਲੇ ਇਲਾਕੇ ਵਿਚ ਜਾਣ ਤੋਂ ਬਚਣਾ ਚਾਹੀਦਾ ਹੈ। ਇਸ ਸਮੇਂ ਦੌਰਾਨ ਘਰਾਂ ਦੀਆਂ ਤਾਕੀਆਂ ਅਤੇ ਦਰਵਾਜ਼ੇ ਬੰਦ ਰੱਖਣੇ ਚਾਹੀਦੇ ਹਨ।

# ਪ ਸ ਸ ਫ ਵੱਲੋਂ 16 ਦੀ ਰੈਲੀ ਸੰਬੰਧੀ ਮੀਟਿੰਗ



**ਮਾਹਿਲਪੁਰ (ਸਫ਼ਰੀ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ ਅਤੇ ਪੈਨਸ਼ਨਰ ਆਗੂ ਮਲਕੀਤ ਸਿੰਘ ਬਾਹੋਵਾਲ ਨੇ ਸੋਲਾਂ ਨਵੰਬਰ ਧੂਰੀ (ਸੰਗਰੂਰ) ਰੈਲੀ ਸਬੰਧੀ ਹੋਈ ਮੀਟਿੰਗ ਮੌਕੇ ਸਾਂਝੇ ਤੌਰ ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਤਿਉਹਾਰਾਂ ਤੇ ਸਰਕਾਰ ਵਲੋਂ ਕੋਈ ਮਹਿਗਾਈ ਭੱਤੇ ਦਾ ਐਲਾਨ ਨਾ ਕਰਨ ਦੇ ਰਵੱਈਏ ਨੇ ਵੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਨਿਰਾਸ਼ ਕੀਤਾ।ਆਗੂਆਂ ਨੇ ਕਿਹਾ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਮੁਲਾਜ਼ਮਾਂ ਨੂੰ ਮਹਿਗਾਈ ਭੱਤਾ ਕੇਂਦਰ ਨਾਲੋਂ 16% ਘੱਟ ਦਿੱਤਾ ਜਾ ਰਿਹਾ ਹੈ, ਤਨਖਾਹ ਕਮਿਸ਼ਨ ਦੇ ਬਕਾਏ, ਪੁਰਾਣੀ ਪੈਨਸ਼ਨ ਬਹਾਲ ਕਰਨ, ਪੈਨਸ਼ਨਰਾਂ ਲਈ 2.59 ਗੁਣਾਂਕ, ਪ੍ਰੋਵੇਸ਼ਨਲ ਪੀਰੀਅਡ ਦੇ ਨਾਂ ਤੇ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ, ਜਬਰੀ ਥੋਪਿਆ ਕੇਂਦਰੀ ਪੇਅ-ਕਮਿਸ਼ਨ, ਏ ਸੀ ਪੀ ਅਤੇ 37 ਤਰ੍ਹਾਂ ਦੇ ਭੱਤੇ ਬੰਦ ਕੀਤੇ ਹੋਏ ਹਨ।ਪ ਸ ਸ ਫ ਆਗੂਆਂ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 16 ਨਵੰਬਰ ਨੂੰ ਮੁਲਾਜ਼ਮ-ਪੈਨਸ਼ਨਰ ਸਾਂਝਾ ਫਰੰਟ ਵੱਲੋਂ ਧੂਰੀ (ਸੰਗਰੂਰ) ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਵੱਡੇ ਪੱਧਰ ਤੇ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਆਗੂਆਂ ਵਲੋਂ ਮੰਗਾਂ ਸਬੰਧੀ ਇੱਕ ਪੋਸਟਰ ਵੀ ਜਾਰੀ ਕੀਤਾ।ਇਸ ਮੌਕੇ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ, ਮਲਕੀਤ ਸਿੰਘ ਬਾਹੋਵਾਲ, ਮਨਜਿੰਦਰ ਸਿੰਘ ਲੱਕੀ ਹੱਲੂਵਾਲ, ਟੇਕਚੰਦ, ਬਾਬੂ ਓਮ ਦੱਤ, ਵਰਿੰਦਰ ਸ਼ਰਮਾ, ਬਲਦੇਵ ਸਿੰਘ, ਜਰਨੈਲ ਸਿੰਘ, ਸੋਢੀ ਰਾਮ ਆਦਿ ਹਾਜ਼ਰ ਸਨ।

# ਸਕੂਲ 'ਚ ਜਨਕ ਕਪਿਲਾ ਦੀ ਯਾਦ 'ਚ ਕਮਰਾ ਬਣਾਉਣ ਦਾ ਸ਼ੁਭ ਆਰੰਭ

**ਗੁਰਾਇਆ (ਬਿੰਦਰ ਸੁਮਨ)**- ਸਰਕਾਰੀ ਪ੍ਰਾਇਮਰੀ ਸਕੂਲ ਚਚਰਾੜੀ ਵਿਖੇ ਅਸ਼ਵਨੀ ਸ਼ਰਮਾ ਅਤੇ ਸ਼ਰਮਾ ਪਰਵਾਰ ਦੇ ਸਹਿਯੋਗ ਨਾਲ ਸਕੂਲ ਵਿੱਚ ਇੱਕ ਨਵੇਂ ਕਮਰੇ ਦੇ ਨਿਰਮਾਣ ਸਵਰਗਵਾਸੀ ਜਨਕ ਕਪਿਲਾ ਦੀ ਯਾਦ ਵਿੱਚ ਬਣਾਉਣ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਸ਼ਰਮਾ ਪਰਵਾਰ ਵਲੋਂ ਮਧੂ ਸ਼ਰਮਾ ਅਤੇ ਉਹਨਾਂ ਦੇ ਪੁੱਤਰ ਮਨੀਸ਼ ਕੁਮਾਰ ਸ਼ਰਮਾ ਵਲੋਂ ਪੂਰੀਆਂ ਧਾਰਮਿਕ ਰਸਮਾਂ ਦੇ ਨਾਲ ਇਸ ਕਮਰੇ ਦੀ ਨੀਂਹ ਰੱਖੀ ਗਈ। ਇਸ ਮੌਕੇ ਬੋਲਦਿਆਂ ਸਕੂਲ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਅਸ਼ਵਨੀ ਕੁਮਾਰ ਸ਼ਰਮਾ ਤੇ ਪੂਰੇ ਸ਼ਰਮਾ ਪਰਵਾਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਇਸ ਨੇਕ ਕਾਰਜ ਲਈ ਧੰਨਵਾਦ ਕਰਦੇ ਹਾਂ। ਇਸ ਮੌਕੇ ਪਰਮਜੀਤ ਕੌਰ ਸਰਪੰਚ, ਸੁਖਦੇਵ ਚੇਅਰਮੈਨ, ਮਤੀ ਮਧੂ ਸ਼ਰਮਾ,ਮਨੀਸ਼ ਸ਼ਰਮਾ, ਕੁਲਦੀਪ ਰਾਮ, ਮਨਜੀਤ ਕੌਰ, ਪੂਜਾ, ਅਮਨਦੀਪ, ਨੀਤੂ ਆਹੀਰ , ਸੰਦੀਪ ਸੰਧੂ, ਮਨੀਸ਼ਾ, ਪਵਿੱਤਰਾ ਦੇਵੀ, ਨੀਲਮ, ਪੰਡਿਤ ਰਵੀ ਕੁਮਾਰ ਸ਼ਰਮਾ ਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।



# ਕੇਨਰਾ ਬੈਂਕ ਦੀ ਨਵੀਂ ਬ੍ਰਾਂਚ ਨੇ ਇੱਕ ਮਹੀਨੇ 'ਚ ਕੀਤਾ ਸ਼ਾਨਦਾਰ ਬਿਜ਼ਨਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵੀਂ ਖੁੱਲ੍ਹੀ ਕੈਨਰਾ ਬੈਂਕ ਦੀ ਬ੍ਰਾਂਚ ਨੇ ਕੇਵਲ ਇੱਕ ਮਹੀਨੇ ਦੇ ਸਮੇਂ ਵਿੱਚ ਸ਼ਾਨਦਾਰ ਬਿਜ਼ਨਸ ਕਰ ਦਿਖਾਇਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਮੈਨੇਜਰ ਰਾਹੁਲ ਮੀਨਾ ਨੇ ਦੱਸਿਆ ਕਿ ਬ੍ਰਾਂਚ ਖੁੱਲ੍ਹੇ ਨੂੰ ਸਿਰਫ਼ ਇੱਕ ਮਹੀਨਾ ਹੀ ਹੋਇਆ ਹੈ ਅਤੇ ਇਸ ਦੌਰਾਨ ਬੈਂਕ ਨੇ ਇੱਕ ਕਰੋੜ ਤੋਂ ਵੱਧ ਦਾ ਬਿਜ਼ਨਸ ਕਰ ਲਿਆ ਹੈ, ਜੋ ਗ੍ਰਾਹਕਾਂ ਦੇ ਭਰੋਸੇ ਅਤੇ ਸਹਿਯੋਗ ਦਾ ਨਤੀਜਾ ਹੈ।ਉਨ੍ਹਾਂ ਦੱਸਿਆ ਕਿ ਗੈਸ ਏਜੰਸੀ ਦੇ ਨੇੜੇ ਸਥਿਤ ਇਸ ਬੈਂਕ ਵਿੱਚ ਗ੍ਰਾਹਕਾਂ ਨੂੰ ਘੱਟ ਕਾਗਜ਼ੀ ਕਾਰਵਾਈ ਨਾਲ ਤੇਜ਼ ਅਤੇ ਸੁਚੱਜੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਰਾਹੁਲ ਮੀਨਾ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਗ੍ਰਾਹਕ ਕੈਨਰਾ ਬੈਂਕ ਵਿੱਚ ਖਾਤੇ ਖੋਲ੍ਹਣ ਅਤੇ ਇੱਥੇ ਦਿੱਤੀਆਂ ਜਾ ਰਹੀਆਂ ਵਧੀਆ ਅਤੇ ਤੇਜ਼ ਸੇਵਾਵਾਂ ਦਾ ਲਾਭ ਲੈਣ।



# ਰਿਆਤ ਬਾਹਰਾ 'ਵਰਸਿਟੀ ਵੱਲੋਂ ਭਾਰਤ-ਆਸਟ੍ਰੇਲੀਅਨ ਸਿੱਖਿਆ ਪ੍ਰਣਾਲੀ 'ਤੇ ਅੰਤਰਰਾਸ਼ਟਰੀ ਗੱਲਬਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਵਿਸ਼ਵਵਿਆਪੀ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਅੰਤਰ-ਸੱਭਿਆਚਾਰਕ ਸਿੱਖਿਆ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਕਦਮ ਵਜੋਂ, ਰਿਆਤ ਬਾਹਰਾ ਯੂਨੀਵਰਸਿਟੀ ਨੇ ਇੰਡੋ-ਆਸਟ੍ਰੇਲੀਅਨ ਸਿੱਖਿਆ ਪ੍ਰਣਾਲੀ 'ਤੇ ਇੱਕ ਅੰਤਰਰਾਸ਼ਟਰੀ ਗੱਲਬਾਤ ਦਾ ਆਯੋਜਨ ਕੀਤਾ। ਇਹ ਸਮਾਗਮ ਗਰੁੱਪ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ ਵਾਈਸ ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਦੀ ਗਤੀਸ਼ੀਲ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਮੁੱਖ ਭਾਸ਼ਣ ਪ੍ਰੋਫੈਸਰ (ਡਾ.) ਗੁਰਚਰਨ ਸਿੰਘ ਅੰਤਰਰਾਸ਼ਟਰੀ ਸਿੱਖਿਆ ਵਿਕਾਸ ਸਲਾਹਕਾਰ ਅਤੇ ਕੁਈਨਜ਼ਲੈਂਡ ਆਸਟ੍ਰੇਲੀਆ ਦੇ ਸਹਾਇਕ ਫੈਕਲਟੀ ਦੁਆਰਾ ਦਿੱਤਾ ਗਿਆ। ਇਹ ਪ੍ਰੋਗਰਾਮ ਡੀਨ ਨਾਲ ਇੱਕ ਇੰਟਰਐਕਟਿਵ ਸੈਸ਼ਨ ਨਾਲ ਸ਼ੁਰੂ ਹੋਇਆ, ਜੋ ਅਕਾਦਮਿਕ ਨੇਤਾਵਾਂ ਨੂੰ ਵਿਸ਼ਵਵਿਆਪੀ ਸਿੱਖਿਆ ਰੁਝਾਨਾਂ ਬਾਰੇ ਸੂਝ-ਬੂਝ ਦਾ ਆਦਾਨ-ਪ੍ਰਦਾਨ ਕਰਨ ਅਤੇ ਸਹਿਯੋਗੀ ਮੌਕਿਆਂ ਦੀ ਪੜਚੋਲ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਇਸ ਤੋਂ ਬਾਅਦ ਯੂਐਸਐਮਐਸ ਸੈਮੀਨਾਰ ਹਾਲ ਵਿਖੇ ਇੱਕ ਵਿਸਤ੍ਰਿਤ ਪ੍ਰੋਗਰਾਮ ਹੋਇਆ, ਜਿੱਥੇ ਫੈਕਲਟੀ ਅਤੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।ਪ੍ਰੋ. (ਡਾ.) ਸਿਮਰਜੀਤ ਕੌਰ, ਡੀਨ, ਵਿਦਿਆਰਥੀ ਭਲਾਈ, ਨੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਅਤੇ ਵਿਸ਼ੇਸ਼ ਮਹਿਮਾਨਾਂ ਪ੍ਰੋ. (ਡਾ.) ਗੁਰਚਰਨ ਸਿੰਘ, ਗੈਸਟ ਆਫ਼ ਆਨਰ, ਅਤੇ ਸ਼੍ਰੀ ਰਾਜਨ ਕੁਮਾਰ, ਡਾਇਰੈਕਟਰ, ਇੰਟਰਨੈਸ਼ਨਲ ਅਫੇਅਰਜ਼ ਦਾ ਨਿੱਘਾ ਸਵਾਗਤ ਕੀਤਾ।



# ਅਨੰਦਪੁਰ ਸਾਹਿਬ ਨੂੰ ਪਹਿਲਾਂ ਸੁਚੱਜਾ ਧਾਰਮਿਕ ਸ਼ਹਿਰ ਬਣਾਇਆ ਜਾਵੇ : ਚੰਗਿਆੜਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਾਵਨ ਸ਼ਹੀਦੀ ਦੇ 350 ਸਾਲਾ ਸ਼ਤਾਬਦੀ ਸਮਾਰੋਹ ਮੌਕੇ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਸਮਾਗਮ ਕਰਨ ਦੇ ਐਲਾਨ ਹੋ ਰਹੇ ਹਨ। ਪਰ ਗੁਰੂ ਕੀ ਨਗਰੀ ਨੂੰ ਜਾਣ ਵਾਲੀਆਂ ਸੜਕਾਂ, ਸ਼ਹਿਰ ਦੀ ਸਫਾਈ ਅਤੇ ਨਿਕਾਸੀ ਪ੍ਰਬੰਧ ਅਜੇ ਵੀ ਬਹੁਤ ਮਾੜੇ ਹਾਲਾਤ ਵਿੱਚ ਹਨ। ਇਹ ਗੱਲ ਅੰਤਰਰਾਸ਼ਟਰੀ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਨੇ ਪ੍ਰੈਸ ਨੋਟ ਰਾਹੀਂ ਕਹੀ। ਉਹਨਾਂ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਇਨ੍ਹਾਂ ਸਮਾਰੋਹਾਂ ਵਿੱਚ ਸ਼ਮੂਲੀਅਤ ਲਈ ਗੁਰੂ ਨਗਰੀ ਵਿੱਚ ਪਹੁੰਚਣਗੀਆਂ, ਪਰ ਸ਼ਹਿਰ ਦੀਆਂ ਗਲੀਆਂ ਟੁੱਟੀਆਂ ਪਈਆਂ ਹਨ, ਡਰੇਨ ਬੰਦ ਹਨ ਅਤੇ ਮੁੱਖ ਸੜਕਾਂ 'ਤੇ ਖੱਡੇ ਹੋਣ ਕਾਰਨ ਆਵਾਜਾਈ ਲਈ ਮੁਸ਼ਕਲ ਹੋ ਰਿਹਾ ਹੈ। ਸ਼ਹਿਰ ਦੇ ਕਈ ਹਿੱਸਿਆਂ ਵਿੱਚ ਗੰਦਗੀ ਦੇ ਢੇਰ ਅਤੇ ਅਵਾਰਾ ਪਸ਼ੂਆਂ ਦੀ ਭਟਕਣ ਆਮ ਗੱਲ ਬਣੀ ਹੋਈ ਹੈ। ਇਹ ਸਥਿਤੀ ਗੁਰੂ ਦੀ ਇਸ ਪਵਿੱਤਰ ਧਰਤੀ ਦੀ ਸ਼ੋਭਾ ਦੇ ਉਲਟ ਹੈ। ਚੰਗਿਆੜਾ ਨੇ ਸਾਫ਼ ਤੌਰ 'ਤੇ ਕਿਹਾ ਕਿ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਘੋਸ਼ਿਤ ਕਰਨ ਦੀ ਗੱਲ ਕਰਨ ਨਾਲ ਪਹਿਲਾਂ ਇਹ ਸੁਚੱਜੇ ਅਤੇ ਸਾਫ ਧਾਰਮਿਕ ਸ਼ਹਿਰ ਵਾਂਗ ਤਿਆਰ ਹੋਣਾ ਜ਼ਰੂਰੀ ਹੈ। ਚੰਗਿਆੜਾ ਨੇ ਸਰਕਾਰ ਨੂੰ ਤੁਰੰਤ ਧਿਆਨ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸੜਕਾਂ ਦੀ ਮੁਰੰਮਤ ਤੁਰੰਤ ਕੀਤੀ ਜਾਵੇ, ਡਰੇਨ ਸਿਸਟਮ ਸੁਧਾਰਿਆ ਜਾਵੇ, ਸ਼ਹਿਰ ਵਿੱਚ ਸਫਾਈ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇ, ਅਵਾਰਾ ਪਸ਼ੂਆਂ ਨੂੰ ਕਾਬੂ ਕੀਤਾ ਜਾਵੇ, ਆਉਣ ਵਾਲੀਆਂ ਸੰਗਤਾਂ ਦੀ ਸੁਖ ਸੁਵਿਧਾ ਨੂੰ ਪਹਿਲ ਦੇ ਅਧਾਰ 'ਤੇ ਰੱਖਿਆ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਜਸਬੀਰ ਸਿੰਘ, ਮਨਜਿੰਦਰ ਸਿੰਘ ਆਦਿ ਹਾਜ਼ਰ ਸਨ।



# ਭੁੰਗਰਨੀ ਵਿਖੇ ਗੁਰਮਤਿ ਸਮਾਗਮ ਅੱਜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਹਰਬੰਸ ਸਿੰਘ ਜੰਡਿਆਲੇ ਵਾਲਿਆਂ ਦੀ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 9 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਪ੍ਰਬੰਧਕਾਂ ਨੇ ਦੱਸਿਆ ਕਿ ਬਰਸੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 9 ਨਵੰਬਰ ਨੂੰ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਸੰਤ ਮਹਾਂਪੁਰਸ਼, ਪੰਥ ਪ੍ਰਸਿੱਧ ਰਾਗੀ ਜੱਥੇ ਕਥਾ ਕੀਰਤਨ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦਾ ਮੁਫ਼ਤ ਬੀਜ ਵੰਡਿਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਤੇ ਵਰਜੀਤ ਵਾਲੀਆ ਡਿਪਟੀ ਰੂਪਨਗਰ ਦੀ ਅਗਵਾਈ ਵਿੱਚ ਖੇਤੀਬਾੜੀ ਵਿਭਾਗ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਕਿਸਾਨਾਂ ਨੂੰ ਮੁਫਤ ਕਣਕ ਦੇ ਬੀਜ ਦੀ ਵੰਡ ਕੀਤੀ ਗਈ। ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਇਸ ਦਾ ਲਾਭ ਲੈਣ ਦੀ ਅਪੀਲ ਕੀਤੀ ਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ, ਫਸਲਾਂ ਦੀ ਰਹਿੰਦ ਖੂਹੰਦ ਖੇਤਾਂ ਵਿੱਚ ਮਿਲਾਉਣ, ਵਿਭਾਗ ਦੀਆਂ ਵੱਖ ਵੱਖ ਸਕੀਮਾਂ ਬਾਰੇ, ਫਸਲਾਂ ਦੀ ਬਿਜਾਈ, ਸਾਂਭ ਸੰਭਾਲ ਅਤੇ ਦਵਾਈਆਂ ਦੀ ਸਹੀ ਵਰਤੋ ਬਾਰੇ ਦੱਸਿਆ ਗਿਆ। ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਵਲੋਂ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਨਾਉਣ, ਮਿੱਟੀ ਦੀ ਪਰਖ ਕਰਨ ਅਤੇ ਖੇਤੀਬਾੜੀ ਦੇ ਸਹਾਇਕ ਧੰਦੇ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗਗਨਦੀਪ ਸਿੰਘ, ਡਾ. ਗੁਰਜੀਤ ਸਿੰਘ, ਏ ਈ ਓ ਜਤਿੰਦਰ ਕੁਮਾਰ, ਰਾਜ ਕੁਮਾਰ, ਹਰਪ੍ਰੀਤ ਸਿੰਘ, ਕਿਸਾਨ ਸਤਨਾਮ ਸਿੰਘ, ਪਰਮਜੀਤ ਸਿੰਘ, ਬਲਵੰਤ ਸਿੰਘ ਹਾਜ਼ਰ ਸਨ।



# 10 ਨੂੰ ਐੱਸ ਸੀ ਕਮਿਸ਼ਨ ਵੱਲੋਂ ਪ੍ਰਤਾਪ ਸਿੰਘ ਬਾਜਵਾ ਤਲਬ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਤਰਨਤਾਰਨ ਵਿਧਾਨ ਸਭਾ ਉਪ-ਚੋਣ ਦੌਰਾਨ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤਸਵੀਰ ਦੀ ਬੇਹੁਰਮਤੀ ਤਰੀਕੇ ਨਾਲ ਵਰਤੋਂ ਕਰਨ ਦੇ ਮਾਮਲੇ ਸਬੰਧੀ ਖ਼ਬਰ ਦਾ ਸੂ-ਮੋਟੋ ਲੈਂਦਿਆਂ ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਨੂੰ 10 ਨਵੰਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮਲਾ ਸ਼ੋਸ਼ਲ ਮੀਡੀਆ ਅਤੇ ਅਖ਼ਬਾਰ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਜਿਸ ਦਾ ਸੂ-ਮੋਟੋ ਨੋਟਿਸ ਲੈਂਦਿਆਂ ਕਮਿਸ਼ਨ ਵੱਲੋਂ ਪ੍ਰਤਾਪ ਸਿੰਘ ਬਾਜਵਾ ਨੂੰ 10 ਨਵੰਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਵੀ ਕਮਿਸ਼ਨ ਵੱਲੋਂ ਪੱਤਰ ਲਿਖਕੇ ਕਿਹਾ ਗਿਆ ਹੈ ਕਿ ਇਸ ਮਾਮਲੇ ਸਬੰਧੀ ਜਾਂਚ ਰਿਪੋਰਟ ਸਮੇਂ ਮਾਡਲ ਕੋਡ ਆਫ਼ ਕੰਡਕਟ ਅਤੇ ਐਸ.ਸੀ./ਐਸ.ਟੀ. ਐਕਟ, 1989 ਨੂੰ ਵਿਚਾਰਦੇ ਹੋਏ ਬਣਦੀ ਕਾਰਵਾਈ ਰਿਪੋਰਟ ਜ਼ਿੰਮੇਵਾਰ ਅਧਿਕਾਰੀ ਰਾਹੀਂ 17 ਨਵੰਬਰ ਨੂੰ ਪੇਸ਼ ਕੀਤੀ ਜਾਵੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਸੈਮੀਨਾਰ

**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਾਲਜ ਦੀ ਮੈਨੇਜਿੰਗ ਕਮੇਟੀ ਦੀ ਰਹਿਨੁਮਾਈ ਅਤੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰੂ ਸਾਹਿਬ ਜੀ ਦੀਆਂ ਬ੍ਰਹਮ ਸਿੱਖਿਆਵਾਂ ਅਤੇ ਸਰਵੋਤਮ ਕੁਰਬਾਨੀ ਬਾਰੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਇੱਕ ਉੱਤਮ ਪਹਿਲ ਕਦਮੀ ਤਹਿਤ ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਦਾ ਵਿਸ਼ਾ ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਰਚਨਾ ਤੇ ਮਾਨਵਤਾ ਲਈ ਯੋਗਦਾਨ ਸੀ। ਇਸ ਸਬੰਧੀ ਆਪਣੇ ਵਿਚਾਰ ਪੇਸ਼ ਕਰਨ ਲਈ ਪ੍ਰਿੰਸੀਪਲ ਮਨਜੀਤ ਕੌਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ, ਪ੍ਰਿੰਸੀਪਲ ਡਾਕਟਰ ਆਸਾ ਸਿੰਘ ਘੁੰਮਣ ਉੱਘੇ ਲੇਖਕ ਅਤੇ ਚਿੰਤਕ, ਭਾਈ ਜਗਦੇਵ ਸਿੰਘ ਗੋਇੰਦਵਾਲ ਸਾਹਿਬ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵਿਸ਼ੇਸ਼ ਤੌਰ 'ਤੇ ਪਹੁੰਚੇ । ਕਾਲਜ ਦੇ ਪ੍ਰਧਾਨ ਇੰਜ. ਸਵਰਨ ਸਿੰਘ ਨੇ ਪਹੁੰਚੇ ਹੋਏ ਬੁਲਾਰਿਆਂ ਨੂੰ ਜੀ ਆਇਆ ਕਿਹਾ। ਇਸ ਮੌਕੇ ਵਿਸ਼ੇਸ਼ ਵਕਤਾ ਪ੍ਰਿੰਸੀਪਲ ਮਨਜੀਤ ਕੌਰ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਇਤਿਹਾਸਿਕ ਵੇਰਵਿਆਂ ਨੂੰ ਬੜੇ ਵਿਸਥਾਰ ਵਿੱਚ ਸਾਂਝਾ ਕੀਤਾ । ਉਪਰੰਤ ਪ੍ਰਿੰਸੀਪਲ ਡਾ.ਆਸਾ ਸਿੰਘ ਘੁੰਮਣ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਅਤੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇੰਝ ਹੀ ਭਾਈ ਜਗਦੇਵ ਸਿੰਘ ਜੀ ਨੇ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਸਬੰਧੀ ਵਡਮੁੱਲੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ।



# 10 ਲੱਖ ਤੋਂ ਵੱਧ ਕਿਸਾਨਾਂ ਨੂੰ ਮਿਲਿਆ ਐੱਮ ਐੱਸ ਪੀ ਦਾ ਲਾਭ : ਸਿੱਧੂ

**ਚੰਡੀਗੜ੍ਹ (ਨ ਜ ਸ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਿਸਾਨ ਵਿੰਗ ਦੇ ਪ੍ਰਧਾਨ ਮੋਹਿੰਦਰ ਸਿੰਘ ਸਿੱਧੂ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਨਵੇਂ ਰਿਕਾਰਡ ਕਾਇਮ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੀਆਂ ਸੁਹਿਰਦ ਕੋਸ਼ਿਸ਼ਾਂ ਸਦਕਾ ਹੁਣ ਤੱਕ 10 ਲੱਖ ਤੋਂ ਵੱਧ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਸਿੱਧਾ ਲਾਭ ਮਿਲ ਚੁੱਕਾ ਹੈ, ਜੋ ਕਿ ਸਰਕਾਰ ਦੀ ਕਿਸਾਨਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੋਹਿੰਦਰ ਸਿੰਘ ਸਿੱਧੂ ਨੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ 5 ਨਵੰਬਰ ਤੱਕ ਦੇ ਅੰਕੜਿਆਂ ਮੁਤਾਬਕ 10,11,149 ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਸਰਕਾਰੀ ਭਾਅ 'ਤੇ ਖਰੀਦ ਦਾ ਲਾਭ ਮਿਲਿਆ ਹੈ। 'ਆਪ' ਆਗੂ ਨੇ ਦੱਸਿਆ ਕਿ ਸੂਬੇ ਭਰ ਦੀਆਂ ਮੰਡੀਆਂ ਵਿੱਚ 5 ਨਵੰਬਰ ਸ਼ਾਮ ਤੱਕ ਕੁੱਲ 13869759.05 ਮੀਟਰਕ ਟਨ ਝੋਨੇ ਦੀ ਆਮਦ ਹੋਈ ਸੀ, ਜਿਸ ਵਿੱਚੋਂ 13597879.27 ਮੀਟਰਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ। ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਮੰਡੀਆਂ ਵਿੱਚ ਪਹੁੰਚੀ ਕੁੱਲ ਫਸਲ ਦਾ 98 ਫੀਸਦੀ ਹਿੱਸਾ ਖਰੀਦਿਆ ਜਾ ਚੁੱਕਾ ਹੈ ਅਤੇ ਨਾਲੋ-ਨਾਲ 86 ਫੀਸਦੀ ਫਸਲ ਦੀ ਚੁਕਾਈ ਵੀ ਮੁਕੰਮਲ ਹੋ ਚੁੱਕੀ ਹੈ।



# ਸਾਲਾਨਾ ਇਨਾਮ ਵੰਡ ਸਮਾਗਮ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਸਰਕਾਰੀ ਹਾਈ ਸਕੂਲ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ ਪ੍ਰਿੰਸੀਪਲ ਕੁਲਵੀਰ ਸਿੰਘ ਤੇ ਸਮੂਹ ਸਟਾਫ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ। ਅਤੇ ਛੇਵੀਂ ਤੋਂ ਲੇਕੇ ਦੱਸਵੀਂ ਤੱਕ ਦੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਬੱਚਿਆਂ ਨੂੰ ਤੇ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਹੋਣਹਾਰ ਬੱਚਿਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਪ੍ਰਿੰਸੀਪਲ ਕੁਲਵੀਰ ਸਿੰਘ ਨੇ ਆਏ ਮਹਿਮਾਨਾਂ ਤੇ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ ਅਤੇ ਸਮੁੱਚੇ ਸਟਾਫ ਨੂੰ ਅਤੇ ਖੇਡਾਂ ਤੇ ਪੜ੍ਹਾਈ ਵਿੱਚ ਵਧੀਆ ਕਾਰਗੁਜ਼ਾਰੀ ਲਈ ਵਧਾਈ ਦਿੱਤੀ। ਇਸ ਮੌਕੇ ਤੇ ਮਾਸਟਰ ਸੁਤੀਸ਼ ਕੁਮਾਰ, ਮੈਡਮ ਅਭਿਲਾਸ਼ਾ ਅਰੋੜਾ, ਮਾਸਟਰ ਮਹਿੰਦਰਪਾਲ, ਮੈਡਮ ਸਵੀਟੀ , ਮੈਡਮ ਨਵਪ੍ਰੀਤ ਕੌਰ, ਮਾਸਟਰ ਸਤਵੰਤ ਰਾਏ, ਮੈਡਮ ਰਮਨਦੀਪ ਕੌਰ, ਮੈਡਮ ਮੰਮਤਾ ਕੁਮਾਰੀ ਅਤੇ ਪ੍ਰਾਇਮਰੀ ਸਕੂਲ ਦਾ ਸਟਾਫ ,ਸ: ਦਲਜੀਤ ਸਿੰਘ ਨਿੱਕੂ, ਰਣਬੀਰ ਸਿੰਘ ਨੂਰਾ, ਸਰਪੰਚ ਬਲਦੇਵ ਕੁਮਾਰ, ਕੈਪਟਨ ਚਰਨ ਸਿੰਘ ਸਾਬਕਾ ਸਰਪੰਚ,ਜੋਗਿੰਦਰ ਸਿੰਘ ਪਦਮ, ਪਰਮਿੰਦਰ ਸਿੰਘ ਪਿੰਦੂ, ਨੱਥਾ ਸਿੰਘ, ਗੁਰਵੀਰ ਸਿੰਘ ਸਾਬਕਾ ਪੰਚ,ਜਸਵਿੰਦਰ ਸਿੰਘ ਸਾਬਕਾ ਪੰਚ, ਸੁਨੀਲ ਕੁਮਾਰ, ਪਰਮਜੀਤ ਕੌਰ, ਅਮਰਜੀਤ ਕੌਰ ਪੰਚ, ਭਜਨ ਕੌਰ, ਜਗੀਰ ਕੌਰ, ਅਮਨਦੀਪ ਕੌਰ, ਮਹਿੰਦਰ ਕੌਰ ਆਦਿ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਹਾਜ਼ਰ ਸਨ।




# ਨਸ਼ਾ-ਮੁਕਤ ਪੰਜਾਬ ਮੁਹਿੰਮ ਨੂੰ ਮਿਲਿਆ ਭਰਵਾਂ ਹੁੰਗਾਰਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਨੂੰ ਰੰਗਲਾ ਅਤੇ ਨਸ਼ਾਮੁਕਤ ਬਣਾਉਣ ਦੇ ਉਦੇਸ਼ ਨਾਲ ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਡੇਰਾਬੱਸੀ ਦੇ ਸਰਕਾਰੀ ਕਾਲਜ ਦੇ ਵਿਦਿਆਰਥੀ ਭਵਨ ਵਿੱਚ ਆਯੋਜਿਤ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੀ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਗਈ। ਇਹ ਟ੍ਰੇਨਿੰਗ ਪ੍ਰੋਗਰਾਮ ਪਿਛਲੇ ਦੋ ਦਿਨਾਂ ਤੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡੇਰਾਬੱਸੀ ਸਰਕਲ ਦੀਆਂ ਵਿਲੇਜ ਡਿਫੈਂਸ ਕਮੇਟੀਆਂ ਅਤੇ ਵਾਰਡ ਡਿਫੈਂਸ ਕਮੇਟੀਆਂ (ਪਿੰਡਾਂ ਅਤੇ ਸ਼ਹਿਰਾਂ ਦੇ ਪਹਿਰੇਦਾਰ) ਲਈ ਚੱਲ ਰਿਹਾ ਹੈ। ਇਸ ਮੌਕੇ ਸ: ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ ਆਪਣੇ ਇਲਾਕਿਆਂ ਵਿੱਚ ਜਾਗਰੂਕਤਾ ਫੈਲਾਉਣ, ਸ਼ੱਕੀ ਗਤੀਵਿਧੀਆਂ ਦੀ ਸੂਚਨਾ ਪ੍ਰਸ਼ਾਸਨ ਨੂੰ ਦੇਣ ਅਤੇ ਭਟਕੇ ਯੁਵਕਾਂ ਨੂੰ ਸਹੀ ਰਸਤੇ ਪਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।



# ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਰੇਡੀਓ-ਡਾਇਗਨੋਸਿਸ 'ਚ ਪੋਸਟ ਗ੍ਰੈਜੂਏਸ਼ਨ ਕੀਤੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)**- ਜਨਤਕ ਸੇਵਾ ਅਤੇ ਸਿੱਖਿਆ ਦੋਵਾਂ ਪ੍ਰਤੀ ਵਚਨਬੱਧਤਾ ਦੇ ਇਕ ਸ਼ਾਨਦਾਰ ਪ੍ਰਦਰਸ਼ਨ ਵਿਚ, ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਨੇ ਰੇਡੀਓ-ਡਾਇਗਨੋਸਿਸ ਵਿੱਚ ਪੋਸਟ ਗ੍ਰੈਜੂਏਸ਼ਨ ਸਫਲਤਾਪੂਰਵਕ ਪੂਰੀ ਕੀਤੀ ਹੈ। ਉਹ ਜਨਤਕ ਜ਼ਿੰਮੇਵਾਰੀਆਂ ਨੂੰ ਸਰਗਰਮੀ ਨਾਲ ਨਿਭਾਉਂਦੇ ਹੋਏ ਵੀ ਮੈਡੀਕਲ ਪੋਸਟ ਗ੍ਰੈਜੂਏਟ ਪ੍ਰੋਗਰਾਮ ਨੂੰ ਅੱਗੇ ਵਧਾਉਣ ਵਿੱਚ ਕਾਮਯਾਬ ਰਹੇ, ਜਿਸ ਦੇ ਲਈ ਉਹਨਾਂ ਨੇ ਸਾਥੀਆਂ ਅਤੇ ਹਲਕਾ ਵਾਸੀਆਂ ਤੋਂ ਪ੍ਰਸ਼ੰਸਾ ਪ੍ਰਾਪਤ ਕੀਤੀ। ਡਾਕਟਰੀ ਦੇ ਪਿਛੋਕੜ ਵਾਲੇ ਡਾ. ਇਸ਼ਾਂਕ ਨੇ ਕਿਹਾ ਕਿ ਇਹ ਪ੍ਰਾਪਤੀ ਨਿਰੰਤਰ ਸਿੱਖਣ ਵਿਚ ਡੂੰਘੀ ਦਿਲਚਸਪੀ ਹੋਣ ਅਤੇ ਸਿਹਤ ਸੰਭਾਲ ਨੀਤੀਆਂ ਤੇ ਜਨਤਕ ਭਲਾਈ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਦੀ ਉਨ੍ਹਾਂ ਦੀ ਇੱਛਾ ਨੂੰ ਦਰਸਾਉਂਦੀ ਹੈ। ਇਥੇ ਇਹ ਦੱਸਣ ਯੋਗ ਹੈ ਕਿ ਇਹ ਪ੍ਰਾਪਤੀ ਪੇਸ਼ੇਵਰਾਂ ਅਤੇ ਜਨਤਕ ਪ੍ਰਤੀਨਿਧੀਆਂ ਲਈ ਆਪਣੇ ਕਰੀਅਰ ਦੇ ਨਾਲ-ਨਾਲ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਇੱਕ ਉਦਾਹਰਣ ਪੇਸ਼ ਕਰਦੀ ਹੈ।



# ਘਰਾਟੀਆਂ ਜਠੇਰਿਆਂ ਦੀ ਸਰਦ ਰੁੱਤ ਮੇਲ ਅੱਜ



**ਜਲੰਧਰ (ਰਾਜੇਸ਼ ਥਾਪਾ)**- ਘਰਾਟੀਆ ਜਠੇਰੇ ਜਲੰਧਰ ਪੰਜਾਬ ਦੇ ਚੇਅਰਮੈਨ ਲੱਭਾ ਰਾਮ, ਪ੍ਰਧਾਨ ਵਿਜੇ ਭਗਤ, ਜਰਨਲ ਸਕੱਤਰ ਗਣੇਸ਼ ਭਗਤ , ਖਜਾਨਚੀ ਰਾਕੇਸ਼ ਕੁਮਾਰ ਅਤੇ ਮੁੱਖ ਸਲਾਹਕਾਰ ਰਵਿੰਦਰ ਭਗਤ ਨੇ ਦੱਸਿਆ ਘਰਾਟੀਏ ਗੋਤਰ (ਪੂਨਮ) ਨਾਲ ਸਬੰਧਤ ਸਰਦ ਰੁੱਤ ਦੀ ਮੇਲ 9 ਨਵੰਬਰ ਦਿਨ ਐਤਵਾਰ ਨੂੰ ਆਰ ਐਸ ਪੁਰਾ ਚਕਰੋਈ ਜੰਮੂ ਵਿਖੇ ਸਾਲਾਨਾ ਮੇਲ ਦਾ ਆਯੋਜਨ ਕੀਤਾ ਜਾਵੇਗਾ। ਇਸ ਸਰਦ ਰੁੱਤ ਮੇਲ ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਇਲਾਵਾ ਜੰਮੂ, ਰਾਜਸਥਾਨ, ਹਰਿਆਣਾ ਅਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿਚ ਆਪਣੇ ਪਰਿਵਾਰ ਸਮੇਤ ਸ਼ਾਮਲ ਹੋਣ ਗਏ ਤੇ ਬੂਆ ਬਾਵਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਇਸ ਸਰਦ ਰੁੱਤ ਮੇਲ ਮੌਕੇ ਤੇ ਜਿਹੜੇ ਸ਼ਰਧਾਲੂ ਇੱਕ ਦਿਨ ਪਹਿਲਾਂ ਪਹੁੰਚਣ ਗਏ। ਉਨ੍ਹਾਂ ਲਈ ਰਾਤ ਰਹਿਣ ਦੀ ਵਿਵਸਥਾ ਅਤੇ ਰਾਤ ਦੇ ਲੰਗਰ ਦੀ ਵਿਵਸਥਾ ਕੀਤੀ ਗਈ ਹੈ। ਇਸ ਸਬੰਧ ਜੰਮੂ ਤੋਂ ਗਾਰਾ ਰਾਮ, ਸੰਸਾਰ ਚੰਦ, ਬਚਨ ਲਾਲ ਦੀ ਡਿਊਟੀ ਲਗਾਈ ਹੈ। 9 ਨਵੰਬਰ ਨੂੰ ਸਵੇਰੇ ਨੂੰ ਵਜੇ ਮੁੱਖ ਸੇਵਾਦਾਰ ਬਾਬਾ ਬਚਨ ਲਾਲ ਜੀ ਅਤੇ ਸਭਾ ਦੇ ਮੈਂਬਰ ਸਾਹਿਬਾਨ ਅਤੇ ਸ਼ਰਧਾਲੂ ਬਾਬਾ ਬੂਆ ਜੀ ਦੀ ਪੂਜਾ ਅਰਚਨਾ ਕੀਤੀ ਜਾਵੇਗੀ। ਝੰਡਾ ਚੜ੍ਹਾਉਣ ਦੀ ਰਸਮ ਤੋਂ ਬਾਅਦ ਸਰਦ ਰੁੱਤ ਦਾ ਭੰਡਾਰਾ ਸ਼ੁਰੂ ਹੋ ਜਾਵੇ। ਅਤੇ ਆਏ ਹੋਏ ਸ਼ਰਧਾਲੂ ਬਾਬਾ ਬੂਆ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਸ਼ਰਧਾਲੂਆਂ ਨੂੰ ਲੰਗਰ ਦੀ ਵਿਵਸਥਾ ਕੀਤੀ ਗਈ ਹੈ।

# ਕੁਦਰਤੀ ਖੇਤੀ ਸੰਬੰਧੀ ਸਿਖਲਾਈ ਕੋਰਸ ਲਗਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਤਹਿਤ ਪੀ ਏ ਯੂ ਕ੍ਰਿਸ਼ੀ ਵਿਗਿਆਨ ਕੇਂਦਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਬਲਾਕ ਹੁਸ਼ਿਆਰਪੁਰ-2 ਦੇ ਕਿਸਾਨਾਂ ਲਈ ਖੇਤੀ ਭਵਨ, ਹੁਸ਼ਿਆਰਪੁਰ ਵਿਖੇ ਕੁਦਰਤੀ ਖੇਤੀ ਬਾਬਤ ਸਿਖਲਾਈ ਕੋਰਸ ਲਗਾਇਆ। ਕਿਸਾਨਾਂ ਦਾ ਸਵਾਗਤ ਮੁੱਖ ਖੇਤੀਬਾੜੀ ਅਫ਼ਸਰ ਦਪਿੰਦਰ ਸਿੰਘ ਨੇ ਕੀਤਾ ਅਤੇ ਉਨ੍ਹਾਂ ਕਿਸਾਨਾਂ ਨੂੰ ਵਿਭਾਗ ਦੀਆਂ ਮੁੱਖ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ। ਸਿਖਲਾਈ ਦੌਰਾਨ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਡਾ.ਪ੍ਰਭਜੋਤ ਕੌਰ ਨੇ ਕੁਦਰਤੀ ਖੇਤੀ ਨਾਲ ਖਰਚ ਘਟਣ, ਮਿੱਟੀ ਦੀ ਉਪਜਾਊ ਸ਼ਕਤੀ ਵਧਣ ਅਤੇ ਮਨੁੱਖੀ ਸਿਹਤ ਅਤੇ ਵਾਤਾਵਰਣ ਦੀ ਸੁਰੱਖਿਆ ਹੋਣ ਬਾਰੇ ਕਿਹਾ। ਉਨ੍ਹਾਂ ਕਿਸਾਨਾਂ ਨੂੰ ਕੁਦਰਤੀ ਖੇਤੀ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਜੈਵਿਕ ਪਦਾਰਥਾਂ ਜਿਵੇਂਕਿ ਬੀਜਅੰਮ੍ਰਿਤ, ਜੀਵਅੰਮ੍ਰਿਤ, ਘਣਜੀਵਅੰਮ੍ਰਿਤ, ਬ੍ਰਹਮਅਸਤਰ ਅਤੇ ਅਗਨੀਅਸਤਰ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਇਆ। ਉਨ੍ਹਾਂ ਅੱਛਾਧਨ (ਮਲਚਿੰਗ) ਅਤੇ ਵਾਪਸਾ (ਮਿੱਟੀ ਵਿੱਚ ਨਮੀ ਸੰਭਾਲ) ਦੀਆਂ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ। ਸਹਾਇਕ ਪ੍ਰੋਫੈਸਰ (ਸਬਜ਼ੀ ਵਿਗਿਆਨ) ਡਾ. ਕਰਮਵੀਰ ਸਿੰਘ ਗਰਚਾ ਨੇ ਕੁਦਰਤੀ ਖੇਤੀ ਦੇ ਸਿਧਾਂਤਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਫ਼ਲਾਂ ਅਤੇ ਸਬਜ਼ੀਆਂ ਦੀ ਖੇਤੀ ਵਿੱਚ ਕਿਵੇਂ ਅਪਣਾਇਆ ਜਾ ਸਕਦਾ ਹੈ, ਇਸ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਕੁਦਰਤੀ ਖੇਤੀ ਉਪਜ ਦੇ ਵਧੀਆ ਮੰਡੀਕਰਣ ਲਈ ਪ੍ਰੋਸੈਸਿੰਗ ਰਾਹੀਂ ਮੁੱਲ ਵਾਧੇ ਵਿੱਚ ਇਜਾਫੇ ਬਾਰੇ ਵੀ ਦੱਸਿਆ। ਸਿਖਲਾਈ ਦੇ ਅਖੀਰ ਵਿੱਚ ਖੇਤੀਬਾੜੀ ਅਫ਼ਸਰ, ਹੁਸ਼ਿਆਰਪੁਰ ਅਤੇ ਇਸ ਮਿਸ਼ਨ ਦੇ ਨੋਡਲ ਅਫ਼ਸਰ ਸੁਖਪਾਲਵੀਰ ਸਿੰਘ ਨੇ ਮਾਹਿਰਾਂ ਤੇ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਕੁਦਰਤੀ ਖੇਤੀ ਅਪਨਾਉਣ ਲਈ ਉਤਸ਼ਾਹਿਤ ਕੀਤਾ ।




# ਵਿਲੇਜ ਡਿਫੈਂਸ ਕਮੇਟੀਆਂ ਨਸ਼ਾ ਰੋਕਣ ਲਈ ਹੇਠਲੇ ਪੱਧਰ ਤੱਕ ਹੋਣਗੀਆਂ ਸਹਾਈ : ਐੱਸ ਡੀ ਐੱਮ

**ਕਪੂਰਥਲਾ (ਪ੍ਰੀਤ ਸੰਗੋਜਲਾ)** ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਵਿਚ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸ਼ਨਾਖਤੀ ਪੱਤਰ ਤੇ ਸਿਖਲਾਈ ਪ੍ਰਦਾਨ ਕਰਨ ਦੇ ਲਈ ਸਥਾਨਕ ਵਿਰਸਾ ਵਿਹਾਰ ਵਿਖੇ ਵਿਸ਼ੇਸ਼ ਪ੍ਰੋਗਰਾਮ ਐਸ.ਡੀ.ਐਮ ਮੇਡਰ ਡਾ.ਇਰਵਿਨ ਕੌਰ ਤੇ ਡੀ.ਐਸ.ਪੀ ਡਾ.ਸ਼ੀਤਲ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਐਸ.ਡੀ.ਐਮ. ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਨਸ਼ਾ ਮੁਕਤ ਸਮਾਜ ਦੇ ਨਿਰਮਾਣ ਲਈ ਚਲਾਈ ਗਈ ਮੁਹਿੰਮ ਵਿਚ ਹਰ ਵਰਗ ਦੀ ਭੂਮਿਕਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਡਿਫੈਂਸ ਕਮੇਟੀਆਂ ਦੇ ਮੈਂਬਰ ਆਪਣੇ ਇਲਾਕੇ ਵਿਚ ਨਸ਼ਿਆਂ ਦੀ ਸਰਗਰਮੀ ਬਾਰੇ ਤੁਰੰਤ ਜਾਣਕਾਰੀ ਸਾਂਝੀ ਕਰਨ ਤਾਂ ਜੋ ਨਸ਼ਾ ਵਪਾਰੀਆਂ ਵਿਰੁੱਧ ਤੁਰੰਤ ਕਾਰਵਾਈ ਹੋ ਸਕੇ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਪੁਲਸ ਅਤੇ ਪ੍ਰਸ਼ਾਸਨ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸੇ ਵੀ ਹਾਲਤ ਵਿਚ ਨਸ਼ਾ ਤਸਕਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।




# ਵਿਲੇਜ ਡਿਫੈਂਸ ਕਮੇਟੀਆਂ ਦੀ ਟਰੇਨਿੰਗ ਲਈ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**- ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਧੀਨ ਆਦਮਪੁਰ ਵਿਖੇ ਵਿਸ਼ੇਸ਼ ਟਰੇਨਿੰਗ ਕੈਂਪ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋ- ਆਰਡੀਨੇਟਰ ਹਲਕਾ ਆਦਮਪੁਰ ਦਲਜੀਤ ਸਿੰਘ ਮਿਨਹਾਸ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਐੱਸ ਡੀ ਐੱਮ ਆਦਮਪੁਰ ਵਿਵੇਕ ਕੁਮਾਰ ਮੋਦੀ ਸ਼ਾਮਲ ਹੋਏ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਵਿਲੇਜ ਡਿਫੈਂਸ ਕਮੇਟੀ ਅਤੇ ਹਲਕੇ ਭਰ ਤੋਂ ਆਏ ਲੋਕਾਂ ਨੂੰ ਸੰਬੋਧਨ ਕਰਦਿਆਂ ਟੀਨੂੰ ਨੇ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਦੇ ਨੈਕਸਸ ਨੂੰ ਜੜ੍ਹੋਂ ਖਤਮ ਕਰਨ ਦੇ ਉਦੇਸ਼ ਨਾਲ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕਰਦਿਆਂ ਪਿੰਡਾਂ ਪਿੰਡਾਂ ਤੱਕ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਸੀ ਜਿਸਦੀ ਨਿਗਰਾਨੀ ਇੱਕ ਵਿੰਗ ਦਾ ਗਠਨ ਕਰ ਹਲਕਾ ਕੋ- ਆਰਡੀਨੇਟਰਾਂ ਨੂੰ ਸੌਂਪੀ ਗਈ ਸੀ, ਜਿਸ ਦੇ ਚੰਗੇ ਸਿੱਟੇ ਸਾਹਮਣੇ ਆਏ ਹਨ।

# ਹਸਪਤਾਲ ਦੇ ਕਰਮਚਾਰੀਆਂ ਲਈ ਮੁਫਤ ਮੈਡੀਕਲ ਇਲਾਜ ਸੇਵਾਵਾਂ ਆਰੰਭ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਭਾਰਤ ਸਰਕਾਰ ਦੀ ਕਰਮਚਾਰੀ ਰਾਜ ਬੀਮਾ ਸੁਰੱਖਿਆ ਯੋਜਨਾ ਹੇਠਾਂ ਮੁਫਤ ਮੈਡੀਕਲ ਇਲਾਜ ਸੇਵਾਵਾਂ ਮਿਲਣੀਆਂ ਆਰੰਭ ਹੋ ਗਈਆਂ ਹਨ। ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਉਕਤ ਯੋਜਨਾ ਅਧੀਨ ਰਜਿਸਟਰਡ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੰਮ ਕਰਨ ਵਾਲੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਨੂੰ ਕਰਮਚਾਰੀ ਰਾਜ ਬੀਮਾ ਸੁਰੱਖਿਆ ਯੋਜਨਾ (ਈ.ਐਸ.ਆਈ.) ਦੇ ਈ ਪਹਿਚਾਣ ਪੱਤਰ ਆਪਣੇ ਕਰ ਕਮਲਾਂ ਪ੍ਰਦਾਨ ਕੀਤੇ । ਉਹਨਾਂ ਨੇ ਕਿਹਾ ਕਿ ਹੁਣ ਢਾਹਾਂ ਕਲੇਰਾਂ ਵਿਖੇ ਚੱਲਦੇ ਸਮੂਹ ਅਦਾਰਿਆਂ ਦੇ ਕਰਮਚਾਰੀ ਇਸ ਬੀਮਾ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਣਗੇ। ਇਸ ਸਕੀਮ ਹੇਠਾਂ ਵਿਚ ਕਰਮਚਾਰੀ ਤੋਂ ਇਲਾਵਾ ਉਸ 'ਤੇ ਆਸ਼ਰਿਤ ਪਰਿਵਾਰਕ ਮੈਂਬਰਾਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਇਸ ਸਕੀਮ ਹੇਠਾਂ ਰਜਿਸਟਰਡ ਹਸਪਤਾਲਾਂ ਵਿਖੇ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ। ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਕੀਮ ਕਰਮਚਾਰੀ ਰਾਜ ਬੀਮਾ ਨਿਗਮ ਦੁਆਰਾ ਪ੍ਰਾਈਵੇਟ ਅਦਾਰਿਆਂ, ਕਾਰਖਾਨਿਆਂ, ਸਕੂਲਾਂ, ਹਸਪਤਾਲਾਂ ਆਦਿ ਵਿੱਚ ਕੰਮ ਕਰਦੇ ਉਹਨਾਂ ਕਰਮਚਾਰੀਆਂ ਲਈ ਚਲਾਈ ਜਾਂਦੀ ਹੈ ਜਿਹਨਾਂ ਦੀ ਤਨਖਾਹ 21 ਹਜ਼ਾਰ ਰੁਪਏ ਤੱਕ ਤੋਂ ਘੱਟ ਹੈ ਅਤੇ ਇਹ ਬੀਮਾ ਯੋਜਨਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਕਰਮਚਾਰੀਆਂ ਲਈ ਵੀ ਸ਼ੁਰੂ ਹੋ ਗਈ ਹੈ। ਇਸ ਮੌਕੇ ਮਹਿੰਦਰ ਪਾਲ ਸਿੰਘ, ਕਮਲਜੀਤ ਸਿੰਘ, ਜੋਗਾ ਰਾਮ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮਹਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਟਿੱਬਾ ਸਾਹਿਬ ਸੇਵਾ ਸਿਮਰਨ ਸਭਾ, ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਅਤੇ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਗੁਰਮਤਿ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਸੰਤੋਖ ਸਿੰਘ ਮੁਕੇਰੀਆਂ, ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ, ਬੇਬੀ ਪ੍ਰੇਮਜੋਤ ਕੌਰ ਅਤੇ ਸ੍ਰੀ ਹਰਿ ਜੀ ਸਹਾਇ ਗੁਰਮਤਿ ਸੰਗੀਤ ਵਿਦਿਆਲਾ ਦੇ ਬੱਚਿਆਂ ਵੱਲੋਂ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਭਾਈ ਜਸਵਿੰਦਰ ਸਿੰਘ ਪਰਮਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜੀਵਨ ਇਤਿਹਾਸ ਅਤੇ ਸਿੱਖਿਆਵਾਂ ਬਾਰੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਂਦੀਆਂ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਅਤੇ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਵੱਲੋਂ ਅਮਰੀਕ ਸਿੰਘ ਸੁਭਾਸ਼ ਨਗਰ ਅਤੇ ਪ੍ਰਭਾਤ ਫੇਰੀਆਂ ਵਿੱਚ ਸਹਿਯੋਗ ਦੇਣ ਵਾਲੀਆਂ ਸੰਗਤਾਂ, ਨੌਜਵਾਨਾਂ, ਬੱਚਿਆਂ ਅਤੇ ਬੇਟੀਆਂ ਦਾ ਵਿਸ਼ੇਸ਼ ਤੌਰ ਤੇ ਯਾਦਗਾਰੀ ਚਿੰਨ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਇਨਾਂ ਤੋਂ ਇਲਾਵਾ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ.ਹੁਸ਼ਿਆਰਪੁਰ, ਪ੍ਰਿੰ. ਬਲਵੀਰ ਸਿੰਘ ਸੈਣੀ ਜਨਰਲ ਸਕੱਤਰ, ਬਰਿੰਦਰ ਸਿੰਘ ਪਰਮਾਰ, ਅਵਤਾਰ ਸਿੰਘ ਸੰਧੂ, ਸਤਵੰਤ ਸਿੰਘ ਸਿਆਣ ਸੂਬਾ ਸਕੱਤਰ ਆਮ ਆਦਮੀ ਪਾਰਟੀ, ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ। ਸਮਾਗਮ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।



# ਕਬੱਡੀ ਕੱਪ 11 ਨੂੰ

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਧੰਨ ਧੰਨ ਬਾਬਾ ਸ਼ਰਧਾ ਨਾਥ ਜੀ ਤੇ ਬਾਬਾ ਅਮਰ ਨਾਥ ਜੀ ਦੇ ਦਰਬਾਰ ਦੀ ਪ੍ਰਬੰਧਕ ਕਮੇਟੀ ਤੇ ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਗਲਾਣਾ ਕਬੱਡੀ ਕੱਪ 11 ਨਵੰਬਰ ਦਿਨ ਮੰਗਲਵਾਰ ਨੂੰ ਡੇਰਾ ਬਗਲਾਣਾ ਪਿੰਡ ਖੀਵਾ (ਨੇੜੇ ਪਿੰਡ ਆਧੀ) ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਡੇਰੇ ਦੇ ਮੁੱਖ ਸੇਵਾਦਾਰ ਬਾਬਾ ਦਰਬਾਰ ਨਾਥ ਤੇ ਨਿਰਮਲ ਸਿੰਘ ਨੇ ਦੱਸਿਆ ਕਿ ਕਬੱਡੀ ਓਪਨ ਕਲੱਬਾਂ ਦੀਆਂ ਪਹਿਲੀਆਂ 20 ਟੀਮਾਂ ਨੂੰ ਪਹਿਲਾਂ ਇਨਾਮ 51000/ ਅਤੇ ਦੂਜਾ ਇਨਾਮ 41000 ਰੁਪਏ ਦਿਤਾ ਜਾਵੇਗਾ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



9- Nov - Page -7-Advt-25.qxd 11/8/2025 10:46 PM Page 1




## ਦੁਕਾਨਦਾਰਾਂ ਤੇ ਰੇਹੜੀ ਵਾਲਿਆਂ ਨਜਾਇਜ਼ ਕਬਜ਼ੇ ਨਾ ਛੱਡੇ ਤਾਂ ਹੋਵੇਗੀ ਕਨੂੰਨੀ ਕਾਰਵਾਈ : ਪ੍ਰਧਾਨ ਨਗਰ ਪੰਚਾਇਤ



ਸ਼ਾਹਕੋਟ (ਗਿਆਨ ਸੈਦਪੁਰੀ)-ਸ਼ਾਹਕੋਟ ਦੇ ਮੇਨ ਬਜ਼ਾਰ ਅਤੇ ਮੋਗਾ ਰੋਡ 'ਤੇ ਦੁਕਾਨਦਾਰਾਂ ਵਲੋਂ ਦੁਕਾਨਾਂ ਦੇ ਬਾਹਰ ਤੱਕ ਸਮਾਨ ਰੱਖਣ ਅਤੇ ਦੁਕਾਨਾਂ ਦੇ ਮੂਹਰੇ ਲੱਗੀਆਂ ਪੱਕੀਆਂ ਰੇਹੜੀਆਂ ਕਾਰਨ ਟ੍ਰੈਫਿਕ ਦੀ ਵੱਡੀ ਸਮੱਸਿਆ ਪੈਦਾ ਹੋਈ ਹੈ। ਇਸ ਤੋਂ ਇਲਾਵਾ ਘੱਗਾ ਰੇਹੜੀਆਂ ਅਤੇ ਛੋਟੇ ਹਾਥੀ ਰੇਹੜੀਆਂ 'ਤੇ ਸਮਾਨ ਵੇਚਣ ਵਾਲਿਆਂ ਵਲੋਂ ਸੜਕਾਂ 'ਤੇ ਹੀ ਲਾਏ ਪੱਕੇ ਡੇਰਿਆਂ ਨੇ ਟ੍ਰੈਫਿਕ ਸਮੱਸਿਆ ਨੂੰ ਬਦ ਤੋਂ ਬਦਤਰ ਕੀਤਾ ਹੋਇਆ ਹੈ। ਇਸ ਸਬੰਧੀ ਨਗਰ ਪੰਚਾਇਤ ਸ਼ਾਹਕੋਟ ਦੇ ਦਫ਼ਤਰ ਵਿਖੇ ਪ੍ਰਧਾਨ ਗੁਲਜ਼ਾਰ ਸਿੰਘ ਥਿੰਦ ਨੇ ਕੀਤੀ ਗਈ ਵਿਸ਼ੇਸ਼ ਮੀਟਿੰਗ ਦੌਰਾਨ ਦੱਸਿਆ ਕਿ ਦੁਕਾਨਦਾਰਾਂ ਨੂੰ ਦੁਕਾਨਾਂ ਦੇ ਬਾਹਰ ਤੱਕ ਰੱਖੇ ਸਮਾਨ ਨੂੰ ਚੁੱਕਣ ਅਤੇ ਸੜਕਾਂ 'ਤੇ ਪੱਕੀਆਂ ਲੱਗੀਆਂ ਰੇਹੜੀਆਂ, ਘੱਗਾ ਰੇਹੜੀਆਂ ਅਤੇ ਛੋਟਾ ਹਾਥੀ ਰੇਹੜੀਆਂ ਨੂੰ ਸੜਕਾਂ 'ਤੇ ਹਟਣ ਲਈ ਮੁਨਾਦੀ ਕਰਵਾ ਕੇ ਕਿਹਾ ਜਾਵੇਗਾ। ਉਨ੍ਹਾਂ ਕਿਹਾ ਕਿ ਅਗਰ ਸੜਕਾਂ 'ਤੇ ਹੋਏ ਇਨ੍ਹਾਂ ਨਾਜਾਇਜ਼ ਕਬਜ਼ਿਆਂ ਨੂੰ ਨਾ ਛੱਡਿਆ ਗਿਆ ਤਾਂ ਨਗਰ ਪੰਚਾਇਤ ਸ਼ਾਹਕੋਟ ਵਲੋਂ ਕਨੂੰਨ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਦੁਕਾਨਦਾਰਾਂ ਤੇ ਰੇਹੜੀ ਵਾਲਿਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਵਿਚ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਨਗਰ ਪੰਚਾਇਤ ਨੂੰ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਦੁਕਾਨਦਾਰਾਂ ਤੇ ਰੇਹੜੀ ਵਾਲਿਆਂ ਨੇ ਉਕਤ ਅਪੀਲ ਤੋਂ ਬਾਅਦ ਵੀ ਕਬਜ਼ਾ ਨਾ ਛੱਡਿਆ ਤਾਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਪਵਨ ਅਗਰਵਾਲ ਪ੍ਰਧਾਨ ਮੰਡੀ ਕਮੇਟੀ, ਸੋਨੂੰ ਮਿੱਤਲ, ਟਿੰਪੀ ਕੁਮਰਾ ਅਤੇ ਨਗਰ ਪੰਚਾਇਤ ਦੇ ਕਲਰਕ ਮਨਦੀਪ ਸਿੰਘ ਹਾਜ਼ਰ ਸਨ।

## ਪਿਸਤੌਲ ਦੀ ਨੋਕ 'ਤੇ ਕੈਫੇ ਤੋਂ ਲੁੱਟੇ ਤੀਹ ਹਜ਼ਾਰ, ਵਾਰਦਾਤ ਸੀ ਸੀ ਟੀ ਵੀ 'ਚ ਕੈਦ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਣ)-ਪੰਜਾਬ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਦਿਨ-ਪ੍ਰਤੀ-ਦਿਨ ਡਗਮਗਾਉਂਦੀ ਜਾ ਰਹੀ ਹੈ,ਲੁਟੇਰੇ ਬੇਖੌਫ਼ ਹੋ ਕੇ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਤੇ ਇਨ੍ਹਾਂ ਲੁਟੇਰਿਆਂ ਨੂੰ ਨੱਥ ਪਾਉਣ ਲਈ ਜ਼ਿੰਮੇਵਾਰ ਪੁਲਸ ਪ੍ਰਸ਼ਾਸਨ ਮੂਕ ਦਰਸ਼ਕ ਬਣੀ ਬੈਠਾ ਨਜ਼ਰ ਆ ਰਿਹਾ ਹੈ।ਲੁੱਟ ਖੋਹ ਦਾ ਤਾਜ਼ਾ ਮਾਮਲਾ ਭਿੱਖੀਵਿੰਡ ਤੋਂ ਸਾਹਮਣੇ ਆਇਆ ਹੈ ਜਿੱਥੇ ਅੰਮ੍ਰਿਤਸਰ ਰੋਡ 'ਤੇ ਸਥਿਤ ਰੇਹਣੀ ਪ੍ਰਾਈਵੇਟ ਨਾਮਕ ਫੂਡ ਕੈਫੇ ਵਿੱਚ ਲੁਟੇਰੇ ਪਿਸਤੌਲ ਦੀ ਨੋਕ 'ਤੇ ਲਗਭਗ ਤੀਹ ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਅਤੇ ਲੁੱਟ ਦੀ ਇਹ ਸਾਰੀ ਵਾਰਦਾਤ ਕੈਫੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਪੁਲਿਸ ਨੂੰ ਦਿੱਤੀ ਜਾਣਕਾਰੀ ਵਿੱਚ ਕੈਫੇ ਦੇ ਮੈਨੇਜਰ ਅਰਸ਼ਦੀਪ ਸਿੰਘ ਨਾਮਕ ਨੌਜਵਾਨ ਨੇ ਦੱਸਿਆ ਕਿ 6 ਨਵੰਬਰ ਦੀ ਰਾਤ ਨੂੰ ਸਮਾਂ ਕਰੀਬ 9:30 ਤੇ ਤਿੰਨ ਅਣਪਛਾਤੇ ਵਿਅਕਤੀ ਜਿਨ੍ਹਾਂ ਵਿੱਚੋਂ ਦੋ ਨੇ ਮੂੰਹ ਢੱਕੇ ਹੋਏ ਸੀ, ਕੈਫੇ ਵਿੱਚ ਦਾਖ਼ਲ ਹੋਏ।

ਅਰਸ਼ਦੀਪ ਸਿੰਘ ਨੇ ਦੱਸਿਆ ਕਿ ਅੰਦਰ ਆਉਂਦਿਆਂ ਸਾਰ ਉਕਤ ਲੁਟੇਰਿਆਂ ਨੇ ਉਸ ਤੇ ਪਿਸਤੌਲ ਤਾਣ ਦਿੱਤੀ ਤੇ ਕੈਸ਼ ਦਰਾਜ਼ ਵਿੱਚੋਂ ਸੇਲ ਦੇ ਕਰੀਬ ਤੀਹ ਹਜ਼ਾਰ ਰੁਪਏ ਲੁੱਟ ਕੇ ਫ਼ਰਾਰ ਹੋ ਗਏ।ਇਸ ਮੌਕੇ ਮੈਨੇਜਰ ਤੇ ਕੈਫੇ ਦੇ ਮਾਲਕ ਨੇ ਪੁਲਸ ਪ੍ਰਸ਼ਾਸਨ ਨੂੰ ਲੁਟੇਰਿਆਂ ਨੂੰ ਜਲਦ ਤੋਂ ਜਲਦ ਕਾਬੂ ਕਰਨ ਦੀ ਅਪੀਲ ਕੀਤੀ ਹੈ।

## ਬੱਸ ਅੱਡੇ ਨੂੰ ਮੁੜ ਚਾਲੂ ਕੀਤਾ ਜਾਵੇ

ਫਿਲੌਰ (ਨਿਰਮਲ)- ਫਿਲੌਰ ਵਿਖੇ ਸਥਿਤ ਨੇੜੇ ਲਗਭਗ 35 ਤੋਂ 40 ਸਾਲ ਪਹਿਲਾਂ ਤਕਰੀਬਨ 35 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਬੱਸ ਅੱਡਾ ਕਈ ਸਾਲਾਂ ਤੋਂ ਬੰਦ ਪਿਆ ਹੈ। ਅੱਜ ਇਹ ਬੱਸ ਅੱਡਾ ਖੰਡਰ ਬਣ ਚੁੱਕਾ ਹੈ ਅਤੇ ਨਸ਼ੇੜੀਆਂ ਦੀ ਠਿਕਾਣਾ ਬਣ ਚੁੱਕੀ ਹੈ ਜਦਕਿ ਅੱਡੇ ਦੇ ਕੁਝ ਹਿੱਸੇ 'ਤੇ ਪੁਲਸ ਦਾ ਕਬਜ਼ਾ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਬੱਸ ਅੱਡੇ ਨੂੰ ਤੁਰੰਤ ਚਾਲੂ ਕੀਤਾ ਜਾਵੇ ਤਾਂ ਜੋ ਸਫ਼ਰ ਕਰਨ ਵਾਲੇ ਲੋਕਾਂ ਨੂੰ ਹੋ ਰਹੀ ਖੱਜਲ ਖੁਆਰੀ ਤੋਂ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਨਵਾਂਸ਼ਹਿਰ, ਨਗਰ, ਔਪੜਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਨਕੋਦਰ ਅਤੇ ਨੂਰਮਹਿਲ ਵੱਲ ਜਾਣ ਵਾਲੀਆਂ ਬੱਸਾਂ ਇਸ ਅੱਡੇ ਤੋਂ ਹੀ ਚਲਾਈਆਂ ਜਾਣ। ਲੋਕਾਂ ਦਾ ਕਹਿਣਾ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਐਨ ਆਰ ਆਈ, ਅਤੇ ਦੂਸਰੇ ਸੂਬਿਆਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਮੌਜੂਦਾ ਹਾਲਾਤਾਂ ਕਾਰਨ ਬਹੁਤ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਇਲਾਕਾ ਵਾਸੀਆਂ ਨੇ ਉੱਚ ਅਧਿਕਾਰੀਆਂ, ਪੰਜਾਬ ਰੋਡਵੇਜ਼ ਅਤੇ ਪ੍ਰਾਈਵੇਟ ਬੱਸ ਮਾਲਕਾਂ ਤੋਂ ਮੰਗ ਕੀਤੀ ਹੈ ਕਿ ਉਹ ਬੱਸਾਂ ਇਸ ਅੱਡੇ ਤੋਂ ਚਲਾਉਣ ਲਈ ਡਰਾਈਵਰਾਂ, ਕੰਡਕਟਰਾਂ ਅਤੇ ਬੱਸ ਮਾਲਕਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਨ। ਉਨ੍ਹਾਂ ਨੇ ਸਰਕਾਰੀ ਬੱਸਾਂ ਦੇ ਇੰਚਾਰਜਾਂ ਨੂੰ ਵੀ ਸਖ਼ਤ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਫਿਲੌਰ ਦਾ ਇਹ ਪੁਰਾਣਾ ਬੱਸ ਅੱਡਾ ਮੁੜ ਤੋਂ ਸਰਗਰਮ ਹੋ ਸਕੇ ਅਤੇ ਲੋਕਾਂ ਨੂੰ ਆਸਾਨੀ ਹੋਵੇ।

## ਸਾਬਕਾ ਵਿਦਿਆਰਥੀਆਂ ਕਿਸਾਨਾਂ ਨੂੰ ਮੁਫ਼ਤ ਖਾਦ ਤੇ ਕਣਕ ਦਾ ਬੀਜ ਵੰਡਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਦੇ ਦਨ ਡੇਰਾਗਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਗੁਰੂ ਨਾਨਕ ਇੰਜੀ. ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਵੱਲੋਂ ਸ਼ਹਿਨਾਜ਼ ਸਿੰਘ ਗਿੱਲ ਮੋਹਾਲੀ ਦੀ ਅਗਵਾਈ ਵਿੱਚ ਕਸਬੇ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਦੇ 60 ਹੜ੍ਹ ਪ੍ਰਭਾਵਿਤ ਛੋਟੇ ਲੋੜਵੰਦ ਕਿਸਾਨ ਪਰਿਵਾਰਾਂ ਨੂੰ ਖਾਦ ਅਤੇ ਕਣਕ ਦਾ ਬੀਜ ਵੰਡਿਆ ਗਿਆ।ਇਸ ਮੌਕੇ ਡੇਰਾ ਬਾਬਾ ਨਾਨਕ ਦੇ ਐਸਡੀਐਮ ਆਦਿੱਤਿਆ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਸ਼ਹਿਨਾਜ਼ ਸਿੰਘ ਗਿੱਲ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਟੀਮ ਨੇ ਔਖੇ ਸਮੇਂ ਵਿੱਚ ਇਨ੍ਹਾਂ ਛੋਟੇ ਲੋੜਵੰਦ ਕਿਸਾਨਾਂ ਨੂੰ ਬੀਜ ਅਤੇ ਖਾਦ ਵੰਡ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਮੌਕੇ ਉਨ੍ਹਾਂ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਔਖੀ ਘੜੀ ਵਿੱਚ ਵੱਧ ਚੜ੍ਹ ਕੇ ਲੋੜਵੰਦ ਕਿਸਾਨਾਂ ਦੀ ਬਾਂਹ ਜ਼ਰੂਰ ਫੜਨ।ਇਸ ਮੌਕੇ ਸ਼ਹਿਨਾਜ਼ ਸਿੰਘ ਗਿੱਲ ਨੇ ਕਿਹਾ ਕਿ ਕਿਹਾ ਕਿ ਪੰਜਾਬ ਵਿੱਚ ਜੋ ਪਿਛਲੇ ਦਿਨੀਂ ਹੜ੍ਹ ਆਏ ਸਨ, ਹੜ੍ਹ ਦੇ ਪਾਣੀ ਨਾਲ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਦਾ ਬਹੁਤ ਵੱਡਾ ਨੁਕਸਾਨ ਹੋਇਆ ਸੀ, ਉਨ੍ਹਾਂ ਕਿਸਾਨਾਂ ਨੇ ਹੁਣ ਕਣਕ ਦੀ ਬਿਜਾਈ ਕਰਨੀ ਸੀ, ਪਰ ਉਨ੍ਹਾਂ ਕੋਲ ਕਣਕ ਦਾ ਬੀਜ ਅਤੇ ਖਾਦ ਖਰੀਦਣ ਲਈ ਕੋਈ ਠੋਸ ਪ੍ਰਬੰਧ ਨਹੀਂ ਸੀ। ਉਨ੍ਹਾਂ ਕਿਹਾ ਕਿ ਮੈਂ ਆਪਣੇ ਦੋਸਤਾਂ ਨਾਲ ਜੋ ਮੇਰੇ ਨਾਲ ਗੁਰੂ ਨਾਨਕ ਇੰਜੀ. ਕਾਲਜ ਲੁਧਿਆਣਾ ਵਿਖੇ ਪੜ੍ਹਦੇ ਸਨ, ਗੱਲ ਕੀਤੀ ਸੀ। ਉਨ੍ਹਾਂ ਦੋਸਤਾਂ ਦੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਸਦਕਾ ਸਾਡੇ ਵੱਲੋਂ ਲੋੜਵੰਦ ਕਿਸਾਨਾਂ ਨੂੰ ਬੀਜ ਤੇ ਖਾਦ ਵੰਡੀ ਗਈ ਹੈ।ਇਸ ਮੌਕੇ ਸ਼ਹਿਨਾਜ਼ ਗਿੱਲ ਨੇ ਬਲਾਕ ਖੇਤੀਬਾੜੀ ਅਫ਼ਸਰ ਡਾ. ਸੁਖਬੀਰ ਸਿੰਘ ਸੰਧੂ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੀ ਬਦੌਲਤ ਅਸੀਂ ਛੋਟੇ ਕਿਸਾਨਾਂ ਤੱਕ ਪਹੁੰਚ ਕਰ ਸਕੇ ਅਤੇ ਖਾਦ ਤੇ ਬੀਜ ਵੰਡ ਸਕੇ।ਇਸ ਮੌਕੇ ਜਗਤਾਰ ਸਿੰਘ ਰਿਟਾਇਰ ਰੇਂਜ ਅਫਸਰ ਅਮਲਾਲਾ, ਸੁਖਬੀਰ ਸਿੰਘ ਬਟਾਲਾ, ਬੀਡੀਪੀਓ ਅਮਨਦੀਪ ਕੌਰ, ਡੀਐੱਸਪੀ ਜੋਗਾ ਸਿੰਘ, ਐੱਸਐੱਚਓ ਅਸ਼ੋਕ ਕੁਮਾਰ ਸ਼ਰਮਾ, ਤਰਲੋਚਨ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਪੁਨੀਤ ਢਿੱਲੋਂ ਉਪ ਖੇਤੀਬਾੜੀ ਨਿਰੀਖਣ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਬਿਜਲੀ ਸੋਧ ਬਿੱਲ-2025 ਦੇ ਖਰੜੇ ਵਿਰੁੱਧ ਰੋਸ ਧਰਨਾ ਅੱਜ

ਤਰਨ ਤਾਰਨ (ਨਜ਼ਮ)-ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਤਿਆਰ ਕੀਤੇ ਬਿਜਲੀ ਸੋਧ ਬਿੱਲ -2025 ਦੇ ਲੋਕ ਵਿਰੋਧੀ ਖਰੜੇ ਖਿਲਾਫ਼ ਅਦਾਰੇ ਦੀਆਂ ਵੱਖ- ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸਾਂਝਾ ਪੰਧਰੀ ਸੱਦੇ 'ਤੇ ਜਲਦੀ ਪਰਦਰਸ਼ਨ ਬੱਸ ਸਟੈਂਡ ਵਿਖੇ ਅੱਜ 9 ਨਵੰਬਰ ਨੂੰ ਦਿੱਤੇ ਜਾ ਰਹੇ ਰੋਸ ਧਰਨੇ ਅਤੇ ਸ਼ਹਿਰ ਵਿੱਚ ਕੀਤੇ ਜਾਣ ਵਾਲੇ ਝੰਡਾ ਮਾਰਚ ਵਿੱਚ ਸੂਬਾ ਭਰ ਤੋਂ ਵੱਡੇ ਕਾਫਲੇ ਲੈ ਕੇ ਜੁਝਾਰੂ ਲੋਕ ਵਹੀਰਾਂ ਘੱਤ ਕੇ ਪਹੁੰਚਣਗੇ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਾਂਝੇ ਫਰੰਟ ਦੇ ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ, ਸੁਖਵਿੰਦਰ ਸਿੰਘ ਚਾਹਲ, ਗੁਰਵੇਲ ਸਿੰਘ ਬੱਲਪੁਰੀਆਂ, ਹਰਦੇਵ ਸਿੰਘ ਨਾਗੋਕੇ ਨੇ ਕਿਹਾ ਕਿ ਪੰਜਾਬ ਸਰਕਾਰ ਅਦਾਰੇ ਦੀਆਂ ਬਹੁਤ ਮਹਿੰਗੀਆਂ ਜਾਇਦਾਦਾਂ ਆਪਣੇ ਚਹੇਤਿਆਂ ਨੂੰ ਵੇਚਣ ਲਈ ਸਾਰੇ ਨਿਯਮ ਅਤੇ ਕਾਨੂੰਨ ਛਿੱਕੇ 'ਤੇ ਟੰਗ ਰਹੀ ਹੈ।ਇਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਲੋਕ ਮਾਰੂ ਬਿਜਲੀ ਸੋਧ ਬਿੱਲ -2025 ਦੇ ਪ੍ਰਸਤਾਵਤ ਖਰੜੇ ਵਿਰੁੱਧ ਵੀ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਸਪਸ਼ਟ ਸਟੈਂਡ ਨਹੀਂ ਲੈ ਰਹੀ, ਜਿਸ ਕਰਕੇ ਇਸ ਬਹੁਤ ਹੀ ਮਹੱਤਵਪੂਰਨ ਅਦਾਰੇ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਆਗੂਆਂ ਨੇ ਕਿਹਾ ਕਿ ਅੱਜ ਦੇ ਰੋਸ ਪ੍ਰਦਰਸ਼ਨ ਰਾਹੀਂ ਲੋਕਾਂ ਨੂੰ ਪੰਜਾਬ ਸਰਕਾਰ ਦੀ ਲੋਕ ਵਿਰੋਧੀ ਨੀਤੀ ਤੋਂ ਜਾਣੂ ਕਰਵਾ ਕੇ ਸਰਕਾਰ ਦੀ ਕਹਿਣੀ ਅਤੇ ਕਥਨੀ ਬਾਰੇ ਜਾਗਰੂਕ ਕੀਤਾ ਜਾਵੇਗਾ।

## ਸ਼ੂਗਰ ਮਿੱਲ ਸ਼ੇਰੋਂ ਨੂੰ ਵੇਚਣ ਵਿਰੁੱਧ ਕੱਢਿਆ ਮੋਟਰਸਾਈਕਲ ਮਾਰਚ



ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੀ ਖੰਡ ਮਿੱਲ ਸ਼ੇਰੋਂ ਨੂੰ ਵੇਚਣ ਦੀ ਤਜਵੀਜ਼ ਦੇ ਵਿਰੋਧ ਵਿੱਚ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਦਰਜਨ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੱਢਿਆ ਗਿਆ। ਇਸ ਮਾਰਚ ਦੀ ਅਗਵਾਈ ਦਲਜੀਤ ਸਿੰਘ ਦਿਆਲਪੁਰਾ, ਤਰਸੇਮ ਸਿੰਘ ਲੁਹਾਰ, ਦਵਿੰਦਰ ਸੋਹਲ, ਨਰਬਿੰਦਰ ਸਿੰਘ ਪੱਧਰੀ, ਨਛੱਤਰ ਸਿੰਘ ਮੁਗਲ ਚੱਕ, ਤਰਸੇਮ ਸਿੰਘ ਕਲਸੀ ਆਦਿ ਨੇਤਾਵਾਂ ਨੇ ਕੀਤੀ।

ਇਹ ਮੋਟਰਸਾਈਕਲ ਮਾਰਚ ਮਾਲੂਵਾਲ ਛੋਟਾ, ਮਾਲੂਵਾਲ ਵੱਡਾ, ਚੱਕ ਸਿਕੰਦਰ, ਪੱਧਰੀ ਖੁਰਦ, ਪੱਧਰੀ ਕਲਾਂ, ਛਿਛਰੇਵਾਲ, ਗੱਗੋਬੂਆ, ਅੱਡਾ ਗੱਗੋ ਬੂਆ ਅਤੇ ਮੂਸੇ ਪਿੰਡਾਂ ਵਿੱਚ ਕੱਢਿਆ ਗਿਆ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਕੀਮਤੀ ਜਾਇਦਾਦਾਂ ਵੇਚਣ ਦੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਸਹਿਕਾਰੀ ਖੰਡ ਮਿੱਲ ਸ਼ੇਰੋਂ ਬਾਰੇ ਕਿਸਾਨਾਂ ਦੱਸਿਆ ਕਿ ਇਹ ਮਿੱਲ ਕਿਸਾਨਾ ਦੇ ਸ਼ੇਅਰਾਂ ਦੀ ਹਿੱਸੇਦਾਰੀ ਨਾਲ ਬਣੀ ਸੀ। ਇਹ ਕਦਾਚਿੱਤ ਵੇਚਣ ਨਹੀਂ ਦਿਆਂਗੇ।ਜੇਕਰ ਸਰਕਾਰ ਨਾ ਸਮਝੀ ਤਾਂ ਮੀਟਿੰਗ ਕਰਕੇ ਪੱਕਾ ਮੋਰਚਾ ਲਾਇਆ ਜਾਵੇਗਾ।ਇਸ ਮੌਕੇ ਸੁਖਪਾਲ ਸਿੰਘ ਸਿੱਧੂ, ਜਗੀਰ ਸਿੰਘ ਗੰਡੀਵਿੰਡ, ਕੇਵਲ ਸਿੰਘ ਕੰਬੋਕੇ, ਬਲਜੀਤ ਸਿੰਘ ਭਿੱਖੀਵਿੰਡ, ਸਤਨਾਮ ਸਿੰਘ ਪ੍ਰਧਾਨ, ਪ੍ਰਦੀਪ ਸਿੰਘ, ਸੁਰਿੰਦਰ ਪਾਲ ਸਿੰਘ, ਗੁਰਪ੍ਰੀਤ ਸਿੰਘ ਗੰਜਾ, ਨਾਜਰ ਸਿੰਘ ਸਰਹਾਲੀ, ਸਤਨਾਮ ਸਿੰਘ ਬੈਂਕਾ ਆਦਿ ਹਾਜ਼ਰ ਸਨ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਦੁਕਾਨਦਾਰਾਂ ਨੇ ਲੰਗਰ ਲਗਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੇ ਪੁਰਾਣਾ ਬੱਸ ਸਟੈਂਡ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੰਗਰ ਲਗਾਇਆ ਗਿਆ। ਇਸ ਮੌਕੇ ਮੇਨ ਬਾਜ਼ਾਰ ਡੇਰਾ ਬਾਬਾ ਨਾਨਕ ਦੇ ਦੁਕਾਨਦਾਰਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਲੰਗਰ ਲਗਾਇਆ ਗਿਆ।

ਕਸਬੇ ਵਿੱਚ ਆਉਣ ਜਾਣ ਵਾਲੀਆਂ ਸੰਗਤਾਂ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆ ਲੰਗਰ ਨੂੰ ਬੜੇ ਪਿਆਰ ਨਾਲ ਛਕਿਆ।

ਇਸ ਲੰਗਰ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਕੁਲਵਿੰਦਰ ਸਿੰਘ ਤੇ ਰਾਜੇਸ਼ ਕੁਮਾਰ ਗੁਪਤਾ ਨੇ ਦੱਸਿਆ ਕਿ ਦੱਸਿਆ ਕਿ ਸਾਡੇ ਚੌਕ ਦੇ ਦੁਕਾਨਦਾਰਾਂ ਵੱਲੋਂ ਕੋਈ ਨਾ ਕੋਈ ਧਾਰਮਿਕ ਸਮਾਗਮ ਜਾਂ ਧਾਰਮਿਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ, ਸੋ ਉਸੇ ਲੜੀ ਦੇ ਚਲਦਿਆਂ ਦੁਕਾਨਦਾਰਾਂ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਚੱਲਦਿਆਂ ਲੰਗਰ ਲਗਾਇਆ ਗਿਆ ਹੈ, ਇਹ ਸੇਵਾ ਸਮੂਹ ਦੁਕਾਨਦਾਰਾਂ ਵੱਲੋਂ ਅਗਾਂਹ ਵੀ ਏਸੇ ਤਰ੍ਹਾਂ ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਪ੍ਰਬੰਧਕਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ ਤੇ ਸੰਗਤਾਂ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਗਈ।ਇਸ ਮੌਕੇ ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਡਾਕਟਰ ਕੁਲਵਿੰਦਰ ਸਿੰਘ ਪੱਡਾ, ਰਜਿੰਦਰ ਕੁਮਾਰ ਪੱਪੂ, ਅਰਪਿਤ ਕੁਮਾਰ, ਸੋਨੂੰ ਗੈਦ, ਮੋਨੂੰ ਗੈਦ, ਮਹੇਸ਼ ਕੁਮਾਰ ਗੁਪਤਾ, ਕੁਲਵੰਤ ਰਾਜ, ਸਤਿੰਦਰ ਸਿੰਘ ਖਲੀਲਪੁਰ, ਰਾਜਨ ਗੁਪਤਾ, ਗਰਜੋਤ ਸਿੰਘ ਬੇਦੀ, ਰਾਜੂ ਮੋਦੀ, ਗੁਰਬਾਜ ਮਾਨ, ਰਾਜੀਵ ਅਰੋੜਾ, ਪਰਮਜੀਤ ਸਿੰਘ ਆਰੇ ਵਾਲੇ, ਹਰਿੰਦਰ ਸਿੰਘ ਰੰਧਾਵਾ, ਗੋਲਡੀ ਆਰੇ ਵਾਲੇ, ਰਾਹੁਲ ਕੁਮਾਰ, ਕਾਲਾ ਢਿੱਲੋਂ, ਰਾਜਨ ਗੁਪਤਾ, ਸਕਸ਼ਮ ਗੁਪਤਾ, ਕਾਵਿਆ ਗੁਪਤਾ, ਸੋਹਿਲ ਗੁਪਤਾ, ਗੌਤਮ ਗੈਂਦ, ਦਰਸ਼ਨ ਸਿੰਘ ਆਦਿ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਆਈ ਟੀ ਸੀਨੀਅਰ ਸੈਕੰ. ਸਕੂਲ ਭਗਵਾਨਪੁਰਾ 'ਚ ਮੁਫ਼ਤ ਸਿਲਾਈ ਸਿਖਲਾਈ ਦਾ ਪਹਿਲਾ ਬੈਚ ਸਮਾਪਤ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸਭ ਮਹਿ ਏਕ ਜੋਤਿ ਚੈਰੀਟੇਬਲ ਟਰਸਟ ਅੰਮ੍ਰਿਤਸਰ ਵੱਲੋਂ ਆਈ. ਟੀ. ਸੀਨੀਅਰ ਸੈਕੰਡਰੀ ਸਕੂਲ ਪਿੰਡ ਭਗਵਾਨਪੁਰਾ ਜ਼ਿਲਾ ਤਰਨ ਤਾਰਨ ਵਿਖੇ ਚੱਲ ਰਹੇ ਫਰੀ ਸਿਲਾਈ ਸਿਖਲਾਈ ਕੇਂਦਰ ਵਿਚ ਪਹਿਲੇ ਬੈਚ ਦੀ ਸਮਾਪਤੀ ਕੀਤੀ ਗਈ।ਅਧਿਆਪਕਾ ਅਮਨਦੀਪ ਕੌਰ ਨੇ ਇਸ ਬੈਚ ਦੀ ਬਹੁਤ ਲਗਨ ਨਾਲ ਸੇਵਾ ਨਿਭਾਈ ਜਿਸ ਵਿੱਚ 16 ਵਿਦਿਆਰਥਣਾਂ ਨੇ ਬੜੀ ਮਿਹਨਤ ਦੇ ਨਾਲ ਸਿਖਲਾਈ ਪ੍ਰਾਪਤ ਕੀਤੀ।ਟਰੱਸਟ ਵੱਲੋਂ ਅਮਨਦੀਪ ਕੌਰ ਨੂੰ ਸਨਮਾਨਿਤ ਕੀਤਾ ਗਿਆ। ਟਰੱਸਟ ਦੇ ਮੁੱਖ ਸੇਵਾਦਾਰ ਦਵਿੰਦਰ ਸਿੰਘ, ਵੀਰ ਗੁਰਵਿੰਦਰ ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।ਇਸ ਉਪਰੰਤ ਸਾਰੀਆਂ ਹੀ ਬੱਚਿਆਂ ਨੂੰ ਭੇਟਾ ਰਹਿਤ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ।ਕੋਰਸ ਪੂਰਾ ਹੋਣ 'ਤੇ ਸਰਟੀਫਿਕੇਟ ਮੁਹੱਈਆ ਕਰਵਾਏ ਗਏ। ਕਵਲਜੀਤ ਕੌਰ, ਰਾਜਪਾਲ ਸਿੰਘ ਅਤੇ ਹੀਰਾ ਸਿੰਘ ਨੇ ਵੀ ਸੇਵਾ ਨਿਭਾਈ।ਪ੍ਰਿੰਸੀਪਲ ਰਣਜੀਤ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਇੰਦਰਜੀਤ ਸਿੰਘ ਨੇ ਟਰੱਸਟ ਦਾ ਧੰਨਵਾਦ ਕੀਤਾ।



## ਹਰਮੀਤ ਸੰਧੂ ਦੀ ਜਿੱਤ ਤਰਨ ਤਾਰਨ ਤੇ ਝਬਾਲ ਦੇ ਵਿਕਾਸ ਨੂੰ ਤੇਜ਼ ਕਰੇਗੀ : ਡਾ. ਮਾਨ, ਢਿੱਲੋਂ




ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਪੰਜਾਬ ਵਿੱਚ ਸਿਹਤ, ਸਿੱਖਿਆ, ਬਿਜਲੀ ਅਤੇ ਖੇਤੀਬਾੜੀ ਖੇਤਰਾਂ ਵਿੱਚ ਕੀਤੇ ਗਏ ਬਦਲਾਅ ਦਾ ਲੋਕਾਂ ਦੇ ਜੀਵਨ 'ਤੇ ਸਿੱਧਾ ਅਸਰ ਪਿਆ ਹੈ। ਜਿਸ ਤਰ੍ਹਾਂ ਭਗਵੰਤ ਮਾਨ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਲੋਕਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ, ਉਸ ਨਾਲ ਲੋਕਾਂ ਦਾ ਵਿਸ਼ਵਾਸ ਹੋਰ ਵੀ ਮਜ਼ਬੂਤ ਹੋ ਚੁੱਕਾ ਹੈ।ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਜਨਤਾ ਵਿੱਚ ਇੱਕ ਹਰਮਨ ਪਿਆਰੇ ਨੇਤਾ ਹਨ ਅਤੇ ਤਰਨ ਤਾਰਨ ਤੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਝਬਾਲ ਖਾਮ ਵਿਖੇ ਆਮ ਆਦਮੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ 'ਚ ਹਰਮੀਤ ਸਿੰਘ ਸੰਧੂ ਦੀ ਜਿੱਤ ਦਾ ਐਲਾਨ ਹੋਣਾ ਬਾਕੀ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਭੋਲੇ ਭਾਲੇ ਲੋਕਾਂ ਨਾਲ ਸਿਰਫ਼ ਵਾਅਦੇ ਹੀ ਕੀਤੇ ਸੀ, ਜਦੋਂ ਕਿ ਆਮ ਆਦਮੀ ਪਾਰਟੀ ਨੇ ਜ਼ਮੀਨੀ ਪੱਧਰ 'ਤੇ ਵਿਕਾਸ ਕਰਵਾ ਕੇ ਲੋਕਾਂ ਦੇ ਦਿਲ ਜਿੱਤੇ ਹਨ।ਉਨ੍ਹਾਂ ਦਾ ਸਾਫ਼-ਸੁਥਰਾ ਕਿਰਦਾਰ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਉਨ੍ਹਾਂ ਨੂੰ ਇਲਾਕੇ ਦੇ ਲੋਕਾਂ ਵਿੱਚ ਵਿਸ਼ੇਸ਼ ਮਾਨਤਾ ਦਿੰਦਾ ਹੈ।ਉਨ੍ਹਾਂ ਨੇ ਕਿਹਾ ਕਿ ਹਰਮੀਤ ਸਿੰਘ ਸੰਧੂ ਦੀ ਜਿੱਤ ਤਰਨ ਤਾਰਨ ਖੇਤਰ ਤੇ ਝਬਾਲ ਦੇ ਵਿਕਾਸ ਨੂੰ ਤੇਜ਼ ਕਰੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ-ਕੇਂਦਰਿਤ ਨੀਤੀਆਂ ਕਾਰਨ ਹਰ ਵਰਗ ਦੇ ਲੋਕ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਤਰਨਤਾਰਨ ਹਲਕੇ ਦੇ ਲੋਕ ਇਸ ਵਾਰ ਆਮ ਆਦਮੀ ਪਾਰਟੀ ਨੂੰ ਭਾਰੀ ਜਿੱਤ ਦਿਵਾਉਣਗੇ।

## ਚੰਨਣਕੇ 'ਚ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਪਾਵਨ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਗੁਰਦੁਆਰਾ ਹਵੇਲੀ ਸਾਹਿਬ ਤੋਂ ਆਰੰਭ ਕੀਤਾ ਗਿਆ। ਗੁਰਦੁਆਰਾ ਹਸਨਾ ਪੱਤੀ, ਗੁਰਦੁਆਰਾ ਬਾਬਾ ਚੰਨਣ ਸਾਹਿਬ, ਡੇਰਾ ਘੁੱਦੂਕਿਆਂ ਦਾ ਡੇਰਾ, ਬੰਡਾਲੀਆਂ ਦਾ ਡੇਰਾ, ਗੁਰਦੁਆਰਾ ਨਾਥ ਦੀ ਖੂਹੀ, ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ, ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਤੋਂ ਸ਼ਸ਼ਾਮ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਸਮਾਪਤ ਹੋਇਆ।ਥਾਂ ਥਾਂ ਸੰਗਤਾਂ ਨੇ ਫਲ ਫਰੂਟ, ਚਾਹ ਪਕੌੜਿਆਂ, ਮਠਿਆਈਆਂ, ਗੁਰੂ ਦੇ ਲੰਗਰ ਅਟੱਟ ਵਰਤਾਏ। ਇਸ ਮੌਕੇ ਬਾਬਾ ਸੁਖਵੰਤ ਸਿੰਘ ਚੰਨਣਕੇ, ਸਰਪੰਚ ਕੁਲਵਿੰਦਰ ਸਿੰਘ ਮਿਠਾ ਚੰਨਣਕੇ, ਸਰਪੰਚ ਲਖਵਿੰਦਰ ਸਿੰਘ ਨਾਥ ਦੀ ਖੂਹੀ, ਪ੍ਰਧਾਨ ਹਰਜੀਤ ਸਿੰਘ ਫੌਜੀ, ਪ੍ਰਧਾਨ ਲਖਵਿੰਦਰ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ ਸ਼ਾਹ, ਡਾ. ਸਤਨਾਮ ਸਿੰਘ, ਭਾਈ ਰਛਪਾਲ ਸਿੰਘ ਨਵਾਂ ਚੰਨਣਕੇ, ਬਾਬਾ ਹਰਜੀਤ ਸਿੰਘ ਹੈੱਡ ਗ੍ਰੰਥੀ ਬਾਬਾ ਚੰਨਣ ਜੀ, ਸ਼ਮਸ਼ੇਰ ਸਿੰਘ ਸ਼ੇਰਾ, ਕਰਨਜੀਤ ਸਿੰਘ, ਬਾਬਾ ਮੰਗਲ ਸਿੰਘ, ਸੂਬੇਦਾਰ ਸਾਧਾ ਸਿੰਘ, ਨਵਦੀਪ ਸਿੰਘ ਬਾਠ, ਰਾਜਵਿੰਦਰ ਸਿੰਘ ਰਾਜੂ ਆਦਿ ਸੇਵਾਦਾਰ ਹਾਜ਼ਰ ਸਨ।

## ਕੀਰਤਨ ਦਰਬਾਰ ਭਲਕੇ



**ਆਦਮਪੁਰ (ਪਰਮਜੀਤ ਸਿੰਘ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ 15ਵਾਂ ਮਹਾਨ ਕੀਰਤਨ ਦਰਬਾਰ 10 ਨਵੰਬਰ ਨੂੰ ਗੁਰਦੁਆਰਾ ਬਾਵਾ ਟਾਹਲੀ ਸਾਹਿਬ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਐਨ ਆਰ ਆਈ ਵੀਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਮਾਗਮ ਸੰਬੰਧੀ ਪੋਸਟਰ ਰਿਲੀਜ਼ ਕਰਦੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਤੇ ਕਮੇਟੀ ਪ੍ਰਧਾਨ ਹਰਬੰਸ ਸਿੰਘ ਨੰਬਰਦਾਰ ਨੇ ਦੱਸਿਆ ਕਿ ਆਦਮਪੁਰ ਤੋਂ ਭੋਗਪੁਰ ਜੀ ਟੀ ਰੋਡ 'ਤੇ ਸਥਿਤ ਗੁਰਦੁਆਰਾ ਬਾਬਾ ਟਾਹਲੀ ਸਾਹਿਬ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿੱਚ ਸ਼ਾਮ 6 ਵਜੇ ਤੋਂ ਰਾਤ 11 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਭਾਈ ਰਣਜੀਤ ਸਿੰਘ ( ਢੱਡਰੀਆਂ ਵਾਲੇ ) ਗੁਰਬਾਣੀ ਕੀਰਤਨ ਕਰ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਹਰਬੰਸ ਸਿੰਘ ਨੰਬਰਦਾਰ, ਜਗਜੀਤ ਸਿੰਘ ਯੂ ਐਸ ਏ, ਕੇਵਲ ਸਿੰਘ ਸਾਬਕਾ ਸਰਪੰਚ,ਅਮਨਦੀਪ ਸਿੰਘ, ਇੰਦਰਜੀਤ ਸਿੰਘ ਨੰਬਰਦਾਰ, ਸਾਧੂ ਸਿੰਘ, ਮਹਿੰਗਾ ਸਿੰਘ, ਗੁਰਜੀਤ ਸਿੰਘ, ਜਸਵੀਰ ਸਿੰਘ ਹੈਡ ਗ੍ਰੰਥੀ, ਜਗਵਿੰਦਰ ਸਿੰਘ ਸਿੱਧੂ, ਰਾਜਿੰਦਰ ਸਿੰਘ, ਹਰਜੀਤ ਸਿੰਘ, ਬਲਰਾਜ ਸਿੰਘ, ਸ਼ਿਵਜੋਤ ਸ਼ਿਵਾ, ਅਰਸ਼ਪ੍ਰੀਤ ਸਿੰਘ, ਪਰਮਜੀਤ ਸਿੰਘ, ਮਨਜੋਤ ਸਿੰਘ, ਸੁਰਖਾਬ ਸਿੰਘ ਆਦਿ ਹਾਜ਼ਰ ਸਨ।


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-OSD-25-9 | 17.11.25 ਨੂੰ 11:30 ਵਜੇ | ਜਲੰਧਰ ਸਿਟੀ ਰੇਲਵੇ ਸਟੇਸ਼ਨ ਉਤੇ ਵਿਡੀਯੋ ਵਾਲ ਸਕਰੀਨ ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰੀ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-MPS25-16 | 24.11.25 ਨੂੰ 11:00 ਵਜੇ | ਫ਼ਿਰੋਜ਼ਪੁਰ ਛਾਵਣੀ, ਫਰੀਦਕੋਟ ਅਤੇ ਫਿਲੌਰ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-PnU25-25 | 24.11.25 ਨੂੰ 11:30 ਵਜੇ | 1) ਬਟਾਲਾ, ਫਿਲੌਰ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ ਪਖਾਨਿਆਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ।<br>2) ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਸੀ ਵੇਟਿੰਗਰੂਮ ਦੇ ਨਵੀਨੀਕਰਣ, ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-MA25-8 | 25.11.25 ਨੂੰ 11:30 ਵਜੇ | ਗੱਡੀ ਨੰਬਰ 14634/33, 20424/23, 12408/07, 14622/21 & 14626/25, 20498/97 (ਗਰੁਪ ਰੇਕ ਲਿੰਕ) ਟ੍ਰੇਨਾਂ ਦੇ ਸਵਾਰੀ ਡਿਬਿਆਂ ਦੇ ਬਾਹਰੀ ਭਾਗ ਉਤੇ ਵਿਨਾਇਲ ਰੈਪਿੰਗ ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-OH25-21 | 26.11.25 ਨੂੰ 11:00 ਵਜੇ | ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ:<br>1) ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਉਤੇ ਪਾਣੀ ਦੀ ਟੰਕੀਆਂ ਦੇ ਓਵਰਹੇਡ ਦੇ ਉਪਰ।<br>2) ਵੇਰਕਾ, ਜੈਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪਟਟੀ ਰੇਲਵੇ ਸਟੇਸ਼ਨ ਤੋਂ ਸਟੇ ਲੇਵਲ ਕਰੋਸਿੰਗ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ।<br>3) ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ।<br>4) ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਿਯਾ/ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ।<br>5) 59 ਐਨਐਸਜੀ-5 ਅਤੇ ਐਨਐਸਜੀ-6 ਸ਼੍ਰੇਣੀ ਦੇ ਰੇਲਵੇ ਸਟੇਸ਼ਨਾਂ ਉਤੇ 71 ਯੂਟੀਐਸ/ਪੀਆਰਐਸ/ਯੂ ਟੀਐਸ-ਸਹ-ਪੀਆਰਐਸ ਕਾਊਂਟਰਾਂ ਉਤੇ ਦੋਹਰੀ ਡਿਸਪਲੇ ਸੂਚਨਾ ਪ੍ਰਣਾਲੀ (ਡੀਡੀਆਈਐਸ ਸਕਰੀਨ) ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰ ਦੇ ਲਈ ਅਨੁਬੰਧ ਦਾ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।
ਨੰਬਰ: NR-FZR0COML(NFR)/18/2024 ਮਿਤੀ: 07.11.2025 3467/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਨਿਵਿਦਾ ਸੂਚਨਾ

| | |
|---|---|
| ਵਿਭਾਗ | Electrical (TRD) |
| ਟੈਂਡਰ ਨੰ. | T-14-TRD-MB-25-26 |
| ਕੰਮ ਦਾ ਨਾਮ | ਹਰਿਦੁਆਰ-ਰਾਯਵਾਲਾ ਸੈਕਸ਼ਨ ਵਿਚ ਫੀਡਰ ਤਾਰ ਦਾ ਪ੍ਰਾਵਧਾਨ। |
| ਨਿਵਿਦਾ ਜਮ੍ਹਾ ਕਰਨ ਦੀ ਅੰਤਮ ਮਿਤੀ ਅਤੇ ਸਮਾਂ | 29.11.2025, 11:00 Hrs. |
| ਕੰਮ ਦੀ ਅੰਦਾਜਨ ਲਾਗਤ (₹) | ₹2,14,01,717.63/-(Including GST @ 18%) |
| ਬਿਡ ਸਿਕਯੂਰਿਟੀ ਰਾਸ਼ੀ (₹) | ₹2,57,000/- |
| ਨਿਵਿਦਾ ਫਾਰਮ ਮੁੱਲ (₹) | NIL |
| ਆਫਰ ਦੀ ਵੈਧਤਾ (ਦਿਨ) | 60 ਦਿਨ |
| ਕੰਮ ਪੂਰਾ ਕਰਨ ਦਾ ਸਮਾਂ | 06 ਮਹੀਨੇ |
| ਵੈਬਸਾਈਟ ਅਤੇ ਦਫਤਰ ਦਾ ਪਤਾ | www.ireps.gov.in, Divisional Railway Manager's Office, Northern Railway, Moradabad |

ਨਿਵਿਦਾ ਸੂਚਨਾ ਨੰ. : Elect/TRD/MB/2025-26/TN-13 ਮਿਤੀ : 07.11.2025 3471/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਰੇਲਯਾਤਰੀ ਕਿਰਪਾ ਧਿਆਨ ਦੇਣ !

### ਮਹੱਤਵਪੂਰਨ ਜਾਣਕਾਰੀ

### ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਸੇਵਾ ਦੀ ਸ਼ੁਰੂਆਤ

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਦੇ ਲਈ ਉਤਰ ਰੇਲਵੇ ਦੁਆਰਾ ਮਿਤੀ 10.11.2025 ਤੋਂ ਫਿਰੋਜਪੁਰ ਕੈਂਟ - ਦਿੱਲੀ ਜੰ. - ਫਿਰੋਜਪੁਰ ਕੈਂਟ ਦੇ ਵਿਚ ਨਵੀਂ ਵੰਦੇ ਭਾਰਤ ਐਕਸਪ੍ਰੈਸ ਦੀ ਰੈਗੂਲਰ ਸੇਵਾ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:-

26462/26461 ਫਿਰੋਜਪੁਰ ਕੈਂਟ - ਦਿੱਲੀ ਜੰ. - ਫਿਰੋਜਪੁਰ ਕੈਂਟ ਵੰਦੇ ਭਾਰਤ ਐਕਸਪ੍ਰੈਸ (ਸਪਤਾਹ ਵਿਚ 6 ਦਿਨ)

| ਰੇਲਗੱਡੀ ਨੰ. 26462 | | ਸਟੇਸ਼ਨ | ਰੇਲਗੱਡੀ ਨੰ. 26461 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 07:55 | ਫਿਰੋਜਪੁਰ ਕੈਂਟ ਜੰ. | 22:35 | ---- |
| 08:23 | 08:25 | ਫਰੀਦਕੋਟ | 22:03 | 22:05 |
| 09:10 | 09:15 | ਬਠਿੰਡਾ ਜੰ. | 21:15 | 21:20 |
| 10:26 | 10:28 | ਧੂਰੀ ਜੰ. | 19:56 | 19:58 |
| 11:05 | 11:07 | ਪਟਿਆਲਾ | 19:13 | 19:15 |
| 11:58 | 12:00 | ਅੰਬਾਲਾ ਕੈਂਟ ਜੰ. | 18:30 | 18:32 |
| 12:28 | 12:30 | ਕੁਰੂਕਸ਼ੇਤਰ ਜੰ. | 17:40 | 17:42 |
| 13:05 | 13:07 | ਪਾਨੀਪਤ ਜੰ. | 17:00 | 17:02 |
| 14:35 | ---- | ਦਿੱਲੀ ਜੰ. | ---- | 16:00 |

ਚਲਣ ਦੀ ਮਿਤੀ : 26462 ਫਿਰੋਜਪੁਰ ਕੈਂਟ ਜੰ. ਤੋਂ ਅਤੇ 26461 ਦਿੱਲੀ ਜੰ. ਤੋਂ ਰੋਜਾਨਾ ਮਿਤੀ 10.11.2025 ਤੋਂ (ਬੁਧਵਾਰ ਛੱਡ ਕੇ)।
ਜਗ੍ਹਾ: ਚੇਅਰਕਾਰ ਅਤੇ ਐਕਜੀਕਯੂਟਿਵ ਚੇਅਰ ਕਾਰ।

ਵਿਸਤ੍ਰਿਤ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਯਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ

3469/25
'ਤੇ ਸਾਨੂੰ ਫਾਲੋ ਕਰੋ
ਉਤਰ ਰੇਲਵੇ ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in 'ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਵਰਕਸ਼ਾਪ, ਉੱਤਰ ਰੇਲਵੇ, ਜਲੰਧਰ ਛਾਵਣੀ ਦੇ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ, ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲ. ਨੰ: | ਟੈਂਡਰ ਨੰਬਰ | ਕੰਮ ਦਾ ਵੇਰਵਾ | ਅਨੁਮਾਨਿਤ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS ਉਤੇ ਬੋਲੀ ਲਗਾਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|---|---|
| 1 | OT-18-JRC-2025 | ਫ਼ਿਰੋਜ਼ਪੁਰ ਡਵੀਜਨ ਦੇ JUC-FZR ਸੈਕਸ਼ਨ ਉਤੇ ਪੁਲ ਨੰਬਰ 84 (20x30.5 ਮੀਟਰ) ਦੇ ਸਾਈਡ ਪਾਥਵੇ ਦਾ ਨਿਰਮਾਣ ਅਤੇ ਸਥਾਪਨਾ, ਢੀਲੇ ਰਿਵੇਟਸ ਦਾ ਪ੍ਰਤੀਸਥਾਪਨ ਕਰਨਾ। | 1,78,53,977.00 | 2,39,300.00 | 28.11.2025 | 14.11.2025 ਤੋਂ 28.11.2025 | 0 | 10 ਮਹੀਨੇ |

ਟੈਂਡਰ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ । ਹਰੇਕ ਦੇ ਖਿਲਾਫ ਦਿਖਾਏ ਗਈ ਮਿਤੀਆਂ ਉਤੇ 15:00 ਵਜੇ ਤਕ ਅਤੇ ਉਸੀ ਸਮੇਂ 15:00 ਵਜੇ ਦੇ ਬਾਦ
ਵੇਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾਂ ਸਕਦਾ ਹੈ । ਪੂਰੀ ਈ-ਟੈਂਡਰ ਸੂਚਨਾ ਉੱਤਰੀ ਰੇਲਵੇ ਵੇਬ ਸਾਈਟ www.nr.indianrailways.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ www.ireps.gov.in ਉਤੇ ਉਪਲਬਧ ਹੈ ।
ਨੰਬਰ : 80-W/30/Bridges/ Invitation. ਮਿਤੀ : 07.11.2025 3470/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### Public Notice

I, Pardeep Kumar S/o Sewa Singh R/o Village Nangal Bihalan, Post Office Nangal Bihalan, Tehsil Mukerian, Distt. Hoshiarpur declare that I want to change the spelling name of my wife from Kamian Sandhal to Kamia in my passport No. N3407297 as per her Passport No. S5225686.

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ, ਜਤਿੰਦਰ ਪਾਲ ਸਿੰਘ ਢਿੱਲੋਂ ਤਹਿਸੀਲਦਾਰ-ਕਮ-ਏ.ਸੀ.ਫਸਟ ਗਰੇਡ, ਭਿੱਖੀਵਿੰਡ, ਤਹਿਸੀਲ ਭਿੱਖੀਵਿੰਡ।
ਕੇਸ ਨੰ: ਐੱਮ/19/2025 ਦਾਇਰ ਮਿਤੀ: 01/09/2025 ਕੇਸ ਕਿਸਮ: ਤਕਸੀਮ
1. ਨਵਲ ਕਾਂਸਲ , ਮੇਹੁਲ ਕਾਂਸਲ ਪੁੱਤਰਾਨ ਸੁਦਰਸ਼ਨ ਕਾਂਸਲ ਸਾਰੇ ਵਾਸੀਆਨ ਮਕਾਨ ਨੰ. 17, ਮਾਡਲ ਟਾਊਨ, ਨੇੜੇ ਸਾਈ ਮੰਦਰ, ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ। ਸਾਇਲ

ਬਨਾਮ

1) ਕਿਸ਼ਨ ਪਾਲ ਪੁੱਤਰ ਮੁਨਸ਼ੀ ਰਾਮ ਪੁੱਤਰ ਨੱਥੂ ਰਾਮ, 2) ਜਗਦੀਸ਼ ਚੰਦ ਪੁੱਤਰ ਮੁਨਸ਼ੀ ਰਾਮ ਪੁੱਤਰ ਨੱਥੂ ਰਾਮ, 3 ਸੁਭਾਸ਼ ਚੰਦਰ ਪੁੱਤਰ ਨਿਰਮਲ ਦਾਸ ਪੁੱਤਰ, ਮੁਨਸ਼ੀ ਰਾਮ, 4) ਵਿਜੈ ਕੁਮਾਰ ਪੁੱਤਰ ਨਿਰਮਲ ਦਾਸ ਪੁੱਤਰ ਮੁਨਸ਼ੀ ਰਾਮ 5) ਅਸ਼ੋਕ ਕੁਮਾਰ ਪੁੱਤਰ ਨਿਰਮਲ ਦਾਸ ਪੁੱਤਰ ਮੁਨਸ਼ੀ ਰਾਮ, 6) ਪੁਸਪਿੰਦਰ ਕੁਮਾਰ ਪੁੱਤਰ ਨਿਰਮਲ ਦਾਸ ਪੁੱਤਰ ਮੁਨਸ਼ੀ ਰਾਮ, 7) ਸੁਨੀਤਾ ਪੁੱਤਰੀ ਨਿਰਮਲ ਦਾਸ ਪੁੱਤਰ ਮੁਨਸ਼ੀ ਰਾਮ 8) ਦਿਆਲ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਸੁੰਦਰ ਸਿੰਘ, 9) ਸਰੂਪ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ, 10) ਬੂਟਾ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ, 11) ਸਤਨਾਮ ਸਿੰਘ ਪੁੱਤਰ ਬੂਟਾ ਸਿੰਘ 12 ਗੁਰਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ ਪੁੱਤਰ ਚੰਨਣ ਸਿੰਘ, 13 ਰਣਜੀਤ ਸਿੰਘ ਪੁੱਤਰ ਸਤਨਾਮ ਸਿੰਘ ਪੁੱਤਰ ਚੰਨਣ ਸਿੰਘ 14 ਅਮਰਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਸੁਰੈਣ ਸਿੰਘ 15 ਲਵਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ 16 ਪਿਆਰੋ ਪੁੱਤਰੀ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 17 ਸੀਤਾ ਪੁੱਤਰੀ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 18 ਹਰਪਾਲ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 19 ਪ੍ਰਗਟ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 20 ਗੁਰਨਾਮ ਕੌਰ ਵਿਧਵਾ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 21 ਪਰਮਜੀਤ ਪੁੱਤਰੀ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 22 ਪਾਲੋ ਪੁੱਤਰੀ ਦਲੀਪ ਸਿੰਘ ਪੁੱਤਰ ਸੁੰਦਰ ਸਿੰਘ 23 ਜਰਨੈਲ ਸਿੰਘ ਪੁੱਤਰ ਸੋਹਨ ਸਿੰਘ ਜਵੰਦ ਸਿੰਘ 24 ਬਲਜੀਤ ਕੌਰ ਪਤਨੀ ਗੁਰਵੇਲ ਸਿੰਘ ਪੁੱਤਰ ਕਰਨੈਲ ਸਿੰਘ 25 ਗੁਰਬਚਨ ਸਿੰਘ ਪੁੱਤਰ ਨਿੱਕਾ ਸਿੰਘ ਪੁੱਤਰ ਚੰਦਾ ਸਿੰਘ 26 ਸ਼ਰਨਜੀਤ ਕੌਰ ਪਤਨੀ ਸੁਖਚੈਨ ਸਿੰਘ ਪੁੱਤਰ ਗੁਰਬਚਨ ਸਿੰਘ 27 ਅਜੀਤ ਸਿੰਘ ਉਰਫ ਦਲਜੀਤ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੋਹਨ ਸਿੰਘ 28 ਬਲਦੇਵ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਮੋਹਨ ਸਿੰਘ 29 ਜੁਗਰਾਜ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਦਿਆਲ ਸਿੰਘ 30 ਜੋਧਾ ਸਿੰਘ ਪੁੱਤਰ ਅੰਗਰੇਜ ਸਿੰਘ ਪੁੱਤਰ ਦਿਆਲ ਸਿੰਘ 31 ਰਵੀ ਉਰਫ ਰਵੀ ਸਿੰਘ ਪੁੱਤਰ ਸਾਹਿਬ ਸਿੰਘ ਪੁੱਤਰ ਦਿਆਲ ਸਿੰਘ 32 ਰੀਨੂੰ ਪੁੱਤਰੀ ਦਿਆਲ ਸਿੰਘ ਪੁੱਤਰ ਸੋਹਨ ਸਿੰਘ 33 ਸੁਭਾਸ਼ ਚੰਦਰ ਪੁੱਤਰ ਬਿਸ਼ਨ ਦਾਸ ਪੁੱਤਰ ਮੁਨਸ਼ੀ ਰਾਮ 34 ਕੁਸ਼ ਕੁਮਾਰ ਪੁੱਤਰ ਸੁਭਾਸ਼ ਚੰਦਰ ਪੁੱਤਰ ਬਿਸ਼ਨ ਦਾਸ 35 ਜੋਤੀ ਬਾਲਾ ਮਰਵਾਹਾ ਪੁੱਤਰੀ ਸੁਭਾਸ਼ ਚੰਦਰ ਪੁੱਤਰ ਬਿਸ਼ਨ ਦਾਸ 36 ਮੋਨਿਕਾ ਰਾਣੀ ਪੁੱਤਰੀ ਸੁਭਾਸ਼ ਚੰਦਰ ਪੁੱਤਰ ਬਿਸ਼ਨ ਦਾਸ 37 ਸੰਤੋਸ਼ ਰਾਣੀ ਵਿਧਵਾ ਸੁਭਾਸ਼ ਚੰਦਰ ਪੁੱਤਰ ਬਿਸ਼ਨ ਦਾਸ 38 ਦਇਆ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਪਾਲ ਸਿੰਘ 39 ਗੁਰਨਾਮ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਪਾਲ ਸਿੰਘ 40 ਸੰਤੋਸ਼ ਰਾਣੀ ਵਿਧਵਾ ਸੁਭਾਸ਼ ਚੰਦਰ ਪੁੱਤਰ ਨਿਰਮਲ ਦਾਸ 41 ਮੋਨਿਕਾ ਰਾਣੀ ਪੁੱਤਰੀ ਸੁਭਾਸ਼ ਚੰਦਰ ਪੁੱਤਰ ਨਿਰਮਲ ਦਾਸ 42 ਕੁਸ਼ ਕੁਮਾਰ ਪੁੱਤਰ ਸੁਭਾਸ਼ ਚੰਦਰ ਪੁੱਤਰ ਨਿਰਮਲ ਦਾਸ 43 ਜੋਤੀ ਬਾਲਾ ਮਰਵਾਹਾ ਪੁੱਤਰੀ ਸੁਭਾਸ਼ ਚੰਦਰ ਪੁੱਤਰ ਨਿਰਮਲ ਦਾਸ 44 ਬਲਵਿੰਦਰ ਕੁਮਾਰ ਪੁੱਤਰ ਚਿਮਨ ਲਾਲ ਪੁੱਤਰ ਗਣਪਤ ਰਾਏ 45 ਜੋਗਿੰਦਰ ਸਿੰਘ ਪੁੱਤਰ ਮੰਗਲ ਸਿੰਘ ਪੁੱਤਰ ਤਾਰਾ ਸਿੰਘ 46 ਬਲਦੇਵ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਜਵੰਦ ਸਿੰਘ 47 ਸ਼ਿਵ ਨਾਥ ਪੁੱਤਰ ਬਿਸ਼ਨ ਦਾਸ ਪੁੱਤਰ ਮੁਨਸ਼ੀ ਰਾਮ 48 ਸੁਰਿੰਦਰਪਾਲ ਸਿੰਘ ਪੁੱਤਰ ਬਿਸ਼ਨ ਦਾਸ ਪੁੱਤਰ ਮੁਨਸੀ ਰਾਮ 49 ਬਖਸ਼ੀਸ ਸਿੰਘ ਪੁੱਤਰ ਹਰਦਿਆਲ ਸਿੰਘ ਠਾਕਰ ਸਿੰਘ 50 ਰਾਜਵਿੰਦਰ ਕੌਰ ਪਤਨੀ ਲਖਵਿੰਦਰ ਸਿੰਘ ਪੁੱਤਰ ਬੂਟਾ ਸਿੰਘ 51 ਸੁਖਵਿੰਦਰ ਕੌਰ ਪਤਨੀ ਗੁਰਨਾਮ ਸਿੰਘ ਪੁੱਤਰ ਬੂਟਾ ਸਿੰਘ 52 ਸਤਨਾਮ ਕੌਰ ਪਤਨੀ ਸਤਨਾਮ ਸਿੰਘ ਪੁੱਤਰ ਬੂਟਾ ਸਿੰਘ 53 ਬਲਬੀਰ ਸਿੰਘ ਪੁੱਤਰ ਜਰਨੈਲ ਸਿੰਘ 54 ਸਲਵਿੰਦਰ ਸਿੰਘ ਪੁੱਤਰ ਧਰਮ ਸਿੰਘ ਪੁੱਤਰ ਸੁੰਦਰ ਸਿੰਘ 55 ਪਰਮਿੰਦਰ ਸਿੰਘ ਪੁੱਤਰ ਬਗੀਚਾ ਸਿੰਘ ਪੁੱਤਰ ਘਣਈਆ ਸਿੰਘ 56 ਬਗੀਚਾ ਸਿੰਘ ਪੁੱਤਰ ਘਣਈਆ ਸਿੰਘ 57 ਕੁਲਵਿੰਦਰ ਕੁਮਾਰ ਪੁੱਤਰ ਚਮਨ ਲਾਲ ਪੁੱਤਰ ਗਣਪਤ ਰਾਏ 58 ਦਲਜੀਤ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੋਹਨ ਸਿੰਘ 59 ਕੁਲਬੀਰ ਕੌਰ ਪਤਨੀ ਜੱਜ ਸਿੰਘ ਪੁੱਤਰ ਰਣਜੀਤ ਸਿੰਘ 60 ਰਾਜ ਕੌਰ ਪਤਨੀ ਲੱਖਾ ਸਿੰਘ 61 ਰਾਜਵਿੰਦਰ ਕੌਰ ਵਿਧਵਾ ਹਰਿੰਦਰਪਾਲ ਸਿੰਘ 62 ਕੁਲਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਪੁੱਤਰ ਸੁਰਜਨ ਸਿੰਘ 63 ਲੱਖਾ ਸਿੰਘ ਪੁੱਤਰ ਕਰਮ ਸਿੰਘ 64 ਹਰਦੇਵ ਸਿੰਘ ਪੁੱਤਰ ਸੁਰਿੰਦਰ ਸਿੰਘ ਪੁੱਤਰ ਦੀਦਾਰ ਸਿੰਘ 65 ਜਸਪ੍ਰੀਤ ਕੌਰ ਪੁੱਤਰੀ ਹਰਿੰਦਰਪਾਲ ਸਿੰਘ ਪੁੱਤਰ ਰੂਪ ਸਿੰਘ 66 ਗੁਰਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਪੁੱਤਰ ਸੁਰਜਨ ਸਿੰਘ 67 ਸਰਵਨ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ 68 ਮੇਜਰ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ 69 ਸੁਖਵਿੰਦਰ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ 70 ਜਸਵਿੰਦਰ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਗੁਰਦਿਆਲ ਸਿੰਘ 71 ਕੁਲਦੀਪ ਪੁੱਤਰ ਅਜੀਤ ਸਿੰਘ ਪੁੱਤਰ ਮੋਹਨ ਸਿੰਘ 72 ਚੰਦਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਪੁੱਤਰ ਮੋਹਨ ਸਿੰਘ 73 ਪਰਮਜੀਤ ਕੌਰ ਪੁੱਤਰੀ ਬਲਵੰਤ ਸਿੰਘ ਪੁੱਤਰ ਮੋਹਨ ਸਿੰਘ 74 ਚਰਨਜੀਤ ਕੌਰ ਪਤਨੀ ਅਜੀਤ ਸਿੰਘ ਪੁੱਤਰ ਮੋਹਨ ਸਿੰਘ 75 ਹਰਜੀਤ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਮੋਹਨ ਸਿੰਘ 76 ਪਰਮਿੰਦਰ ਕੌਰ ਵਿਧਵਾ ਬਲਵਿੰਦਰ ਸਿੰਘ ਪੁੱਤਰ ਮੋਹਨ 77 ਦਲਬੀਰ ਕੌਰ ਪਤਨੀ ਕੁਲਵੰਤ ਸਿੰਘ ਪੁੱਤਰ ਮੋਹਨ ਸਿੰਘ 78 ਮਨਜੀਤ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਮੋਹਨ ਸਿੰਘ 79 ਸਤਨਾਮ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਲਾਭ ਸਿੰਘ 80 ਮੰਗਤ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਲਾਭ ਸਿੰਘ 81 ਹਰਬੰਸ ਲਾਲ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 82 ਰਾਮ ਲਾਲ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 83 ਜੀਤ ਕੁਮਾਰ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 84 ਬਨਾਰਸੀ ਦਾਸ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 85 ਬਲਦੇਵ ਰਾਜ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 86 ਰਾਜ ਰਾਣੀ ਪੁੱਤਰੀ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 87 ਕੰਸੋ ਦੇਵੀ ਪੁੱਤਰੀ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 88 ਸਤਿਆ ਦੇਵੀ ਪੁੱਤਰੀ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 89 ਦਰਸ਼ਨ ਕੁਮਾਰ ਪੁੱਤਰ ਕਾਸ਼ੀ ਰਾਮ ਪੁੱਤਰ ਜਵਾਲਾ ਦਾਸ 90 ਹਰਦਿਆਲ ਸਿੰਘ ਸੁਰੈਣ ਸਿੰਘ ਪੁੱਤਰ ਗੁਲਾਬ ਸਿੰਘ 91 ਕਸ਼ਮੀਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਘਸੀਟਾ ਸਿੰਘ 92 ਸ਼ਾਮ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਲਾਭ ਸਿੰਘ 93 ਸੁਖਦੇਵ ਸਿੰਘ ਪੁੱਤਰ ਜਗਜੀਤ ਸਿੰਘ ਪੁੱਤਰ ਅਮਰ ਸਿੰਘ 94 ਤਰਸੇਮ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਰਾਮ ਸਿੰਘ 95 ਨਿਸ਼ਾਨ ਪੁੱਤਰ ਅਮਰੀਕ ਸਿੰਘ ਪੁੱਤਰ ਚੈਂਚਲ ਸਿੰਘ 96 ਗੁਰਸ਼ਰਨ ਸਿੰਘ ਪੁਤਰਾਨ ਦਿਲਬਾਗ ਸਿੰਘ ਪੁੱਤਰ ਨਿਸ਼ਾਨ ਸਿੰਘ 97 ਸੁਰਤ ਸਿੰਘ ਪੁੱਤਰ ਭਗਤ ਸਿੰਘ ਪੁੱਤਰ ਸੰਪੂਰਨ ਸਿੰਘ 98 ਕੁਲਬੀਰ ਸਿੰਘ ਪੁੱਤਰ ਤਰਲੋਚਨ ਸਿੰਘ 99 ਬਲਵਿੰਦਰ ਕੌਰ ਪਤਨੀ ਟਹਿਲ ਸਿੰਘ 100 ਸੁਖਦੀਪ ਸਿੰਘ ਪੁੱਤਰ ਟਹਿਲ ਸਿੰਘ ਪੁੱਤਰ ਦਿਆਲ ਸਿੰਘ 101 ਟਹਿਲ ਸਿੰਘ ਪੁੱਤਰ ਦਿਆਲ ਸਿੰਘ ਪਾਲ ਸਿੰਘ 102 ਸੁਖਬੀਰ ਕੌਰ ਪਤਨੀ ਹਰਭਜਨ ਸਿੰਘ ਪੁੱਤਰ ਅਮਰ ਸਿੰਘ 103 ਸ਼ੰਗਾਰਾ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਪਾਲ ਸਿੰਘ 104 ਸਤਨਾਮ ਸਿੰਘ ਪੁੱਤਰ ਦੈਅ ਸਿੰਘ ਪੁੱਤਰ ਗੁਰਨਾਮ ਸਿੰਘ 105 ਕਪੂਰ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਰੁੜ ਸਿੰਘ ਸਾਰੇ ਵਾਸੀਆਨ ਪਿੰਡ ਸੁਰ ਸਿੰਘ, ਤਹਿਸੀਲ ਭਿੱਖੀਵਿੰਡ ਜਿਲ੍ਹਾ ਤਰਨ ਤਾਰਨ 106 ਆਈ ਸੀ ਆਈ ਸੀ ਆਈ ਬੈਂਕ ਲਿਮਟਿਡ ਤਰਨ ਤਾਰਨ ਰਾਹੀਂ ਬਰਾਂਚ ਮੈਨੇਜਰ 107 ਕੇਨਰਾ ਬੈਂਕ ਸੁਰ ਸਿੰਘ ਰਾਹੀ ਬਰਾਂਚ ਮੈਨੇਜਰ 108 ਐਚ.ਡੀ.ਐਫ.ਸੀ ਬੈਂਕ ਲਿਮਟਿਡ ਸੁਰ ਸਿੰਘ ਰਾਹੀ ਬਰਾਂਚ ਮੈਨੇਜਰ 109 ਪੰਜਾਬ ਐਂਡ ਸਿੰਧ ਬੈਂਕ ਭਿੱਖੀਵਿੰਡ ਰਾਹੀਂ ਬਰਾਂਚ ਮੈਨੇਜਰ, ਪਿੰਡ ਸੁਰ ਸਿੰਘ, ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ। ਮਸੂਅਲੈਹਮ

ਦਰਖਾਸਤ ਤਕਸੀਮ ਬਾਬਤ ਅਰਾਜੀ ਮੁਵਾਜ਼ੀ ਖੇਵਟ ਨੰਬਰ 499 ਖਤੌਨੀ 1097 ਮੁਰੱਬਾ/ਖਸਰਾ ਨੰਬਰ 237//5(8-0), ਖਤੌਨੀ ਨੰਬਰ 1098 ਮੁਰੱਬਾ/ਖਸਰਾ ਨੰਬਰ 319//17/2(4-15), 319//18 ਮਿੰਨ (7-7), 319//19/1(3-10), 319//23/1(7-0), 319//24(8-0), 320//11/2(2-0), 320//12/1(6-0), 320//18/2(1-8), 320//19(8-0), 320//20/1(6-11), 327//4(7-16), 327//5(7-16), ਕੁੱਲ ਕਿੱਤੇ 12 ਰਕਬਾ 70-3 ਖਤੌਨੀ ਨੰਬਰ 1099 ਮੁਰੱਬਾ/ਖਸਰਾ ਨੰਬਰ 211//24/1(2-16), ਖਤੌਨੀ ਨੰਬਰ 1100 ਮੁਰਬਾ/ਖਸਰਾ ਨੰਬਰ 237//3/2(2-15), 237//4/1/1(1-5) ਕੁੱਲ ਕਿੱਤੇ 2 ਕੁੱਲ 4-0 ਖਤੌਨੀ ਨੰਬਰ 1101 ਮੁਰੱਬਾ/ਖਸਰਾ ਨੰਬਰ 237//4/2/2/2/2(0-8), ਖਤੌਨੀ ਨੰਬਰ 1102 ਮੁਰੱਬਾ/ਖਸਰਾ ਨੰਬਰ 237//4/1/2(0-18) ਖਤੌਨੀ ਨੰਬਰ 1103 ਮੁਰੱਬਾ/ਖਸਰਾ ਨੰਬਰ 237//[illegible] ਨੰਬਰ 237//4/2/2/2/2/1 (0-5), ਖਤੌਨੀ ਨੰਬਰ 1105 ਮੁਰੱਬਾ/ਖਸਰਾ [illegible] ਕਿੱਤੇ 2 ਕੁੱਲ 7-8 ਖਤੌਨੀ ਨੰਬਰ 1106 ਮੁਰੱਬਾ/ਖਸਰਾ ਨੰਬਰ 211//1[illegible] 211//25(8-0), ਖਤੌਨੀ ਨੰਬਰ 1108 ਮੁਰੱਬਾ/ਖਸਰਾ ਨੰਬਰ 237//4/2/[illegible] ਕੁੱਲ ਰਕਬਾ 3-15 ਖਤੌਨੀ ਨੰਬਰ 1109 ਮੁਰੱਬਾ/ਖਸਰਾ ਨੰਬਰ 211//15/2[illegible] 211//14(5-13), ਖਤੌਨੀ ਨੰਬਰ 1111 ਮੁਰੱਬਾ/ਖਸਰਾ ਨੰਬਰ 211//1[illegible] 211//24/2(4-12), ਖਤੌਨੀ ਨੰਬਰ 1113 ਮੁਰੱਬਾ/ਖਸਰਾ ਨੰਬਰ 211//15[illegible] 319//25(8-0), 320//20/2(1-1), 326//1(7-12), 326//10/[illegible] 1115 ਮੁਰੱਬਾ/ਖਸਰਾ ਨੰਬਰ 320//21(7-12), 320//22(8-0) ਕੁੱਲ [illegible] ਮੁਰੱਬਾ/ਖਸਰਾ ਨੰਬਰ 1238/2 (1-10) ਖਤੌਨੀ ਨੰਬਰ 1117 ਮੁਰੱਬਾ/ ਖ[illegible] ਮੁਰੱਬਾ/ਖਸਰਾ ਨੰਬਰ 213//25/48 (0-2), ਖਤੌਨੀ ਨੰਬਰ 1119 ਮੁਰੱਬ[illegible] ਮੁਰੱਬਾ/ਖਸਰਾ ਨੰਬਰ 211//13(4-13), 1121 ਮੁਰੱਬਾ/ਖਸਰਾ ਨੰਬਰ 237/[illegible] ਰਕਬਾ 10-14 ਖਤੌਨੀ ਨੰਬਰ 1122 ਮੁਰਬਾ/ਖਸਰਾ ਨੰਬਰ 326//2/1(1-2)[illegible] 10 ਮਰਲੇ [illegible] ਵਾਕਿਆ ਰਕਬਾ ਸੁਰ ਸਿੰਘ 2 ਹੱਦਬਸਤ ਨੰਬਰ 139 ਤਹਿਸੀਲ ਭਿੱਖੀਵਿੰਡ ਜ਼ਿਲ੍ਹਾ [illegible] ਕਰਨ ਬਾਰੇ।

ਉਪਰੋਕਤ ਅਨੁਵਾਨ ਕੇਸ ਤਕਸੀਮ ਵਾਕਿਆ ਰਕਬਾ ਪਿੰਡ ਸੁਰ ਸਿੰਘ ਦਾ ਇਸ [illegible] ਕੇਸ ਸਬੰਧੀ ਮੁਸੂਅਲੈਹਮ ਆਪਣੇ ਕੇਸਾਂ ਦੀ ਪੈਰਵਾਈ ਲਈ 21 ਦਿਨਾਂ ਦੇ ਅੰਦਰ ਅੰਦਰ ਅਦਾਲ[illegible] ਮੁਸੂਅਲੈਹਮ ਦੇ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ[illegible]
(ਨੰਬਰ: ਰੀਡਰ 344 ਮਿਤੀ 6/11/25) ਤਹਿਸੀਲਦਾਰ-ਕਮ-ਏ.ਸੀ ਫਸਟ ਗਰੇਡ, ਭਿੱਖੀਵਿੰਡ

## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ R 16 A P-AP-27.0239 N ਆਪ ਜੋ ਮੋਟਰ ਸਿੰਘ ਪੁੱਤਰ ਜਗੀਰ ਸਿੰਘ, ਪਿੰਡ ਕਲਸਾਂ, ਡਾਕਖਾਨਾ ਕਲਸਾਂ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ 'ਤੇ ਚੱਲ ਰਿਹਾ ਹੈ। ਜਿਸ ਨੂੰ ਜਗਜੀਤ ਕੌਰ ਪਤਨੀ ਗੁਰਚਰਨ ਸਿੰਘ, ਪਿੰਡ ਕਲਸਾਂ, ਡਾਕਖਾਨਾ ਕਲਸਾਂ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹਾ ਰੋਪੜ ਦੇ ਨਾਮ ਤਬਦੀਲ ਕਰਨ ਦਾ ਕੇਸ ਦਾਖਲ ਹੋਇਆ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਸਬੰਧੀ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ -ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ, ਉਪ ਮੰਡਲ ਨੂਰਪੁਰ ਬੇਦੀ ਨੂੰ ਕਰ ਸਕਦਾ ਹੈ। ਉਸ ਤੋਂ ਬਾਅਦ ਇਹ ਕੇਸ ਨਾਮ ਬਦਲੀ ਕਰ ਦਿੱਤਾ ਜਾਵੇਗਾ। ਸਹੀ/-ਸਹਾਇਕ ਕਾਰਜਕਾਰੀ ਇੰਜੀਨੀਅਰ (ਸੰ) ਉਪ ਮੰਡਲ ਨੂਰਪੁਰ ਬੇਦੀ।

ਮੈਂ, ਰਮਾ ਰਾਣੀ ਪਤਨੀ ਸੁਰਿੰਦਰ ਕੁਮਾਰ ਵਾਸੀ ਵਾਰਡ ਨੰ. 3, ਗਲੀ ਬਾਬਾ ਦੀਨੇ ਸ਼ਾਹ ਵਾਲੀ, ਅਜਨਾਲਾ, ਤਹਿਸੀਲ ਅਜਨਾਲਾ (ਅੰਮ੍ਰਿਤਸਰ) ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਲਵ ਨੂੰ ਮਿਤੀ 12-08-2021 ਅਤੇ ਮਿਤੀ 13-08-2021 ਨੂੰ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿੱਚ ਹੈ ਅਤੇ ਬੁਰੀ ਸੰਗਤ ਛੱਡ ਗਿਆ ਹੈ। ਇਸ ਲਈ ਮੈਂ ਉਕਤ ਬੇਦਖਲੀ ਵਾਪਸ ਲੈਂਦੀ ਹਾਂ। ਸੰਬੰਧਤ ਨੋਟ ਕਰਨ।

ਅਸੀਂ, ਨਿਰਮਲ ਸਿੰਘ ਪੁੱਤਰ ਰਤਨ ਸਿੰਘ ਅਤੇ ਸੁਰਿੰਦਰ ਕੌਰ ਪਤਨੀ ਨਿਰਮਲ ਸਿੰਘ ਵਾਸੀ ਪਿੰਡ ਚੱਕ ਸ਼ਰੀਫ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਅਸੀਂ ਆਪਣੇ ਲੜਕੇ ਮਨਜਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਬੇਦਖਲ ਕੀਤਾ ਸੀ। ਸਾਡਾ ਲੜਕਾ ਮਨਜਿੰਦਰ ਸਿੰਘ ਹੁਣ ਸਾਡੇ ਕਹਿਣੇ ਵਿੱਚ ਹੈ। ਅਸੀਂ ਆਪਣੇ ਲੜਕੇ ਦੀ ਬੇਦਖਲੀ ਵਾਪਸ ਲੈਂਦੇ ਹਾਂ। ਸਾਡਾ ਲੜਕਾ ਪਹਿਲਾਂ ਦੀ ਤਰ੍ਹਾਂ ਸਾਡਾ ਕਾਨੂੰਨੀ ਵਾਰਸ ਹੋਵੇਗਾ।

### ਬੇਦਖਲੀ ਨੋਟਿਸ

ਮੈਂ, ਰਮੇਸ਼ ਕੁਮਾਰੀ ਪਤਨੀ ਰਾਜ ਕੁਮਾਰ ਵਾਸੀ ਮਕਾਨ ਨੰ. 3677/5, ਤੇਜ ਮੋਹਨ ਨਗਰ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਕਰਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੰਗਲ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਪਿੰਡ ਸ਼ਤਾਬਗੜ੍ਹ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ਼ਿਵ ਚਰਨ ਸਿੰਘ ਪੁੱਤਰ ਸ੍ਰੀ ਸੰਤ ਰਾਮ ਬਾਸੀ ਚੱਕ ਨੂਰ ਅਲੀ ਤਹਿਸੀਲ ਦਸੂਹਾ ਜਿਲਾ ਹੁਸ਼ਿਆਰਪੁਰ ਦਾ ਪੱਕਾ ਵਸਨੀਕ ਹਾਂ। ਮੇਰੇ ਲੜਕੇ ਮੁਕੇਸ਼ ਕੁਮਾਰ, ਸੁਰੇਸ਼ ਕੁਮਾਰ, ਨਰੇਸ਼ ਕੁਮਾਰ ਹਨ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਕੋਈ ਵੀ ਵਿਅਕਤੀ ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਮੈਂ ਅਤੇ ਮੇਰਾ ਪਰਿਵਾਰ ਉਹਨਾਂ ਦੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

### ਬੇਦਖਲੀ ਨੋਟਿਸ

ਮੈਂ ਰਾਣੀ ਪਤਨੀ ਲੇਟ ਲਖਮੀ ਚੰਦ ਵਾਸੀ ਮਕਾਨ ਨੰਬਰ 178 ਐੱਫ, ਸੈਕ 1 ਪੀ.ਐੱਚ ਹਸਪਤਾਲ, ਰੇਲ ਐਵੇਨਿਊ, ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਮਵੀਰ ਸ਼ਰਮਾ ਵਾਸੀ ਮਕਾਨ ਨੰਬਰ ਐੱਚ. ਡੀ. ਨੰਬਰ ਬੀ 02-0308, ਮੁਨੀਸ਼ ਕੰਬੋਜ, ਕਪੂਰਥਲਾ ਵਿਖੇ ਆਪਣੀ ਪਤਨੀ ਨਾਲ ਮੇਰੇ ਤੋਂ ਅਲੱਗ ਰਹਿ ਰਿਹਾ ਹੈ। ਉਹ ਮਾੜੀ ਸੰਗਤ ਵਿੱਚ ਪੈ ਗਿਆ ਹੈ ਤੇ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਉਕਤ ਲੜਕੇ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਭਵਿੱਖ ਵਿੱਚ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰਜੀਤ ਕੌਰ ਪਤਨੀ ਦਿਲਬਾਗ ਸਿੰਘ ਵਾਸੀ ਪਿੰਡ ਨੂਰਪੁਰ, ਡਾਕਖਾਨਾ ਪੱਧਰੀ, ਡਿਸਟਲਰੀ ਖਾਸਾ ਤਹਿਸੀਲ ਅਤੇ ਜਿਲਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਣਯੋਧ ਸਿੰਘ ਅਤੇ ਉਸਦੀ ਪਤਨੀ ਜਗਰੂਪ ਕੌਰ ਜੋ ਕਿ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀ ਮੰਨਦੇ, ਘਰ ਵਿਚ ਅਕਸਰ ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਰਣਯੋਧ ਸਿੰਘ ਨੂੰ ਉਸਦੇ ਪਰਿਵਾਰ ਸਮੇਤ ਆਪਣੀ ਚੱਲ ਅਚੱਲ, ਚੁੱਕਵੀ ਅਣਚੁੱਕਵੀ ਜਾਇਦਾਦ ਤੋ ਬੇਦਖਲ ਕਰਦੀ ਹਾਂ।ਜੇਕਰ ਮੇਰਾ ਬੇਟਾ ਅਤੇ ਨੂੰਹ ਬਾਹਰ ਕੋਈ ਲੈਣ ਦੇਣ ਕਰਦੇ ਹਨ ਤਾਂ ਉਹ ਇਸਦੇ ਆਪ ਜਿੰਮੇਵਾਰ ਹੋਣਗੇ ਇਸਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕਵਾਸਤਾ ਜਾਂ ਲੈਣ ਦੇਣ ਨਹੀ ਹੋਵੇਗਾ।

ਮੈਂ ਗੁਰਪ੍ਰਤਾਪ ਸਿੰਘ ਪੁੱਤਰ ਪਾਲ ਸਿੰਘ ਵਾਸੀ ਸੋਹਲ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਵਿੱਚੋ ਬੇਦਖਲ ਕਰਦਾ ਹਾਂ।ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਜੀਤ ਕੌਰ ਵਿਧਵਾ ਹਰਮਿੰਦਰਜੀਤ ਸਿੰਘ ਵਾਸੀ ਫੌਜੀ ਕਾਲੋਨੀ, ਮਾਡਲ ਟਾਊਨ, ਉੜਮੁੜ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਪਰਮਿੰਦਰ ਸਿੰਘ ਅਤੇ ਉਸ ਦੀ ਪਤਨੀ ਕਮਲਜੀਤ ਕੌਰ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਸਰਬਜੀਤ ਕੌਰ ਪਤਨੀ ਪਵਿੱਤਰ ਸਿੰਘ ਵਾਸੀ ਛੀਨੀਵਾਲ ਕਲਾਂ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ ਸਰਨਜੀਤ ਕੌਰ ਰੱਖ ਲਿਆ ਹੈ।

### Change of Name

I, Vijay Kumar Chahal S/o Kabal Ram R/o VPO. Chitti, Distt. Jalandhar have changed my name as Vijay Kumar Chahal to Vijay Kumar

I, Tina D/o Surjan R/o 27/3, Nangal Kotli, Gurdaspur, P.O. Gurdaspur, Distt. Gurdaspur, Punjab-143521, India, have changed my name from Tina to Teena.

### Change of Name

I, Davesh Khurana S/o Ravish Khurana R/o H.No.24, Near MS Farms, Maharaja Garden, Jalandhar, Punjab-144021 changed my name spellings to Devesh Khurana.

I, Shamsher Singh S/o Balbir Singh R/o Village Saido Lehal, Tehsil Baba Bakala, Distt. Amritsar, Punjab have changed my name from Shamsher Singh to Singh is my surname and Shamsher is my given name.

I, Navdeep Singh S/o Baldev Singh R/o Village Shampura, PO. Singhpura, Tehsil Dera Baba Nanak, Distt. Gurdaspur, Punjab have changed my name from Navdeep Singh to Singh Navdeep. That Singh is my Surname & Navdeep is Given Name. Concerned Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਰਾਜਾ ਵੜਿੰਗ ਨੂੰ ਕਾਂਗਰਸ 'ਚੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ : ਵਿਧਾਇਕ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਰਾਜਾ ਵੜਿੰਗ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ ਜਿਹਨਾਂ ਦੇ ਅੰਦਰ ਦਲਿਤ ਸਮਾਜ ਪ੍ਰਤੀ ਇੰਨੀ ਨਫ਼ਰਤ ਭਰੀ ਪਈ ਹੈ। ਬੀਬੀ ਮਾਨ ਨੇ ਕਿਹਾ ਕਿ ਬੂਟਾ ਸਿੰਘ ਦੇਸ਼ ਦੇ ਉੱਘੇ ਸਿਆਸਤਦਾਨ ਹੋਏ ਹਨ ਉਹਨਾਂ ਦੀਆਂ ਉਪਲਬਧੀਆਂ ਦੀ ਗੱਲ ਹੋਣੀ ਚਾਹੀਦੀ ਸੀ। 8 ਵਾਰ ਲੋਕ ਸਭਾ ਦੇ ਮੈਂਬਰ ਰਹੇ, ਵੱਖ ਵੱਖ ਵਿਭਾਗਾਂ ਵਿੱਚ ਮੰਤਰੀ ਰਹੇ, ਬਿਹਾਰ ਦੇ ਰਾਜਪਾਲ ਰਹੇ। ਬੀਬੀ ਮਾਨ ਨੇ ਆਖਿਆ ਕਿ ਪੰਜਾਬ ਵਿਚ ਇਕੋ-ਇਕ ਪਾਰਟੀ ਹੈ ਆਮ ਆਦਮੀ ਪਾਰਟੀ ਜਿਸ ਨੇ ਦਲਿਤ ਸਮਾਜ ਨੂੰ ਬਰਾਬਰਤਾ ਦਿੱਤੀ ਹੈ।

## 126 ਜੋੜਿਆਂ ਦੇ ਸਾਦਾ ਨਿਰੰਕਾਰੀ ਸਮੂਹਿਕ ਵਿਆਹ ਕਰਵਾਏ

**ਚੰਡੀਗੜ੍ਹ**- 78ਵੇਂ ਨਿਰੰਕਾਰੀ ਸੰਤ ਸਮਾਗਮ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਹਜ਼ੂਰੀ ਵਿੱਚ ਸਮਾਲਖਾ ਦੇ ਉਸੇ ਮੈਦਾਨ ਵਿੱਚ ਇੱਕ ਸਾਦਾ ਨਿਰੰਕਾਰੀ ਸਮੂਹਿਕ ਵਿਆਹ ਸਮਾਗਮ ਕਰਵਾਇਆ ਗਿਆ। ਇਸ ਮੌਕੇ 'ਤੇ, ਨਵੇਂ ਵਿਆਹੇ ਜੋੜੇ ਵਿਆਹ ਦੇ ਬੰਧਨ ਵਿੱਚ ਬੱਝੇ ਅਤੇ ਆਪਣੇ ਨਵੇਂ ਜੀਵਨ ਦੀ ਖੁਸ਼ਹਾਲ ਸ਼ੁਰੂਆਤ ਲਈ ਸਤਿਗੁਰੂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਹ ਪ੍ਰੋਗਰਾਮ ਵਿਲੱਖਣ ਅਤੇ ਪ੍ਰੇਰਨਾਦਾਇਕ ਸੀ, ਜਿਸ ਵਿੱਚ ਚੰਡੀਗੜ੍ਹ, ਦਿੱਲੀ, ਗੁਜਰਾਤ, ਹਿਮਾਚਲ ਪ੍ਰਦੇਸ਼, ਬਿਹਾਰ, ਹਰਿਆਣਾ, ਜੰਮੂ ਅਤੇ ਕਸ਼ਮੀਰ, ਝਾਰਖੰਡ, ਮੱਧ ਪ੍ਰਦੇਸ਼, ਮਹਾਰਾਸ਼ਟਰ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਸਮੇਤ ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਵਿਦੇਸ਼ਾਂ ਤੋਂ 126 ਨਵ-ਵਿਆਹੇ ਜੋੜਿਆਂ ਨੇ ਹਿੱਸਾ ਲਿਆ।ਇਸ ਸ਼ੁਭ ਮੌਕੇ 'ਤੇ, 126 ਜੋੜਿਆਂ ਨੇ ਇੱਕੋ ਸਥਾਨ 'ਤੇ ਏਕਤਾ ਅਤੇ ਸਾਦਗੀ ਦਾ ਇੱਕ ਸੁੰਦਰ ਸੰਦੇਸ਼ ਦਿੰਦੇ ਹੋਏ ਵਿਆਹ ਕਰਵਾਇਆ।ਇਸ ਮੌਕੇ 'ਤੇ ਮਿਸ਼ਨ ਦੇ ਸੀਨੀਅਰ ਅਧਿਕਾਰੀਆਂ, ਲਾੜੇ ਤੇ ਲਾੜੀ ਦੇ ਪਰਵਾਰਕ ਮੈਂਬਰਾਂ ਅਤੇ ਸ਼ਰਧਾਲੂਆਂ ਨੇ ਇਸ ਬ੍ਰਹਮ ਅਤੇ ਭਾਵਨਾਤਮਕ ਦ੍ਰਿਸ਼ ਦਾ ਭਰਪੂਰ ਆਨੰਦ ਮਾਣਿਆ। ਸਤਿਗੁਰੂ ਮਾਤਾ ਜੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਆਹ ਸਿਰਫ਼ ਦੋ ਵਿਅਕਤੀਆਂ ਦਾ ਮੇਲ ਨਹੀਂ ਹੈ, ਸਗੋਂ ਦੋ ਪਰਵਾਰਾਂ ਦਾ ਪਵਿੱਤਰ ਮੇਲ ਹੈ।



## ਮਨਰੇਗਾ ਵਰਕਰਾਂ ਦੇ ਮਸਟਰੋਲ ਆਨ-ਲਾਇਨ ਨਾ ਕਰਨ 'ਤੇ ਪੇਮੈਂਟ ਰੁਕੀ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਮਨਰੇਗਾ ਲੇਬਰ ਮੁਵਮੈਂਟ ਦੀ ਅਗਵਾਈ ਵਿਚ ਬਲਾਕ ਗੜ੍ਹਸ਼ੰਕਰ ਦੇ (ਮਸਟਰੋਲ ਨੰਬਰ 1307,1308,1380,1793) ਪਿੰਡਾਂ ਪੱਖੋਵਾਲ, ਬੀਹੜਾਂ, ਹੇਲਰਾਂ, ਹਿਆਤਪੁਰ, ਕੁਕੜਾਂ, ਸਤਨੌਰ ਅਤੇ ਬਲਾਕ ਮਾਹਿਲਪੁਰ ਦੇ (ਮਸਟਰੋਲ ਨੰਬਰ 1435) ਪਿੰਡਾਂ ਲਸਾੜਾ ਤੇ ਮਹਿਦੂਦ ਦੇ ਵਰਕਰਾਂ ਵਲੋਂ ਕੀਤੇ ਕੰਮਾਂ ਦੇ ਮਸਟਰੋਲ ਆਨ ਲਾਇਨ ਨਾ ਹੋਣ ਤੇ ਵਰਕਰਾਂ ਦੀਆਂ ਪੇਮੈਂਟ ਨਾ ਮਿਲਣ ਨੂੰ ਲੈ ਕੇ ਡਿਪਟੀ ਕਮਿਸ਼ਨਰ ਕਮ ਮਗਨਰੇਗਾ ਪ੍ਰੋਗਰਾਮ ਕੁਆਰਡੀਨੇਟਰ ਦੇ ਦਫਤਰ ਵਿਚ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਗ੍ਰੇਡ ਵਨ ਸੁਪਰਟੈਂਡੈਂਟ ਨੂੰ ਮੰਗ ਪਤੱਰ ਸੌਂਪਿਆ ਤੇ ਦਸਿਆ ਕਿ ਵਰਕਰਾਂ ਵਲੋਂ ਕੰਡੀ ਕਨਾਲ ਉਤੇ ਕੰਮ ਕਰਨ ਦੇ ਬਾਵਜੂਦ ਉਜਰਤ ਨਹੀਂ ਮਿਲੀ ਤੇ ਇਸ ਦਾ ਸਬੰਧ ਵਿਭਾਗ ਦਾ ਅਣਗਹਿਲੀਆਂ ਭਰਿਆ ਕੰਮ ਵਰਕਰਾਂ ਲਈ ਮੁਸੀਬਤ ਬਣਿਆ।ਉਨ੍ਹਾਂ ਦੱਸਿਆ ਕਿ ਵਰਕਰਾਂ ਵੱਲੋਂ ਦਫਤਰਾਂ ਦੇ ਵਾਰ ਵਾਰ ਚਕੱਰ ਕੱਢੇ ਜਾਣ ਤੇ ਵੀ ਵਰਕਰਾਂ ਦੇ ਖਾਤਿਆ ਵਿਚ ਮਸਟਰੋਲ ਆਨ ਲਾਇਨ ਨਾ ਹੋਣ ਕਾਰਨ ਹਾਲੇ ਤੱਕ ਵੀ ਪੇਮੈਂਟ ਨਹੀਂ ਮਿਲੀ।

## 200 ਸਿਵਲ ਡਿਫੈਂਸ ਵਲੰਟੀਅਰਜ਼ ਐਨਰੋਲ ਕੀਤੇ ਜਾਣਗੇ : ਮਿੱਤਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਜ਼ਿਲ੍ਹਾ ਐੱਸ ਏ ਐੱਸ ਨਗਰ ਅਧੀਨ ਆਉਂਦੀਆਂ ਸਾਰੀਆਂ ਸਬ ਡਿਵੀਜ਼ਨਾਂ ਵਿੱਚੋਂ ਪ੍ਰਤੀ ਸਬ ਡਿਵੀਜ਼ਨ 200 ਸਿਵਲ ਡਿਫੈਂਸ ਵਾਲੰਟੀਅਰਜ਼ ਐਨਰੋਲ ਕੀਤੇ ਜਾਣੇ ਹਨ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਨ੍ਹਾਂ ਵਾਲੰਟੀਅਰਾਂ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਲਾਜ਼ਮੀ ਹੈ ਅਤੇ ਉਹ ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਵਸਨੀਕ ਹੋਣੇ ਚਾਹੀਦੇ ਹਨ।ਇਸ ਸਬੰਧੀ ਚਾਹਵਾਨ ਹੋਰ ਸ਼ਰਤਾਂ ਦੀ ਜਾਣਕਾਰੀ ਆਪਣੀ ਸਬ ਡਿਵੀਜ਼ਨ ਨਾਲ ਸਬੰਧਤ ਐਸ ਡੀ ਐਮ ਦਫ਼ਤਰ ਪਾਸੋਂ ਹਾਸਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਬੰਧਤ ਸਬ ਡਵੀਜ਼ਨ ਖੇਤਰ ਅਧੀਨ ਪੈਂਦੇ ਸਕੂਲਾਂ, ਕਾਲਜਾਂ, ਹੋਰ ਵਿਦਿਅਕ ਅਦਾਰਿਆਂ, ਸਾਬਕਾ ਸੈਨਿਕਾਂ ਅਤੇ ਚਾਹਵਾਨ ਵਿਅਕਤੀਆਂ ਵਿੱਚੋਂ ਉਪਰੋਕਤ ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰ ਆਪਣੇ ਫਾਰਮ ਭਰ ਕੇ ਮਿਤੀ 10 ਨਵੰਬਰ ਤੋਂ ਪਹਿਲਾਂ ਸਬੰਧਤ ਐਸ ਡੀ ਐਮ ਦਫ਼ਤਰ 'ਚ ਦੇ ਸਕਦੇ ਹਨ।

## ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਮੈਂਬਰ ਕਾਬੂ, 4 ਪਿਸਤੌਲ ਬਰਾਮਦ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਐਂਟੀ-ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪੰਜਾਬ ਨੇ ਹੁਸ਼ਿਆਰਪੁਰ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਸਰਗਰਮ ਮੈਂਬਰਾਂ ਨੂੰ ਚਾਰ ਆਧੁਨਿਕ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਦੀ ਤਰਫ਼ੋਂ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਸੰਦੀਪ ਮਲਿਕ ਆਈ ਪੀ ਐੱਸ ਨੇ ਦਿੰਦਿਆਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਵਿੰਦਰ ਸਿੰਘ ਉਰਫ ਬੋਧੀ ਅਤੇ ਸੁਖਮਨ ਉਰਫ਼ ਜਸ਼ਨ ਦੋਵੇਂ ਵਾਸੀ ਕਲਾਨੌਰ, ਜਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਦੋ ਗਲੌਕ ਪਿਸਤੌਲ, ਇੱਕ ਜਿਗਾਨਾ ਪਿਸਤੌਲ ਅਤੇ ਇੱਕ ਪੀਐਕਸ ਪਿਸਤੌਲ ਸ਼ਾਮਲ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਜਿਸ 'ਤੇ ਉਹ ਸਵਾਰ ਸਨ, ਵੀ ਜ਼ਬਤ ਕਰ ਲਿਆ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਦੋਵੇਂ ਜੱਗੂ ਭਗਵਾਨਪੁਰੀਆ ਗੈਂਗ ਦੇ ਸਰਗਰਮ ਮੈਂਬਰ ਸਨ ਤੇ ਆਪਣੇ ਵਿਦੇਸ਼ੀ ਹੈਂਡਲਰ ਜਿਸ ਦੀ ਪਛਾਣ ਅੰਮ੍ਰਿਤ ਦਾਲਮ ਵਜੋਂ ਹੋਈ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਕਲਾਨੌਰ ਦੇ ਵਡਾਲਾ ਬਾਂਗਰ ਵਿਖੇ ਡਾ. ਹਰੀ ਸਿੰਘ ਨੂੰ ਨਿਸ਼ਾਨਾ ਬਣਾ ਕੇ ਮੈਡੀਕਲ ਦੀ ਦੁਕਾਨ 'ਤੇ ਕੀਤੀ ਗੋਲੀਬਾਰੀ ਸਬੰਧੀ ਮਾਮਲੇ ਵਿੱਚ ਲੋੜੀਂਦੇ ਸਨ। ਇਹ ਗੋਲੀਬਾਰੀ ਉਨ੍ਹਾਂ ਨੇ ਆਪਣੇ ਹੈਂਡਲਰ ਦੇ ਨਿਰਦੇਸ਼ਾਂ 'ਤੇ ਕੀਤੀ ਸੀ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏ ਡੀ ਜੀ ਪੀ) ਏ ਜੀ ਟੀ ਐਫ ਪ੍ਰਮੋਦ ਬਾਨ ਨੇ ਦੱਸਿਆ ਕਿ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ ਡੀ ਐਸ ਪੀ ਏ ਜੀ ਟੀ ਐਫ ਜਲੰਧਰ ਰੇਂਜ ਜਤਿੰਦਰਜੀਤ ਸਿੰਘ ਦੀ ਅਗਵਾਈ ਹੇਠ ਏ ਜੀ ਟੀ ਐਫ ਦੀਆਂ ਪੁਲਸ ਟੀਮਾਂ ਨੇ ਹੁਸ਼ਿਆਰਪੁਰ ਪੁਲਸ ਦੇ ਤਾਲਮੇਲ ਨਾਲ ਦਸੂਹਾ ਦੇ ਪਿੰਡ ਬੋਦਲਾਂ ਵਿਖੇ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਨੇੜੇ ਟੀ-ਪੁਆਇੰਟ ਕੋਲੋਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ। ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸ ਐਸ ਪੀ) ਹੁਸ਼ਿਆਰਪੁਰ ਸੰਦੀਪ ਮਲਿਕ ਨੇ ਦੱਸਿਆ ਕਿ ਇਸ ਸਬੰਧ ਵਿੱਚ ਐਫ ਆਈ ਆਰ ਹੁਸ਼ਿਆਰਪੁਰ ਦੇ ਥਾਣਾ ਦਸੂਹਾ ਵਿਖੇ ਦਰਜ ਕੀਤੀ ਗਈ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਊਨਿਟੀ ਸੈਂਟਰ ਵਿਖੇ ਟ੍ਰੇਨਿੰਗ ਕੈਂਪ ਲਗਾਇਆ

**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਲਾਏ ਜਾ ਰਹੇ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਮਿਊਨਿਟੀ ਸੈਂਟਰ ਫਿਲੌਰ ਵਿਖੇ ਵਾਰਡ ਡਿਫੈਂਸ ਕਮੇਟੀ ਅਤੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਵਲੋਂ ਟ੍ਰੇਨਿੰਗ ਕੈਂਪ ਲਗਾਇਆ ਗਿਆ ਜਿਸ ਵਿੱਚ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ ਅਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਹ ਪ੍ਰੋਗਰਾਮ ਉਪ ਮੰਡਲ ਮੈਜਿਸਟਰੇਟ ਮੁਕੇਲਿਨ ਆਰ, ਆਈ.ਏ.ਐਸ, ਫਿਲੌਰ ਦੀ ਰਹਿਨੁਮਾਈ ਹੇਠ ਕੀਤਾ ਗਿਆ ਅਤੇ ਉਨ੍ਹਾਂ ਵਲੋਂ ਸੰਦੇਸ਼ ਦਿੱਤਾ ਗਿਆ ਕਿ ਨਸ਼ਿਆਂ ਨੂੰ ਤਿਆਗ ਕੇ ਰੰਗਲਾ ਪੰਜਾਬ ਦੀ ਸਿਰਜਣਾ ਕੀਤੀ ਜਾਵੇ ਅਤੇ ਮੁੱਖ ਮੰਤਰੀ ਤੇ ਗੌਰਵ ਯਾਦਵ, ਡੀ.ਜੀ.ਪੀ ਪੰਜਾਬ ਦਾ ਨਸ਼ਿਆਂ ਵਿਰੁੱਧ ਜਾਰੀ ਕੀਤਾ ਸੰਦੇਸ਼ ਵੀ ਵੀਡੀਓ ਰਾਹੀਂ ਸੁਣਾਇਆ ਗਿਆ। ਡੀ.ਐਸ.ਪੀ ਸਰਵਣ ਸਿੰਘ ਬੱਲ ਪੀ.ਪੀ.ਐਸ ਫਿਲੌਰ ਨੇ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਕਰਦਾ ਜਾਂ ਨਸ਼ਾ ਵੇਚਦਾ ਪਾਇਆ ਜਾਂਦਾ ਹੈ ਤਾਂ ਇਸ ਦੀ ਸੂਚਨਾ ਸਰਕਾਰ ਵਲੋਂ ਦਿੱਤੇ ਗਏ ਫੋਨ ਨੰਬਰਾਂ 'ਤੇ ਦਿੱਤੀ ਜਾਵੇ। ਜਿਸਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਇਸ ਪ੍ਰੋਗਰਾਮ ਵਿੱਚ ਬਲਾਕ ਰੁੜਕਾਂ ਕਲਾਂ ਦੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰ ਤੇ ਫਿਲੌਰ/ਗੁਰਾਇਆਂ ਦੇ ਵਾਰਡ ਡਿਫੈਂਸ ਕਮੇਟੀ ਦੇ ਮੈਂਬਰਾਂ ਨੂੰ ਯੁੱਧ ਨਸ਼ਿਆ ਵਿਰੁੱਧ ਐਪ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਆਈ.ਡੀ ਕਾਰਡ ਜਾਰੀ ਕੀਤੇ ਗਏ। ਯੁੱਧ ਨਸ਼ਿਆਂ ਵਿਰੁੱਧ ਦੇ ਹਲਕਾ ਕੁਆਰਡੀਨੇਟਰ ਪੰਕਜ ਰਾਏ ਵਲੋਂ ਵਾਰਡ ਡਿਫੈਂਸ ਕਮੇਟੀ ਤੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਦਾ ਸਵਾਗਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਐਸ.ਐਚ.ਓ ਅਮਨ ਸੈਣੀ ਫਿਲੌਰ, ਬੀ.ਡੀ.ਪੀ.ਓ ਰੁੜਕਾਂ ਕਲਾਂ, ਸੁਨੀਲ ਕੁਮਾਰ, ਕਾਰਜ ਸਾਧਕ ਅਫਸਰ ਨਗਰ ਕੌਂਸਲ ਫਿਲੌਰ/ਗੁਰਾਇਆਂ, ਨਗਰ ਕੌਂਸਲ ਫਿਲੌਰ ਦੇ ਕੌਂਸਲਰ ਸਹਿਬਾਨ ਵੈਭਵ ਸ਼ਰਮਾ, ਪਰਮਜੀਤ ਭਾਰਤੀ, ਮੁਕੇਸ਼ ਕੁਮਾਰ ਗਾਬਾ, ਸ਼ੰਕਰ ਲਰ, ਸੁਰਿੰਦਰ ਕੁਮਾਰ ਡਾਬਰ ਤੇ ਨਗਰ ਕੌਂਸਲ, ਗੁਰਾਇਆਂ ਦੇ ਕੌਂਸਲਰ ਸਹਿਬਾਨ ਰਿਸ਼ੂ ਕੁਮਾਰੀ, ਚੇਤਨ ਸ਼ਰਮਾ, ਕੰਚਨ ਬਾਲਾ ਅਤੇ ਹੋਰ ਮੋਹਤਬਰ ਹਜ਼ਾਰ ਹੋਏ।




## ਪੰਜਾਬ 'ਵਰਸਿਟੀ ਸੈਨੇਟ ਦੀ ਚੋਣ ਤੁਰੰਤ ਕਰਵਾਈ ਜਾਵੇ : ਬਲਬੀਰ ਸਿੱਧੂ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਸੂਬੇ ਦੇ ਸਾਬਕਾ ਸਿਹਤ ਮੰਤਰੀ ਤੇ ਕਾਂਗਰਸ ਦੇ ਸੀਨੀਅਰ ਆਗੂ ਬਲਬੀਰ ਸਿੰਘ ਸਿੱਧੂ ਨੇ ਮੋਦੀ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਵਿਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦੇ ਨੋਟੀਫੀਕੇਸ਼ਨ ਉਤੇ ਆਰਜ਼ੀ ਰੋਕ ਲਾਉਣ ਨੂੰ ਅੱਖਾਂ ਪੂੰਝਣ ਵਾਲੀ ਕਾਰਵਾਈ ਕਰਾਰ ਦਿੰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਪਿਛਲੇ ਸਾਲ ਹੋਣ ਵਾਲੀਆਂ ਸੈਨੇਟ ਤੇ ਸਿੰਡੀਕੇਟ ਦੀਆਂ ਚੋਣਾਂ ਕਰਾਉਣ ਦਾ ਅਮਲ ਤੁਰੰਤ ਸ਼ੁਰੂ ਕਰੇ। ਸਿੱਧੂ ਨੇ ਇਥੇ ਜਾਰੀ ਕੀਤੇ ਗਏ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਕੇਂਦਰ ਸਰਕਾਰ ਦੀ ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧ ਵਿਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦੀ ਬਦਨੀਤ ਤਾਂ ਉਸ ਵੇਲੇ ਹੀ ਸਪਸ਼ਟ ਹੋ ਗਈ ਸੀ ਜਦੋਂ ਇਸ ਨੇ ਪਿਛਲੇ ਸਾਲ ਜਨਵਰੀ ਵਿਚ ਸੈਨੇਟ ਦੀਆਂ ਚੋਣਾਂ ਲਈ ਆਰੰਭ ਹੋਣ ਵਾਲੀ ਚੋਣ ਪ੍ਰਕਿਰਿਆ ਸ਼ੁਰੂ ਹੀ ਨਹੀਂ ਸੀ ਕੀਤੀ। ਉਹਨਾਂ ਕਿਹਾ ਕਿ ਹਰ ਚਾਰ ਸਾਲ ਬਾਅਦ ਸੈਨੇਟ ਤੇ ਸਿੰਡੀਕੇਟ ਦੀਆਂ ਚੋਣਾਂ ਦਾ ਅਮਲ ਜਨਵਰੀ ਵਿਚ ਸ਼ੁਰੂ ਹੁੰਦਾ ਰਿਹਾ ਹੈ ਕਿਉਂਕਿ ਇਹ ਚੋਣਾਂ ਦਾ ਅਮਲ ਮੁਕੰਮਲ ਹੋਣ ਨੂੰ ਅੱਠ ਮਹੀਨਿਆਂ ਦਾ ਸਮਾਂ ਲੱਗ ਜਾਂਦਾ ਹੈ।

## ਐੱਲ ਪੀ ਯੂ ਤੀਰਅੰਦਾਜ਼ੀ ਟੀਮ ਨੇ 5 ਸੋਨੇ ਦੇ ਤਗਮੇ ਨਾਲ ਉਪ ਜੇਤੂ ਖਿਤਾਬ ਜਿੱਤਿਆ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ)-ਤੀਰਅੰਦਾਜ਼ੀ ਟੀਮ ਨੇ ਆਪਣੀ ਮਿਹਨਤ ਅਤੇ ਇਕਾਗਰਤਾ ਨਾਲ ਰਾਸ਼ਟਰੀ ਮਾਣ ਪ੍ਰਾਪਤ ਕੀਤਾ। ਐਲ ਪੀ ਯੂ ਤੀਰਅੰਦਾਜ਼ਾਂ ਨੇ ਪ੍ਰਸਿੱਧ ਆਲ ਇੰਡੀਆ ਇੰਟਰ-ਯੂਨੀਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ 2025-26 ਵਿੱਚ ਬਠਿੰਡਾ ਵਿਖੇ ਪਹਿਲਾ ਉਪ ਜੇਤੂ ਸਥਾਨ ਪ੍ਰਾਪਤ ਕੀਤਾ ਅਤੇ ਆਉਣ ਵਾਲੀਆਂ ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ ਲਈ ਕੁਆਲੀਫਾਈ ਕੀਤਾ।ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪੰਜ ਸੋਨੇ, ਤਿੰਨ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਜਿੱਤੇ। ਟੀਮ ਨੇ ਰਿਕਰਵ ਪੁਰਸ਼ ਟੀਮ, ਰਿਕਰਵ ਮਿਕਸਡ ਟੀਮ ਅਤੇ ਕੰਪਾਊਂਡ ਮਿਕਸਡ ਟੀਮ ਮੁਕਾਬਲਿਆਂ ਵਿੱਚ ਸੋਨੇ ਦੇ ਤਗਮੇ ਜਿੱਤੇ।ਪ੍ਰਥਮੇਸ਼ ਜਾਕਰ ਨੇ ਕੰਪਾਊਂਡ ਵਿਅਕਤੀਗਤ ਸ਼੍ਰੇਣੀ ਵਿੱਚ ਸੋਨੇ ਦਾ ਤਗਮਾ ਜਿੱਤਿਆ, ਜਦਕਿ ਛਵੀ ਰਾਣਾ ਨੇ ਇੰਡੀਅਨ ਰਾਊਂਡ ਵਿਅਕਤੀਗਤ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤਿਆ। ਗੋਲਡੀ ਮਿਸ਼ਰਾ ਨੇ ਰਿਕਰਵ ਵਿਅਕਤੀਗਤ (ਓਲੰਪਿਕ ਰਾਊਂਡ) ਵਿੱਚ ਚਾਂਦੀ ਦਾ ਤਗਮਾ ਜਿੱਤਿਆ, ਅਤੇ ਖੁਸ਼ੀ ਸ਼ਰਮਾ ਅਤੇ ਪ੍ਰਥਮੇਸ਼ ਜਾਕਰ ਨੇ ਕੰਪਾਊਂਡ 50 ਮੀਟਰ ਈਵੈਂਟ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਕੰਪਾਊਂਡ ਮਹਿਲਾ ਟੀਮ ਅਤੇ ਭਾਰਤੀ ਮਹਿਲਾ ਟੀਮ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਐਲ ਪੀ ਯੂ ਲਈ ਕਾਂਸੀ ਦਾ ਤਗਮਾ ਜਿੱਤਿਆ।ਚੈਂਪੀਅਨਾਂ ਨੂੰ ਵਧਾਈ ਦਿੰਦੇ ਹੋਏ ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਰਾਸ਼ਟਰੀ ਮੰਚ 'ਤੇ ਤੀਰਅੰਦਾਜ਼ਾਂ ਦੁਆਰਾ ਦਿਖਾਈ ਗਈ ਖੇਡ ਭਾਵਨਾ ਅਤੇ ਅਨੁਸ਼ਾਸਨ ਸ਼ਲਾਘਾਯੋਗ ਹੈ।ਐਲ ਪੀ ਯੂ ਇੱਕ ਅਜਿਹਾ ਪਲੇਟਫਾਰਮ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ ਜਿੱਥੇ ਪ੍ਰਤਿਭਾ ਵਾਲੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਬਹੁਤ ਹੀ ਵਧੀਆ ਮੌਕੇ ਮਿਲਦੇ ਹਨ।ਸਕਾਲਰਸ਼ਿਪ, ਸਿਖਲਾਈ ਪ੍ਰੋਗਰਾਮਾਂ ਅਤੇ ਪ੍ਰਤੀਯੋਗੀ ਖੇਤਰਾਂ ਵਿੱਚ ਅਨੁਭਵ ਦੇ ਨਾਲ ਐਲ ਪੀ ਯੂ ਆਪਣੇ ਐਥਲੀਟਾਂ ਨੂੰ ਆਪਣੀ ਸਮਰੱਥਾ ਨੂੰ ਰਾਸ਼ਟਰੀ ਪ੍ਰਾਪਤੀਆਂ ਵਿੱਚ ਬਦਲਣ ਦੇ ਯੋਗ ਬਣਾਉਂਦਾ ਹੈ।



## ਸਰਕਾਰੀ ਐਲੀਮੈਂਟਰੀ ਸਕੂਲ 'ਚ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪਰੇਸ਼ਨ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਬਿਆਣਾ ਵਿਖੇ ਜੀ ਐਨ ਏ ਐਕਸਲ ਲਿਮਟਿਡ ਮੇਹਟੀਆਣਾ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਭਬਿਆਣਾ ਵਿੱਚ ਅੱਖਾਂ ਦਾ ਮੁਫ਼ਤ ਚੈੱਕਅਪ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮਤਲਬ ਲੋਕਾਂ ਦੀਆਂ ਅੱਖਾਂ ਦੀ ਸਿਹਤ ਬਾਰੇ ਜਾਗਰੂਪ ਕਰਨਾ ਅਤੇ ਉਨ੍ਹਾਂ ਨੂੰ ਮੁਫ਼ਤ ਜਾਂਚ ਅਤੇ ਆਪਰੇਸ਼ਨ ਦੀ ਸਹੂਲਤ ਪ੍ਰਦਾਨ ਕਰਨਾ ਸੀ। ਇਸ ਮੌਕੇ ਤਜਰਬੇਕਾਰ ਡਾ. ਜੀ ਐਸ ਵਿਰਦੀ ਅਤੇ ਉਨ੍ਹਾਂ ਦੀ ਟੀਮ ਵਿਰਦੀ ਹਸਪਤਾਲ ਚਾਹਲ ਨਗਰ ਫਗਵਾੜਾ ਨੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ ਜ਼ਰੂਰੀ ਸਲਾਹ ਦਿੱਤੀ। ਇਸ ਮੌਕੇ ਰਣਵੀਰ ਸਿੰਘ ਐਮ ਡੀ ਐਂਡ ਸੀ ਈ ਓ ਅਤੇ ਕੁਲਵਿਨ ਸਿੰਘ ਸੀਰਾ ਡਾਇਰੈਕਟ ਜੀ ਐਨ ਏ ਐਕਸਲ ਲਿਮਟਿਡ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਦੌਰਾਨ ਲਗਭਗ 50 ਮਰੀਜ਼ਾਂ ਨੂੰ ਅਪਰੇਸ਼ਨ ਲਈ ਰਿਕਮੈਂਡ ਕੀਤਾ ਤੇ ਮੁਫਤ ਲੈਨਜ਼ ਪਾਏ ਜਾਣਗੇ।ਬਾਕੀਆਂ ਨੂੰ ਮੁਫਤ ਦਵਾਈਆਂ ਅਤੇ ਐਨਕਾਂ ਵੰਡੀਆਂ ਗਈਆਂ ।ਇਸ ਮੌਕੇ ਮੁਫ਼ਤ ਆਪ੍ਰੇਸ਼ਨ ਕੈਂਪ ਮੌਕੇ ਸਤਵਿੰਦਰ ਸਿਘ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਜੀ ਐਨ ਏ ਹਾਜ਼ਰ ਹੋਏ। ਇਸ ਮੌਕੇ ਪੀ ਐਸ ਨੰਦਾ, ਅਨਿਲ ਕੁਮਾਰ, ਸੁਨੀਤਾ ਸ਼ਰਮਾ, ਜੀ ਐਨ ਏ, ਸਰਪੰਚ ਕਸ਼ਮੀਰ ਸਿੰਘ ਮੇਹਟੀਆਣਾ, ਕੁਲਵੰਤ ਕੌਰ, ਸੁਨੀਤਾ, ਵਿਜੈ ਕੁਮਾਰ, ਬਚਿੱਤਰ ਸਿੰਘ ਆਦਿ ਹਾਜ਼ਰ ਸਨ।



## 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਨਿੱਘਾ ਸਵਾਗਤ

**ਸੁਲਤਾਨਪੁਰ ਲੋਧੀ (ਹਨੀ)**- ਐਸ. ਡੀ. ਕਾਲਜ ਫਾਰ ਵੂਮੈਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਯਾਦ ਕਰਦੇ ਹੋਏ ਕਾਲਜ ਵਿੱਚ ਚਲਾਏ ਜਾ ਰਹੇ ਸਮਾਗਮਾਂ ਦੌਰਾਨ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਲੈਕਚਰ ਦਾ ਆਯੋਜਨ ਕੀਤਾ ਗਿਆ । ਮੈਡਮ ਮਨਦੀਪ ਕੌਰ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ। ਉਨਾਂ ਨੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਧਰਮ ਅਤੇ ਮਨੁੱਖਤਾ ਦੀ ਰਾਖੀ ਲਈ ਗੁਰੂ ਸਾਹਿਬ ਜੀ ਦੇ ਨਾਲ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਬਾਰੇ ਵਿਸਤਾਰ ਨਾਲ ਦੱਸਿਆ । ਇਸ ਮੌਕੇ ਵੱਡੀ ਗਿਣਤੀ ਚ ਵਿਦਿਆਰਥੀ ਸ਼ਾਮਲ ਹੋਏ ।



## ਵਿਲੱਖਣ ਹੋਵੇਗਾ 20 ਨੂੰ ਚਰਨ ਗੰਗਾ ਸਟੇਡੀਅਮ 'ਚ ਹੋਣ ਵਾਲਾ ਲਾਈਟ ਐਂਡ ਸਾਊਂਡ ਸ਼ੋਅ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 20 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਾਮ 6 ਵਜੇ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਇਕ ਵਿਲੱਖਣ ਲਾਈਟ ਲੈਂਡ ਸਾਊਂਡ ਸ਼ੋਅ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਰੋਸ਼ਨੀ ਅਤੇ ਅਵਾਜ਼ ਦੇ ਸ਼ੋਅ ਵਿਚ ਗੁਰੂ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਮਹਾਨ ਲਸਾਨੀ ਸ਼ਹਾਦਤ ਨੂੰ ਆਕਰਸ਼ਕ ਅਤੇ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਜਾਵੇਗਾ।ਕੈਬਨਿਟ ਮੰਤਰੀ ਨੇ ਚਰਨ ਗੰਗਾ ਸਟੇਡੀਅਮ ਵਿਖੇ ਹੋਣ ਵਾਲੇ ਸ਼ੋਅ ਦੀ ਰੂਪ ਰੇਖਾ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਲਗਭਗ 45 ਮਿੰਟ ਦਾ ਇਹ ਡਿਜੀਟਲ ਸ਼ੋਅ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵ ਭਾਈਚਾਰੇ ਦੇ ਸੰਦੇਸ਼ ਨੂੰ ਸੁੰਦਰਤਾ ਨਾਲ ਉਜਾਗਰ ਕਰੇਗਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਗੁਰੂ ਸਾਹਿਬ ਦੇ ਮਨੁੱਖਤਾ ਅਤੇ ਦਇਆ ਦੇ ਸੰਦੇਸ਼ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਬੈਂਸ ਨੇ ਕਿਹਾ ਕਿ ਸ਼ੋਅ ਵਿੱਚ ਦਾਖਲਾ ਮੁਫ਼ਤ ਹੋਵੇਗਾ ਅਤੇ ਹਰ ਕੋਈ ਵੀ ਵਿਅਕਤੀ ਬਿਨਾਂ ਰੋਕ ਟੋਕ ਇਸ ਸ਼ਾਨਦਾਰ ਸਮਾਗਮ ਵਿਚ ਸ਼ਾਮਲ ਹੋ ਸਕਦਾ ਹੈ। ਇਹ ਲਾਈਟ ਐਂਡ ਸਾਊਂਡ ਸ਼ੋਅ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਬੈਂਸ ਆਪਣੇ ਵਿਧਾਨ ਸਭਾ ਹਲਕੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਦੀ ਮੋਨੀਟਰਿੰਗ ਕਰ ਰਹੇ ਹਨ। ਉਨ੍ਹਾ ਵੱਲੋਂ ਅਧਿਕਾਰੀਆਂ ਨੂੰ ਇਸ ਸਬੰਧ ਵਿਚ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ।


# ਪਾਮ ਸਿਟੀ ਹਾਊਸਿੰਗ ਕਲੋਨੀ ਮਾਨਸਾ

## ਪੁੱਡਾ ਅਪਰੂਵਡ (LIC NO. LDC-0/5/2025)

- ਪੁੱਡਾ ਦੇ ਮਾਪਦੰਡਾ ਅਨੁਸਾਰ ਮਿਲਣਯੋਗ ਸਾਰੀਆਂ ਸਹੂਲਤਾਂ।
- ਸ਼ਹਿਰ ਦੇ ਬਿੱਲਕੁਲ ਨਜ਼ਦੀਕ।
- ਸਾਫ-ਸੁਥਰੇ ਵਾਤਾਵਰਨ ਤੋਂ ਇਲਾਵਾ ਅਫੌਰਡੇਬਲ ਹਾਊਸਿੰਗ ਲਈ 150 ਗਜ਼ ਦੇ ਪਲਾਟ।
- 12500 ਤੋਂ 14000 ਹਜ਼ਾਰ ਰੁਪਏ ਪ੍ਰਤੀ ਗਜ਼ ਤੱਕ ਮਿਲਣਯੋਗ ਪਲਾਟ।
- ਮਾਨਸਾ ਸ਼ਹਿਰ ਦੀ ਸਭ ਤੋਂ ਸਸਤੇ ਰੇਟਾਂ 'ਤੇ ਪਲਾਟ ਮੁਹੱਈਆ ਕਰਵਾਉਣ ਵਾਲੀ ਇੱਕੋ-ਇੱਕ ਕਲੋਨੀ।
- ਵਿਸ਼ੇਸ਼ ਤੌਰ 'ਤੇ ਮਿਡਲ ਵਰਗ ਨੂੰ ਧਿਆਨ ਹਿੱਤ ਰੱਖਦਿਆਂ ਇਸ ਹਾਊਸਿੰਗ ਕਲੋਨੀ ਦੀ ਕੀਤੀ ਜਾ ਰਹੀ ਸਥਾਪਤੀ।






ਪਤਾ :

ਡੀ.ਟੀ.ਓ. ਦਫ਼ਤਰ ਰੋਡ, ਮਾਨਸਾ। (151505)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

ਮਨੀਸ਼ ਕੁਮਾਰ ਗਰਗ 98775-06151, 98727-30532



34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਦੇਖਦਿਆਂ...
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਨਹੀਂ ਹੈ ਤ੍ਰੇਲ ਦਾ ਤੁਪਕਾ
ਜੋ ਮੇਟੇਗੀ ਹਵਾ ਆ ਕੇ,
ਗੁਜ਼ਰ ਕੇ ਝੱਖੜਾਂ ਵਿੱਚੋਂ
ਇਹ ਹਸਤੀ ਹੈ ਬਣੀ ਮੇਰੀ।
-ਪ੍ਰੇਮ ਪਾਇਲਵੀ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 9 ਨਵੰਬਰ 2025 www.nawanzamana.in ਕੀਮਤ 5.00 ਰੁਪਏ


# ਸੁੰਗੜਦਾ ਮਾਓਵਾਦ, ਵਧਦੀ ਮਾਈਨਿੰਗ

*ਪਿਛਲੇ ਕੁਝ ਸਮੇਂ ਤੋਂ ਭਾਰਤੀ ਰਾਜ ਵੱਲੋਂ ਚਲਾਏ ਨੀਮ-ਫ਼ੌਜੀ ਓਪਰੇਸ਼ਨਾਂ ਦੇ ਦਬਾਅ ਹੇਠ ਮਹਾਰਾਸ਼ਟਰ ਦੇ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਮਾਓਵਾਦੀ ਪਿੱਛੇ ਹਟਦੇ ਗਏ, ਉਨ੍ਹਾਂ ਦੀ ਥਾਂ ਮਾਈਨਿੰਗ ਕੰਪਨੀਆਂ ਆਉਂਦੀਆਂ ਗਈਆਂ। ਇਹ ਸਾਰਾ ਕਾਰੋਬਾਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਦੇਖ-ਰੇਖ ਹੇਠ ਹੋ ਰਿਹਾ ਹੈ, ਜਿਸ ਨੇ ਆਪਣੇ ਆਪ ਨੂੰ ਇਸ ਜ਼ਿਲ੍ਹੇ ਦਾ ਸਰਪ੍ਰਸਤ ਮੰਤਰੀ ਥਾਪ ਲਿਆ ਹੈ। ਸਵਾਲ ਇਹ ਹੈ ਕਿ ਆਦਿਵਾਸੀਆਂ ਦੇ ਇਸ ਜੰਗਲ ਉੱਪਰ ਮਾਈਨਿੰਗ ਦਾ ਕੀ ਅਸਰ ਪਵੇਗਾ? ਇਨ੍ਹਾਂ ਪੱਖਾਂ ਦੀ ਪੜਤਾਲ 'ਦੀ ਵਾਇਰ' ਦੀ ਰਿਪੋਰਟਰ ਸੰਤੋਸ਼ੀ ਮਰਕਾਮ ਨੇ ਇਸ ਲੰਮੀ ਰਿਪੋਰਟ ਵਿਚ ਕੀਤੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਰਿਪੋਰਟ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ, ਜਿਸ ਦਾ ਉਚੇਚੇ ਤੌਰ 'ਤੇ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

7 ਜੂਨ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਲੇਖ ਲਿਖ ਕੇ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਕਿ ਰਾਜ ਵਿਧਾਨ ਸਭਾ ਚੋਣਾਂ ਵਿਚ ਧਾਂਦਲੀ ਹੋਈ ਹੈ।

ਦਿਲਚਸਪ ਗੱਲ ਇਹ ਹੈ ਕਿ ਇਸ ਲੇਖ ਦੇ


## ਸੰਤੋਸ਼ੀ ਮਰਕਾਮ
ਅਨੁ : ਬੂਟਾ ਸਿੰਘ ਮਹਿਮੂਦਪੁਰ


ਮੁੱਢਲੇ ਵਾਕ ਬਿਲਕੁਲ ਵੱਖਰੇ ਵਿਸ਼ੇ 'ਤੇ ਕੇਂਦ੍ਰਿਤ ਸਨ। ਫੜਨਵੀਸ ਨੇ ਲਿਖਿਆ ਕਿ 6 ਜੂਨ ਨੂੰ ਉਹ ਗੜ੍ਹਚਿਰੋਲੀ ਜ਼ਿਲ੍ਹੇ ਦੇ ਦੌਰੇ 'ਤੇ ਸੀ ਅਤੇ ਉਹ ਅਬੂਝਮਾੜ ਦੇ ਸੰਘਣੇ ਜੰਗਲਾਂ ਵਿਚ ਜਾਣ ਵਾਲਾ ਪਹਿਲਾ ਮੁੱਖ ਮੰਤਰੀ ਸੀ। 'ਮੈਂ ਰਾਤ ਗੜ੍ਹਚਿਰੋਲੀ ਵਿਚ ਗੁਜ਼ਾਰੀ ਸੀ। ਮੈਂ ਅੱਜ ਤੱਕ ਉੱਥੇ ਘੱਟੋ-ਘੱਟ ਚਾਰ ਰਾਤਾਂ ਰਹਿ ਚੁੱਕਾ ਹਾਂ।'

ਇਹ ਹੈਰਾਨੀ ਦੀ ਗੱਲ ਲੱਗ ਸਕਦੀ ਹੈ ਕਿ ਰਾਹੁਲ ਗਾਂਧੀ ਨੂੰ ਜਵਾਬ ਦਿੰਦਾ, ਚੋਣ ਪ੍ਰਕਿਰਿਆ 'ਤੇ ਕੇਂਦ੍ਰਿਤ ਇਹ ਲੇਖ ਗੜ੍ਹਚਿਰੋਲੀ ਤੋਂ ਕਿਉਂ ਸ਼ੁਰੂ ਕੀਤਾ ਗਿਆ ਸੀ।

ਇਹ ਕੋਈ ਸੰਯੋਗ ਨਹੀਂ ਸੀ। ਮੁੱਖ ਮੰਤਰੀ ਫੜਨਵੀਸ ਦਾ ਇਸ ਜ਼ਿਲ੍ਹੇ ਨਾਲ ਖ਼ਾਸ ਲਗਾਓ ਰਿਹਾ ਹੈ।

ਅਕਸਰ ਪੁੱਛਿਆ ਜਾਂਦਾ ਹੈ ਕਿ ਜਦੋਂ ਦੰਡਕਾਰਣੀਆ (ਛੱਤੀਸਗੜ੍ਹ ਦੇ ਦੰਡਕ ਜੰਗਲਾਂ) ਤੋਂ ਨਕਸਲੀਆਂ ਨੂੰ ਮਿਟਾ ਦਿੱਤਾ ਜਾਵੇਗਾ, ਤਾਂ ਇਸ ਬੀਹੜ ਜੰਗਲ ਦੀ ਕੀ ਤਸਵੀਰ ਬਣੇਗੀ? ਇਸ ਦਾ ਜਵਾਬ ਮਾਓਵਾਦ ਪ੍ਰਭਾਵਿਤ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਦੇਖਿਆ ਜਾ ਸਕਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਜਿਉਂ-ਜਿਉਂ ਇਸ ਜ਼ਿਲ੍ਹੇ ਵਿਚ ਮਾਓਵਾਦੀ ਲਹਿਰ ਕਮਜ਼ੋਰ ਹੋ ਕੇ ਸੁੰਗੜਦੀ ਗਈ ਹੈ, ਮਹਾਰਾਸ਼ਟਰ ਸਰਕਾਰ ਨੇ ਖਾਣਾਂ ਅਤੇ ਉਦਯੋਗਾਂ ਨੂੰ ਵਧਾਉਣ-ਫੈਲਾਉਣ ਦੇ ਅਮਲ ਤੇਜ਼ ਕਰ ਦਿੱਤੇ ਹਨ।

ਪਿਛਲੇ ਦਿਨੀਂ ਇਕ ਅਖ਼ਬਾਰ ਵਿਚ ਦੋ ਖ਼ਬਰਾਂ ਇਕੱਠੀਆਂ ਛਪੀਆਂ ਸਨ। ਇਕ ਖ਼ਬਰ ਮਾਓਵਾਦੀਆਂ ਦੇ ਵੱਡੇ ਆਗੂ (ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ) ਦੇ ਮੁਕਾਬਲੇ 'ਚ ਮਾਰੇ ਜਾਣ ਦੀ ਸੀ। ਦੂਜੀ, ਮਹਾਰਾਸ਼ਟਰ ਦੇ ਮਾਓਵਾਦ ਪ੍ਰਭਾਵਿਤ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਕੱਚੇ ਲੋਹੇ ਤੋਂ ਉਦਯੋਗੀ ਲੋਹਾ ਬਣਾਉਣ ਲਈ ਜੰਗਲਾਤ ਵੱਲੋਂ ਮਨਜ਼ੂਰੀ ਦਿੱਤੇ ਜਾਣ ਦੀ ਸੀ, ਜਿਸ ਵਿਚ ਇਕ ਲੱਖ 23 ਹਜ਼ਾਰ ਦਰੱਖ਼ਤ ਕੱਟਣ ਦੀ ਯੋਜਨਾ ਸੀ।

ਇਹ ਮਨਜ਼ੂਰੀ ਲੌਇਡਜ਼ ਸਟੀਲ ਨੂੰ ਮਿਲੀ ਸੀ, ਜਿਸ ਨੂੰ ਪਿਛਲੇ ਸਾਲਾਂ ਵਿਚ ਇਸ ਜੰਗਲ ਉੱਪਰ ਮਾਈਨਿੰਗ ਸ਼ੁਰੂ ਕਰਨ ਦੇ ਬੇਹਿਸਾਬ ਅਧਿਕਾਰ ਮਿਲਦੇ ਗਏ ਹਨ।

22 ਮਈ ਨੂੰ ਵਾਤਾਵਰਣ ਮੰਤਰਾਲੇ ਨੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਵੱਲੋਂ ਕੱਚੀਆਂ ਧਾਤਾਂ ਨੂੰ ਧੋ ਕੇ ਸ਼ੁੱਧ ਕਰਨ ਲਈ ਲਗਾਏ ਜਾਣ ਵਾਲੇ ਪਲਾਂਟ ਲਈ 900 ਹੈਕਟੇਅਰ ਤੋਂ ਵੱਧ ਜੰਗਲ ਸਾਫ਼ ਕਰਨ ਅਤੇ 1,23,000 ਤੋਂ ਵੱਧ ਦਰੱਖ਼ਤਾਂ ਨੂੰ ਕੱਟਣ ਲਈ ਹਰੀ ਝੰਡੀ ਦੇ ਦਿੱਤੀ ਸੀ।

ਜਿਸ ਦਿਨ 7 ਜੂਨ ਨੂੰ ਫੜਨਵੀਸ ਦਾ ਉਹ ਲੇਖ ਛਪਿਆ, ਕੇਂਦਰੀ ਵਾਤਾਵਰਣ ਮੰਤਰਾਲੇ ਦੀ ਵਾਤਾਵਰਣ ਮੁਲਾਂਕਣ ਕਮੇਟੀ (513) ਨੇ ਗੜ੍ਹਚਿਰੋਲੀ ਦੀ ਸੂਰਜਾਗੜ੍ਹ ਖਾਣ ਵਿਚ ਕੱਚੇ ਲੋਹੇ ਦੀ ਪੈਦਾਵਾਰ ਦੁੱਗਣੀ ਤੋਂ ਵੱਧ ਕਰਨ ਲਈ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਨੂੰ ਵਾਤਾਵਰਣ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕਰ ਦਿੱਤੀ। ਇਹ ਮਨਜ਼ੂਰੀ ਕੰਪਨੀ ਨੂੰ ਆਪਣੀ ਸਾਲਾਨਾ ਪੈਦਾਵਾਰ ਸਮਰੱਥਾ ਨੂੰ 1 ਕਰੋੜ ਟਨ ਤੋਂ ਵਧਾ ਕੇ 2 ਕਰੋੜ 26 ਲੱਖ ਟਨ ਕਰਨ ਦੇ ਸਮਰੱਥ ਬਣਾਏਗੀ। ਇਸ ਤੋਂ ਪਹਿਲਾਂ 2023 'ਚ ਇਸ ਕੰਪਨੀ ਨੂੰ ਆਪਣੀ ਪੈਦਾਵਾਰ 30 ਲੱਖ ਤੋਂ ਵਧਾ ਕੇ 1 ਕਰੋੜ ਟਨ ਪ੍ਰਤੀ ਸਾਲ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ।

ਗ਼ੌਰਤਲਬ ਹੈ ਕਿ ਇਸ ਪ੍ਰੋਜੈਕਟ ਨੂੰ ਪਹਿਲਾਂ ਹੀ 'ਉਲੰਘਣਾਵਾਂ ਵਾਲੇ ਮਾਮਲੇ' ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਗਿਆ ਸੀ, ਪਰ ਕੰਪਨੀ ਨੂੰ ਵਾਤਾਵਰਣ ਉਲੰਘਣਾ ਲਈ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਖਣਨ ਦੇ ਵਿਸਥਾਰ ਦੀ ਮਨਜ਼ੂਰੀ ਦਿੱਤੀ ਗਈ।

ਦਸੰਬਰ 2022 'ਚ ਮਹਾਰਾਸ਼ਟਰ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਾਤਾਵਰਣ ਸੁਰੱਖਿਆ ਐਕਟ, 1986 ਦੀਆਂ ਧਾਰਾਵਾਂ 15, 16 ਅਤੇ 19 ਦੇ ਤਹਿਤ ਗੜ੍ਹਚਿਰੋਲੀ ਦੀ ਇਕ ਅਦਾਲਤ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ 2007 ਦੀ ਵਾਤਾਵਰਣ ਮਨਜ਼ੂਰੀ ਦੀ ਪੰਜ ਸਾਲ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਕੰਪਨੀ ਵੱਲੋਂ ਖਣਨ ਜਾਰੀ ਸੀ। ਮੰਤਰਾਲੇ ਅਤੇ ਅਦਾਲਤ ਦੇ ਰਿਕਾਰਡ ਅਨੁਸਾਰ, ਕੰਪਨੀ ਦੇ ਅਧਿਕਾਰੀਆਂ ਨੇ ਆਪਣਾ ਜੁਰਮ ਕਬੂਲਿਆ ਅਤੇ ਉਹ ਦੋਸ਼ੀ ਠਹਿਰਾਏ ਗਏ। ਇਸ ਦੇ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਕੰਪਨੀ 'ਤੇ 5.48 ਕਰੋੜ ਰੁਪਏ ਜੁਰਮਾਨਾ ਲਾਇਆ ਸੀ।

**ਵਿਵਾਦਾਂ ਨਾਲ ਲੰਮਾ ਸੰਬੰਧ**

ਇਹ ਪ੍ਰੋਜੈਕਟ ਸ਼ੁਰੂ ਤੋਂ ਹੀ ਵਿਵਾਦਾਂ ਦੇ ਘੇਰੇ ਵਿਚ ਰਿਹਾ ਹੈ, ਕਿਉਂਕਿ ਇਹ ਖਣਨ ਸਥਾਨ ਸੰਵੇਦਨਸ਼ੀਲ ਭਾਮਰਾਗੜ੍ਹ ਰਿਜ਼ਰਵ ਜੰਗਲ ਦੇ ਅਧੀਨ ਆਉਂਦਾ ਹੈ।ਗੜ੍ਹਚਿਰੋਲੀ ਜ਼ਿਲ੍ਹੇ ਵਿਚ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਇਕੱਲੀ ਖਣਨ ਕੰਪਨੀ ਹੈ, ਜੋ ਲੋਹੇ ਦੀ ਖਾਣ ਚਲਾ ਰਹੀ ਹੈ। ਇਸ ਕੰਪਨੀ ਨੂੰ 2007 ਵਿਚ ਸੂਰਜਾਗੜ੍ਹ ਖਾਣ ਦਾ ਪਟਾ 20 ਸਾਲ ਲਈ ਮਿਲਿਆ ਸੀ, ਜਿਸ ਨੂੰ ਬਾਅਦ ਵਿਚ 2057 ਤੱਕ ਲਈ ਵਧਾ ਦਿੱਤਾ ਗਿਆ।

**ਦੇਵੇਂਦਰ ਫੜਨਵੀਸ ਦੀ ਗੜ੍ਹਚਿਰੋਲੀ ਵਿਚ ਖ਼ਾਸ ਦਿਲਚਸਪੀ**

ਆਦਿਵਾਸੀ ਬਹੁਤਾਤ ਵਾਲਾ ਗੜ੍ਹਚਿਰੋਲੀ ਜ਼ਿਲ੍ਹਾ 'ਵਿਕਾਸ' ਦੇ ਪੈਮਾਨੇ 'ਤੇ ਕਾਫ਼ੀ ਪੱਛੜਿਆ ਹੋਇਆ ਮੰਨਿਆ ਜਾਂਦਾ ਹੈ, ਹਾਲਾਂਕਿ ਇਹ ਖਣਿਜ ਅਤੇ ਵਣ ਵਸੀਲਿਆਂ ਨਾਲ ਭਰਪੂਰ ਹੈ, ਜਿਸ ਦੀ ਹੱਦ ਛੱਤੀਸਗੜ੍ਹ ਦੇ ਅਬੂਝਮਾੜ ਪਹਾੜ ਨਾਲ ਲੱਗਦੀ ਹੈ।

ਸੂਰਜਾਗੜ੍ਹ ਪਹਾੜ 'ਤੇ ਉੱਚ ਗੁਣਵੱਤਾ ਵਾਲੇ ਕੁਲ 857 ਮੀਟ੍ਰਿਕ ਟਨ ਕੱਚੇ ਲੋਹੇ ਦੇ ਭੰਡਾਰ ਹੋਣ ਦਾ ਅੰਦਾਜ਼ਾ ਹੈ, ਜਿਸ ਵਿਚ 156 ਮੀਟ੍ਰਿਕ ਟਨ ਹੇਮਟਾਈਟ ਅਤੇ 701 ਮੈਟ੍ਰਿਕ ਟਨ ਬੈਂਡਡ ਹੇਮਟਾਈਟ ਕੁਆਰਟਜ਼ (ਬੀ ਐੱਚ ਕਿਊ) ਸ਼ਾਮਲ ਹਨ।




ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਆਪਣੇ-ਆਪ ਨੂੰ ਗੜ੍ਹਚਿਰੋਲੀ ਦਾ ਸਰਪ੍ਰਸਤ ਮੰਤਰੀ ਅਤੇ ਆਪਣੇ ਕੈਬਨਿਟ ਸਾਥੀ ਆਸ਼ੀਸ਼ ਜੈਸਵਾਲ ਨੂੰ ਸਹਿ-ਸਰਪ੍ਰਸਤ ਮੰਤਰੀ ਨਿਯੁਕਤ ਕੀਤਾ ਹੈ। ਇਸ ਤਰ੍ਹਾਂ ਜ਼ਿਲ੍ਹੇ ਦੀ ਪੂਰੀ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ।

ਸਾਲ 2025 ਦਾ ਪਹਿਲਾ ਦਿਨ ਫੜਨਵੀਸ ਨੇ ਗੜ੍ਹਚਿਰੋਲੀ ਵਿਚ ਗੁਜ਼ਾਰਿਆ ਸੀ। ਉਹ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਰਾਤ ਗੁਜ਼ਾਰਨ ਵਾਲਾ ਮਹਾਰਾਸ਼ਟਰ ਦਾ ਪਹਿਲਾ ਮੁੱਖ ਮੰਤਰੀ ਵੀ ਬਣਿਆ ਸੀ। ਇਸ ਦੌਰਾਨ ਉਸ ਨੇ ਜ਼ਿਲ੍ਹੇ ਵਿਚ ਲੌਇਡਜ਼ ਮੈਟਲ ਕੰਪਨੀ ਦੀਆਂ ਕੁਝ ਇਕਾਈਆਂ ਦਾ ਉਦਘਾਟਨ ਵੀ ਕੀਤਾ ਸੀ।



ਅੱਜ ਦੀ ਤਾਰੀਕ 'ਚ ਗੜ੍ਹਚਿਰੋਲੀ ਲਈ 60,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਪਾਈਪਲਾਈਨ ਵਿਚ ਹੈ। ਇਸ ਤੋਂ ਇਲਾਵਾ ਸਰਕਾਰ ਦੀ ਯੋਜਨਾ ਇਕ ਹਵਾਈ ਅੱਡਾ ਬਣਾਉਣ ਅਤੇ ਨਾਗਪੁਰ-ਮੁੰਬਈ ਐਕਸਪ੍ਰੈੱਸ ਵੇਅ ਦਾ ਵਿਸਥਾਰ ਗੜ੍ਹਚਿਰੋਲੀ ਤੱਕ ਕਰਨ ਦੀ ਵੀ ਹੈ, ਜਿਸ ਨੂੰ 'ਸਮ੍ਰਿੱਧੀ ਮਹਾਮਾਰਗ' ਦੇ ਨਾਂਅ ਨਾਲ ਜਾਣਿਆ ਜਾਵੇਗਾ।

19 ਜੂਨ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਤਜਵੀਜ਼ਤ ਗੜ੍ਹਚਿਰੋਲੀ ਹਵਾਈ ਅੱਡੇ ਲਈ ਇਕ ਖ਼ਾਸ ਸਰਵੇ (ਇਮੀਜੀਏਟ ਆਬਸਟੈਕਲ ਲਿਮੀਟੇਸ਼ਨ ਸਰਫੇਸ ਸਰਵੇ) ਦਾ ਆਦੇਸ਼ ਦਿੱਤਾ। ਨਾਲ ਹੀ ਇਲਾਕੇ ਵਿਚ ਹੋਰ ਪ੍ਰੋਜੈਕਟਾਂ ਲਈ ਵੱਡੇ ਪੱਧਰ 'ਤੇ ਜ਼ਮੀਨ ਐਕਵਾਇਰ ਕਰਨ ਦਾ ਵੀ ਹੁਕਮ ਦਿੱਤਾ।

ਇਸ ਸਾਲ ਫਰਵਰੀ ਵਿਚ ਸਵਿਟਜ਼ਰਲੈਂਡ ਦੇ ਡਾਵੋਸ ਵਿਚ ਆਯੋਜਿਤ ਸਾਲਾਨਾ ਵਿਸ਼ਵ ਆਰਥਿਕ ਮੰਚ (ਡਬਲਯੂ ਈ ਐੱਫ) ਵਿਚ ਫੜਨਵੀਸ ਨੇ ਜਿਸ ਪਹਿਲੇ ਮੈਮੋਰੰਡਮ ਆਫ ਐਸੋਸੀਏਸ਼ਨ ਉੱਪਰ ਦਸਖ਼ਤ ਕੀਤੇ, ਉਹ ਗੜ੍ਹਚਿਰੋਲੀ ਵਿਚ ਪੂੰਜੀ-ਨਿਵੇਸ਼ ਲਈ ਸੀ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ 22 ਜੁਲਾਈ 2025 ਨੂੰ ਨਕਸਲ ਪ੍ਰਭਾਵਿਤ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਕਈ ਮਹੱਤਵਪੂਰਨ ਬੁਨਿਆਦੀ ਢਾਂਚਾ ਅਤੇ ਉਦਯੋਗਿਕ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਹੇਡਰੀ ਵਿਚ 50 ਲੱਖ ਟਨ ਪ੍ਰਤੀ ਸਾਲ (ਐੱਮ ਟੀ ਪੀ ਏ) ਸਮਰੱਥਾ ਵਾਲੇ ਕੱਚਾ ਲੋਹਾ ਗ੍ਰਾਈਂਡਿੰਗ ਪਲਾਂਟ ਦੇ ਪਹਿਲੇ ਪੜਾਅ ਅਤੇ 10 ਐੱਮ ਟੀ ਪੀ ਏ ਸਮਰੱਥਾ ਵਾਲੀ ਸਲਰੀ ਪਾਈਪਲਾਈਨ ਪ੍ਰੋਜੈਕਟ ਸ਼ਾਮਲ ਹਨ। ਇਸ ਤੋਂ ਇਲਾਵਾ ਕੋਂਸਾਰੀ ਵਿਚ 4.5 ਐੱਮ ਟੀ ਪੀ ਏ ਸਮਰੱਥਾ ਵਾਲਾ ਏਕੀਕ੍ਰਿਤ ਸਟੀਲ ਪਲਾਂਟ, 100 ਬਿਸਤਰੇ ਵਾਲਾ ਮਲਟੀਸਪੈਸ਼ਲਟੀ ਹਸਪਤਾਲ, ਇਕ ਸਕੂਲ ਅਤੇ ਨਕਸਲ ਪ੍ਰਭਾਵਿਤ ਖੇਤਰ ਵਿਚ 116 ਏਕੜ 'ਚ ਫੈਲੀ ਲੌਇਡਜ਼ ਟਾਊਨਸ਼ਿਪ ਸ਼ਾਮਲ ਹੈ।

**ਜਿੰਦਲ ਸਮੂਹ ਦਾ ਵੀ ਹੈ ਪੂੰਜੀ-ਨਿਵੇਸ਼**

ਜਿੰਦਲ ਦੇ ਜੇ ਐੱਸ ਡਬਲਯੂ ਸਮੂਹ ਨੇ ਵੀ ਗੜ੍ਹਚਿਰੋਲੀ ਜ਼ਿਲ੍ਹੇ ਸਮੇਤ ਰਾਜ ਦੇ ਵੱਖ-ਵੱਖ ਖੇਤਰਾਂ ਵਿਚ ਕਈ ਪ੍ਰੋਜੈਕਟਾਂ ਵਿਚ ਲੱਗਭੱਗ 3 ਲੱਖ ਕਰੋੜ ਰੁਪਏ ਦਾ ਪੂੰਜੀ-ਨਿਵੇਸ਼ ਕੀਤਾ ਹੈ। ਇਸ ਜ਼ਿਲ੍ਹੇ ਵਿਚ ਜਮਸ਼ੇਦਪੁਰ ਤੋਂ ਬਾਅਦ ਭਾਰਤ ਦਾ ਦੂਜਾ ਸਟੀਲ ਸਿਟੀ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਨਿਵੇਸ਼ ਦਾ ਐਲਾਨ ਕਰਦੇ ਹੋਏ ਫੜਨਵੀਸ ਨੇ ਕਿਹਾ ਸੀ, 'ਮਹਾਰਾਸ਼ਟਰ ਵਿਚ ਸਟੀਲ, ਸੂਰਜੀ ਊਰਜਾ, ਆਟੋ ਅਤੇ ਸੀਮੈਂਟ ਵਰਗੇ ਮੁੱਖ ਖੇਤਰਾਂ ਵਿਚ ਵੱਖ-ਵੱਖ ਪੂੰਜੀ-ਨਿਵੇਸ਼ ਵਾਲੀ ਕੰਪਨੀ ਜੇ ਐੱਸ ਡਬਲਯੂ ਸਟੀਲ ਨਾਲ ਇਕਰਾਰਨਾਮੇ 'ਤੇ ਦਸਖ਼ਤ ਕਰਨਾ, ਗੜ੍ਹਚਿਰੋਲੀ ਨੂੰ ਭਾਰਤ ਦੇ 'ਸਟੀਲ ਸਿਟੀ' ਵਜੋਂ ਵਿਕਸਤ ਕਰਨ ਦੀ ਸਾਡੀ ਵਿਜ਼ਨ ਨੂੰ ਪੂਰਾ ਕਰਨ ਵਿਚ ਇਕ ਮਹੱਤਵਪੂਰਨ ਕਦਮ ਹੈ।'

11 ਅਪ੍ਰੈਲ 2025 ਨੂੰ ਆਯੋਜਿਤ ਕੀਤੇ ਗਏ ਗੜ੍ਹਚਿਰੋਲੀ ਜ਼ਿਲ੍ਹਾ ਪੂੰਜੀ-ਨਿਵੇਸ਼ ਸਿਖ਼ਰ ਸੰਮੇਲਨ ਵਿਚ 66 ਮਾਈਕ੍ਰੋ, ਛੋਟੇ ਅਤੇ ਦਰਮਿਆਨੇ ਉਦਮਾਂ ਨੇ 493.4 ਕਰੋੜ ਰੁਪਏ ਦੇ ਇਕਰਾਰਨਾਮਿਆਂ 'ਤੇ ਦਸਖ਼ਤ ਕੀਤੇ ਸਨ।

ਇਸ ਦੌਰਾਨ ਮਹਾਰਾਸ਼ਟਰ ਉਦਯੋਗਿਕ ਵਿਕਾਸ ਨਿਗਮ (ਐੱਮ ਆਈ ਡੀ ਸੀ) ਨੇ ਗੜ੍ਹਚਿਰੋਲੀ ਵਿਚ ਜੇ ਐੱਸ ਡਬਲਯੂ ਸਮੂਹ ਦੇ ਸਟੀਲ ਪ੍ਰੋਜੈਕਟ ਲਈ ਲੱਗਭੱਗ 3,500 ਏਕੜ ਜ਼ਮੀਨ ਐਕਵਾਇਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਮਾਓਵਾਦ ਪ੍ਰਭਾਵਿਤ ਜ਼ਿਲ੍ਹੇ ਦੀ ਵਡਸਾ ਤਹਿਸੀਲ ਵਿਚ ਜ਼ਮੀਨ ਦੀ ਪਛਾਣ ਕੀਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਖੇਤਰਫਲ ਦੀ ਦ੍ਰਿਸ਼ਟੀ ਨਾਲ ਇਹ ਜ਼ਿਲ੍ਹੇ ਵਿਚ ਜ਼ਮੀਨ ਐਕਵਾਇਰ ਕਰਨ ਦਾ ਸਭ ਤੋਂ ਵੱਡਾ ਮਾਮਲਾ ਹੋਵੇਗਾ, ਜਿਸ ਨੂੰ ਸਟੇਟ ਸਟੀਲ ਹੱਬ ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾ ਰਿਹਾ ਹੈ।

**ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਈ ਬਿੱਲ**

30 ਜੂਨ ਨੂੰ ਮਹਾਰਾਸ਼ਟਰ ਸਰਕਾਰ ਨੇ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਿਆਉਣ ਅਤੇ ਖਣਿਜ ਆਧਾਰਤ ਉਦਯੋਗਾਂ ਨੂੰ ਵਧਾਉਣ ਲਈ ਏਕੀਕ੍ਰਿਤ ਅਥਾਰਟੀ ਸਥਾਪਤ ਕਰਨ ਲਈ ਵਿਧਾਨ ਸਭਾ ਵਿਚ ਬਿੱਲ ਪੇਸ਼ ਕੀਤਾ। ਗੜ੍ਹਚਿਰੋਲੀ ਜ਼ਿਲ੍ਹਾ ਮਾਈਨਿੰਗ ਅਥਾਰਟੀ (ਜੀ ਡੀ ਐੱਮ ਏ) ਦਾ ਪ੍ਰਧਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਹੋਵੇਗਾ।

ਇਸ ਬਿੱਲ ਅਨੁਸਾਰ, ਅਥਾਰਟੀ ਕੋਲ ਸਾਰੇ ਮੌਜੂਦਾ ਕਾਨੂੰਨਾਂ ਨੂੰ ਦਰਕਿਨਾਰ ਕਰਨ ਦਾ ਅਧਿਕਾਰ ਹੋਵੇਗਾ ਅਤੇ ਕਿਸੇ ਵੀ ਅਦਾਲਤ ਨੂੰ ਇਸ ਦੇ ਕਿਸੇ ਵੀ ਕੰਮ ਜਾਂ ਆਦੇਸ਼ ਦੇ ਖ਼ਿਲਾਫ਼ ਕੋਈ ਮਾਮਲਾ/ਕਾਰਵਾਈ ਚਲਾਉਣ ਦਾ ਅਧਿਕਾਰ ਨਹੀਂ ਹੋਵੇਗਾ।

7 ਜੁਲਾਈ ਨੂੰ ਇਹ ਬਿੱਲ ਮਹਾਰਾਸ਼ਟਰ ਵਿਧਾਨ ਪ੍ਰੀਸ਼ਦ ਨੇ ਪਾਸ ਕਰ ਦਿੱਤਾ। 7 ਜੁਲਾਈ ਨੂੰ ਹੀ ਮਹਾਰਾਸ਼ਟਰ ਦੇ ਉਦਯੋਗ ਮੰਤਰੀ ਉਦੈ ਸਾਮੰਤ ਨੇ ਗੜ੍ਹਚਿਰੋਲੀ ਨੂੰ ਇਕ ਸਟੀਲ ਉਤਪਾਦਨ ਧੁਰੇ ਵਿਚ ਬਦਲਣ ਲਈ ਇਕ ਲੱਖ ਕਰੋੜ ਰੁਪਏ ਦੇ ਪੂੰਜੀ-ਨਿਵੇਸ਼ ਦਾ ਐਲਾਨ ਕੀਤਾ।

**'ਖਾਣਾਂ ਲਈ ਕੰਪਨੀਆਂ ਦੀ ਲਾਈਨ ਲੱਗੀ ਹੈ'**

ਕੰਪਨੀਆਂ ਦੀ ਇਸ ਆਮਦ ਨਾਲ ਸਥਾਨਕ ਆਦਿਵਾਸੀ ਰੋਹ 'ਚ ਹਨ। ਆਦਿਵਾਸੀ ਕਾਰਕੁਨ ਲਾਲਸੂ ਨੋਗੋਟੀ ਦੱਸਦੇ ਹਨ ਕਿ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਖਾਣਾਂ ਪੱਟਣ ਲਈ ਕੰਪਨੀਆਂ ਦੀ ਲਾਈਨ ਲੱਗੀ ਹੋਈ ਹੈ। ਆਉਣ ਵਾਲੇ ਦਿਨਾਂ ਵਿਚ ਪੂਰੇ ਜ਼ਿਲ੍ਹੇ ਵਿਚ ਕੁਲ 25 ਥਾਵਾਂ 'ਤੇ ਖਾਣਾਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਸੂਰਜਾਗੜ੍ਹ ਪਹਾੜੀ ਮਾਲਾ ਦੇ ਦੂਜੇ ਪਾਸੇ ਵੀ ਖਾਣਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਜਿਸ ਵਿਚ ਛੇ ਬਲਾਕ ਵੱਖ-ਵੱਖ ਕੰਪਨੀਆਂ ਨੂੰ ਦਿੱਤੇ ਗਏ ਹਨ। ਇਨ੍ਹਾਂ ਵਿਚ ਜਿੰਦਲ ਦਾ ਜੇ ਐੱਸ ਡਬਲਯੂ ਸਮੂਹ ਅਤੇ ਰਾਇਪੁਰ ਸਥਿਤ ਨੇਚਰਲ ਰਿਸੋਰਸਿਜ਼ ਐਨਰਜੀ ਕੰਪਨੀ ਵੀ ਸ਼ਾਮਲ ਹਨ। ਕੋਰਚੀ ਤਹਿਸੀਲ ਦੀ ਜੇਂਡੇਪਾੜ ਪਹਾੜੀ ਅਤੇ ਭਾਮਰਾਗੜ੍ਹ ਤਹਿਸੀਲ ਦੇ ਬਾਬਲਾਈ ਪਹਾੜ ਵਿਚ ਵੀ ਲੋਹੇ ਦੀ ਖਾਣ ਪੱਟਣ ਦੀ ਤਜਵੀਜ਼ ਹੈ। ਕੱਚੇ ਲੋਹੇ ਤੋਂ ਇਲਾਵਾ ਅਡਾਨੀ ਗਰੁੱਪ ਦੀ ਇਕਾਈ ਅੰਬੂਜਾ ਸੀਮੈਂਟਸ ਨੂੰ ਗੜ੍ਹਚਿਰੋਲੀ ਦੇ ਦੇਵਲਮਾਰੀ-ਕਟੇਪੱਲੀ ਖੇਤਰ ਵਿਚ ਚੂਨਾ ਪੱਥਰ ਖਣਨ ਲਈ ਵੀ ਮਨਜ਼ੂਰੀ ਦਿੱਤੀ ਗਈ ਹੈ। ਇਹ ਲੱਗਭੱਗ 538 ਹੈਕਟੇਅਰ ਖੇਤਰ ਵਿਚ ਸਥਿਤ ਹੈ, ਜਿਸ ਵਿਚ ਲੱਗਭੱਗ 15 ਕਰੋੜ ਟਨ ਚੂਨਾ ਪੱਥਰ ਹੋਣ ਦਾ ਅੰਦਾਜ਼ਾ ਹੈ। ਮੋਹਗਾਂਵ ਗ੍ਰਾਮ ਸਭਾ ਦੇ ਪ੍ਰਧਾਨ ਦੇਵਸਾਇ ਆਤਲਾ ਨੇ ਦੱਸਿਆ ਕਿ ਅਜੇ ਚਾਮੋਰਸ਼ੀ ਤਾਲੁਕਾ ਵਿਚ 1200 ਹੈਕਟੇਅਰ ਖੇਤਰ ਵਿਚ ਬਾਕਸਾਈਟ ਦੇ ਖਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉੱਥੇ ਕਿਸੇ ਆਦਿਵਾਸੀ ਕੰਪਨੀ ਨੂੰ ਅੱਗੇ ਕਰਕੇ ਇਲਾਕੇ ਨੂੰ 90 ਸਾਲ ਲਈ ਲੀਜ਼ 'ਤੇ ਲੈਣ ਦੀ ਯੋਜਨਾ ਹੈ। ਦੇਵਸਾਇ ਨੇ 'ਦ ਵਾਇਰ' ਹਿੰਦੀ ਨੂੰ ਦੱਸਿਆ, 'ਕਿਉਂਕਿ ਇਹ ਇਲਾਕਾ ਪੰਜਵੀਂ ਅਨੁਸੂਚੀ ਖੇਤਰ ਵਿਚ ਆਉਂਦਾ ਹੈ, ਇੱਥੇ ਕੋਈ ਬਾਹਰੀ ਕੰਪਨੀ ਜ਼ਮੀਨ ਨਹੀਂ ਲੈ ਸਕਦੀ। ਇਸ ਲਈ ਕੋਈ ਬਾਹਰੀ ਕੰਪਨੀ ਕਿਸੇ ਆਦਿਵਾਸੀ ਦੇ ਨਾਂਅ 'ਤੇ ਕੰਪਨੀ ਬਣਾਏਗੀ, ਤੇ ਪਹਿਲਾਂ ਉਹ ਜ਼ਮੀਨ ਉਸ ਦੇ ਨਾਂਅ ਕਰਕੇ, ਬਾਅਦ ਵਿਚ ਉਸ ਤੋਂ ਲੀਜ਼ 'ਤੇ ਲੈ ਲਵੇਗੀ।' ਉਹ ਦੱਸਦੇ ਹਨ ਕਿ ਉਨ੍ਹਾਂ ਕੋਲ ਵੀ ਕੁਝ ਲੋਕ ਆਏ ਸਨ। ਉਹ ਲੋਕ ਦੇਵਸਾਇ ਤੋਂ ਉਸ ਜ਼ਮੀਨ ਨੂੰ ਆਪਣੀ ਕੰਪਨੀ 'ਆਦਿਮ ਪਾਰੰਪਰਿਕ ਸੰਸਥਾ' ਦੇ ਨਾਂਅ ਕਰਨ ਲਈ ਕਹਿ ਰਹੇ ਸਨ। ਬਦਲੇ ਵਿਚ ਕੁਝ ਪੈਸੇ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਵੀ ਕਿਹਾ ਗਿਆ ਕਿ ਉਹ ਹੀ ਜ਼ਮੀਨ ਉਨ੍ਹਾਂ ਦੀ ਕੰਪਨੀ ਦੇ ਨਾਂਅ ਕਰਵਾ ਦੇਣਗੇ ਅਤੇ ਨੌਂ ਸਾਲ ਬਾਅਦ ਉਨ੍ਹਾਂ ਤੋਂ 90 ਸਾਲ ਲਈ ਲੀਜ਼ 'ਤੇ ਲੈਣਗੇ ਅਤੇ ਖਣਨ ਕਰਨਗੇ।

**ਖਣਨ ਦਾ ਵਿਰੋਧ**

ਸ਼ੁਰੂ ਤੋਂ ਹੀ ਸਥਾਨਕ ਆਦਿਵਾਸੀ ਸੂਰਜਾਗੜ੍ਹ ਖੇਤਰ ਵਿਚ ਖਣਨ ਦਾ ਵਿਰੋਧ ਕਰ ਰਹੇ ਹਨ। ਇਸ ਨੂੰ ਲੈ ਕੇ ਕਈ ਸੰਘਰਸ਼ ਹੋਏ ਹਨ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਕੰਪਨੀਆਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਉਨ੍ਹਾਂ ਦੀ ਜ਼ਮੀਨ ਹੜੱਪ ਕੇ ਉਸ ਵਿਚ ਖਣਨ ਦਾ ਕੰਮ ਸ਼ੁਰੂ ਕਰ ਦਿੱਤਾ। ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਨੂੰ ਸੂਰਜਾਗੜ੍ਹ ਵਿਚ ਖਣਨ ਦੀ ਮਨਜ਼ੂਰੀ 2007 ਵਿਚ ਮਿਲੀ ਅਤੇ 2008 ਵਿਚ 340.09 ਹੈਕਟੇਅਰ ਖੇਤਰ ਵਿਚ ਖਣਨ ਲਾਇਸੈਂਸ ਮਿਲਣ ਦੇ ਬਾਵਜੂਦ ਮਾਓਵਾਦੀਆਂ ਅਤੇ ਆਦਿਵਾਸੀ ਭਾਈਚਾਰਿਆਂ ਦੇ ਵਿਰੋਧ ਅਤੇ ਜੰਗਲ ਤੇ ਜ਼ਮੀਨ ਦੇ ਅਧਿਕਾਰਾਂ ਨਾਲ ਸੰਬੰਧਤ ਮੁੱਦਿਆਂ ਕਾਰਨ ਕਈ ਸਾਲ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ। ਕਈ ਵਾਰ ਮਾਓਵਾਦੀਆਂ ਨੇ ਕੰਪਨੀ ਦੇ ਵਾਹਨ ਜਲਾਏ ਤੇ ਮੁਲਾਜ਼ਮਾਂ ਦੀ ਕੁੱਟਮਾਰ ਕੀਤੀ। 2013 'ਚ ਕੰਪਨੀ ਦੇ ਉੱਪ ਪ੍ਰਧਾਨ ਜਸਪਾਲ ਢਿੱਲੋਂ ਅਤੇ ਦੋ ਹੋਰ ਦੀ ਹੱਤਿਆ ਵੀ ਕਥਿਤ ਮਾਓਵਾਦੀਆਂ ਨੇ ਕੀਤੀ।

ਉਸ ਤੋਂ ਤੁਰੰਤ ਬਾਅਦ ਤਤਕਾਲੀ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਅਗਸਤ 2015 ਵਿਚ ਕੇਂਦਰੀ ਗ੍ਰਹਿ ਮੰਤਰੀ ਨੂੰ ਖੇਤਰ ਵਿਚ ਨੀਮ-ਫ਼ੌਜੀ ਬਲਾਂ ਦੀ ਮੌਜੂਦਗੀ ਵਧਾਉਣ ਦੀ ਬੇਨਤੀ ਕੀਤੀ, ਤਾਂ ਜੋ ਖਣਨ ਨੂੰ ਬੇਰੋਕ-ਟੋਕ ਜਾਰੀ ਰੱਖਿਆ ਜਾ ਸਕੇ।

ਉਸ ਤੋਂ ਬਾਅਦ ਕੰਪਨੀ ਨੇ ਦੁਬਾਰਾ ਖਣਨ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। 5 ਦਸੰਬਰ 2016 ਨੂੰ 70 ਪਿੰਡਾਂ ਦੇ ਆਦਿਵਾਸੀ ਆਗੂ, ਸਥਾਨਕ ਸਮਾਜਿਕ ਸੰਗਠਨ ਅਤੇ ਰਾਜਨੀਤਿਕ ਆਗੂਆਂ ਦੇ ਨੁਮਾਇੰਦੇ ਸੂਰਜਾਗੜ੍ਹ ਵਿਚ ਇਕੱਠੇ ਹੋਏ ਅਤੇ ਖਣਨ ਰੋਕਣ ਲਈ ਮਤਾ ਪਾਸ ਕੀਤਾ ਅਤੇ ਮੰਗ ਕੀਤੀ ਕਿ ਸਰਕਾਰ ਸਾਰੀਆਂ ਮੌਜੂਦਾ ਅਤੇ ਤਜਵੀਜ਼ਸ਼ੁਦਾ ਖਣਨ ਲੀਜ਼ਾਂ ਨੂੰ ਰੱਦ ਕਰੇ। ਉਨ੍ਹਾਂ ਨੇ ਲੋਕਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ ਵਣ ਅਧਿਕਾਰ ਕਾਨੂੰਨ, 2006 ਅਤੇ ਅਨੁਸੂਚਿਤ ਖੇਤਰਾਂ ਵਿਚ ਪੰਚਾਇਤ ਦਾ ਵਿਸਥਾਰ (ਪੇਸਾ) ਕਾਨੂੰਨ ਲਾਗੂ ਕਰਨ ਲਈ ਵੀ ਮਤੇ ਪਾਸ ਕੀਤੇ।

ਪਰ ਸਥਾਨਕ ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਖੁਦਾਈ ਦਾ ਕੰਮ ਬੰਦ ਨਹੀਂ ਹੋਇਆ। 24 ਦਸੰਬਰ 2016 ਨੂੰ ਮਾਓਵਾਦੀਆਂ ਨੇ ਸੂਰਜਾਗੜ੍ਹ ਖਾਣ 'ਤੇ ਹਮਲਾ ਕਰਕੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਦੇ ਦਰਜਨਾਂ ਟਰੱਕਾਂ ਅਤੇ ਅਰਥਮੂਵਰ ਮਸ਼ੀਨਾਂ ਨੂੰ ਅੱਗ ਲਾ ਦਿੱਤੀ। ਲੱਗਭੱਗ 80 ਵਾਹਨ ਸਾੜ ਦਿੱਤੇ ਗਏ। ਕਿਹਾ ਜਾਂਦਾ ਹੈ ਕਿ ਇਸ ਨਾਲ ਕੰਪਨੀ ਨੂੰ 13 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਇਸ ਤੋਂ ਬਾਅਦ ਇਲਾਕੇ ਵਿਚ ਭਾਰੀ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ। ਲਾਲਸੂ ਨੇ ਦੱਸਿਆ, ਖਣਨ ਦਾ ਵਿਰੋਧ ਕਰ ਰਹੇ ਪਿੰਡਾਂ ਦੇ ਲੋਕਾਂ ਨੂੰ ਪੁਲਸ ਅਤੇ ਨੀਮ-ਫ਼ੌਜੀ ਬਲਾਂ ਦੇ ਹੱਥੋਂ ਜਬਰ-ਜ਼ੁਲਮ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ।

2017 ਵਿਚ ਲੱਗਭੱਗ 70 ਪਿੰਡਾਂ ਦੇ ਲੋਕਾਂ ਨੇ ਮਤਾ ਪਾਸ ਕੀਤਾ, ਜਿਸ ਵਿਚ ਸਰਕਾਰ ਦੁਆਰਾ ਖਣਨ ਲਾਇਸੈਂਸ ਵੰਡਣ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਮੰਨਣਾ ਹੈ ਕਿ ਉਚਿੱਤ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ।

ਸਥਾਨਕ ਲੋਕਾਂ ਦੇ ਅਨੁਸਾਰ, ਵਣ ਅਧਿਕਾਰ ਐਕਟ (2006) ਦੇ ਤਹਿਤ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਅਤੇ ਪੰਚਾਇਤ (ਅਨੁਸੂਚਿਤ ਖੇਤਰਾਂ ਤੱਕ ਪੰਚਾਇਤ ਦਾ ਵਿਸਤਾਰ) ਐਕਟ, 1996 ਦੇ ਤਹਿਤ ਉਨ੍ਹਾਂ ਦੀ ਸਹਿਮਤੀ ਲੈਣ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ।

ਉਨ੍ਹਾਂ ਦਾ ਕਹਿਣਾ ਹੈ ਕਿ ਇੱਥੇ ਖਣਨ ਦਾ ਕੰਮ ਖਣਨ ਪੁਟਾਈ ਕਾਨੂੰਨ, ਵਾਤਾਵਰਣ ਕਾਨੂੰਨ ਅਤੇ ਪੇਸਾ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰਕੇ ਕੀਤਾ ਜਾ ਰਿਹਾ ਹੈ।

ਪੋਟੇਗਾਓਂ ਦੇ ਆਦਿਵਾਸੀ ਵਿਕਾਸ ਪਰਿਸ਼ਦ ਦੇ ਕਾਰਕੁਨ ਵਿਨੋਦ ਮੰਡਾਵੀ ਨੇ ਦੋਸ਼ ਲਾਇਆ ਕਿ 2010 ਵਿਚ ਗੜ੍ਹਚਿਰੋਲੀ ਦੇ ਕੁਲੈਕਟਰ ਵੱਲੋਂ ਜਾਲਸਾਜ਼ੀ ਨਾਲ ਗ੍ਰਾਮ ਸਭਾਵਾਂ ਦੇ ਦਸਤਾਵੇਜ਼ ਤਿਆਰ ਕਰਕੇ ਖਣਨ ਲਈ ਲੋਕਾਂ ਦੀ ਸਹਿਮਤੀ ਦਰਸਾਈ ਗਈ। ਗ੍ਰਾਮ ਸਭਾ ਦੇ ਅਜਿਹੇ ਜਾਲ੍ਹੀ ਦਸਤਾਵੇਜ਼ ਐਟਾਪੱਲੀ ਬਲਾਕ ਦੇ ਦਮਕੋਂਡਾਵਾਹੀ, ਬਾਂਡੇ ਇਲਾਕੇ ਵਿਚ ਪਿੰਡਾਂ ਦੇ ਗ੍ਰਾਮ ਸੇਵਕਾਂ ਰਾਹੀਂ ਬਣਾਏ ਗਏ।

ਸਾਲ 2023 ਵਿਚ ਸੂਰਜਾਗੜ੍ਹ ਖਣਨ ਦੇ ਖ਼ਿਲਾਫ਼ 70 ਤੋਂ ਵੱਧ ਪਿੰਡਾਂ ਦੇ ਆਦਿਵਾਸੀਆਂ ਦੇ ਸ਼ਾਂਤਮਈ ਧਰਨੇ ਉੱਪਰ ਪੁਲਸ ਨੇ ਹਮਲਾ ਕਰਕੇ ਧਰਨਾ ਬੰਦ ਕਰਵਾ ਦਿੱਤਾ, ਜੋ ਲੱਗਭੱਗ ਅੱਠ ਮਹੀਨੇ ਤੋਂ ਚੱਲ ਰਿਹਾ ਸੀ।

**(● ਬਾਕੀ ਅਗਲੇ ਐਤਵਾਰਤਾ 'ਚ)**

# ਸ਼ਬਦਾਂ ਦਾ ਪ੍ਰਤਾਪ


## ਡਾ. ਗੁਰਬਖ਼ਸ਼ ਸਿੰਘ ਭੰਡਾਲ


ਸ਼ਬਦ, ਹਰਫ਼ਾਂ ਦਾ ਸੰਗ੍ਰਹਿ। ਹਰਫ਼ਾਂ ਵਿਚ ਰੰਗ ਭਰਨ ਦੀ ਕਲਾ। ਹਰਫ਼ਾਂ ਨੂੰ ਨਵੀਂ ਉਡਾਣ ਦੇਣ ਦਾ ਹੁਨਰ। ਉਨ੍ਹਾਂ ਦੇ ਪਰਾਂ 'ਤੇ ਉਚੇਰੀ ਪ੍ਰਵਾਜ਼। ਤਾਸੀਰ ਵਿਚ ਜਿਊਣ ਦਾ ਅੰਦਾਜ਼। ਹਿਰਦੇ ਵਿਚ ਰੂਹ ਦੇ ਰਾਜ਼ ਕਰਨ ਦੀ ਕਲਾ।

ਸ਼ਬਦ, ਹਰਫ਼ਾਂ ਦੇ ਸਦਾ ਰਿਣੀ। ਉਨ੍ਹਾਂ ਦੇ ਬਲਿਹਾਰੇ ਜਾਂਦੇ ਅਤੇ ਉਨ੍ਹਾਂ ਦੀਆਂ ਉਂਗਲਾਂ 'ਤੇ ਨੱਚਦੇ, ਵੱਡਾ ਰੁਤਬਾ ਪਾਉਂਦੇ।

ਸ਼ਬਦ, ਬਹੁਤ ਸਾਰੇ ਰੰਗਾਂ/ਰੂਪਾਂ ਵਿਚ ਆਪਣਾ ਜਲਵਾ ਬਿਖੇਰਦੇ। ਸ਼ਬਦਾਂ ਨੇ ਕਿਹੜੇ ਰੂਪ ਵਿਚ ਤੁਹਾਨੂੰ ਅਚੰਭਿਤ ਜਾਂ ਭੈਭੀਤ ਕਰਨਾ, ਤੁਹਾਨੂੰ ਨਿਡਰ ਬਣਾਉਣਾ ਜਾਂ ਤੁਹਾਡੇ ਮਸਤਕ ਵਿਚ ਡਰ ਉਪਜਾਉਣਾ, ਤੁਹਾਡੀ ਰੂਹ ਵਿਚ ਵੇਦਨਾ ਦੀ ਹੂਕ ਬਣਨਾ ਜਾਂ ਤੁਹਾਡੇ ਅੰਤਰੀਵ ਵਿਚ ਅਨਾਦੀ ਅਲਹਾਮ ਦਾ ਗੁਣਗਾਣ ਕਰਨਾ, ਇਹ ਸਭ ਕੁਝ ਸ਼ਬਦਾਂ ਦੀ ਕਰਾਮਾਤ।

ਸ਼ਬਦ, ਸੂਖ਼ਮ ਤੇ ਸੰਵੇਦਨਸ਼ੀਲ, ਸੁਹਬਤੀ ਤੇ ਸਰੋਕਾਰੀ, ਸੰਸਕਾਰੀ ਤੇ ਸਦਭਾਵੀ, ਅਤੇ ਸੁਹਜਭਾਵੀ ਤੇ ਸਹਿਜਮਤੇ।

ਸ਼ਬਦ ਅਕਸਰ ਹੀ ਕੋਰੇ ਵਰਕਿਆਂ 'ਤੇ ਲਿਖੇ ਜਾਂਦੇ ਅਤੇ ਇਸ ਦੇ ਪਿੰਡੇ ਨੂੰ ਆਪਣੀ ਹੋਂਦ ਨਾਲ ਗਰਭਾਉਂਦੇ, ਪਰ ਯਾਦ ਰਹੇ ਕਿ ਸ਼ਬਦ ਸਿਰਫ਼ ਕਾਗਜ਼ 'ਤੇ ਹੀ ਨਹੀਂ ਲਿਖੇ ਹੁੰਦੇ। ਕੁਝ ਇਬਾਰਤ ਸਾਡੇ ਮੱਥੇ 'ਤੇ ਵੀ ਖੁਣੀ ਹੁੰਦੀ, ਜਿਸ 'ਚੋਂ ਪਤਾ ਲੱਗਦਾ ਕਿ ਤੁਹਾਡੇ ਅੰਦਰ ਕੀ ਚੱਲ ਰਿਹਾ, ਤੁਸੀਂ ਕਿਸ ਮਾਨਸਿਕ ਅਵਸਥਾ ਵਿਚ ਹੋ, ਤੁਸੀਂ ਕੀ ਸੋਚਦੇ ਹੋ, ਕੀ ਕਰਨਾ ਚਾਹੁੰਦੇ ਹੋ, ਕੀ ਨਹੀਂ ਸੀ ਕਰਨਾ ਚਾਹੁੰਦੇ ਅਤੇ ਕੀ ਕਰਨਾ ਚਾਹੀਦਾ ਸੀ? ਬਹੁਤ ਸਾਰੀ ਵਿਆਖਿਆ ਅਤੇ ਵਾਰਤਾਲਾਪ, ਸੂਖ਼ਮ ਰੂਪ ਵਿਚ ਸ਼ਬਦ ਤੁਹਾਡੇ ਨਾਲ ਵੀ ਕਰਦੇ ਅਤੇ ਫ਼ਿਜ਼ਾ ਨਾਲ ਵੀ।

ਕੁਝ ਸ਼ਬਦ ਸਾਡੇ ਦੀਦਿਆਂ ਵਿਚ ਤੈਰਦੇ। ਕਈ ਵਾਰ ਇਹ ਸਾਡੇ ਸੁਪਨਿਆਂ ਦਾ ਸੰਸਾਰ ਹੁੰਦੇ। ਕਈ ਵਾਰ ਹੰਝੂਆਂ ਵਿਚ ਖੁਰੇ ਅਤੇ ਕਈ ਵਾਰ ਇਹ ਸੰਦਲੀ ਰੰਗ ਵਿਚ ਰੰਗੇ ਰੂਹ ਵਿਚ ਕੁੱਤਕੁਤਾਰੀਆਂ ਵੀ ਕੱਢਦੇ।

ਕੁਝ ਸ਼ਬਦ ਸਾਡੇ ਸਫ਼ਰ ਦਾ ਸਿਰਨਾਵਾਂ ਜੋ ਸਾਡੇ ਪੈਰਾਂ ਵਿਚ ਉੱਕਰਦੇ ਅਤੇ ਰਾਹਾਂ ਵਿਚ ਆਪਣੀ ਪਛਾਣ ਸਿਰਜਦੇ। ਇਹ ਸ਼ਬਦ ਅਕਸਰ ਚੁੱਪ-ਚੁਪੀਤੇ ਹੀ ਦੇਖਣ ਤੇ ਸਮਝਣ ਵਾਲਿਆਂ ਦੀ ਚੇਤਨਾ ਵਿਚ ਉਹ ਕੁਝ ਧਰ ਜਾਂਦੇ, ਜਿਸ ਦਾ ਕੋਈ ਕਿਆਸ ਵੀ ਨਹੀਂ ਕਰ ਸਕਦਾ।

ਕੁਝ ਸ਼ਬਦ ਹਵਾ ਵਿਚ ਵੀ ਲਿਖੇ ਹੁੰਦੇ, ਜੋ ਭਾਵਨਾਵਾਂ ਦੀ ਕਲਮ ਨਾਲ 'ਵਾ ਦੇ ਜਿਸਮ 'ਤੇ ਚਿੱਤਰੇ ਹੁੰਦੇ। ਇਨ੍ਹਾਂ ਦੀਆਂ ਲਕੀਰਾਂ ਅਤੇ ਰੰਗਾਂ ਦੀ ਲਿਸ਼ਕੋਰ ਕੁਝ ਕੁ ਵਿਰਲਿਆਂ ਨੂੰ ਦਿਸਦੀ। ਇਨ੍ਹਾਂ ਸ਼ਬਦਾਂ ਵਿਚ ਉੱਠੀ ਹੂਕ ਜਾਂ ਲਲਕਾਰ ਸਮੇਂ ਦੀ ਹਿੱਕ ਵਿਚ ਛੇਕ ਪਾਉਂਦੀ। ਵਕਤ ਨੂੰ ਨਵਾਂ ਮੋੜ ਵੀ ਦਿੰਦੇ। ਫ਼ਿਜ਼ਾ ਵਿਚ ਗੂੰਜਦੇ ਨਾਅਰੇ। ਮਜ਼ਲੂਮਾਂ ਦੀਆਂ ਲੇਰਾਂ ਅਤੇ ਪਿੰਡੇ 'ਤੇ ਪਈਆਂ ਲਾਸਾਂ ਦਾ ਦਰਦ ਜਦ ਪੌਣ ਵਿਚ ਸਿੰਮ ਕੇ ਹਰਫ਼ਾਂ ਦੀ ਜੂਨੇ ਪੈਂਦਾ ਤਾਂ ਬਹੁਤ ਕੁਝ ਇਨ੍ਹਾਂ ਸ਼ਬਦਾਂ ਰਾਹੀਂ ਮਾਨਵੀ ਸੋਚ ਵਿਚ ਅਛੋਪਲੇ ਹੀ ਧਰਿਆ ਜਾਂਦਾ।

ਕੁਝ ਸ਼ਬਦ ਪਾਣੀਆਂ 'ਤੇ ਵੀ ਲਿਖੇ ਹੁੰਦੇ, ਜੋ ਪਲ-ਪਲ ਆਪਣੀ ਹੋਂਦ ਪ੍ਰਗਟਾਉਂਦੇ ਤੇ ਮਿਟਾਉਂਦੇ। ਪਾਣੀ ਦੀ ਤਾਸੀਰ ਵਰਗੇ ਇਹ ਸ਼ਬਦ ਸਭ ਕੁਝ ਸਮਾਉਣ ਅਤੇ ਫਿਰ ਉਹੀ ਰੰਗ ਵਟਾਉਣ ਵਿਚ ਸਮਰੱਥ। ਤਾਂ ਹੀ ਕਿਹਾ ਜਾਂਦਾ ਹੈ ਕਿ ਜੋ ਲੋਕ ਪਾਣੀ 'ਤੇ ਲਿਖੀ ਕਵਿਤਾ ਨੂੰ ਪੜ੍ਹਦੇ ਨੇ, ਦਰਅਸਲ ਉਹੀ ਜੀਵਨੀ ਸੱਚ ਦੀਆਂ ਵਿਭਿੰਨ ਪਰਤਾਂ ਨੂੰ ਅੰਦਰ ਰਮਾਉਂਦੇ ਅਤੇ ਥਾਹ ਪਾਉਂਦੇ।

ਪਰ ਸਭ ਤੋਂ ਅਹਿਮ ਅਤੇ ਅਦਭੁੱਤ ਹੈ ਰੂਹ 'ਤੇ ਹੋਈ ਅੱਖਰਕਾਰੀ ਕਿਉਂਕਿ ਇਹ ਸ਼ਬਦ ਕਦੇ ਨਹੀਂ ਮਿਟਦੇ। ਇਨ੍ਹਾਂ ਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ ਅਤੇ ਨਾ ਹੀ ਇਸ ਨੂੰ ਕੋਈ ਹੋਰ ਪੜ੍ਹ ਸਕਦਾ। ਇਹ ਸ਼ਬਦ ਖੁਦ ਲਈ ਹੁੰਦੇ। ਖੁਦ ਨੂੰ ਸੁਣਾਏ ਜਾਂਦੇ। ਖੁਦ ਵਿਚ ਹੀ ਉਲਥਾਏ ਜਾਂਦੇ ਅਤੇ ਖੁਦ ਰਾਹੀਂ ਹੀ ਛੁਪਾਏ ਜਾਂਦੇ। ਇਨ੍ਹਾਂ ਸ਼ਬਦਾਂ ਦੀਆਂ ਰੂਹੀ ਰਮਜ਼ਾਂ ਨੂੰ ਸਿਰਫ਼ ਰੂਹਦਾਰ ਹੀ ਸਮਝਦਾ।

ਬਹੁਤ ਖ਼ਤਰਨਾਕ ਹੁੰਦੇ ਨੇ ਅਣਲਿਖੇ ਸ਼ਬਦ। ਲਿਖੇ ਸ਼ਬਦਾਂ ਨੂੰ ਤਾਂ ਸਮਝਿਆ ਜਾ ਸਕਦਾ, ਪਰ ਅਣਲਿਖੇ ਸ਼ਬਦਾਂ ਦੀ ਇਬਾਰਤ ਨੂੰ ਕੌਣ ਪੜ੍ਹੇਗਾ? ਇਨ੍ਹਾਂ ਨੂੰ ਸਿਰਫ਼ ਕੁਝ ਕੁ ਫੱਕਰਾਂ ਵਰਗੇ ਲੋਕ ਹੀ ਪੜ੍ਹ ਅਤੇ ਸਮਝ ਸਕਦੇ ਤਾਂ ਹੀ ਉਹ ਹਵਾ ਵਿਚ ਲਿਖੇ ਸ਼ਬਦਾਂ ਨੂੰ ਪੜ੍ਹ, ਵਰਕਿਆਂ 'ਤੇ ਉਤਾਰਦੇ ਅਤੇ ਇਹੀ ਇਬਾਰਤ ਫਿਰ ਇਬਾਦਤ ਬਣ ਜਾਂਦੀ।

ਸ਼ਬਦ ਸਿਰਫ਼ ਅੱਖਰਾਂ ਦੀ ਬਣਤਰ ਹੀ ਨਹੀਂ ਹੁੰਦਾ। ਇਸ ਵਿਚ ਬਹੁਤ ਕੁਝ ਰਮਾਇਆ ਅਤੇ ਪ੍ਰਗਟਾਇਆ ਹੁੰਦਾ ਅਤੇ ਇਨ੍ਹਾਂ ਨੂੰ ਸਮਝਣ ਦੀ ਸਮਝ ਕੁਝ ਕੁ ਵਿਰਲਿਆਂ ਦਾ ਸ਼ਰਫ਼।

ਸ਼ਬਦ ਵਿਚੋਂ ਹੀ ਸ਼ਖ਼ਸੀਅਤ ਪ੍ਰਗਟੇ ਤੇ ਸ਼ਬਦ ਵਿਚੋਂ ਤਸਵੀਰ।

ਸ਼ਬਦ ਵਿਚੋਂ ਹੀ ਰੂਹ ਝਲਕਦੀ ਤੇ ਸ਼ਬਦ ਸਮਝਾਵੇ ਤਾਸੀਰ।

ਸ਼ਬਦ-ਸਾਂਝ ਨਾਲ ਰੂਹਾਂ ਜੁੜਦੀਆਂ ਤੇ ਸ਼ਬਦ ਬਣੇ ਤਕਦੀਰ।

ਸ਼ਬਦ ਡਿੱਗੇ ਲਈ ਹੱਲਾਸ਼ੇਰੀ ਤੇ ਸ਼ਬਦ ਬੰਨ੍ਹਾਉਂਦੇ ਧੀਰ।
ਸ਼ਬਦਾਂ ਦੇ ਵਿਚ ਸੱਚ ਦਾ ਵਾਸਾ ਤੇ ਸ਼ਬਦ ਹੀ ਬਣੇ ਜ਼ਮੀਰ।
ਸ਼ਬਦਾਂ ਦੇ ਵਿਚ ਮੁੱਖ ਦੀ ਹਾਸੀ ਅਤੇ ਸ਼ਬਦ ਬਣੇ ਕਸੀਰ।
ਸ਼ਬਦਾਂ ਜੂਹੇ ਜੀਵਨ ਵੱਸਦਾ ਤੇ ਸ਼ਬਦ ਹੀ ਹੁੰਦਾ ਆਖੀਰ।
ਸ਼ਬਦ ਹੁੰਦੇ ਸਾਹ-ਸੁਗੰਧੀ ਅਤੇ ਸ਼ਬਦ ਹੀ ਖ਼ਾਬ-ਤਾਮੀਰ।
ਸ਼ਬਦ ਹੀ ਬਣਦੇ ਸਾਹ-ਸੁਰੰਗੀ ਤੇ ਬਹਿ ਕੇ ਗਾਉਂਦੇ ਹੀਰ।
ਸ਼ਬਦਾਂ ਪੱਲੇ ਸਭ ਕੁਝ ਹੁੰਦਾ ਤੇ ਸ਼ਬਦੀਂ ਜਾਗੇ ਜ਼ਮੀਰ।
ਸ਼ਬਦ ਸਿੱਧੇ ਰਾਹੇ ਪਾ ਕੇ ਇਨਸਾਨ ਨੂੰ ਕਰਨ ਤਾਮੀਰ।
ਸ਼ਬਦ ਕਦੇ ਜੇ ਹੋਵਣ ਗੁੰਗੇ ਤਾਂ ਹੀ ਰਿਸ਼ਤੀਂ ਪਵੇ ਲਾਕੀਰ।
ਸ਼ਬਦਾਂ ਦੀ ਸਰ ਜਮੀਂ ਦਾ ਫੁੱਲਣਾ ਅਰਥਾਂ ਦੀ ਜਾਗੀਰ।
ਸ਼ਬਦਾਂ ਬਾਝੋਂ ਕੌਣ ਬਣੇਗਾ ਪੁਸਤਕਾਂ ਵਾਲਾ ਫ਼ਕੀਰ।

ਸ਼ਬਦ ਜਦ ਮੂੰਹ 'ਚੋਂ ਨਿਕਲਦਾ ਤਾਂ ਪਤਾ ਲੱਗ ਜਾਂਦਾ ਕਿ ਤੁਹਾਡੇ ਅੰਦਰ ਕੀ ਹੈ? ਤੁਹਾਡੀ ਸੋਚ-ਸੰਵੇਦਨਾ ਦਾ ਰੰਗ ਕੀ ਏ? ਤੁਸੀਂ ਅੰਦਰੋਂ ਬਾਹਰੋਂ ਇਕਸੁਰ ਹੋ ਜਾਂ ਵਿਭਿੰਨ।

ਸ਼ਬਦ ਜਦ ਵਰਕਿਆਂ 'ਤੇ ਆਪਣਾ ਕਦਮ ਧਰਦਾ ਤਾਂ ਪਤਾ ਲੱਗ ਜਾਂਦਾ ਕਿ ਇਹ ਵਰਕੇ ਨੂੰ ਕੰਬਣੀ ਛੇੜਦਾ ਜਾਂ ਵਰਕਾ ਨੱਚਦਾ ਏ? ਵਰਕਾ ਹੁਬਕੀਂ ਰੋਂਦਾ ਜਾਂ ਖਿੜਖਿੜਾ ਕੇ ਹੱਸਦਾ? ਕਿਸੇ ਨੂੰ ਜਿਊਣ ਦੇ ਮਾਰਗੀਂ ਤੋਰਦਾ ਜਾਂ ਸਿਵਿਆਂ ਵੰਨੀਂ ਲੈ ਤੁਰਦਾ?

ਸ਼ਬਦ ਬਹੁਤ ਤਾਕਤਵਰ। ਗੋਲੀ, ਬਾਰੂਦ ਤੋਂ ਉਪਰ। ਜਰਵਾਣੇ ਜਾਂ ਹੁਕਮਰਾਨ ਤੋਂ ਵੱਡਾ ਤਾਂ ਹੀ ਸ਼ਬਦ ਨੂੰ ਮੂੰਹ ਤੋਂ ਕੱਢਣ ਤੋਂ ਪਹਿਲਾਂ ਸੋਚਣਾ ਜ਼ਰੂਰੀ, ਤਾਂ ਹੀ ਸ਼ਬਦ ਕਹਿੰਦਾ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢਾਂਗਾ।

ਸ਼ਬਦ-ਸੰਸਾਰ ਵਿਲੱਖਣ ਤੇ ਕਮਾਲ ਹੈ ਇਸ ਦੀ ਆਭਾ। ਕੋਈ ਨਹੀਂ ਇਸਦਾ ਸਾਨੀ। ਇਸਦੀ ਫ਼ਿਤਰਤ ਵਿਚ ਹੈ ਰੂਹ-ਰਵਾਨੀ। ਜਦ ਬਣ ਜਾਵੇ ਇਹ ਰੂਹਾਨੀ ਤਾਂ ਬਣ ਜਾਂਦੀ ਜੀਵਨ-ਦਾਨੀ।

ਸ਼ਬਦ ਦਾ ਇਹ ਕੇਹਾ ਕਰਮ ਕਿ ਕਈ ਵਾਰ ਇਕ ਹੀ ਸ਼ਬਦ ਨਾਲ ਅਸੀਂ ਕਿਸੇ ਦਿਲ ਵਿਚ ਆਲ੍ਹਣਾ ਪਾ ਲੈਂਦੇ। ਪਰ ਕਈ ਵਾਰ ਇਕ ਹੀ ਸ਼ਬਦ ਕਾਰਨ ਅਸੀਂ ਕਿਸੇ ਵੱਲੋਂ ਦੁਰਕਾਰੇ ਜਾਂਦੇ।

ਦਿਲ ਦੀ ਕਲਮ ਨਾਲ ਇਕ ਹੀ ਸ਼ਬਦ ਕਾਫ਼ੀ ਹੁੰਦਾ ਹੈ ਦਿਲਬਰ ਦੇ ਸਾਹਾਂ ਦੀ ਸੁਗੰਧ ਬਣਨ ਅਤੇ ਰੂਹਾਂ ਦੇ ਪਿਘਲ ਜਾਣ ਲਈ।

ਸ਼ਬਦ ਸਿਰਫ਼ ਖ਼ੁਆਬ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਵਿਚੋਂ ਸੁਪਨਿਆਂ ਦਾ ਸੱਚ ਵੀ ਦ੍ਰਿਸ਼ਟਮਾਨ ਹੁੰਦਾ ਬਸ਼ਰਤੇ ਕਿ ਸਾਨੂੰ ਨੀਝ ਨਾਲ ਦੇਖਣ ਦੀ ਜਾਚ ਹੋਵੇ।

ਸ਼ਬਦ ਟਕੋਰ ਵੀ ਅਤੇ ਟੁੰਬਣਾ ਵੀ। ਟੇਕ ਵੀ ਅਤੇ ਟੁੱਕ ਵੀ। ਟਾਹਣ ਵੀ ਅਤੇ ਟੱਕ ਵੀ। ਟੋਕਣਾ ਵੀ ਅਤੇ ਟੁੱਟਣਾ ਵੀ। ਟੋਹਰ ਵੀ ਅਤੇ ਟਾਹਰ ਵੀ। ਟਹਿਕਣਾ ਵੀ ਅਤੇ ਟੰਗਣਾ ਵੀ। ਬਹੁਤ ਕੁਝ ਕਿਹਾ ਅਤੇ ਅਣਕਿਹਾ ਹੁੰਦਾ ਏ ਸ਼ਬਦ ਦੇ ਸੀਨੇ 'ਚ।

ਸ਼ਬਦ ਬਹੁਤ ਛੋਟੇ ਪੈ ਜਾਂਦੇ ਜਦ ਕੋਈ ਮੀਤ ਪਿਆਰਾ ਸੱਜਣ ਦੇ ਨਾਂਅ ਦਾ ਤਵੀਤ ਡੌਲੇ 'ਤੇ ਬੰਨ੍ਹ ਲਵੇ। ਉਸ ਦੇ ਨਿੱਘੇ ਅਹਿਸਾਸਾਂ ਦੀ ਲੋਈ ਲੈ ਲਵੇ। ਉਸ ਦੇ ਸੁਪਨਿਆਂ ਦਾ ਰੰਗ ਆਪਣੀਆਂ ਸੋਚਾਂ ਦੇ ਨਾਂਅ ਕਰੇ ਜਾਂ ਉਸ ਦੀਆਂ ਤਰਜੀਹਾਂ ਨੂੰ ਆਪਣੀ ਤਕਦੀਰ ਬਣਾ ਲਵੇ।

ਸ਼ਬਦਾਂ ਦਾ ਲਹਿਜ਼ਾ ਅਰਥਾਂ ਦੀ ਤਾਸੀਰ ਹੀ ਬਦਲ ਦਿੰਦਾ ਜਦ ਅਸੀਂ "ਕੁਝ ਵੀ ਅਸੰਭਵ ਨਹੀਂ" ਦੀ ਬਜਾਏ "ਸਭ ਕੁਝ ਸੰਭਵ" ਕਹਿੰਦੇ ਤਾਂ ਇਕ ਸਕਾਰਾਤਮਿਕ ਸੋਚ ਦੀ ਤਰੰਗ ਮਨ ਵਿਚ ਪੈਦਾ ਹੋ ਕੇ ਅਸੰਭਵ ਨੂੰ ਸੰਭਵ ਬਣਾ ਦਿੰਦੀ।

ਕਈ ਵਾਰ ਸ਼ਬਦ ਅਬੋਲ ਰਹਿ ਕੇ ਵੀ ਬਹੁਤ ਕੁਝ ਸਮਝਾ ਜਾਂਦੇ। ਸ਼ਬਦ ਜੋ ਚੁੱਪ ਦੇ ਹੋਂਠਾਂ 'ਤੇ ਉੱਕਰੇ ਹੁੰਦੇ, ਜੋ ਖਾਮੋਸ਼ੀ ਦੇ ਪਿੰਡੇ ਦਾ ਲਿਬਾਸ ਹੁੰਦੇ, ਜੋ ਹੰਝੂਆਂ ਵਿਚ ਰਮਿਆ ਖਾਰਾਪਣ ਹੁੰਦੇ, ਜੋ ਹਿੱਚਕੀਆਂ ਦੀ ਹੂਕ ਦੇ ਤਰਜਮਾਨ ਹੁੰਦੇ ਜਾਂ ਜੋ ਪੀੜ ਦੇ ਨੈਣਾਂ ਦਾ ਨੀਰ ਹੁੰਦੇ।

ਬੜਾ ਔਖਾ ਹੁੰਦਾ ਏ ਅਜਿਹੇ ਸ਼ਬਦਾਂ ਦੀ ਇਬਾਰਤ ਨੂੰ ਪੜ੍ਹਨਾ, ਜੋ ਰੁਆਂਸੇ ਘਰ ਦੀਆਂ ਕੰਧਾਂ 'ਤੇ ਚਿਪਕੇ ਹੁੰਦੇ। ਜੋ ਸੁੰਨੇ ਕਮਰੇ ਦੇ ਗਲ਼ ਲੱਗ ਕੇ ਰੋਂਦੇ। ਜੋ ਮਕਾਨ ਨੂੰ ਘਰ ਬਣ ਜਾਣ ਦੀ ਅਰਦਾਸ ਹੁੰਦੇ। ਜੋ ਸੁੰਨੇ ਵਿਹੜਿਆਂ ਵਿਚ ਰੌਣਕ ਲਈ ਤਰਲੋਮੱਛੀ ਹੁੰਦੇ ਜਾਂ ਜੋ ਬੰਦ ਦਰਵਾਜ਼ਿਆਂ 'ਤੇ ਜੰਗਾਲੇ ਤਾਲਿਆਂ ਦੀ ਆਉਧ ਹੁੰਦੇ।

ਸ਼ਬਦ, ਸੂਰਜ ਜਿਸ ਦੀ ਰੌਸ਼ਨੀ ਵਿਚ ਰਾਹ ਰੁਸ਼ਨਾਉਂਦੇ, ਇਸ ਦੇ ਨਿੱਘ ਵਿਚ ਯੱਖ਼ ਮੌਸਮ ਨਿੱਘਾ ਹੋ ਜਾਂਦਾ ਅਤੇ ਇਸ ਦੀ ਹੋਂਦ ਕਾਰਨ ਰਾਤ ਨੂੰ ਦਿਨ ਦਾ ਵਰਦਾਨ ਮਿਲਦਾ।

ਸ਼ਬਦ, ਲੱਖਾਂ ਨਿਆਮਤਾਂ ਦਾ ਕਰਮਦਾਤਾ। ਸਮੁੰਦਰ ਵਰਗੇ ਸ਼ਬਦ ਨੂੰ ਹੀ ਸ਼ਰਫ਼ ਹੁੰਦਾ ਕਿ ਉਹ ਦਰਿਆ ਨੂੰ ਸਮੁੰਦਰ ਬਣਾਉਂਦਾ ਅਤੇ ਨਿੱਕੀ ਜਹੀ ਕਣੀ ਦਰਿਆ ਵਿਚ ਰਲ ਕੇ ਦਰਿਆ ਬਣ ਜਾਂਦੀ।

ਸ਼ਬਦ, ਸੁਪਨਿਆਂ, ਸੰਭਾਵਨਾਵਾਂ, ਸਾਧਨਾਂ, ਸਫ਼ਲਤਾਵਾਂ ਅਤੇ ਸਿਰਜਣਾ ਦਾ ਸਬੱਬ। ਸ਼ਬਦ ਵਿੱਚੋਂ ਹੀ ਜੀਵਨ ਰਾਹਾਂ ਦੀ ਸਾਰ ਤੇ ਪੈਂਡਿਆਂ ਦੀ ਇਬਾਰਤ ਪੈਰਾਂ 'ਤੇ ਉੱਕਰੀ ਜਾਂਦੀ ਅਤੇ ਦਿਸਹੱਦਿਆਂ 'ਤੇ ਖੁਣਿਆ ਜਾਂਦਾ ਪ੍ਰਾਪਤੀ ਦਾ ਸਿਰਨਾਵਾਂ।

ਸ਼ਬਦ, ਇਕ ਅਲੋਕਾਰੀ ਕਰਾਮਾਤ, ਤਾਰਿਆਂ ਲੱਦੀ ਰਾਤ, ਚਾਨਣ ਵਿਚ ਰੰਗੀ ਕਾਇਨਾਤ। ਸ਼ਬਦ ਦੀ ਇਹੀ ਸਭ ਤੋਂ ਹੁਸੀਨ ਅਤੇ ਚਿਰ-ਸਥਾਈ ਸੁਗਾਤ ਕਿ ਬੰਦਾ ਪਾ ਸਕਦਾ ਇਸ ਰਾਹੀਂ ਖੁਦ ਦੀ ਬਾਤ, ਪਾ ਸਕਦਾ ਆਪਣੇ ਅੰਦਰ ਝਾਤ ਅਤੇ ਖੁਦ ਵਿੱਚੋਂ ਹੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਵੀਂ ਪੀੜ੍ਹੀ ਸਾਡੇ ਵਾਲੀ ਨਹੀਂ, ਅਜੋਕੀ ਸਥਿਤੀ ਬਾਰੇ ਇਨ੍ਹਾਂ ਦੇ ਸਵਾਲਾਂ ਦਾ ਜਵਾਬ ਕੌਣ ਦੇਵੇਗਾ?

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਪਹਿਲਾਂ ਪਹਿਲ ਜਦੋਂ ਇੱਕ ਪੱਤਰਕਾਰ ਹੋਣ ਦੇ ਨਾਤੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਤੋਂ ਓਥੇ ਆਣ ਕੇ ਬੱਚਿਆਂ ਨੂੰ ਸੰਬੋਧਨ ਕਰਨ ਦਾ ਸੁਨੇਹਾ ਮਿਲਦਾ ਤਾਂ ਮਨ ਵਿੱਚ ਚਾਅ ਹੁੰਦਾ ਸੀ, ਅੱਜਕੱਲ੍ਹ ਉਹ ਚਾਅ ਨਹੀਂ ਰਿਹਾ। ਕਾਰਨ ਇਹ ਹੈ ਕਿ ਉਸ ਸਮੇਂ ਵਰਗੇ ਬੱਚੇ ਅੱਜ ਨਹੀਂ ਰਹਿ ਗਏ, ਨਵੀਂ ਸੋਚ ਵਾਲੇ ਬੱਚੇ ਜਿਹੜੇ ਸਵਾਲ ਪੁੱਛਣ ਲੱਗਦੇ ਹਨ, ਉਨ੍ਹਾਂ ਦੇ ਜਵਾਬ ਦੇਣ ਤੋਂ ਅਸੀਂ ਅਸਮਰਥ ਲੱਗਦੇ ਹਾਂ। ਸਾਡੇ ਸਮੇਂ ਦਾ ਲਫਜ਼ 'ਨਵੀਂ ਪੀੜ੍ਹੀ' ਓਦੋਂ ਖਾਸ ਅਰਥ ਵਾਲਾ ਹੁੰਦਾ ਸੀ, ਫਿਰ ਅੰਗਰੇਜ਼ੀ ਪ੍ਰਭਾਵ ਹੇਠ 'ਮਿਲੇਨੀਅਮ ਕਿੱਡਜ਼', ਯਾਨੀ ਹਜ਼ਾਰਵਾਂ ਸਾਲ ਬਦਲਣ ਅਤੇ ਦੋ ਹਜ਼ਾਰ ਨਾਲ ਸ਼ੁਰੂ ਹੁੰਦੇ ਸਾਲਾਂ ਦੇ ਦੌਰ ਵਿੱਚ ਪੈਦਾ ਹੋਏ ਬੱਚਿਆਂ ਨਾਲ ਸਾਡਾ ਵਾਹ ਪੈਣ ਲੱਗ ਪਿਆ। ਉਸ ਪਿੱਛੋਂ ਅਗਲਾ ਸ਼ਬਦ 'ਜੈਨ ਨੈਕਸਟ', (ਯਾਨੀ ਅਗਲੀ ਪੀੜ੍ਹੀ) ਸ਼ਬਦ ਵਰਤਿਆ ਜਾਣ ਲੱਗਾ ਅਤੇ ਫਿਰ 'ਜੈਨ ਜ਼ੈੱਡ' ਦੇ ਸ਼ਬਦ ਤੱਕ ਪੈਂਡਾ ਕਰਨ ਦੌਰਾਨ ਅਸੀਂ ਜਵਾਨੀ ਦੇ ਬਰੂਹਾਂ ਉੱਤੇ ਖੜੇ ਬੱਚਿਆਂ ਵਿੱਚ ਏਨਾ ਫਰਕ ਦੇਖ ਰਹੇ ਹਾਂ ਕਿ ਉਸ ਫਰਕ ਕਾਰਨ ਸਾਨੂੰ ਉਨ੍ਹਾਂ ਬੱਚਿਆਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਔਖਾ ਹੁੰਦਾ ਹੈ। ਇਨ੍ਹਾਂ ਬੱਚਿਆਂ ਦੇ ਸਵਾਲ ਯੁੱਗਾਂ ਤੋਂ ਤੁਰੀ ਆਉਂਦੀ ਮਨੁੱਖਤਾ ਵਾਲੇ ਸਫਰ ਬਾਰੇ ਨਹੀਂ ਹੁੰਦੇ ਅਤੇ ਪੁਲਾੜ ਵਿੱਚ ਦਾਗੇ ਜਾ ਰਹੇ ਉੱਪ-ਗ੍ਰਹਿਆਂ ਬਾਰੇ ਵੀ ਬਹੁਤ ਘੱਟ ਪੁੱਛੇ ਜਾਂਦੇ ਹਨ, ਪੈਸੇ ਦੀ ਦੌੜ ਬਾਰੇ ਸਵਾਲ ਬਹੁਤੇ ਹੋਣ ਲੱਗਦੇ ਹਨ। ਸਵਾਲ ਪੈਸੇ ਦੀ ਚੂਹਾ-ਦੌੜ ਗਲਤ ਹੋਣ ਬਾਰੇ ਨਹੀਂ ਹੁੰਦੇ, ਸਗੋਂ ਇਸ ਚੂਹਾ-ਦੌੜ ਵਿਚਲੇ ਤਰੀਕਿਆਂ ਬਾਰੇ ਇਸ ਤਰ੍ਹਾਂ ਕੀਤੇ ਜਾਂਦੇ ਹਨ ਕਿ ਅਸੀਂ ਖੁਦ ਉਲਝਣ ਵਿੱਚ ਫਸ ਸਕਦੇ ਹਾਂ।

ਸਾਡੇ ਬਚਪਨ ਦੇ ਦਿਨਾਂ ਵਿੱਚ ਆਜ਼ਾਦੀ ਮਿਲੀ ਨੂੰ ਹਾਲੇ ਬਹੁਤੇ ਸਾਲ ਨਹੀਂ ਸਨ ਲੰਘੇ, ਉਸ ਆਜ਼ਾਦੀ ਲਈ ਦੇਸ਼ ਦੇ ਦੇਸ਼ ਭਗਤਾਂ ਵੱਲੋਂ ਕੀਤੀਆਂ ਕੁਰਬਾਨੀਆਂ ਲੋਕਾਂ ਨੂੰ ਯਾਦ ਸਨ ਅਤੇ ਦੇਸ਼ ਨੂੰ ਆਜ਼ਾਦੀ ਮਿਲਣ ਵੇਲੇ ਇਸ ਵਿੱਚੋਂ ਇੱਕ ਨਵਾਂ ਦੇਸ਼ ਪਾਕਿਸਤਾਨ ਬਣਨ ਵੇਲੇ ਦੀ ਕੱਟ-ਵੱਢ ਭੁਗਤਣ ਵਾਲੇ ਲੋਕ ਵੀ ਘਰ-ਘਰ ਵਿੱਚ ਮਿਲ ਜਾਂਦੇ ਸਨ। ਉਹ ਸਾਨੂੰ ਦੇਸ਼ ਲਈ ਕੁਰਬਾਨੀ ਦੀ ਭਾਵਨਾ ਬਾਰੇ ਇੰਜ ਦੱਸਿਆ ਕਰਦੇ ਸਨ, ਜਿਵੇਂ ਧਰਮ ਦੀ ਕਥਾ ਕਰਦਾ ਕੋਈ ਪ੍ਰਚਾਰਕ ਮੂਹਰੇ ਬੈਠੀ ਸੰਗਤ ਨੂੰ ਉਸ ਧਰਮ ਦੀ ਭਾਵਨਾ ਵਿੱਚ ਰਚ-ਮਿਚ ਜਾਣ ਲਈ ਪ੍ਰੇਰਦਾ ਹੈ। ਸਾਡੇ ਵਰਗੇ ਬੱਚੇ ਇਹੋ ਜਿਹੀਆਂ ਗੱਲਾਂ ਨੂੰ ਦਿਲ ਦੀ ਡੂੰਘਾਈ ਤੋਂ ਸੁਣਦੇ, ਸਮਝਣ ਦਾ ਯਤਨ ਕਰਦੇ ਤੇ ਜਦੋਂ ਵਿਹਲੇ ਵੇਲੇ ਆਪੋ ਵਿੱਚ ਗੱਲਬਾਤ ਕਰਦੇ ਤਾਂ ਉਸ ਵੇਲੇ ਵੀ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ ਆਜ਼ਾਦ, ਸੁਭਾਸ਼ ਚੰਦਰ ਬੋਸ ਤੋਂ ਸ਼ੁਰੂ ਕਰ ਕੇ ਸ਼ਾਂਤੀ ਦਾ ਪੁਜਾਰੀ ਮੰਨੇ ਜਾਂਦੇ ਮਹਾਤਮਾ ਗਾਂਧੀ ਤੱਕ ਦੀ ਚਰਚਾ ਛੋਹ ਲਿਆ ਕਰਦੇ ਸਨ। ਅੱਜ ਉਹ ਕੁਝ ਨਹੀਂ ਹੁੰਦਾ, ਸਗੋਂ ਅਜੋਕੇ ਸਮਾਜ ਦੇ ਬੱਚੇ ਕਈ ਵਾਰ ਇਹ ਗੱਲਾਂ ਕਰਦੇ ਸੁਣਦੇ ਹਨ ਕਿ ਫਲਾਣਾ ਆਗੂ ਮੌਕਾ ਮਿਲਦੇ ਸਾਰ ਐਨੇ ਕਰੋੜ ਰੁਪਏ ਦੀ ਕਮਾਈ ਕਰ ਗਿਆ ਤੇ ਲੋਕਾਂ ਨੇ ਫਿਰ ਵੋਟਾਂ ਪਾ ਕੇ ਉਸ ਨੂੰ ਚੁਣ ਲਿਆ ਹੈ। ਜਦੋਂ ਕੋਈ ਬੱਚਾ ਇਹ ਪੁੱਛਦਾ ਹੈ ਕਿ ਲੋਕਾਂ ਨੂੰ ਪਤਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਵੋਟਾਂ ਕਿਉਂ ਪਾ ਦਿੱਤੀਆਂ ਤਾਂ ਦੂਸਰਾ ਬੱਚਾ ਸਾਡੇ ਬਚਪਨ ਦੌਰਾਨ ਆਮ ਕਹੀ ਜਾਂਦੀ ਇਹ ਗੱਲ ਨਹੀਂ ਕਹਿੰਦਾ ਕਿ ਉਸ ਦੇ ਕਰਮਾਂ ਵਿੱਚ ਜਿੱਤਣਾ ਲਿਖਿਆ ਸੀ, ਸਗੋਂ ਅੱਜ ਦੇ ਬੱਚੇ ਬਹੁਤ ਸਹਿਜ ਭਾਵ ਨਾਲ ਇਹ ਕਹਿ ਦੇਂਦੇ ਹਨ ਕਿ 'ਪਤਾ ਹੈ, ਉਸ ਨੇ ਚੋਣ ਜਿੱਤਣ ਲਈ ਕਿੰਨੇ ਕਰੋੜ ਖਰਚੇ ਸਨ!' ਬੱਚਿਆਂ ਦੀ ਗੱਲਬਾਤ ਚੋਣ ਜਿੱਤਣ ਲਈ ਕਰੋੜਾਂ ਦੇ ਖਰਚ ਤੇ ਉਸ ਖਰਚ ਲਈ ਕਰੋੜਾਂ ਦੀ ਕਮਾਈ ਕਰਨ ਦੇ ਦਾਅ ਲਾਉਣ ਦੀ ਚਰਚਾ ਤੱਕ ਪਹੁੰਚ ਗਈ ਤਾਂ ਚੰਗੀ ਗੱਲ ਹੈ, ਪਰ ਏਥੋਂ ਮੋੜਾ ਚੰਗੇ ਪਾਸੇ ਨਹੀਂ ਪੈਂਦਾ, ਸਗੋਂ ਇਸ ਪੁੱਠੇ ਪਾਸੇ ਪੈਂਦਾ ਸੁਣ ਜਾਂਦਾ ਹੈ ਕਿ ਬੰਦੇ ਪੱਲੇ ਹੋਰ ਕੁਝ ਹੋਵੇ ਨਾ ਹੋਵੇ, ਐਨਾ ਕੁ ਪੈਸਾ ਕਮਾਉਣ ਦੀ ਕੁਝ ਨਾ ਕੁਝ ਅਕਲ ਜ਼ਰੂਰ ਹੋਣੀ ਚਾਹੀਦੀ ਹੈ।

ਬੀਤੇ ਦਹਾਕਿਆਂ ਵਿੱਚ ਕਿਸੇ ਦਾ 'ਲੱਖਪਤੀ' ਹੋਣਾ ਬੜੀ ਵੱਡੀ ਗੱਲ ਹੁੰਦੀ ਸੀ, ਅੱਜ ਕਿਸੇ ਦਾ 'ਕਰੋੜਪਤੀ' ਬਣ ਜਾਣਾ ਵੀ ਕੋਈ ਖਾਸ ਗੱਲ ਨਹੀਂ ਰਹੀ, 'ਅਰਬਪਤੀ' ਵੀ ਬਹੁਤ ਹਨ ਤੇ ਗੂੱਗਲ ਦੀ ਕ੍ਰਿਪਾ ਨਾਲ ਬੱਚੇ ਓਸੇ ਵਕਤ ਪਤਾ ਕਰ ਲੈਂਦੇ ਹਨ ਕਿ ਭਾਰਤ ਵਿੱਚ ਅੱਜਕੱਲ੍ਹ ਕਿੰਨੇ ਮਾਇਆਧਾਰੀ ਕਿਸ ਪੱਧਰ ਦੇ ਹਨ! ਗੱਲ ਏਨੀ ਅੱਗੇ ਵਧ ਗਈ ਹੈ ਕਿ 'ਖਰਬਪਤੀ' ਦੀ ਚਰਚਾ 'ਬਿਲੀਅਨੇਅਰ' ਵਜੋਂ ਗੱਲਾਂ ਕਰਦੇ ਬੱਚੇ ਫਿਰ ਇਹੋ ਜਿਹੀ ਗੱਲ ਕਹਿੰਦੇ ਹਨ ਕਿ ਫਲਾਣਾ ਸੇਠ ਫਲਾਣੇ ਸੌਦੇ ਤੋਂ ਮੋਟਾ ਦਾਅ ਲਾ ਕੇ ਫਲਾਣੇ ਰੈਂਕ ਦਾ ਪੂੰਜੀਪਤੀ ਬਣਿਆ ਹੈ। ਅੱਜ ਦਾ ਬਚਪਨ ਕੁਰਬਾਨੀ ਤੇ ਦੇਸ਼ ਭਗਤੀ ਦੀ ਚਰਚਾ ਲਈ ਫਜ਼ੂਲ ਦੀ ਸਿਰ-ਖਪਾਈ ਕਰਨ ਦੀ ਥਾਂ ਅਮੀਰਾਂ ਵਿੱਚ ਸ਼ਾਮਲ ਹੋਣ ਦੇ ਫਾਰਮੂਲੇ ਸਿੱਖਣ ਤੇ ਵਰਤਣ ਦੇ ਵਸੀਲੇ ਸੋਚਣ ਉੱਤੇ ਲਾਉਣ ਲੱਗ ਪਿਆ ਹੈ। ਉਨ੍ਹਾਂ ਲਈ ਪਹਿਲਾਂ ਅੰਬਾਨੀ ਘਰਾਣਾ ਪ੍ਰੇਰਨਾ ਦਾ ਸਰੋਤ ਬਣਿਆ ਵੀ ਅਸੀਂ ਵੇਖਿਆ ਸੀ, ਜਿਸ ਨੇ ਜਿਹੜੀ ਸਿਆਸੀ ਧਿਰ ਦੀ ਮਦਦ ਨਾਲ ਉਠਾਣ ਫੜੀ, ਓਸੇ ਦੇ ਜੜ੍ਹੀਂ ਤੇਲ ਚੋਇਆ ਅਤੇ ਦੂਸਰੀ ਧਿਰ ਨਾਲ ਸਾਂਝ ਵਿੱਚ ਹੋਰ ਅਮੀਰ ਹੋ ਕੇ ਹਰ ਚੋਣ ਮੌਕੇ ਪਾਸਾ ਬਦਲਣ ਲੱਗ ਪਿਆ। ਅਜੋਕੀ ਸਰਕਾਰ ਦੇ ਦੌਰ ਵਿੱਚ ਗੌਤਮ ਅਡਾਨੀ ਇਸ ਦੇਸ਼ ਦੇ ਉੱਭਰਦੀ ਉਮਰ ਦੇ ਬੱਚਿਆਂ ਦਾ ਪ੍ਰੇਰਨਾਸਰੋਤ ਬਣ ਗਿਆ ਜਾਪਦਾ ਹੈ, ਜਿਸ ਨੇ ਸਰਮਾਏ ਦੀ ਦੌੜ ਨੂੰ ਫਿਰਕਾਪ੍ਰਸਤੀ ਦੇ ਜ਼ਹਿਰ ਦੀ ਸਿਆਸਤ ਵਿੱਚ ਲਪੇਟ ਕੇ ਦੇਸ਼ ਨੂੰ ਆਰਥਿਕ ਮਜ਼ਬੂਤੀ ਦੇਣ ਦੇ ਓਹਲੇ ਇੱਕ ਖਾਸ ਧਰਮ ਦੇ ਰਾਜ ਦਾ ਸੁਫਨਾ ਵਿਖਾ ਕੇ ਉਸ ਵਿੱਚੋਂ ਕਮਾਈ ਕਰਨ ਦਾ ਨਵਾਂ ਰਸਤਾ ਉਲੀਕ ਲਿਆ ਹੈ।

ਗੱਲ ਕਿਸੇ ਇੱਕ ਆਗੂ, ਇੱਕ ਸੇਠ ਜਾਂ ਇੱਕ ਪਾਰਟੀ ਦੀ ਨਹੀਂ, ਉਸ ਲੋਕਤੰਤਰੀ ਪ੍ਰਬੰਧਕੀ ਢਾਂਚੇ ਬਾਰੇ ਕਰਨੀ ਬਣਦੀ ਹੈ, ਜਿਸ ਵਿੱਚ 'ਆਮ ਲੋਕ' ਦਾ ਮਸਾਂ ਸ਼ਬਦ ਹੀ ਚੱਲਦਾ ਹੈ, ਆਮ ਲੋਕਾਂ ਲਈ ਕੀਤਾ ਕੁਝ ਨਹੀਂ ਜਾਂਦਾ। ਬਚਪਨ ਤੋਂ ਅਸੀਂ ਇਹ ਰਟਦੇ ਆਏ ਸਾਂ ਕਿ ਲੋਕਤੰਤਰ ਅਸਲ ਵਿੱਚ 'ਲੋਕਾਂ ਲਈ, ਲੋਕਾਂ ਰਾਹੀਂ, ਲੋਕਾਂ ਵੱਲੋਂ ਚਲਾਇਆ ਜਾਂਦਾ' ਏਦਾਂ ਦਾ ਰਾਜ ਹੁੰਦਾ ਹੈ, ਜਿੱਥੇ ਹਰ ਗੱਲ ਲੋਕਾਂ ਦੇ ਭਲੇ ਨੂੰ ਸੇਧਤ ਹੁੰਦੀ ਹੈ। ਓਦੋਂ 'ਆਮ ਲੋਕਾਂ' ਵਾਲੇ ਸ਼ਬਦ ਦੀ ਵਰਤੋਂ ਸ਼ੁਰੂ ਨਹੀਂ ਸੀ ਹੋਈ, ਵਰਨਾ ਹਰ ਗੱਲ ਨਾਲ 'ਆਮ' ਜੋੜਨ ਦੇ ਚੱਕਰ ਵਿੱਚ ਅਸੀਂ 'ਖਾਸ' ਬਾਰੇ ਸੋਚਣਾ ਬਚਪਨ ਵਿੱਚ ਹੀ ਬੰਦ ਕਰ ਛੱਡਦੇ। ਸਾਡੀ ਪੀੜ੍ਹੀ ਵਾਲੇ ਲੋਕ ਜਦੋਂ ਉਸ ਵੇਲੇ ਪੜ੍ਹਾਏ ਗਏ ਲੋਕਤੰਤਰ ਦੇ ਅਰਥਾਂ ਨੂੰ ਅਜੋਕੇ ਸਮਾਜ ਦੇ ਪ੍ਰਸੰਗ ਵਿੱਚ ਸਮਝਣ ਦਾ ਕੋਈ ਯਤਨ ਕਰਦੇ ਹਨ ਤਾਂ ਸਿਰ ਘੁੰਮ ਜਾਂਦਾ ਅਤੇ ਵਿਸ਼ਵ ਕੋਸ਼ਾਂ ਵਿਚਲੇ ਅਰਥ ਭੁਆਂਟਣੀਆਂ ਖਾਂਦੇ ਨਜ਼ਰ ਆਉਂਦੇ ਹਨ। ਫਿਰ ਵੀ ਇਸ ਚਲੰਤ ਰਾਜ ਪ੍ਰਬੰਧ ਨੂੰ ਲੋਕਤੰਤਰ ਕਿਹਾ ਜਾਂਦਾ ਸੁਣ ਲੈਂਦੇ ਹਾਂ।

ਜਵਾਨੀ ਵਿੱਚ ਪੈਰ ਧਰਦੀ ਅਜੋਕੀ ਨਵੀਂ ਪੀੜ੍ਹੀ ਸਾਥੋਂ ਪੁੱਛਦੀ ਹੈ ਕਿ ਜਦੋਂ ਪੈਸਾ ਸਾਰੇ ਐਬ ਢੱਕਣ ਦੀ ਸਮਰੱਥਾ ਰੱਖਦਾ ਹੈ ਤਾਂ ਤਰੀਕਾ ਠੀਕ ਹੋਵੇ ਜਾਂ ਗਲਤ, ਉਸ ਦਾ ਹਰਜ ਕੀ ਹੈ! ਉਨ੍ਹਾਂ ਦੇ ਚਿਹਰੇ ਉੱਤੇ ਬੇਈਮਾਨੀ ਦਾ ਕੋਈ ਭਾਵ ਨਹੀਂ ਹੁੰਦਾ, ਸਗੋਂ ਪੂਰੀ ਈਮਾਨਦਾਰੀ ਨਾਲ ਇਸ ਗੱਲ ਬਾਰੇ ਜਾਨਣਾ ਚਾਹੁੰਦੇ ਹਨ। ਅਸੀਂ ਬਚਣ ਵਾਸਤੇ ਜਦੋਂ ਅਸੂਲਾਂ ਤੇ ਸਮਾਜੀ ਮਰਿਆਦਾ ਦੀ ਗੱਲ ਕਰਦੇ ਹਾਂ ਤਾਂ ਉਹ ਇਹ ਪੁੱਛ ਲੈਂਦੇ ਹਨ ਕਿ ਕੀ ਮਨੁੱਖਤਾ ਦੇ ਅੱਜ ਤੀਕਰ ਦੇ ਸਫਰ ਵਿੱਚ ਇਹ ਦੋਵੇਂ ਗੱਲਾਂ ਸਹੀ ਅਰਥਾਂ ਵਿੱਚ ਕਦੇ ਅਮਲ ਵਿੱਚ ਲਾਗੂ ਹੋਈਆਂ ਸਨ! ਉਹ ਇਤਿਹਾਸ ਦਾ ਚੈਪਟਰ ਖੋਲ੍ਹ ਕੇ ਦੱਸਦੇ ਹਨ ਕਿ ਹਰ ਰਾਜ ਵਿੱਚ ਆਮ ਲੋਕ ਭੁੱਖੇ ਮਰਦੇ ਰਹੇ, ਪਰ ਰਾਜੇ ਅਤੇ ਉਨ੍ਹਾਂ ਦੇ ਦਰਬਾਰੀਏ ਐਸ਼ ਕਰਦੇ ਰਹੇ ਤੇ ਧਰਮ ਦੀ ਧਾਰਨਾ ਨਾਲ ਜੋੜ ਕੇ ਅਸੂਲ ਤੇ ਮਰਿਆਦਾ ਸਮਝਾਉਣ ਵਾਲੇ ਵੀ ਦੌਲਤਾਂ ਵਿੱਚ ਖੇਡਦੇ ਰਹੇ। ਉਸ ਵੇਲੇ ਕਦੀ ਕਿਸੇ ਨੇ ਕਦੇ ਉਨ੍ਹਾਂ ਅੱਗੇ ਅੱਖ ਚੁੱਕ ਕੇ ਸਵਾਲ ਕਰਨ ਦੀ ਜੁਰਅੱਤ ਨਹੀਂ ਸੀ ਕੀਤੀ। ਜੇ ਕਿਸੇ ਨੇ ਇਹ ਜੁਰਅੱਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਜਿਹੜਾ ਹਸ਼ਰ ਹੁੰਦਾ ਸੀ, ਇਤਿਹਾਸ ਦੇ ਪੰਨਿਆਂ ਉੱਤੇ ਉਹ ਲਿਖਿਆ ਮਿਲ ਜਾਂਦਾ ਹੈ, ਸੱਚ ਬੋਲਣ ਜਾਂ ਸਵਾਲ ਪੁੱਛਣ ਦੀ ਸਜ਼ਾ ਜਿਸ ਨੂੰ ਦੇਣੀ ਹੁੰਦੀ, ਉਸ ਨਾਲੋਂ ਵੱਧ ਉਸ ਵਰਗੇ ਹੋਰਨਾਂ ਲਈ ਸਬਕ ਸਿਖਾਉਣ ਵਾਲੀ ਬਣ ਜਾਇਆ ਕਰਦੀ ਸੀ। ਫਿਰ ਉਹ ਬੱਚੇ ਇਹ ਕਹਿੰਦੇ ਹਨ ਕਿ ਅੱਜ ਵੀ ਤਾਂ ਇਹੀ ਹੁੰਦਾ ਰਹਿੰਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਖੇਤਰ ਵਿੱਚ ਵਿਚਰਨ ਤੇ ਲੋਕਾਂ ਨੂੰ ਧਰਮ ਨਾਲ ਜੋੜਨ ਵਾਲੇ ਪ੍ਰਚਾਰਕ ਵੀ ਆਪਣੀ ਗੱਲ ਉੱਤੇ ਜ਼ੋਰ ਦੇਣ ਲਈ ਰੱਜਵਾਂ ਝੂਠ ਬੋਲਦੇ ਹਨ, ਸਿਆਸੀ ਆਗੂ ਵੀ ਬੋਲਦੇ ਹਨ, ਫਿਰ ਫਰਕ ਕੀ ਰਹਿੰਦਾ ਹੈ! ਜਿਹੜੀ ਸਵਾਲਾਂ ਦੀ ਲੜੀ ਉਹ ਸ਼ੁਰੂ ਕਰ ਲੈਂਦੇ ਹਨ, ਉਸ ਦਾ ਖਿਆਲ ਕਰ ਕੇ ਵੀ ਸਾਨੂੰ ਪਸੀਨੇ ਆਉਣ ਲੱਗ ਸਕਦੇ ਹਨ।

ਉਰਦੂ ਦੀ ਇੱਕ ਕਹਾਵਤ ਸੁਣੀ ਹੈ ਕਿ ਤੂੰ ਮੈਨੂੰ ਮੁੱਲਾਂ ਮੰਨ, ਫਿਰ ਮੈਂ ਤੈਨੂੰ ਕਾਜ਼ੀ ਕਹੂੰ! ਇਸ ਦਾ ਮਤਲਬ ਇਹ ਹੈ ਕਿ ਲੋਕਾਂ ਵਿੱਚ ਇੱਕ-ਦੂਜੇ ਦੀ ਮਹਿਮਾ ਬਣਾਉਣ ਦਾ ਕੰਮ ਕਰੀਏ, ਫਿਰ ਨਾ ਕੋਈ ਤੇਰੇ ਖਿਲਾਫ ਬੋਲਣ ਜੋਗੀ ਹਿੰਮਤ ਕਰੇਗਾ ਅਤੇ ਨਾ ਮੇਰੇ ਖਿਲਾਫ ਸਿਰ ਚੁੱਕਿਆ ਕਰੇਗਾ। ਮੈਨੂੰ ਇਸਲਾਮ ਦਾ ਬਹੁਤਾ ਪਤਾ ਨਹੀਂ ਅਤੇ ਇਹ ਗੱਲ ਵੀ ਪਤਾ ਨਹੀਂ ਕਿ ਇਹ ਕਹਾਵਤ ਕਿੱਦਾਂ ਬਣੀ ਸੀ, ਪਰ ਮਨੁੱਖੀ ਇਤਿਹਾਸ ਦੇ ਪੜਾਵਾਂ ਦਾ ਵਿਸ਼ਲੇਸ਼ਣ ਪਦਾਰਥਵਾਦੀ ਸੋਚ ਨਾਲ ਕਰਨ ਵਾਲਿਆਂ ਦੀ ਸੁਣਾਈ ਹੋਈ ਧਾਰਨਾ ਯਾਦ ਹੈ ਕਿ ਰਾਜਾ ਅਤੇ ਪੁਜਾਰੀ, ਧਰਮ ਜਾਂ ਦੇਸ਼ ਬੇਸ਼ੱਕ ਕੋਈ ਹੋਵੇ, ਆਪਸ ਵਿੱਚ ਮਿਲ ਕੇ ਚਲਦੇ ਅਤੇ ਇੱਕ-ਦੂਸਰੇ ਦੀ ਢਾਲ ਬਣਦੇ ਆਏ ਹਨ। ਏਸੇ ਲਈ ਪੁਜਾਰੀ ਵਰਗ ਰੱਬ ਜਾਂ ਈਸ਼ਵਰ ਵਿੱਚ ਲੋਕਾਂ ਦੀ ਸਿੱਧੀ ਆਸਥਾ ਬੰਨ੍ਹਾਉਣ ਦੀ ਬਜਾਏ 'ਰਾਜਾ ਪਰਜਾ ਦਾ ਪਿਤਾ' ਦੀ ਧਾਰਨਾ ਨਾਲ ਲੋਕਾਂ ਨੂੰ ਇਹ ਸਮਝਾਉਣ ਦੇ ਕੰਮ ਲੱਗਾ ਰਹਿੰਦਾ ਸੀ ਕਿ ਇਹ ਰਾਜਾ ਇਸ ਲਈ ਬਣਿਆ ਹੈ ਕਿ ਰੱਬ ਦੀ ਇੱਛਾ ਸੀ ਅਤੇ ਇਹ ਜ਼ੁਲਮ ਵੀ ਕਰਦਾ ਰਹੇ ਤਾਂ ਇਸ ਦੇ ਅੱਗੇ ਬੋਲਣਾ ਨਹੀਂ, ਕਿਉਂਕਿ ਇਹ ਸਭ ਕੁਝ ਰੱਬ ਦੀ ਇੱਛਾ ਨਾਲ ਕਰਦਾ ਹੈ। ਕਹਿਣ ਪਿੱਛੇ ਸਿੱਧਾ ਮਤਲਬ ਇਹ ਬਣਦਾ ਸੀ ਕਿ ਇਸ ਦੇ ਜ਼ੁਲਮ ਦਾ ਵਿਰੋਧ ਕੀਤਾ ਤਾਂ ਰੱਬ ਦਾ ਕਹਿਰ ਇਸ ਜਨਮ ਵਿੱਚ ਵੀ ਭੁਗਤਣ ਵਾਲੀ ਨੌਬਤ ਆ ਸਕਦੀ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਇਸ ਜਨਮ ਵਿੱਚ ਬਚੇ ਰਹੀਏ ਅਤੇ ਇਹ ਗਲਤੀ ਭੁਗਤਣੀ ਸਾਨੂੰ ਅਗਲੇ ਜਨਮ ਵਿੱਚ ਪੈ ਜਾਵੇ। ਲੋਕ ਤਾਂ ਇਸ ਜਨਮ ਵਿੱਚ ਹੀ ਡਰੇ ਜਿਹੇ ਹੁੰਦੇ ਹਨ, ਉਨ੍ਹਾਂ ਨੂੰ ਅਗਲੇ ਜਨਮ ਵਿੱਚ ਭੁੱਲ ਦਾ ਫਲ਼ ਭੁਗਤਣ ਦੀ ਗੱਲ ਕਹਿ ਕੇ ਏਨਾ ਦਹਿਸ਼ਤਜ਼ਦਾ ਕੀਤਾ ਜਾਣ ਲੱਗ ਪਿਆ ਹੈ ਕਿ ਉਨ੍ਹਾਂ ਦੇ ਮਨ ਵਿੱਚ ਵਿਰੋਧਤਾ ਕਰਨ ਦੀ ਸੋਚ ਵੀ ਟਿਕਣ ਦਾ ਕੋਈ ਖੂੰਜਾ ਨਹੀਂ ਲੱਭ ਸਕਦੀ, ਭਟਕਦੀ ਆਤਮਾ ਵਾਂਗ ਭਟਕਦੀ ਜਾਪਣ ਲੱਗ ਜਾਂਦੀ ਹੈ।

ਸਾਡੇ ਅੱਜ ਦੇ ਯੁੱਗ ਵਿੱਚ ਇਹੋ ਕੁਝ ਤਾਂ ਹੁੰਦਾ ਪਿਆ ਹੈ। ਰਾਜਾ ਤੇ ਧਰਮ ਦੇ ਪ੍ਰਚਾਰਕ ਜਾਂ ਪੈਰੋਕਾਰ ਆਪਸ ਦੀ ਅਣ-ਐਲਾਨੀ, ਪਰ ਸਾਫ ਦਿੱਸਦੀ ਸਾਂਝਦਾਰੀ ਨਾਲ ਚੱਲਦੇ ਅਤੇ ਲੋਕਾਂ ਦੇ ਅੱਖੀਂ ਘੱਟਾ ਪਾਉਂਦੇ ਹਨ। ਜਦੋਂ ਧਰਮ ਖੇਤਰ ਦਾ ਕੋਈ ਪ੍ਰਚਾਰਕ ਕਿਸੇ ਵਕਤ ਕਿਸੇ ਰਾਜਸੀ ਹਸਤੀ ਅੱਗੇ ਸਿਰ ਚੁੱਕਣ ਦੀ ਜੁਰਅੱਤ ਕਰਦਾ ਹੈ ਤਾਂ ਆਸਾ ਰਾਮ ਵਰਗਾ ਹਸ਼ਰ ਭੁਗਤਣ ਲਈ ਜੇਲ੍ਹ ਭੇਜਿਆ ਜਾ ਸਕਦਾ ਹੈ ਜਾਂ ਧਰਮ ਖੇਤਰ ਦੇ ਮਹਾਂਰਥੀ ਆਪਸ ਵਿੱਚ ਸਿਰ ਜੋੜ ਲੈਂਦੇ ਹਨ ਤਾਂ ਰਾਜਸੀ ਤਾਕਤ ਵਾਲੇ ਨੂੰ ਝੁਕਣ ਅਤੇ ਭੁੱਲਾਂ ਦੀ ਮੁਆਫੀ ਮੰਗਣ ਨੂੰ ਮਜਬੂਰ ਕਰ ਸਕਦੇ ਹਨ। ਰਾਜਸੀ ਤਾਕਤ ਦਾ ਫਿਰ ਜ਼ੋਰ ਪੈ ਜਾਵੇ ਤਾਂ ਧਰਮ ਖੇਤਰ ਦੇ ਮਹਾਂਰਥੀਆਂ ਨੂੰ ਦਰ-ਦਰ ਦੀ ਖਾਕ ਛਾਨਣ ਲਈ ਤੋਰ ਦੇਂਦੇ ਹਨ ਅਤੇ ਉਨ੍ਹਾਂ ਦੀ ਥਾਂ ਆਪਣੇ ਚਹੇਤੇ ਬਿਠਾ ਕੇ ਆਪਣੀ ਮਰਜ਼ੀ ਨਾਲ ਫੈਸਲੇ ਪਲਟਣ ਲੱਗ ਸਕਦੇ ਹਨ। ਉਮਰ ਦਾ ਚੌਥਾ ਪੰਧ ਮੁਕਾ ਚੁੱਕੇ ਅਤੇ ਚੌਥੇ ਪਹਿਰ ਨੇੜੇ ਪੁੱਜੇ ਲੋਕ ਏਦਾਂ ਦੇ ਹਾਲਾਤ ਵਿੱਚ 'ਇੱਕ ਚੁੱਪ ਅਤੇ ਸੌ ਸੁੱਖ' ਦਾ ਫਾਰਮੂਲਾ ਵਰਤਣ ਵਿੱਚ ਭਲਾਈ ਸਮਝਦੇ ਹਨ, ਪਰ ਨਵੀਂ ਪੀੜ੍ਹੀ ਵਾਲੇ ਬੱਚੇ ਅੱਖ ਨੀਵੀਂ ਕਰਨ ਲਈ ਤਿਆਰ ਨਹੀਂ, ਉਹ ਇਸ ਖੇਡ ਵਿੱਚੋਂ ਉਹ ਸਬਕ ਸਿੱਖਣ ਤੁਰ ਸਕਦੇ ਹਨ, ਜਿਹੜਾ ਅਸੀਂ ਪਹਿਲੀਆਂ ਸਤਰਾਂ ਵਿੱਚ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਓਹਲੇ ਬਿਨਾਂ ਉਹ ਇਹ ਗੱਲ ਪੁੱਛਦੇ ਹਨ ਕਿ ਜਦੋਂ ਰਾਜਸੀ ਸੱਤਾ ਦੇ ਸਿਖਰ ਉੱਤੇ ਬੈਠੇ ਆਗੂ ਵੀ ਤੇ ਧਰਮ ਖੇਤਰ ਦੇ ਮਹਾਂਰਥੀ ਵੀ ਝੂਠ ਬੋਲਦੇ ਅਤੇ ਮਰਿਆਦਾ ਤੋੜਨ ਲੱਗੇ ਨਹੀਂ ਝਿਜਕਦੇ ਤਾਂ ਅਸੀਂ ਅਸੂਲ ਕਾਹਦੇ ਲਈ ਪੜ੍ਹੀਏ! ਕੀ ਇਸ ਸਵਾਲ ਦਾ ਜਵਾਬ ਸਿੱਧੇ ਅਰਥਾਂ ਵਿੱਚ ਦੇਣਾ ਕਦੀ ਸੌਖਾ ਹੈ ਤੇ ਕੀ ਸਾਡਾ ਦਿੱਤਾ ਜਵਾਬ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਤਸੱਲੀ ਕਰਵਾਉਣ ਜੋਗਾ ਸਾਬਤ ਹੋ ਸਕਦਾ ਹੈ? ਏਥੇ ਆਣ ਕੇ ਸਵਾਲਾਂ ਦੀ ਲੜੀ ਚੱਕਰਵਿਊ ਵਿੱਚ ਉਲਝ ਜਾਂਦੀ ਹੈ।

ਆਪਣੀ ਮਹਿਮਾ ਦੇ ਸਿਖਰ ਦੇ ਦਿਨਾਂ ਵਿੱਚ ਇੱਕ ਵਾਰੀ ਐਨਾ ਹਜ਼ਾਰੇ ਨੂੰ ਪੁੱਛਿਆ ਗਿਆ ਸੀ ਕਿ ਉਹ ਕੇਂਦਰ ਜਾਂ ਕਿਸੇ ਰਾਜ ਦੀ ਸਰਕਾਰ ਬਦਲਣ ਦਾ ਵੀ ਮੋਰਚਾ ਲਾਉਣਗੇ? ਉਸ ਨੇ ਸਾਫ ਕਿਹਾ ਸੀ ਕਿ ਏਦਾਂ ਨਹੀਂ ਕਰਨਗੇ। ਇਸ ਦਾ ਕਾਰਨ ਉਨ੍ਹਾਂ ਇਹ ਦੱਸਿਆ ਕਿ ਜਿਹੜੇ ਹਾਕਮ ਭ੍ਰਿਸ਼ਟਾਚਾਰ ਦੀ ਔਮ ਦੇ ਪਾਸ ਲੱਗਦੇ ਹਨ, ਜਿਨ੍ਹਾਂ ਦੀ ਥਾਂ ਜਿਹੜੇ ਨਵੇਂ ਆਉਣਗੇ, ਜੇ ਉਹ ਭ੍ਰਿਸ਼ਟਾਚਾਰ ਦੇ ਪਹਿਲੇ ਹੀ ਔਖ ਕਰ ਗਏ ਤਾਂ ਕੀ ਅਸੀਂ ਸਰਕਾਰਾਂ ਬਦਲਣ ਹੀ ਲੱਗੇ ਰਹਾਂਗੇ। ਮਨ ਨੂੰ ਕਿਹਾ ਸੀ ਕਿ ਲੋਕ ਸਰਕਾਰਾਂ ਬਦਲਦੇ ਰਹੇ ਹਨ ਪਰ ਲੋੜ ਸਮਾਜ ਬਦਲਣ ਦੀ ਹੈ, ਪਰ ਸਮਾਜ ਨੂੰ ਬਦਲਣ ਦਾ ਕੋਈ ਨਕਸ਼ਾ ਉਹ ਪੇਸ਼ ਨਹੀਂ ਸਨ ਕਰ ਸਕੇ ਅਤੇ ਥੱਕ-ਹਾਰ ਕੇ ਆਪਣੇ ਪਿੰਡ ਰਾਲੇਗਣ ਸਿੱਧੀ ਜਾ ਬੈਠੇ ਸਨ। ਅੱਜ ਦੇ ਭਾਰਤ ਨੂੰ ਫਿਰ ਤੋਂ ਇੱਕ ਐਨਾ ਦੀ ਲੋੜ ਹੈ, ਪਰ ਇਹੋ ਜਿਹੇ ਐਨਾ ਦੀ ਨਹੀਂ, ਜਿਹੜਾ ਚਾਰ ਦਿਨ ਆਮ ਲੋਕਾਂ ਨੂੰ ਭੁਚਾਲੀ ਰਫਤਾਰ ਦੇਣ ਦੇ ਬਾਅਦ ਮੈਦਾਨ ਛੱਡ ਕੇ ਆਰਾਮ ਕਰਨ ਚਲਾ ਜਾਵੇ, ਸਗੋਂ ਇਹੋ ਜਿਹੇ ਐਨਾ ਦੀ ਲੋੜ ਹੈ, ਜਿਹੜਾ ਸਿਰੜ ਦੇ ਨਾਲ ਸਮਾਜ ਦੀ ਅਗਵਾਈ ਕਰ ਸਕੇ ਤੇ ਸੇਧ ਦੇ ਸਕੇ। ਅੱਜ ਦੇ ਭਾਰਤੀ ਸਮਾਜ ਨੂੰ ਸੰਪੂਰਨ ਇੱਕ ਸਿਰੜੀ ਸੁਧਾਰਕ ਦੀ ਲੋੜ ਹੈ, ਜੇ ਉਹ ਨਾ ਮਿਲਿਆ ਤਾਂ 'ਜੈਨ ਜ਼ੈੱਡ' ਦੇ ਜਿਹੜੇ ਝਲਕਾਰੇ ਕੁਝ ਹੋਰ ਦੇਸ਼ਾਂ ਵਿੱਚ ਅਸੀਂ ਵੇਖੇ ਹਨ, ਉਹ ਭਾਰਤ ਦੇ ਸਮਾਜ ਵਿੱਚ ਵੀ ਵੇਖਣ ਨੂੰ ਮਿਲ ਸਕਦੇ ਹਨ ਅਤੇ ਜਿਵੇਂ ਉਨ੍ਹਾਂ ਦੇਸ਼ਾਂ ਵਿੱਚ ਸਿਰਫ ਜੈਨ ਜ਼ੈੱਡ ਦੀ ਲਹਿਰ ਉੱਠੀ ਅਤੇ ਵਕਤ ਦੀ ਸਰਕਾਰ ਬਦਲਣ ਤੇ ਅਰਾਜਕਤਾ ਫੈਲਾਉਣ ਪਿੱਛੋਂ ਖਤਮ ਹੋ ਗਈ, ਭਾਰਤ ਨੂੰ ਇਹ ਸਬਕ ਨਹੀਂ ਚਾਹੀਦਾ। ਦੁਨੀਆ ਦੇ ਜਿਹੜੇ ਦੇਸ਼ਾਂ ਵਿੱਚ ਉਹੋ ਜਿਹੀ ਲਹਿਰ ਦੀ ਉਠਾਣ ਹੋਈ, ਓਥੇ ਮੁਕਾਬਲੇ ਦਾ ਯੋਗ ਬਦਲ ਪੇਸ਼ ਨਾ ਹੋਣ ਕਾਰਨ ਸਥਿਤੀ ਹੋਰ ਅਣਸੁਖਾਵੀਂ ਬਣਦੀ ਰਹੀ ਹੈ, ਭਾਰਤ ਨੂੰ ਉਸ ਪ੍ਰਤੀਕ ਦੀ ਨਹੀਂ, ਕਿਸੇ ਅਸੂਲੀ ਲਹਿਰ ਦੀ ਉਡੀਕ ਹੈ।

# ਪਰਵਾਸ-ਹਾਈਵੇਜ਼-ਰੀਅਲ ਅਸਟੇਟ, ਯਾਨੀ ਪਿੰਡ ਦੀ ਮੌਤ

**ਪਿੰਡ ਵਸਿਆ-52**

**ਵਿਜੇ ਬੰਬੇਲੀ**

ਸਿਰਫ ਪਿੰਡ ਤੋਂ ਜਾਂ ਆਪਣੇ ਪਿਤਰੀ ਸਥਾਨ ਤੋਂ ਪਰਾਈਆਂ ਧਰਤੀਆਂ ਜਾਂ ਦੇਸ਼ਾਂ ਨੂੰ ਜਾਣਾ ਹੀ ਪਰਵਾਸ ਨਹੀਂ ਹੁੰਦਾ, ਸਗੋਂ ਕਿਸੇ ਵੀ ਕਾਰਨ ਆਪਣੇ ਮੁਲਕ ਦੇ ਦੂਜੇ ਖਿੱਤੇ ਵਿੱਚ ਲੰਬੇ ਸਮੇਂ ਜਾਂ ਸਦਾ ਵਾਸਤੇ ਜਾ ਵਸਣਾ ਵੀ ਪਰਵਾਸ ਹੀ ਹੁੰਦਾ ਹੈ। ਮੌਜੂਦਾ ਦੌਰ ਵਿੱਚ ਪੰਜਾਬ, ਖਾਸ ਕਰਕੇ ਇਸ ਦੇ ਪਿੰਡ ਬੇਹੱਦ ਪ੍ਰਭਾਵਿਤ ਹੋਏ ਹਨ। ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪ੍ਰਵਾਸ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ।ਇਸ ਦੋ ਤਰਫੇ ਪਰਵਾਸ ਨੇ ਪੰਜਾਬ ਨੂੰ ਸਦਾ ਹੀ ਅਨੇਕਾਂ ਪੱਖਾਂ ਤੋਂ ਪ੍ਰਭਾਵਿਤ ਤੇ ਪੀੜਤ ਕੀਤਾ ਹੈ। ਸਿੱਟਾ; ਇਸ ਦਾ ਮੂੰਹ-ਮੁਹਾਂਦਰਾ ਤੱਕ ਬਦਲ ਦਿੱਤਾ ਸੀ/ਦੇਵੇਗਾ।ਹੁਣ ਕਈ ਜ਼ਾਹਰਾ ਅਤੇ ਲੁਕਵੇਂ ਕਾਰਨਾਂ ਕਰਕੇ ਪ੍ਰਵਾਸ ਦੀ ਆਮਦ ਅਤੇ ਜਾਮਦ ਦੀ ਗਤੀ ਤਿੱਖੀ ਹੋ ਗਈ ਹੈ। ਭਾਵੇਂ ਨਵੀਂ ਵਿਸ਼ਵੀ ਵਿਵਸਥਾ ਨੇ ਗਲੋਬਲ ਵਿਲੇਜ਼ ਦਾ 'ਨਾਮਕਰਨ' ਕੀਤਾ ਹੈ, ਪਰ ਅਸਲ ਵਿਚ ਇਹ ਏਨੀ ਭਰਮਾਊ ਅਤੇ ਭੁਲੇਖਾ-ਪਾਊ ਹੈ ਕਿ ਇਸ ਵਿਵਸਥਾ ਨੇ ਪੇਂਡੂ ਜੀਵਨ ਨੂੰ ਸਹਿਜ ਨਹੀਂ ਰਹਿਣ ਦਿੱਤਾ। ਮਜਬੂਰੀਵੱਸ ਹੀ ਸਹੀ, ਕੌਮਾਂਤਰੀ ਪਰਵਾਸ ਤਹਿਤ ਆਪਣੀਆਂ ਜੜ੍ਹਾਂ ਨੂੰ ਖੁਦ ਪੁੱਟਣ ਦੇ ਸਿੱਟੇ ਬੜੇ ਹੀ ਮਾਰੂ ਨਿਕਲਣਗੇ।

ਸਦੀਵੀ ਪ੍ਰਵਾਸ ਪੰਜਾਬੀਆਂ ਦੇ ਸੁਭਾਅ ਵਿਚ ਸੀ/ਹੈ, ਪਰ ਪਹਿਲਾਂ ਘਰ ਦਾ ਇੱਕ-ਅੱਧ ਜੀਅ ਹੀ ਸਮੁੰਦਰੋਂ ਪਾਰ ਜਾਂਦਾ ਸੀ ਅਤੇ ਖੱਟੀ-ਕਮਾਈ ਘਰ ਭੇਜਦਾ ਜਾਂ ਲੈ ਕੇ ਵਾਪਸ ਆ ਜਾਂਦਾ ਸੀ। ਪੰਜਾਬ ਦੀ ਤਰੱਕੀ ਅਤੇ ਇਸ ਦੀ ਉਮਦਾ ਰਹਿਤਲ-ਬਹਿਤਲ ਵਿੱਚ ਪ੍ਰਵਾਸੀ ਪੰਜਾਬੀਆਂ ਦਾ ਅਣਮਿਣਵਾਂ ਯੋਗਦਾਨ ਸੀ, ਪਰ ਹੁਣ ਕਮਾਈ ਸਮੇਤ ਬੜਾ ਕੁੱਝ ਹੋਰ, ਸਾਡੇ ਅਸਾਸੇ ਵੀ, ਪ੍ਰਵਾਸ ਕਰ ਰਹੇ ਹਨ। ਬਹੁਤੇ, ਬਹੁ-ਪਰਤੀ ਕਾਰਨਾਂ ਕਰਕੇ, ਖੱਟੀ ਵੀ ਨਹੀਂ ਭੇਜਣਗੇ, ਸਗੋਂ ਬਚੀ-ਖੁਚੀ ਪਿਤਾ-ਪੁਰਖੀ ਜਾਇਦਾਦ ਵੀ ਵੇਚ-ਵੱਟ ਉੱਧਰ ਲੈ ਖੜਨਗੇ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ, ਕਾਰਨ; ਇਸ ਦੇ ਪੁੱਤ ਤਾਂ ਵਿਦੇਸ਼ੀਂ ਉਡਾਰੀ ਮਾਰ ਰਹੇ ਹਨ। ਇੱਕ ਕਨਸੋਅ ਮੁਤਾਬਿਕ, ਬੀਤੇ ਦਹਾਕੇ ਵਿੱਚ ਬਾਹਰਲੇ ਮੁਲਕੀਂ ਗਏ ਸਾਡੇ ਪਾੜ੍ਹੇ 27000 ਕਰੋੜ ਦੇ ਅਸਾਸੇ ਆਪਣੇ ਨਾਲ ਲੈ ਗਏ ਹਨ। ਖਾਲੀ ਮਕਾਨਾਂ ਵਿਚ ਪ੍ਰਵਾਸੀ ਟਿਕਾਏ ਜਾ ਰਹੇ ਹਨ। ਆਪਣਿਆਂ ਦੀਆਂ ਅਗਲੇਰੀਆਂ ਪੀੜ੍ਹੀਆਂ ਦੀ ਆਮਦ ਨੂੰ ਖੇਤ-ਖਲਿਆਨ ਉਡੀਕਦੇ ਰਹਿ ਜਾਣਗੇ।

ਇੱਕ ਸਰਵੇਖਣ ਅਨੁਸਾਰ ਪੰਜਾਬ, ਦਰਅਸਲ ਪਿੰਡਾਂ, ਵਿੱਚੋਂ ਕੌਮਾਂਤਰੀ ਪਰਵਾਸ ਕੌਮੀ ਬੌਧਿਕਤਾ ਅਤੇ ਸਰਮਾਇਆ ਤੇ ਅਬਾਦੀ (ਨੌਜਵਾਨੀ) ਹੂੰਝਣ ਤੋਂ ਬਿਨਾਂ ਹੋਰ ਵੀ ਕਈ ਤਰ੍ਹਾਂ ਦੇ ਲਾਭਅੰਸ਼ ਹੂੰਝ ਕੇ ਲਿਜਾ ਰਿਹਾ ਹੈ। ਇਹਨਾਂ ਹੂੰਝਿਆਂ ਦੇ ਨਾਲ-ਨਾਲ ਕੁਝ ਖ਼ਤਰਨਾਕ ਪੂੰਝਿਆਂ ਦਾ ਵੀ ਪਰਚਲਣ ਸ਼ੁਰੂ ਹੋ ਗਿਆ ਹੈ। ਇਹਨਾਂ ਪੂੰਝਿਆਂ ਨਾਲ ਸਿਰਫ ਪੰਜਾਬ ਦੀ ਸਾਹ-ਰਗ ਜ਼ਮੀਨ ਹੀ ਨਹੀਂ ਵਿਕਦੀ, ਸਗੋਂ ਖੂਹਾਂ ਉੱਤਲੇ ਤੌੜ, ਢੇਰਾਂ ਦੇ ਕੁਰੇ ਤੇ ਪਹੀਆਂ-ਰਸਤੇ ਤੇ ਢੇਰਾਂ ਤੱਕ ਵਿਕ ਜਾਂਦੇ ਹਨ। ਸਿੱਟਾ; ਬੰਦਾ (ਪੇਂਡੂ) ਆਪਣੀਆਂ ਜੜ੍ਹਾਂ ਨਾਲੋਂ ਹੀ ਕੱਟਿਆ ਜਾਂਦਾ ਹੈ।ਪਰਾਈਆਂ ਧਰਤੀਆਂ 'ਤੇ ਪਹੁੰਚੀ ਹੁਣ ਵਾਲੀ ਪੀੜ੍ਹੀ ਦੀ ਦੂਜੀ, ਹੱਦ ਤੀਜੀ ਪੌਦ, ਆਪਣਾ ਪਿਤਾ-ਪੁਰਖੀ ਘਰ ਨੂੰ ਖੋਲਾ ਬਣਾਉਣ ਜਾਂ ਸੇਲ 'ਤੇ ਲਾ ਕੇ ਦੂਜੇ ਰਾਜਾਂ ਤੋਂ ਆਏ ਵਾਸਿੰਦਿਆਂ ਦਾ ਰਾਹ ਮੋਕਲਾ ਕਰ ਦੇਵੇਗੀ।

ਹਾਂ; ਕਿਸੇ ਵਿਅਕਤੀ ਨੂੰ ਵੱਖ-ਵੱਖ ਕਾਰਨ ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ ਉੱਤੇ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ ਬਾਹਰ ਖਿੱਚਣ ਵਾਲੇ ਉਹਨਾਂ ਕਾਰਕਾਂ ਵਿੱਚ ਵਿੱਦਿਆ ਦਾ ਸਮੇਂ ਦੇ ਹਾਣ ਦਾ ਅਤੇ ਰੁਜ਼ਗਾਰ ਮੁਖੀ ਨਾ ਹੋਣਾ, ਵਧਦੀ ਬੇਰੁਜ਼ਗਾਰੀ, ਦੂਸ਼ਿਤ ਆਬੋ-ਹਵਾ ਅਤੇ ਆਰਥਿਕ ਸਥਿਤੀਆਂ ਦਾ ਵਿਗੜਨਾ ਤੇ ਸਮਾਜਿਕ ਮੁੱਦੇ ਨਸ਼ਾਖੋਰੀ, ਅਪਰਾਧ ਆਦਿ ਸ਼ਾਮਲ ਹਨ। ਦੂਜੇ ਦੇਸ਼ਾਂ ਦੀ ਚਕਾਚੌਂਧ ਅਤੇ ਸਹੂਲਤਾਂ ਤੇ ਅਨੁਸ਼ਾਸਨ ਵੀ ਖਿੱਚ ਦਾ ਕਾਰਕ ਹਨ। ਵੱਡਾ ਕਾਰਨ ਰੁਜ਼ਗਾਰ, ਜ਼ਿਆਦਾ ਕਮਾਈ, ਸੁਰੱਖਿਆ, ਬਿਹਤਰ ਸਹੂਲਤਾਂ ਅਤੇ ਨਿੱਜੀ ਆਜ਼ਾਦੀ ਜ਼ਿਆਦਾ ਭਰਮਾਊ ਹੈ। ਪਰਵਾਸ ਨੂੰ ਸਿਰਫ ਕੁੱਲੀ-ਗੁੱਲੀ-ਜੁੱਲੀ ਦੀ ਗਰੰਟੀ ਅਤੇ ਸਸਤੀ ਪੜ੍ਹਾਈ-ਸਿਹਤ ਸਹੂਲਤਾਂ ਅਤੇ ਸ਼ੁੱਧ-ਵਾਤਾਵਰਣ, ਢੁੱਕਵਾਂ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਤੇ ਨਸ਼ਾ ਰਹਿਤ ਮਾਹੌਲ ਤਹਿਤ ਹੀ ਠੱਲ੍ਹਿਆ ਜਾ ਸਕਦਾ ਹੈ।ਇਹ ਮੁੱਦੇ ਹਾਕਮ ਜਮਾਤਾਂ ਦੇ ਏਜੰਡੇ ਵਿਚ ਨਹੀਂ ਹਨ।

ਲੋਕਾਂ ਨੂੰ ਨੇਮਬੱਧ ਕਰਨਾ ਸਿਸਟਮ ਦਾ ਫਰਜ਼ ਹੁੰਦਾ। ਭਾਵ; 'ਚੋਰ ਬਣਾਉਣਾ ਜਾਂ ਸਾਧ', ਇਹ ਸਿਸਟਮ ਦੇ ਹੱਥ-ਵੱਸ ਹੁੰਦਾ। ਲੋਕਾਂ ਨੂੰ ਜਿਸ ਤਰਜੀਹ 'ਤੇ ਤੋਰਿਆ ਜਾਂਦਾ ਹੈ, ਉਹ ਉਧਰ ਤੁਰ ਪੈਂਦੇ ਹਨ। ਪਿੰਡਾਂ ਨੂੰ ਵੀ ਬਜ਼ਾਰ ਮਗਰ ਨਠਾ ਲਿਆ ਗਿਆ ਹੈ। ਕੀ ਖਾਣਾ ਹੈ, ਕੀ ਪਹਿਨਣਾ ਹੈ ਅਤੇ ਖੇਤਾਂ 'ਚ ਕੀ ਵਰਤਣਾ ਤੇ ਬੀਜਣਾ ਹੈ, ਇਹ ਹੁਣ ਮੀਡੀਆ, ਐਡ ਅਤੇ ਸਰਕਾਰ ਤੇ ਕਾਰਪੋਰੇਟ ਤੈਅ ਕਰਦਾ ਹੈ।'ਸੰਸਾਰ ਵਪਾਰ ਸੰਸਥਾ' ਅਤੇ ਕਾਰਪੋਰੇਟ ਪੱਖੀ ਹਾਕਮ ਧਿਰਾਂ ਤਾਂ ਬੜੀ ਦੇਰ ਤੋਂ ਇਸ ਹਰਕਤ ਵਿਚ ਹਨ ਕਿ ਕਿਵੇਂ ਨਾ ਕਿਵੇਂ ਗਰੀਨ ਬੈਲਟਾਂ ਉਹਨਾਂ ਦੇ ਹੱਥਾਂ ਵਿਚ ਚਲੀਆਂ ਜਾਣ। ਜਿੱਥੇ ਵੱਡੀਆਂ ਮਸ਼ੀਨਾਂ ਕੰਮ ਕਰਨ, ਹਾਈਵੇਜ਼ ਉੱਤੇ ਹਾਈ ਸਪੀਡ ਗੱਡੀਆਂ ਨਿਰਵਿਘਨ ਦੌੜਨ। ਹਾਲ ਦੀ ਘੜੀ, ਮਹਿੰਗੇ ਭਾਅ ਹੀ ਸਹੀ' ਉਹਨੀਂ ਸਾਡੀ ਭੌਂਇ ਹਾਈਵੇਜ਼ਾਂ ਅਤੇ ਰੀਅਲ ਅਸਟੇਟਾਂ ਦੇ ਅਖੌਤੀ ਸੁਪਨਿਆਂ ਹੇਠ ਨੱਪ ਜਾਣੀ ਹੈ। ਉਹ ਕਿਸੇ ਵੀ ਤਰ੍ਹਾਂ ਅਤੇ ਕਿਸੇ ਵੀ ਕੀਮਤ 'ਤੇ ਸਾਡੇ ਖੇਤ ਖੋਹ-ਖ੍ਰੀਦ ਲੈਣਾ ਚਾਹੁੰਦੇ ਹਨ, ਪਰ ਇੰਜ ਮਿਲਿਆ ਮਣਾਂ-ਮੂੰਹੀਂ ਧੰਨ ਬਹੁਤਿਆਂ ਦੀਆਂ ਔਲਾਦਾਂ ਨੇ ਖਰਮਸਤੀਆਂ ਦੇ ਲੇਖੇ ਲਾ ਬੈਠਣਾ ਹੈ। ਦਰਅਸਲ; ਇਸ ਚਲਨ ਹੇਠ ਵੱਟੀ ਗਈ ਇਹ ਰਕਮ ਖਰੀਦੋ-ਫਰੋਖਤ ਤਹਿਤ ਮੁੜ ਧੰਨ-ਕੁਬੇਰਾਂ ਨੇ ਹੀ ਵੱਟ ਲੈਣੀ ਹੈ ਅਤੇ ਅਸੀਂ ਸਦੀਵੀ ਆਮਦਨ ਤੋਂ ਸਦੀਵੀ ਹੱਥ ਧੋ ਬੈਠਣਾ ਹੈ। ਸਿੱਟਾ; ਖੇਤਾਂ ਦੀ ਹੀ ਹਿਜਰਤ ਨਹੀਂ ਹੋਵੇਗੀ, ਸਗੋਂ 'ਪਿੰਡ' ਵੀ ਸ਼ਹਿਰਾਂ ਨੂੰ ਹਿਜਰਤ ਕਰ ਜਾਣਗੇ। ਇਹੀ ਧੰਨ-ਕੁਬੇਰ ਚਾਹੁੰਦੇ ਹਨ। ਮਲਬ; ਕਿਰਸਾਨੀ ਮਾਲਕੀ ਨਾ ਕਰੇ ਕਾਮਾ-ਗਿਰੀ ਕਰੇ। ਜੇ ਇਹੀ ਡਗਰ ਰਹੀ, ਜੇ ਅਸੀਂ ਨਾ ਸੰਭਲੇ ਤਾਂ ਵਾੜ ਲੱਗੇ ਵੱਡੇ-ਵੱਡੇ ਫਾਰਮ-ਹਾਊਸਾਂ ਅਤੇ ਧੜਵੈਲ ਕਾਰਖਾਨਿਆਂ ਵਿਚ ਤਾਅ ਕਿਸਮ ਦੇ ਪੇਂਡੂ, ਦੇਰ-ਸਵੇਰ, ਡੱਬੇ ਲੈ ਕੇ ਉਜਰਤ (ਗੋਲਾਪਨ) ਕਰਨ ਜਾਇਆ ਕਰਨਗੇ। ਉਹਨਾਂ ਦੀ ਇਹ ਮਨਸ਼ਾ ਤਦ ਹੀ ਪੂਰੀ ਹੋ ਸਕਦੀ ਹੈ, ਜੇ ਛੋਟੀ ਖੇਤੀ, ਯਾਨੀ ਪਿੰਡ ਮਰਨ।

ਮੁੱਕਦੀ ਗੱਲ; ਪੰਜਾਬ ਦੇ ਸਾਰੇ ਪਿੰਡ, ਕਦੇ, ਬੁਨਿਆਦੀ ਤੌਰ 'ਤੇ ਉਦੋਂ ਸਵੈ-ਸੰਪੰਨ ਇਕਾਈਆਂ ਸਨ, ਜਿੱਥੇ ਨਿੱਤ ਵਰਤੋਂ ਦੀ ਕਰੀਬ ਹਰ ਵਸਤ ਪੈਦਾ ਕਰ ਲਈ ਜਾਂਦੀ ਸੀ। ਬਹੁਤੇ ਖੇਤੀ ਕਰਦੇ ਜਾਂ ਖੇਤੀ-ਮੁਨੱਸਰ ਹੁੰਦੇ। ਅਰਥਾਤ; ਸਭ ਜਾਤ-ਕਿਸਬ ਸਮੂਹ ਇੱਕ-ਦੂਜੇ 'ਤੇ ਨਿਰਭਰ ਅਤੇ ਇੱਕ-ਦੂਜੇ ਦੇ ਰੁਜ਼ਗਾਰ ਦਾਤੇ ਸਨ। ਹੁਣ; ਭਾਵੇਂ ਕਿਰਤ-ਵਿਰਤ, ਅਤੇ ਕੰਮ-ਧੰਦਿਆਂ ਦਾ ਰੁਖ ਬਦਲ ਗਿਆ ਹੈ ਪਰ ਜੇ ਕਿਰਸਾਨੀ (ਕਿਰਤ+ਇਨਸਾਨ: ਕਿਰਤੀ ਇਨਸਾਨ: ਕਿਰਸਾਨ) ਮਰ ਗਈ, ਤਦ ਪਿੰਡ ਮਰ ਜਾਵੇਗਾ। ਅਰਥਾਤ; ਭਾਰਤ ਦੀ ਸਲਾਮਤੀ ਖੇਤੀ (ਕਿਰਸਾਨੀ) ਵਰਸਸ ਪਿੰਡ ਦੀ ਹੋਣੀ ਨਾਲ ਬੱਝੀ ਹੋਈ ਹੈ। ਸੋ, ਜੇ 'ਖੇਤੀ' ('ਕਿਰਸਾਨੀ') ਮਰ ਗਈ ਤਾਂ ਪਿੰਡ ਮਰ ਜਾਣਗੇ। ਜੇ 'ਪਿੰਡ' ਮਰ ਗਏ, ਤਦ ਭਾਰਤ ਮਰ ਜਾਵੇਗਾ, 'ਭਾਰਤ' ਜੋ ਪਿੰਡਾਂ ਦਾ ਦੇਸ਼ ਹੈ। ਇਹੀ ਉਹ ਗੱਲ ਹੈ, ਜਿਹੜੀ ਹਾਕਮ-ਜਮਾਤਾਂ ਦੇ ਖੋਪੜ ਵਿਚ ਨਹੀਂ ਪੈਂਦੀ।

*ਮੋਬਾ. 94634-39075*

# ਪੈਰ-ਪੈਰ ਮਰਦਾਨਾ ਤੁਰਿਆ, ਕੁਸ਼ ਪਲ ਦੇਖ ਜ਼ਮਾਨਾ ਤੁਰਿਆ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇਂ-40**

**ਸੁਰਜੀਤ ਸੁਮਨ**

'ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ' ਇਹ ਵਾਕ ਅਕਸਰ ਅਸੀਂ ਆਮ ਹੀ ਲੋਕਾਂ ਦੇ ਮੂੰਹੋਂ ਸੁਣਦੇ ਹਾਂ। ਉਂਝ ਇਹ ਵੀ ਕਿੰਨਾ ਸੱਚ ਹੈ ਕਿ ਅਸੀਂ ਗੁਰੂ ਨੂੰ ਮੰਨਦੇ ਹਾਂ, ਪਰ ਗੁਰੂ ਦੀ ਨਹੀਂ ਮੰਨਦੇ। ਅੱਜ ਸਾਰੀ ਦੁਨੀਆਂ ਜਿੱਥੇ ਗੁਰੂ ਬਾਬਾ ਨਾਨਕ ਦਾ 556ਵਾਂ ਜਨਮ ਦਿਨ ਮਨਾ ਰਹੀ ਹੈ। ਇਸੇ ਮਹੀਨੇ ਗੁਰੂ ਤੇਗ ਬਹਾਦਰ ਦਾ ਜਨਮ ਦਿਨ ਮਨਾਉਣ ਲਈ ਸੰਗਤ, ਧਾਰਮਿਕ ਸੰਸਥਾਵਾਂ ਤੇ ਸਰਕਾਰ ਪੱਬਾਂ ਭਾਰ ਹੈ, ਉਸ ਵੇਲ਼ੇ ਮੱਧਕਾਲੀਨ ਭਾਰਤੀ ਸਮਾਜ ਵੱਲ ਪਿਛਾਂਹ ਝਾਤੀ ਮਾਰਦਿਆਂ ਮੈਨੂੰ ਮੇਰੀ ਸਿਮਰਤੀ ਵਿੱਚ ਮਰਦਾਨਾ, ਬਾਬਾ ਨਾਨਕ ਸੰਗ ਤੁਰਿਆ ਆਉਂਦਾ ਦਿਖਾਈ ਦਿੰਦਾ ਹੈ। ਉਹ ਦੋਵੇਂ ਅਕਸਰ ਨਿਆਸਰੇ ਲੋਕਾਂ ਕੋਲ਼ ਜਾਂਦੇ ਹਨ, ਉਨ੍ਹਾਂ ਦਾ ਸੰਗ ਕਰਦੇ ਹਨ। ਬਾਣੀ ਨਾਲ਼ ਉਨ੍ਹਾਂ ਦੇ ਮਾਨਸਿਕ ਕਸ਼ਟ ਦੂਰ ਕਰਨ ਦੀ ਕੋਸ਼ਿਸ਼ ਵਿੱਚ ਹਨ। ਮਰਦਾਨੇ ਦੀ ਰਬਾਬ ਵੱਜ ਰਹੀ ਹੈ ਤੇ ਗੁਰੂ ਨਾਨਕ ਬਾਣੀ ਉਚਾਰਦੇ ਹਨ। ਅਨੇਕਾਂ ਦੁੱਖਾਂ, ਮੁਸੀਬਤ ਦੇ ਝੰਬੇ ਲੋਕ, ਇਸ ਅਲੌਕਿਕ ਰਸ ਨੂੰ ਮਾਣ ਰਹੇ ਹਨ। ਸਰਸ਼ਾਰ ਹੋ ਰਹੇ ਹਨ।

ਸਮਾਜ ਦੇ ਠੇਕੇਦਾਰਾਂ ਵੱਲੋਂ ਜਾਤ-ਪਾਤ ਅਤੇ ਆਰਥਿਕ ਨਾ-ਬਰਾਬਰੀ ਦੇ ਨਾਂ 'ਤੇ ਕੀਤੀਆਂ ਜਾ ਰਹੀਆਂ ਅਣਮਨੁੱਖੀ ਵਧੀਕੀਆਂ ਦੇ ਜ਼ਖ਼ਮਾਂ ਦੇ ਦਰਦ ਨੂੰ ਵਿਸਾਰ, ਇੱਕ ਪਲ ਲਈ ਉਹ ਅਜਿਹੇ ਮਾਹੌਲ ਵਿੱਚ ਨਾਨਕ ਬਾਣੀ ਨੂੰ ਉਂਜਲ਼ ਭਰ ਭਰ ਪੀਣ ਦਾ ਯਤਨ ਕਰਨ ਲਗਦੇ ਹਨ। ਕਿੱਧਰ ਜਾਣ ਇਹ ਲੋਕ? ਇੱਕ ਮਹੱਤਵਪੂਰਨ ਦ੍ਰਿਸ਼ ਹੋਰ - ਗੁਰੂ ਨਾਨਕ, ਭਾਈ ਲਾਲੋ ਕੋਲ਼ ਬੈਠੇ ਹਨ। ਮਲਿਕ ਭਾਗੋ ਵਰਗਿਆਂ ਦੇ ਛੱਤੀ ਪ੍ਰਕਾਰ ਦੇ ਪਕਵਾਨਾਂ ਵਿੱਚੋਂ ਉਨ੍ਹਾਂ ਨੂੰ ਲਹੂ ਚੋਂਦਾ ਦਿਖਾਈ ਦਿੰਦਾ ਹੈ, ਜਦਕਿ ਕਿਰਤੀ ਭਾਈ ਲਾਲੋ ਦੀਆਂ ਸੁੱਕੀਆਂ ਰੋਟੀਆਂ ਵਿੱਚੋਂ ਦੁੱਧ। ਕੀ ਅਜਿਹਾ ਦ੍ਰਿਸ਼ ਹੋਰਾਂ ਨੂੰ ਦਿਖਾਈ ਨਹੀਂ ਸੀ ਦਿੰਦਾ? ਗਹੁ ਨਾਲ਼ ਵਾਚਿਆ ਜਾਵੇ ਤਾਂ ਇਹ ਸਭ ਕੁਝ ਦਿਖਾਈ ਤਾਂ ਸਭ ਨੂੰ ਦਿੰਦਾ ਸੀ ਪਰ ਰਾਜਸੱਤਾ ਨਾਲ਼ ਜੁੜੇ ਲੋਕ ਅਕਸਰ ਘੁੰਨੇ ਹੋ ਜਾਂਦੇ ਹਨ। ਉਨ੍ਹਾਂ ਨੂੰ ਸਿਰਫ ਆਪਣਾ ਆਪ ਹੀ ਦਿਖਾਈ ਦਿੰਦਾ ਹੈ ਜਾਂ ਮਾਇਆ। ਆਪਣਾ ਈ ਨਫਾ-ਨੁਕਸਾਨ। ਮਾਇਆ ਮਗਰ ਲੱਗ ਕੇ ਉਹ ਬੰਦੇ ਨੂੰ ਬੰਦਾ ਸਮਝਣਾ ਬੰਦ ਕਰ ਦਿੰਦੇ ਹਨ।

ਉੱਘੇ ਕਾਂਗਰਸੀ ਨੇਤਾ ਤੇ ਕੇਂਦਰੀ ਮੰਤਰੀ ਰਹੇ ਮਰਹੂਮ ਸ੍ਰ. ਬੂਟਾ ਸਿੰਘ ਬਾਰੇ ਮੌਜੂਦਾ ਕਾਂਗਰਸੀ ਪ੍ਰਧਾਨ ਅਮਰਿੰਦਰ ਸਿੰਘ ਰਾਜ ਵੜਿੰਗ ਦੀਆਂ ਅਲਗਰਜ ਟਿੱਪਣੀਆਂ ਨੇ ਇਸ ਵਰਗ ਦੇ ਲੋਕਾਂ ਦੇ ਮਨਾਂ ਵਿੱਚ ਇੱਕ ਵਾਰ ਫਿਰ ਬੇਗਾਨਗੀ ਦੇ ਬੀਜ ਬੀਜੇ ਹਨ। ਉਨ੍ਹਾਂ ਦਾ ਇੰਝ ਦਾ ਵਰਤਾਓ ਤੇ ਹਾਊਮੈ ਕਿਸ ਸਮਾਜ ਦੀ ਪ੍ਰਤੀਨਿੱਧਤਾ ਕਰਨ ਵੱਲ ਇਸ਼ਾਰਾ ਕਰਦਾ ਹੈ? ਉਂਝ ਬਾਅਦ ਵਿੱਚ ਉਸ ਇਸ ਸਭ ਕਾਸੇ ਦੀ ਮੁਆਫੀ ਮੰਗ ਲਈ ਹੈ, ਪਰ ਕਮਾਨੋਂ ਛੁੱਟਿਆ ਤੀਰ ਤੇ ਜ਼ੁਬਾਨੋਂ ਨਿਕਲ਼ੇ ਬੋਲ ਪਿਛਾਂਹ ਕਦੋਂ ਪਰਤੇ ਹਨ?

ਬਹੁਤੇ ਇਸ ਨੂੰ ਉਸ ਦੀ ਜ਼ੁਬਾਨ ਦਾ ਫਿਸਲਣਾ ਕਹਿ ਕੇ ਪੱਲਾ ਝਾੜ ਰਹੇ ਹਨ। ਕੁਝ ਵੀ ਹੋਵੇ, ਉਸ ਦੇ ਅਜਿਹਾ ਬੋਲਣ ਨਾਲ਼ ਇੱਕ ਵਾਰ ਫਿਰ ਉਤਲਿਆਂ ਦੇ ਥੱਲੜਿਆਂ ਪ੍ਰਤੀ ਮਿਜਾਜ਼ ਦਾ ਤੀਬਰ ਮੁਜ਼ਾਹਰਾ ਹੋਇਆ ਹੈ। ਇਹ ਨਹੀਂ ਜਾਣਦੇ ਕਿ ਉਹ ਏਥੇ ਹੀ ਗੁਰੂ ਬਾਬਾ ਨਾਨਕ ਦੇ ਫਲਸਫੇ ਨੂੰ ਪਲਟਾਉਣ ਦੇ ਦੋਖੀ ਬਣ ਜਾਂਦੇ ਹਨ। ਅਜਿਹੇ ਲੋਕ ਗਾਹੇ-ਬਗਾਹੇ ਜਦੋਂ ਸਮਾਂ ਮਿਲ਼ੇ, ਮਨ ਆਈਆਂ ਕਰ ਜਾਂਦੇ ਹਨ, ਜਿਹੜੀਆਂ ਹਾਸ਼ੀਆਗਤ ਲੋਕਾਂ ਦੇ ਮਨਾਂ ਨੂੰ ਨਸ਼ਤਰ ਨਾਲ਼ ਛਿੱਲ ਜਾਂਦੀਆਂ ਹਨ।

ਮੇਰੀ ਸਿਮਰਤੀ ਵਿੱਚ ਦੋ ਤਿੰਨ ਹੋਰ ਇਤਿਹਾਸਕ ਘਟਨਾਵਾਂ ਜਗੀਆਂ ਹਨ। ਇੱਕ ਦ੍ਰਿਸ਼ - ਇਬਰਾਹੀਮ ਲਿੰਕਨ, ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਂਦੇ ਹਨ। ਪਾਰਲੀਮੈਂਟ ਵਿੱਚ ਜਦੋਂ ਉਹ ਬੋਲ ਰਹੇ ਸਨ, ਤਾਂ ਕਿਸੇ ਚਿੱਟੀ ਚਮੜੀ ਵਾਲ਼ੇ, ਮਨ ਦੇ ਕਾਲ਼ੇ ਨੇ ਕਿਹਾ, 'ਤੇਰਾ ਪਿਓ ਸਾਡੇ ਵਡੇਰਿਆਂ ਦੀਆਂ ਜੁੱਤੀਆਂ ਗੰਢਦਾ ਹੁੰਦਾ ਰਿਹਾ।' ਲਿੰਕਨ ਨੇ ਆਪਣੇ ਬਚਪਨ ਵੇਲ਼ੇ ਲੱਖਾਂ ਦੁਸ਼ਵਾਰੀਆਂ ਝੱਲੀਆਂ ਸਨ, ਪਰ ਹਿੰਮਤ ਨਹੀਂ ਸੀ ਹਾਰੀ। ਸਮਾਜਿਕ ਨਾ-ਬਰਾਬਰੀ ਦੇ ਜ਼ਹਿਰ ਦਾ ਘੁੱਟ ਘੁੱਟ ਭਰ ਕੇ ਪੀਤਾ ਤੇ ਆਪਣੀ ਪੜ੍ਹਾਈ ਜਾਰੀ ਰੱਖੀ। ਹੌਲ਼ੀ ਹੌਲ਼ੀ ਉਸ ਕਾਨੂੰਨ ਦੀ ਡਿਗਰੀ ਹਾਸਲ ਕਰ ਲਈ ਤੇ ਫਿਰ ਆਪਣਾ ਰਾਜਨੀਤਿਕ ਸਫਰ ਅੱਗੇ ਤੋਰਦਿਆਂ ਰਾਸ਼ਟਰਪਤੀ ਬਣੇ। ਉਹ ਪਾਰਲੀਮੈਂਟ ਵਿੱਚ ਖੜ੍ਹੇ ਡੋਲੇ ਨਹੀਂ। ਹੀਣਭਾਵਨਾ ਦਾ ਸ਼ਿਕਾਰ ਨਹੀਂ ਹੋਏ। ਉਨ੍ਹਾਂ ਬਹੁਤ ਹੀ ਆਰਾਮ ਨਾਲ਼ ਉਸ ਭੱਦਰਪੁਰਸ਼ ਨੂੰ ਜਵਾਬ ਦਿੱਤਾ। ਉਸ ਠਰੰਮੇ ਨਾਲ਼ ਕਿਹਾ, 'ਬੇਸ਼ੱਕ ਅੱਜ ਮੈਂ ਜਿਸ ਮੁਕਾਮ 'ਤੇ ਹਾਂ, ਉਹ ਆਪਣੇ ਪਿਤਾ ਦੀ ਬਦੌਲਤ ਹੀ ਹਾਂ। ਉਂਝ ਆਪਣੇ ਪਿਤਾ ਵੱਲੋਂ ਸਿਖਾਏ ਥੋੜ੍ਹੇ-ਬਹੁਤੇ ਕਸਬ ਜ਼ਰੀਏ ਅੱਜ ਵੀ ਤੁਹਾਡੀਆਂ ਜੁੱਤੀਆਂ ਗੰਢ ਸਕਦਾ ਹਾਂ।' ਅਮਰੀਕਨ ਪਾਰਲੀਮੈਂਟ ਵਿੱਚ ਚੁੱਪ ਛਾ ਗਈ। ਇਹ ਹਰ ਕੋਈ ਜਾਣਦਾ ਹੈ ਕਿ ਅਜਿਹੇ ਲੋਕਾਂ ਦੀ ਮਾਨਸਿਕਤਾ ਕਦੀ ਬਦਲ ਨਹੀਂ ਸਕਦੀ। ਸ਼ਾਇਦ ਏਸੇ ਲਈ ਬਾਅਦ ਵਿੱਚ ਉਸ ਦਾ ਕਤਲ ਹੋ ਗਿਆ ਸੀ। ਲਿੰਕਨ ਦਾ ਕਤਲ ਅਜਿਹੇ ਲੋਕਾਂ ਦੀ ਮਾਨਸਿਕਤਾ ਦਾ ਕਾਰਾ ਹੀ ਮੰਨਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਡਾ. ਅੰਬੇਡਕਰ, ਜਿਸ ਨੂੰ ਭਾਰਤੀ ਸੰਵਿਧਾਨ ਦਾ ਨਿਰਮਾਤਾ ਮੰਨਿਆ ਗਿਆ, ਦੇ ਜੀਵਨ ਵੱਲ ਝਾਤ ਮਾਰਦਿਆਂ ਤਤਕਾਲੀ ਸਮਿਆਂ ਨੂੰ ਅੱਜ ਦੇ ਸਮਿਆਂ ਨਾਲ਼ ਮੇਲ਼ ਕੇ ਦੇਖਦਿਆਂ ਜਾਤ-ਪਾਤੀ ਨਫਰਤ ਦੀ ਧੁੰਦ ਛਟਦੀ-ਛਟਦੀ ਫਿਰ ਹੋਰ ਜ਼ਿਆਦਾ ਪਸਰਨ ਲਗਦੀ ਦਿਖਾਈ ਦਿੰਦੀ ਹੈ। ਇਸ ਵੇਲ਼ੇ ਸਾਡੇ ਪਿਆਰੇ ਗ਼ਜ਼ਲਗੋ ਮਰਹੂਮ ਸੁਰਜੀਤ ਸਿੰਘ ਜੀਤ ਦਾ ਸ਼ੇਅਰ ਮੇਰੇ ਚੇਤਿਆਂ ਵਿੱਚ ਘੁੰਮ ਗਿਆ ਹੈ, 'ਕਰ ਗੁਨਾਹ ਤੂੰ ਪਰ ਜ਼ਰਾ ਇਹ ਸੋਚ ਲੈ/ ਹਰ ਗੁਨਾਹ ਹੁੰਦਾ ਨਹੀਂ ਬਖ਼ਸ਼ਣ ਲਈ।'

ਬਾਈ ਦਲੇਰ ਦੇ ਫੋਨ ਦੀ ਘੰਟੀ ਵੱਜੀ ਤਾਂ ਮੇਰੀ ਸੋਚ ਲੜੀ ਟੁੱਟੀ। ਹੁਣ ਉਹ ਬੋਲ ਰਿਹੈ, 'ਛੋਟੇ ਭਾਈ ਜਦੋਂ ਦਿਨ ਮਾੜੇ ਹੋਣ ਨਾ ਤਾਂ ਊਠ 'ਤੇ ਬੈਠੇ ਨੂੰ ਵੀ ਕੁੱਤਾ ਬੁਰਕ ਮਾਰ ਜਾਂਦੈ। ਵੜਿੰਗ ਦੀ ਫਿਸਲਦੀ ਜ਼ੁਬਾਨ ਨੂੰ ਤਾਂ ਵਾਚ ਈ ਲਿਆ ਹੋਣੈ? ਅਜਿਹੇ ਲੋਕ ਕਦੀ ਵੀ ਸਮਾਜਿਕ ਬਰਾਬਰੀ ਦੇ ਹਾਮੀ ਨਹੀਂ ਹੋ ਸਕਦੇ। ਇਹੋ ਜਿਹੇ ਹੀ ਪਿੰਡਾਂ ਵਿੱਚ ਬਾਈਕਾਟ ਕਰਵਾਉਂਦੇ ਹਨ। ਅਜਿਹੇ ਲੋਕ ਭਗਤ ਧੰਨਾ ਜੱਟ ਦੇ ਹਾਮੀ ਕਦੋਂ ਹੋਣਗੇ? ਉਹ ਭਗਤ ਧੰਨਾ ਜੱਟ, ਜਿਹੜਾ ਖ਼ੁਦ ਜ਼ਮੀਨ ਵਾਹੁੰਦਾ ਸੀ, ਬੀਜਦਾ ਸੀ। ਖ਼ੁਦ ਖੂਹ ਗੇੜਦਾ ਤੇ ਪੱਠੇ ਵੱਢ ਕੇ ਪਸ਼ੂਆਂ ਨੂੰ ਪਾਉਂਦਾ ਸੀ। ਮਨੁੱਖ ਦਾ ਕੁਦਰਤੀ ਕਾਲ਼ਾ ਰੰਗ, ਪੱਠੇ ਵੱਢਣ ਦਾ ਕੰਮ ਜਾਂ ਭਾਂਡੇ ਮਾਂਜਣ-ਧੋਣ ਦਾ ਕੰਮ ਮਾੜੇ ਕਦੋਂ ਦੇ ਹੋ ਗਏ ਭਰਾ? ਅੱਧੀ ਤੋਂ ਵੱਧ ਕਿਰਤੀ ਦੁਨੀਆਂ ਪਸ਼ੂਆਂ ਨੂੰ ਹੱਥੀਂ ਪੱਠੇ ਵੱਢ ਕੇ ਪਸ਼ੂ ਧਨ ਰਾਹੀਂ ਦੁੱਧ ਡੇਅਰੀਆਂ ਨੂੰ ਭੇਜਦੀ ਹੈ। ਅਜਿਹੇ ਲੋਕ ਤਾਂ ਬੱਸ ਵੈਲੀ ਜੱਟਾਂ ਦੀ ਨੁਮਾਇੰਦਗੀ ਕਰਦੇ ਦਿਖਾਈ ਦਿੰਦੇ ਹਨ, ਜਿਹੜੇ ਵਿਹਲੜ ਰਹਿ ਕੇ ਲੁੱਟ-ਖਸੁੱਟ ਦੀ ਕਮਾਈ ਨਾਲ਼ ਮਲਿਕ ਭਾਗੋਆਂ ਵਾਂਗ ਐਸ਼ਪ੍ਰਸਤੀ ਵਾਲ਼ਾ ਜੀਵਨ ਜਿਊਂਦੇ ਚੰਗਾ ਖਾਂਦੇ ਤੇ ਮਾੜਾ ਬੋਲਦੇ ਸਾਡੇ ਰਹਿਬਰਾਂ ਦੀਆਂ ਕੀਤੀਆਂ ਕਮਾਈਆਂ ਨੂੰ ਮਿੱਟੀ-ਘੱਟੇ ਰੋਲ਼ਣ ਦੀ ਕੋਸ਼ਿਸ਼ ਕਰਦੇ ਕਰਦੇ ਮੂੰਹ ਦੀ ਖਾਂਦੇ ਹਨ।'

ਮੈਂ ਕੁਝ ਕਹਿਣਾ ਚਾਹੁੰਦਾ ਸੀ, ਪਰ ਮੈਨੂੰ ਉਸ ਬੋਲਣ ਨਾ ਦਿੱਤਾ। ਉਹ ਫਿਰ ਬੋਲਿਆ, 'ਹੋਰ ਸੁਣ ਜੀ-ਟਵੰਟੀ ਦੇ ਮਾਹਿਰਾਂ ਦੀ ਕਮੇਟੀ ਵੱਲੋਂ ਪਿਛਲੇ ਚੌਵੀ-ਪੱਚੀ ਸਾਲਾਂ ਦੇ ਸਮੇਂ ਦਰਮਿਆਨ ਕੀਤੇ ਇੱਕ ਅਧਿਐਨ ਤੋਂ ਪਤਾ ਲੱਗਿਆ ਕਿ ਦੁਨੀਆਂ ਭਰ ਦੀ ਕੁੱਲ ਦੌਲਤ ਦਾ ਅੱਧਾ ਹਿੱਸਾ ਸਭ ਤੋਂ ਅਮੀਰ ਇੱਕ ਪ੍ਰਤੀਸ਼ਤ ਲੋਕਾਂ ਕੋਲ਼ ਚਲਾ ਗਿਆ ਤੇ ਬਾਕੀਆਂ ਕੋਲ਼ ਰਹਿ ਗਿਆ ਠਣ-ਠਣ ਗੋਪਾਲ। ਦੁਨੀਆਂ ਨਾਲ਼ੋਂ ਭਾਰਤ ਦੀ ਤਸਵੀਰ ਵੱਖਰੀ ਨਹੀਂ। ਇੱਥੋਂ ਦਾ ਹਾਲ ਇਸ ਤੋਂ ਵੀ ਮਾੜਾ ਹੈਗਾ। ਇਹ ਸਭ ਅਜਿਹੇ ਕੱਚ-ਘਰੜ ਰਾਜਨੀਤੀਵਾਨਾਂ ਦੀਆਂ ਗ਼ੈਰ-ਸੰਵਿਧਾਨਿਕ ਨੀਤੀਆਂ ਤੇ ਨਾਤਿਆਂ ਦਾ ਹੀ ਫਲ਼ ਹੈ।ਪਤਾ ਨਹੀਂ ਕਿਹੜੇ ਮੂੰਹ ਨਾਲ਼ ਕਹਿੰਦੇ ਨੇ, ਜੀ ਪਿੰਡਾਂ ਵਿੱਚ ਦੋ-ਦੋ, ਤਿੰਨ-ਤਿੰਨ ਗੁਰੂਦੁਆਰੇ ਨਾ ਬਣਾਓ। ਭਾਈ ਜੇ ਤੁਸੀਂ ਬੰਦੇ ਨੂੰ ਬੰਦਾ ਈ ਨਹੀਂ ਸਮਝਣਾ, ਫਿਰ ਉਨ੍ਹਾਂ ਕਿਸੇ ਪਾਸੇ ਤਾਂ ਮਰਨਾ ਈ ਹੋਇਆ।' ਉਹ ਪਤਾ ਨਹੀਂ ਕੀ ਕੀ ਬੋਲਦਾ ਰਿਹਾ। ਮੈਨੂੰ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਫਿਰ ਮੇਰਾ ਸਮੁੱਚਾ ਵਜੂਦ ਮੇਰੇ ਕੰਨ ਹੋ ਜਾਂਦੇ ਹਨ। ਮੈਂ ਆਪਣੇ ਗੀਤ ਵਿੱਚੋਂ ਹੀ ਇਹ ਦ੍ਰਿਸ਼ ਦੇਖਣ ਲਗਦਾ ਹਾਂ।ਗੁਰੂ ਬਾਬਾ ਨਾਨਕ ਤੁਰੇ ਜਾ ਰਹੇ ਹਨ, 'ਪੈਰ ਪੈਰ ਮਰਦਾਨਾ ਤੁਰਿਆ/ ਕੁਸ਼ ਪਲ ਦੇਖ ਜ਼ਮਾਨਾ ਤੁਰਿਆ/ ਭਾਈ ਲਾਲੋ ਨੂੰ ਗਲ਼ ਨਾਲ਼ ਲਾਇਆ/ ਸੱਜਣ ਠੱਗ ਵੀ ਠੱਗੀਉਂ ਮੁੜਿਆ/ ਪਰਬਤ, ਜੰਗਲ਼ਾਂ ਤੋਂ ਸਿੱਧ ਮੋੜੇ/ ਸੁੱਖ ਦੇਵਣ ਪਰਿਵਾਰ ਨੂੰ/ ਲੱਖ ਵਾਰੀ ਸੀਸ ਨਿਵਾਵਾਂ ਬਾਬਾ ਨਾਨਕ ਦੇ ਦਰਬਾਰ ਨੂੰ!'

*ਸੰਪਰਕ : 98144-30874*

# ਪਦਾਰਥਵਾਦੀ ਯੁੱਗ ਦਾ ਬੰਦਾ

**ਦਵਿੰਦਰ ਮੰਡ**

ਬਚਪਨ ਸਮੇਂ ਪਿੰਡ ਵਿੱਚ ਕਿਸੇ ਵਿਆਹ-ਸ਼ਾਦੀ 'ਤੇ ਗਾਇਕ ਆਉਣਾ ਸਾਡੀ ਵੱਖਰੀ ਖੁਸ਼ੀ ਦਾ ਪ੍ਰਤੀਕ ਹੁੰਦਾ ਸੀ। ਬਹੁਤੀ ਵਾਰ ਮੇਰੇ ਪਿੰਡ ਗਾਇਕ ਉਜਾਗਰ ਸਿੰਘ ਮਲੰਗ ਆਉਂਦਾ ਰਿਹਾ। ਉਹਦੇ ਨਾਲ ਆਉਂਦੀ ਬੀਬੀ, ਹਮੇਸ਼ਾ ਇਹ ਗੀਤ ਜ਼ਰੂਰ ਗਾਉਂਦੀ ਸੀ 'ਸੂਰਜ ਲੱਗਦਾ ਮੱਥੇ, ਝੂਠ ਨਾ ਬੋਲੀਂ ਵੇ'। ਇਸੇ ਤਰ੍ਹਾਂ ਇਹ ਗੀਤ ਦੋਗਾਣਾ ਬਣ ਕੇ ਸਾਡੇ ਮਨਾਂ ਵਿੱਚ ਅੱਜ ਵੀ ਬੈਠਾ ਹੋਇਆ ਹੈ। ਮਲੰਗ ਸਾਹਬ ਲੰਬੀ ਬਾਂਹ ਸੂਰਜ ਵੱਲ ਨੂੰ ਕਰਕੇ ਇਹ ਬੋਲ ਬੜੇ ਜਜ਼ਬਾਤੀ ਲਹਿਜ਼ੇ ਵਿੱਚ ਅਕਸਰ ਕਹਿੰਦਾ ਸੀ। ਕਈ ਵਾਰ ਇਸ ਗੀਤ ਤੋਂ ਬਾਅਦ ਮਲੰਗ ਜੀ ਦਰਸ਼ਕਾਂ ਨੂੰ ਸੰਬੋਧਿਤ ਹੁੰਦੇ ਕਹਿੰਦੇ ਸਨ, 'ਬੱਚਿਓ! ਨੌਜਵਾਨੋਂ ਗਰਮ ਗੀਤ ਤਾਂ ਬੇਸ਼ੱਕ ਸੁਣ ਲਓ ਪਰ ਮਨ ਸਾਫ਼ ਰੱਖੋ' ਤੇ ਫਿਰ ਉਹ ਗੱਲਬਾਤ ਲੰਬੀ ਕਰ ਲੈਂਦੇ। ਉਨ੍ਹਾਂ ਦੇ ਵਿਦਵਾਨਾਂ ਵਾਲੇ ਇਹ ਵਿਚਾਰ ਭਾਵੇਂ ਉਨ੍ਹਾਂ ਕਿਤਿਓਂ ਪੜ੍ਹੇ ਸਨ ਅੱਜ ਵੀ ਮੈਨੂੰ ਯਾਦ ਹਨ, 'ਬੱਚਿਓ! ਜੇ ਪੈਸਾ ਗੁਆਚ ਜਾਵੇ ਸਮਝੋ ਮਨੁੱਖ ਦਾ ਕੁਝ ਨਹੀਂ ਗੁਆਚਾ, ਜੇ ਸਿਹਤ ਨੂੰ ਨੁਕਸਾਨ ਪਹੁੰਚਿਆ ਹੈ ਤਾਂ ਤੁਹਾਨੂੰ ਕੁੱਝ ਕੁ ਨੁਕਸਾਨ ਜ਼ਰੂਰ ਹੋਇਆ ਹੈ ਪਰ ਜੇ ਤੁਹਾਡਾ ਚਰਿੱਤਰ ਹੀ ਤਬਾਹ ਹੋ ਗਿਆ ਸਮਝੋ ਸਭ ਕੁਝ ਖ਼ਤਮ ਹੋ ਗਿਆ।'

ਉਨ੍ਹਾਂ ਦਿਨਾਂ ਵਿੱਚ ਗਾਇਕਾਂ ਨੂੰ ਕੋਈ ਬਹੁਤੀ ਇੱਜ਼ਤ ਨਾਲ ਨਹੀਂ ਸੀ ਦੇਖਿਆ ਜਾਂਦਾ ਪਰ ਫਿਰ ਵੀ ਅਜਿਹੇ ਗਾਇਕਾਂ ਕੋਲ ਸਮਝਾਉਣ ਲਈ ਅਨਮੋਲ ਵਿਚਾਰ ਜ਼ਰੂਰ ਸਨ। ਤੇ ਅੱਜ ਪਦਾਰਥਵਾਦੀ ਯੁੱਗ ਵਿੱਚ ਚਰਿੱਤਰ ਦਾ ਬਹੁਤਾ ਰੋਲ ਨਹੀਂ ਰਿਹਾ। ਅੱਜ ਜੇ ਪੈਸੇ ਨੂੰ ਖ਼ੋਰਾ ਲੱਗਦਾ ਹੈ ਤਾਂ ਤੁਹਾਡਾ ਬਹੁਤ ਕੁੱਝ ਗੁਆਚ ਜਾਂਦਾ ਹੈ। ਪੈਸੇ ਦੀ ਦੌੜ ਮਨੁੱਖ ਨੂੰ ਨਿਕੰਮਾ ਤੇ ਕਮੀਨਾ ਬਣਾਈ ਜਾ ਰਹੀ ਹੈ। ਪਿਛਲੇ ਸਾਲਾਂ 'ਚ ਵਾਪਰਿਆ ਮਾਲਟਾ ਕਾਂਡ ਛੇਤੀ ਅਮੀਰ ਹੋਣ ਦਾ ਹੀ ਨਤੀਜਾ ਸੀ। ਅੱਜ ਵੀ ਲੁਕ-ਛਿਪ ਕੇ ਹਜ਼ਾਰਾਂ ਨੌਜਵਾਨ ਜੰਗਲਾਂ ਵਿੱਚੀਂ ਬਦੇਸ਼ਾਂ ਨੂੰ ਜਾ ਰਹੇ ਹਨ। ਇਹ ਸਿਰਫ਼ ਪਦਾਰਥਵਾਦੀ ਯੁੱਗ ਦੀਅ ਨਿਸ਼ਾਨੀਆਂ ਹਨ। ਬਦੇਸ਼ਾਂ ਵਿੱਚੋਂ ਆਉਂਦੇ ਬੰਦਿਆਂ ਦੇ ਗੋਰੇ ਰੰਗ ਅਤੇ ਸੁਹਣੀ ਦਿੱਖ ਸਾਨੂੰ ਕਿਉਂ ਪ੍ਰਭਾਵਿਤ ਕਰਦੀ ਹੈ? ਪਿਛਲੇ ਦਿਨੀਂ ਸਾਡੇ ਪਿੰਡ ਦਾ ਇਕ ਪਰਿਵਾਰ ਕਈ ਸਾਲਾਂ ਬਾਅਦ ਕੈਨੇਡਾ ਤੋਂ ਆਇਆ। ਸਾਰਾ ਪਿੰਡ ਢੁਕਿਆ ਸੀ ਉਨ੍ਹਾਂ ਨੂੰ ਦੇਖਣ ਲਈ। ਇੱਥੋਂ ਤਾਂ ਗਏ ਸਨ ਇਹ। ਇਨ੍ਹਾਂ ਦੇ ਵਡੇਰੇ ਨੇ ਪਿੰਡ 'ਚੋਂ ਆਟਾ ਮੰਗ ਕੇ ਗੁਜ਼ਾਰਾ ਕੀਤਾ ਪਰ ਹੁਣ ਵੱਡੇ ਮੁੰਡੇ ਨੇ ਕੰਨਾਂ 'ਚ ਨੱਤੀਆਂ ਪਾਈਆਂ ਤੇ ਗਿੱਚੀ ਰਗੜ ਕੇ ਚੰਡੀਗੜ ਦੀ ਸੜਕ ਵਰਗੀ ਬਣਾਈ ਹੋਈ। ਲਓ ਦੱਸੋ ਤਾਂ ਭਲਾ। ਇਹ ਤਾਂ ਹੋਈ ਮੇਰੇ ਪਿੰਡ ਦੀ ਗੱਲ। ਜੇ ਇਹੋ ਜਿਹੇ ਪਰਿਵਾਰ ਨੂੰ ਪਿੰਡ ਦੇ ਲੋਕ ਵਹੀਰਾਂ ਘੱਤ ਕੇ ਦੇਖਣ ਗਏ ਹਨ ਤਾਂ ਫਿਰ ਕੀ ਹੋਇਆ? ਸਾਡੇ ਦੇਸ਼ 'ਚ ਦੁਨੀਆਂ ਦਾ ਮਹਾਨ ਬੰਦਾ ਆਇਆ ਸੀ। ਜੇ ਉਹਨੂੰ ਸਾਰਾ ਮੁਲਕ ਅੱਡੀਆਂ ਚੁੱਕ-ਚੁੱਕ ਦੇਖਣ ਲੱਗ ਪਿਆ ਤਾਂ ਮੇਰੇ ਪਿੰਡ ਦੇ ਲੋਕਾਂ ਦਾ ਕੀ ਕਸੂਰ? ਕਿਵੇਂ ਐੱਮ. ਪੀ., ਮਨਿਸਟਰ ਅਗਾਂਹ ਹੋ ਕੇ ਕਲਿੰਟਨ ਨਾਲ ਹੱਥ ਮਿਲਾਉਣ ਲਈ ਉਤਸੁਕ ਸਨ।

ਮੈਨੂੰ ਇੱਥੇ ਫਿਰ ਗਾਇਕ ਉਜਾਗਰ ਸਿੰਘ ਮਲੰਗ ਦੀ ਉਸ ਗੱਲ ਦਾ ਚੇਤਾ ਆਇਆ ਹੈ। ਸਾਡੇ ਨਾਲ ਦੇ ਪਿੰਡਾਂ ਦਾ ਗਾਇਕ ਲਹਿਰੀ ਜੀਹਦੇ ਕੋਲ ਸੁਰ ਨਾਂ ਦੀ ਚੀਜ਼ ਨਹੀਂ ਸੀ, ਉਹਦੇ ਬਾਰੇ ਮਸ਼ਹੂਰ ਸੀ ਕਿ ਉਹ ਤੂੜੀ ਦੀ ਪੰਡ 'ਤੇ ਵੀ ਕਿਸੇ ਦੇ ਘਰ ਗਾਉਣ ਚਲਾ ਜਾਂਦਾ ਹੈ। ਜਦੋਂ ਮਲੰਗ ਸਾਹਿਬ ਪਿੰਡ ਆਉਂਦੇ ਸਨ ਤਾਂ ਲਹਿਰੀ ਉਹਦੇ ਅੱਗੇ-ਪਿੱਛੇ ਲਾਲਾਂ ਸੁੱਟਦਾ ਫਿਰਦਾ। ਕਦੀ ਮਲੰਗ ਨੂੰ ਪਾਣੀ ਦਾ ਗਿਲਾਸ ਪਿਆਉਂਦਾ ਤੇ ਕਦੀ ਉਹਦੇ ਸਾਜਾਂ ਨੂੰ ਸਾਂਭਦਾ ਫਿਰਦਾ। ਸਾਨੂੰ ਨਿਆਣਿਆਂ ਨੂੰ ਬੜਾ ਚਾਅ ਹੁੰਦਾ ਸੀ ਕਿ ਅਸੀਂ ਅੱਗੇ ਹੋ ਕੇ ਮਲੰਗ ਸਾਹਿਬ ਨਾਲ ਹੱਥ ਮਿਲਾਈਏ ਕਿਉਂਕਿ ਫਿਰ ਅਸੀਂ ਨਿਆਣਿਆਂ ਨੇ ਆਪਸ ਵਿੱਚ ਬੈਠ ਕੇ ਇਸ ਮਿਲਾਏ ਹੱਥ ਦੀਆਂ ਗੱਲਾਂ ਕਰਨੀਆਂ ਹੁੰਦੀਆਂ ਸਨ। ਇੰਝ ਹੀ ਮਲੰਗ ਨਾਲ ਹੱਥ ਮਿਲਾਉਂਦਿਆਂ ਜਦੋਂ ਅਸੀਂ ਭੀੜ ਦੀ ਭੀੜ ਨੇ ਅੱਗੇ ਹੋ ਕੇ ਹੱਥ ਅੱਗੇ ਕਰ ਦਿੱਤੇ ਤਾਂ ਮਲੰਗ ਨੱਠ ਕੇ ਸਟੇਜ 'ਤੇ ਜਾ ਚੜ੍ਹਦਾ ਕਹਿਣ ਲੱਗਾ, 'ਬੱਚਿਓ! ਬਾਕੀ ਜਣੇ ਹੱਥ ਲਹਿਰੀ ਨਾਲ ਮਿਲਾ ਲਓ।' ਅਸੀਂ ਬਹੁਤੇ ਮੁੰਡੇ ਨਿਰਾਸ਼ ਹੋਏ ਲਹਿਰੀ ਦੇ ਮੂੰਹ ਵੱਲ ਵੇਖਦੇ ਰਹਿ ਗਏ। ਇਵੇਂ ਹੀ ਬਿਲ ਕਲਿੰਟਨ ਸਾਹਿਬ ਜਦੋਂ ਰਾਜਸਥਾਨ ਦੇ ਪਿੰਡ 'ਚ ਲੋਕਾਂ ਨੂੰ ਮਿਲ ਰਹੇ ਸਨ ਤਾਂ ਔਰਤਾਂ ਵੀ ਉਮੜ-ਉਮੜ ਕਲਿੰਟਨ ਨਾਲ ਹੱਥ ਮਿਲਾ ਰਹੀਆਂ ਸਨ। ਕਈ ਕਲਿੰਟਨ ਦਾ ਹੱਥ ਚੁੰਮਦੀਆਂ ਵੀ ਨਜ਼ਰ ਆਈਆਂ। ਕਲਿੰਟਨ ਸਾਹਿਬ ਨੇ ਭਾਰਤ ਨਾਲ ਜੋ ਗੱਲਾਂ ਕੀਤੀਆਂ ਪਤਾ ਨਹੀਂ ਸੱਚੀਆਂ ਸਨ ਜਾਂ ਝੂਠੀਆਂ। ਉਹਨਾਂ ਨੇ ਕੁੱਝ ਵਾਅਦੇ ਵੀ ਕੀਤੇ ਪਤਾ ਨਹੀਂ ਲਾਰੇ ਹਨ ਜਾਂ ਸੱਚ। ਮੇਰਾ ਬੜਾ ਜੀਅ ਕਰਦਾ ਉਜਾਗਰ ਸਿੰਘ ਮਲੰਗ, ਕਲਿੰਟਨ ਸਾਹਮਣੇ ਆਪਣਾ ਮਕਬੂਲ ਗੀਤ ਗਾਏ 'ਸੂਰਜ ਲੱਗਦਾ ਮੱਥੇ ਝੂਠ ਨਾ ਬੋਲੀਂ ਵੇ।' ਇਵੇਂ ਹੀ ਮੈਨੂੰ ਵਾਰ-ਵਾਰ ਮਲੰਗ ਸਾਹਿਬ ਦੀ ਗੱਲ ਯਾਦ ਆ ਰਹੀ ਹੈ, ਚਰਿੱਤਰ ਗੁਆਚ ਗਿਆ ਤਾਂ ਸਭ ਕੁਝ ਗੁਆਚ ਗਿਆ।' ਕਲਿੰਟਨ ਸਾਹਿਬ ਤਾਂ ਪਦਾਰਥਵਾਦੀ ਯੁੱਗ ਦਾ ਬੰਦੈ। ਉਹਦੇ ਲਈ ਚਰਿੱਤਰ ਗੁਆਚਣ ਦੀ ਗੱਲ ਬਹੁਤੀ ਅਹਿਮੀਅਤ ਨਹੀਂ ਰੱਖਦੀ, ਕਿਉਂਕਿ ਅਸੀਂ ਰਾਹਾਂ 'ਤੇ ਫੁੱਲ ਵਿਛਾ ਕੇ ਉਹਦਾ ਇਸਤੇਕਬਾਲ ਕੀਤਾ ਹੈ। ਜੇ ਨਾਲ ਲਵਿੰਸਕੀ ਹੁੰਦੀ ਸ਼ਾਇਦ ਅੱਜ ਦੇ ਯੁੱਗ ਨੂੰ ਮੱਦੇ-ਨਜ਼ਰ ਰੱਖਦਿਆਂ ਅਸੀਂ ਫੁੱਲਾਂ ਦੀ ਗਿਣਤੀ ਵਧਾ ਦਿੰਦੇ ਪਰ ਜੇ ਉਹ ਯੁੱਗ ਹੁੰਦਾ ਕਦਰਾਂ ਕੀਮਤਾਂ ਵਾਲਾ ਤਾਂ ਉਜਾਗਰ ਸਿੰਘ ਮਲੰਗ ਪੰਜਾਹ ਵਾਰੀ ਸਾਨੂੰ ਜੁਆਕਾਂ ਨੂੰ ਕਹੀ ਜਾਂਦਾ ਕਿ ਬਾਕੀ ਜਣੇ ਹੱਥ ਕਲਿੰਟਨ ਨਾਲ ਮਿਲਾ ਲਓ ਤਾਂ ਅਸੀਂ ਹਰਗਿਜ਼ ਨਹੀਂ ਮਿਲਾਉਣੇ ਸਨ... ਤੂੜੀ ਵਾਲੀ ਪੰਡ ਵਾਲੇ ਗਾਇਕ ਲਹਿਰੀ ਨਾਲ ਤਾਂ ਫਿਰ ਵੀ ਕਿਤੇ-ਕਿਤੇ ਮਿਲਾ ਲੈਂਦੇ ਸਾਂ।

## ਨਾਨਕ ਸਿੰਘ! ਅੱਜ ਤੇਰੀ ਲੋੜ ਹੈ

ਮੇਰਾ ਸੁਭਾਅ ਹੈ, ਕਿਸੇ ਵਿਅਕਤੀ ਦੀ ਮਾਨਸਿਕਤਾ ਨੂੰ ਸਮਝਣ ਲਈ ਮੈਂ ਉਸਦੇ ਸੁਭਾਅ ਅਨੁਸਾਰ ਗੱਲਾਂ ਕਰਨ ਲੱਗ ਜਾਂਦਾ ਹਾਂ। ਅਗਲਾ ਬੰਦਾ ਹੌਲੀ-ਹੌਲੀ ਖੁੱਲ੍ਹਦਾ ਜਾਂਦਾ ਹੈ ਤੇ ਫਿਰ ਜਦੋਂ ਮੈਂ ਉਸ ਦੀ ਅੰਦਰੂਨੀ ਸੋਚ ਦਾ ਵਾਕਫ਼ ਹੋ ਜਾਂਦਾ ਹਾਂ ਤਾਂ ਨਿਰਣਾ ਲੈਂਦਾ ਹਾਂ ਕਿ ਕਿਸ ਬੰਦੇ ਦੀ ਯਾਰੀ ਲਾਹੇਵੰਦ ਰਹੇਗੀ ਜਾਂ ਘਾਟੇ 'ਚ। ਅੱਜ ਤੱਕ ਮੈਂ ਕੁਝ ਕੁ ਵਿਅਕਤੀਆਂ ਜਾਂ ਮਿੱਤਰਾਂ ਦੇ ਨੇੜੇ ਹੋਇਆ ਹਾਂ। ਅੱਜ ਵੀ ਮੇਰਾ ਵਾਹ ਇਕ ਅਜਿਹੇ ਵਿਅਕਤੀ ਨਾਲ ਪੈ ਗਿਆ ਹੈ ਜੋ ਵਿਗਿਆਨ ਦੀ ਪੜ੍ਹਾਈ ਕਰ ਚੁੱਕਾ ਹੈ। ਇਕ ਸਕੂਲ ਵਿੱਚ ਟੀਚਰ ਦੇ ਆਹੁਦੇ 'ਤੇ ਨਿਯੁਕਤ ਹੈ। ਉਹਨੂੰ ਵੀ ਮੈਂ ਅੰਦਰੋਂ ਉਧੇੜਨਾ ਸ਼ੁਰੂ ਕਰ ਲਿਆ ਹੈ। ਮੈਂ ਚੁੱਪ ਹਾਂ। ਉਹਦੀਆਂ ਗੱਲਾਂ ਸੁਣੀ ਜਾ ਰਿਹਾ ਹਾਂ। ਉਸ ਦੀਆਂ ਸਾਰੀਆਂ ਗੱਲਾਂ ਧਾਰਮਿਕ ਪਾਖੰਡ ਉੱਪਰ ਅਧਾਰਿਤ ਹਨ। ਉਹ ਕਰਾਮਾਤਾਂ ਬਾਰੇ ਜ਼ਿਕਰ ਕਰ ਰਿਹਾ ਹੈ। ਮੈਨੂੰ ਨਾਨਕ ਸਿੰਘ ਦੀ ਸਵੈ-ਜੀਵਨੀ ਦਾ ਉਹ ਕਾਂਡ ਚੇਤੇ ਆ ਰਿਹਾ ਹੈ ਜਦੋਂ ਉਹ ਪੰਡਿਤ ਗੰਗਾ ਰਾਮ ਨਾਲ ਡਲਹੌਜ਼ੀ ਦੇ ਨੇੜਲੇ ਪਿੰਡ ਦਾ ਸੰਤ ਬਣ ਕੇ ਸੈਰ ਕਰਦਾ ਹੈ ਭਗਵੇਂ ਕੱਪੜੇ, ਆਪਣੇ ਕੇਸ ਪਿੱਛੇ ਨੂੰ ਵਾਹੇ ਹੋਏ, ਮੱਥੇ 'ਤੇ ਤਿਲਕ, ਪੈਰਾਂ 'ਚ ਖੜਾਵਾਂ ਉਹ ਤੁਰੀ ਜਾ ਰਹੇ ਹਨ। ਗੰਗਾ ਰਾਮ ਉਨ੍ਹਾਂ ਇਲਾਕਿਆਂ ਤੋਂ ਭਲੀ-ਭਾਂਤ ਵਾਕਫ਼ ਹੈ। ਜਿਹੜਾ ਵੀ ਪਿੰਡ ਰਾਹ 'ਚ ਆਉਂਦਾ ਹੈ ਉਹ ਲੋਕਾਂ ਨੂੰ ਉਸ ਸੰਤ ਦੇ ਚਰਨਾਂ 'ਤੇ ਸਿਰ ਝੁਕਾਉਣ ਆਉਂਦੇ ਹਨ। ਗੰਗਾ ਰਾਮ ਖੁਸ਼ ਹੈ ਕਿਉਂਕਿ ਢੇਰ ਸਾਰੀਆਂ ਵਸਤਾਂ, ਪਕਵਾਨ ਸੰਤਾਂ ਦੇ ਚਰਨਾਂ 'ਚ ਪਏ ਹਨ। ਨਾਨਕ ਸਿੰਘ ਅੰਦਰੋਂ ਘਬਰਾ ਰਿਹਾ ਹੈ ਕਿਉਂਕਿ ਉਹਨੂੰ ਡਰ ਹੈ ਕਿਤੇ ਕੋਈ ਉਹਨੂੰ ਪਛਾਣ ਹੀ ਨਾ ਲਏ। ਪਿੰਡਾਂ ਦੇ ਲੋਕ ਅਨਪੜ੍ਹ, ਸਿੱਧੇ-ਸਾਦੇ ਹਨ ਤੇ ਉਨ੍ਹਾਂ ਸੰਤ ਬਣੇ ਨਾਨਕ ਸਿੰਘ ਦੇ ਪ੍ਰਵਚਨ ਵੀ ਸੁਣੇ, ਮੁਰਾਦਾਂ ਵੀ ਮੰਗੀਆਂ। ਨਾਨਕ ਸਿੰਘ ਅੰਦਰੋ-ਅੰਦਰੀ ਇਨ੍ਹਾਂ ਲੋਕਾਂ ਦੀ ਸ਼ਰਧਾ 'ਤੇ ਹੱਸਦਾ ਹੈ। ਟੀਚਰ ਮਿੱਤਰ ਗੰਭੀਰ ਹੋ ਕੇ ਆਪਣੇ ਧਾਰੇ ਹੋਏ ਗੁਰੂ ਬਾਰੇ ਗੱਲਾਂ ਕਰ ਰਿਹਾ ਹੈ। ਉਸ ਦਾ ਗੁਰੂ ਹੁਸ਼ਿਆਰਪੁਰ ਵੱਲ ਦੇ ਇੱਕ ਪਿੰਡ ਦਾ ਹੈ। ਬਹੁਤ ਵੱਡਾ ਉਸਦਾ ਰੈਣ-ਬਸੇਰਾ ਹੈ। ਦੂਰੋਂ-ਦੂਰੋਂ ਸੰਗਤ ਉਹਦੇ ਦਰਸ਼ਨਾਂ ਲਈ ਆਉਂਦੀ ਹੈ।

ਪਿੱਛੇ ਜਿਹੇ ਉਹਦੇ ਬਾਰੇ ਅਖ਼ਬਾਰਾਂ 'ਚ ਬਹੁਤ ਜ਼ਿਕਰ ਛਿੜਿਆ ਸੀ। ਉਹ ਸਾਧ ਸ਼ਰਾਬ ਪੀ ਕੇ ਲੋਕਾਂ ਨੂੰ ਨੰਗੀਆਂ ਗਾਲ੍ਹਾਂ ਕੱਢਦਾ ਹੈ। ਜਦੋਂ ਮੈਂ ਆਏ ਮਿੱਤਰ ਨਾਲ ਇਸ ਸੰਬੰਧ 'ਚ ਗੱਲ ਕੀਤੀ ਤਾਂ ਕਹਿਣ ਲੱਗਾ, "ਭਰਾਵਾ! ਉਹਨੂੰ ਮੰਦਾ ਨਾ ਬੋਲੀਂ, ਉਹਦੀਆਂ ਗਾਲ੍ਹਾਂ ਮਨੁੱਖ ਦੇ ਦੁੱਖ ਕੱਟਦੀਆਂ ਹਨ। ਜਿੰਨੀਆਂ ਗਾਲ੍ਹਾਂ ਕੱਢੂ ਓਨਾਂ ਬੰਦਾ ਸਵਰਗਾਂ ਦੇ ਨੇੜੇ ਜਾਂਦਾ। ਮੈਨੂੰ ਵੀ ਇਕ ਵਾਰ ਉਨ੍ਹਾਂ ਨੇ ਗਾਲ੍ਹ ਕੱਢੀ ਸੀ ਮੈਂ ਤਾਂ ਭਾਗਸ਼ਾਲੀ ਸਮਝਦਾ ਆਪਣੇ ਆਪ ਨੂੰ...।"

ਮੇਰੇ ਚਿਹਰੇ 'ਤੇ ਆਈ ਨਮੋਸ਼ੀ ਦੀ ਝਲਕ ਵੀ ਉਹ ਵਿਅਕਤੀ ਨਾ ਪਕੜ ਸਕਿਆ। ਜਿੰਨੀਆਂ ਕੁ ਉਹਨੇ ਗੱਲਾਂ ਕੀਤੀਆਂ ਮੈਨੂੰ ਮਹਿਸੂਸ ਹੋਇਆ ਹੁਣ ਇਸ ਨਾਲ ਬਿਲਕੁੱਲ ਹੀ ਗੱਲਾਂ ਨਾ ਕੀਤੀਆਂ ਜਾਣ ਪਰ ਉਹ ਤਾਂ ਉਧੜਦਾ ਹੀ ਜਾ ਰਿਹਾ ਸੀ। ਕਹਿਣ ਲੱਗਾ, "ਕਹਿੰਦੇ ਨੇ ਇਕ ਵਾਰ ਪਿੰਡ ਦਾ ਬੰਦਾ ਸ਼ਰਾਬ ਪੀ ਕੇ ਤਲਵਾਰ ਲੈ ਕੇ ਉਸ ਗੁਰੂ ਨੂੰ ਵੱਢਣ ਚਲਾ ਗਿਆ ਪਰ ਉਹ ਤਾਂ ਹੈਰਾਨ ਰਹਿ ਗਿਆ ਜਦੋਂ ਦੇਖਿਆ ਉਹਦੇ ਸਰੀਰ ਦੇ ਟੁਕੜੇ-ਟੁਕੜੇ ਹੋਏ ਕਮਰੇ ਦੀਆਂ ਨੁੱਕਰਾਂ 'ਚ ਪਏ ਸਨ। ਅਗਲੀ ਸਵੇਰ ਉਹ ਬੰਦਾ ਉਨ੍ਹਾਂ ਦਾ ਭਗਤ ਬਣ ਗਿਆ ਅੱਜ ਤੱਕ ਭਗਤ ਬਣੀ ਆ ਰਿਹਾ ਹੈ।" ਤਾਂ ਫੇਰ ਉਹ ਭਗਤ ਸਵਰਗ ਜਾਣਗੇ, "ਮੇਰੇ ਵਿਅੰਗ ਨੂੰ ਉਹਨੇ ਗੰਭੀਰ ਹੀ ਸਮਝਿਆ ਅਤੇ ਕਹਿਣ ਲੱਗਾ, "ਸੌ ਪ੍ਰਤੀਸ਼ਤ"। "ਕੀ ਕਦੀ ਤੇਰੇ ਨਾਲ ਕੋਈ ਘਟਨਾ ਵਾਪਰੀ ਉਨ੍ਹਾਂ ਬਾਬਤ?" ਕਿਉਂ ਨਹੀਂ, ਆਹ ਥੋੜ੍ਹੇ ਦਿਨਾਂ ਦੀ ਗੱਲ ਆ ਸਾਡੀ ਮੱਝ ਜਿਹਦੀ ਰੀੜ੍ਹ ਦੀ ਹੱਡੀ 'ਚ ਨੁਕਸ ਪੈ ਗਿਆ ਸੀ ਬੈਠੀ ਤੋਂ ਉੱਠ ਨਹੀਂ ਸੀ ਹੋ ਰਿਹਾ। ਬੜਾ ਇਲਾਜ ਕਰਵਾਇਆ ਪਰ 'ਰਾਮ ਕਿੱਥੇ, ਬੜਾ ਪੈਸਾ ਲੱਗਾ, ਨਾ ਅਸੀਂ ਉਹਦੇ ਮੌਤ ਦਾ ਟੀਕਾ ਲਗਾ ਸਕਦੇ ਸਾਂ ਕਿਉਂਕਿ ਨਿੱਕੀ ਹੁੰਦੀ ਤਾਂ ਪਾਲ਼ੀ ਸੀ, ਤੈਨੂੰ ਪਤੈ ਪਿਆਰ ਹੋ ਜਾਂਦਾ... ਆਖ਼ਰ ਅਸੀਂ ਉਹਦੇ ਕੋਲ ਬਹਿ ਆਪਣੇ ਉਨ੍ਹਾਂ ਗੁਰੂਆਂ ਨੂੰ ਯਾਦ ਕੀਤਾ ਤੇ ਘੰਟੇ ਬਾਅਦ ਉਹਦੀ ਜਾਨ ਨਿਕਲ ਗਈ।" ਉਹ ਬੜੀ ਗੰਭੀਰ ਸੁਰ ਵਿੱਚ ਕਹਿ ਰਿਹਾ ਸੀ।

"ਗੁਰੂ ਜੀ ਨੇ ਅਰਾਮ ਨਹੀਂ ਦਿੱਤਾ ਮੱਝ ਨੂੰ।" ਮੈਂ ਫਿਰ ਤਨਜ ਨਾਲ ਕਿਹਾ।

"'ਰਾਮ! ਇੰਨਾਂ ਥੋੜ੍ਹਾ ਜਾਨ ਨਿਕਲ ਗਈ।" ਹੁਣ ਉਸ ਅਧਿਆਪਕ ਨੇ ਕੰਨਾਂ ਨੂੰ ਹੱਥ ਲਾ ਲਿਆ।

"ਤਾਂ ਫੇਰ ਤੁਹਾਡਾ ਗੁਰੂ ਜਾਨ ਲੈਣ ਵਿੱਚ ਯਕੀਨ ਰੱਖਦਾ ਹੈ?"

"ਨਹੀਂ... ਦੁਖੀਆਂ ਦੇ ਦੁੱਖ ਕੱਟਦਾ ਭਰਾਵਾ...।"

ਬੱਸ ਇਹ ਹੀ ਨਹੀਂ ਉਸ ਮਿੱਤਰ ਨੇ ਆਪਣੀ ਗੱਲ ਜਾਰੀ ਰੱਖਦਿਆਂ ਫਿਰ ਕਿਹਾ,

"ਭਰਾਵਾ ਹੋਰ ਸੁਣ ਮਹੀਨਾ ਕੁ ਹੋਇਆ ਮੈਨੂੰ ਸੱਪਾਂ ਦੇ ਸੁਪਨੇ ਬਹੁਤ ਆਉਂਦੇ ਸਨ ਮੈਂ ਸੰਤਾਂ ਨੂੰ ਆਪਣੀ ਪ੍ਰਾਬਲਮ ਦੱਸੀ, ਉਨ੍ਹਾਂ ਕਿਹਾ ਚਾਂਦੀ ਦਾ ਸੱਪ ਬਣਾ ਕੇ ਚੜ੍ਹਾ ਦੇ ਇੱਥੇ...। ਮੈਂ ਚੜ੍ਹਾ ਦਿੱਤਾ ਜਾਹ ਤਾਂ ਉਸ ਦਿਨ ਤੋਂ ਬਾਅਦ ਮੈਨੂੰ ਸੱਪਾਂ ਦਾ ਸੁਪਨਾ ਆ ਗਿਆ ਹੋਵੇ।"

"ਕਿੰਨੇ ਕੁ ਦਾ ਸੱਪ ਬਣ ਗਿਆ?"

"ਸਾਢੇ ਤਿੰਨ ਸੌ ਲੱਗਾ।"

"ਇਹੀ ਪੈਹੇ ਆਪਣੇ ਸ਼ਹਿਰ ਦੇ ਯਤੀਮਖ਼ਾਨੇ ਦੇ ਆਉਂਦਾ"

"ਲੈ ਦੱਸ ਭਲਾ ਮੈਂ ਆਪਣੀ ਤਕਲੀਫ਼ ਦੂਰ ਨਹੀਂ ਕਰਨੀ ਤੂੰ ਕਿਹੋ ਜਿਹੀਆਂ ਗੱਲਾਂ ਕਰਦਾਂ...।" ਉਹਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਮੈਂ ਉਸ ਦੇ ਮੂਹਰੇ ਬਹੁਤ ਵੱਡਾ ਮੂਰਖ ਬੈਠਾ ਹੋਵਾਂ...।

ਉਸ ਮਿੱਤਰ ਨੇ ਮੇਰੇ ਨਾਲ ਹੋਰ ਬਹੁਤ ਗੱਲਾਂ ਕਰਨੀਆਂ ਸਨ ਜੇ ਉਹਦਾ ਘਰੋਂ ਫ਼ੋਨ ਨਾ ਆਉਂਦਾ। ਫ਼ੋਨ 'ਤੇ ਉਸ ਬਾਬੇ ਦੇ ਡੇਰੇ ਜਾਣ ਦੀ ਹੀ ਗੱਲ ਸੀ। ਮਿੱਤਰ ਕਾਹਲੀ 'ਚ ਉੱਠਦਾ ਕਹਿਣ ਲੱਗਾ, "ਬਾਕੀ ਫੇ ਦੱਸੂੰ ਗੁਰੂ ਦੀਆਂ ਸ਼ਕਤੀਆਂ, ਹੁਣ ਕਾਹਲੀ ਆ ਮੈਨੂੰ, ਜਾਣਾ ਗੁਰੂ ਦੇ ਚਰਨਾਂ 'ਚ ਬੈਠਣ। ਚਲੀਂ ਕਿਹੇ ਦਿਨ ਤਰ ਜਾਊਂਗਾ ਤਰ...।"

ਉਹਦੇ ਜਾਣ ਬਾਅਦ ਮੈਂ ਸਿਰ ਫੜ ਕੇ ਬਹਿ ਗਿਆ। ਮੈਨੂੰ ਵਾਰ-ਵਾਰ ਉਹ ਸਿੱਧੇ-ਸਾਦੇ, ਅਨਪੜ੍ਹ ਪਹਾੜੀ ਲੋਕ ਯਾਦ ਆ ਰਹੇ ਸਨ, ਜਿਨ੍ਹਾਂ ਬੜੀ ਸ਼ਰਧਾ ਨਾਲ ਨਾਨਕ ਸਿੰਘ ਅੱਗੇ ਸਿਰ ਝੁਕਾਇਆ। ਮੈਨੂੰ ਉਹ ਪਹਾੜੀ ਆਪਣੇ ਇਸ ਪੜ੍ਹੇ-ਲਿਖੇ ਮਿੱਤਰ ਤੋਂ ਬਹੁਤ ਵੱਡੇ ਲੱਗੇ। ਮੈਂ ਅੰਦਰੋ-ਅੰਦਰੀ ਨਾਨਕ ਸਿੰਘ ਨੂੰ ਆਵਾਜ਼ ਦਿੱਤੀ, "ਹੇ ਨਾਨਕ ਸਿੰਘ ਤੂੰ ਸੰਤ ਦਾ ਪਾਖੰਡ ਧਾਰ ਹੀ ਆਜਾ... ਕਿਉਂਕਿ ਤੇਰਾ ਪਾਖੰਡ ਵੀ ਕਾਬਲ-ਏ-ਗ਼ੌਰ ਹੈ।

*Mob. 99145-65255*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

## ਰੰਗਾਂ ਦੀ ਗੁਫ਼ਤਗੂ

(ਕਾਵਿ ਪੁਸਤਕ)
ਮੱਖਣ ਮਾਨ
ਪੰਨੇ : 168, ਮੁੱਲ : 295 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

# ਤਲਖ਼ ਯਥਾਰਥ 'ਚ ਜੀਵਨ ਦੇ ਰੰਗਾਂ ਦਾ ਕਾਵਿ ਕੈਨਵਸ






ਫੋਕਸ

### ਚਰਚਾ ਇਕ ਪੁਸਤਕ ਦੀ

### ਡਾ. ਅਰਵਿੰਦਰ ਕੌਰ ਕਾਕੜਾ

ਅਜੋਕੇ ਸੂਚਨਾ ਤਕਨਾਲੋਜੀ ਦੇ ਦੌਰ ਵਿੱਚ ਜਦ ਸੋਸ਼ਲ ਮੀਡੀਆ ਦੇ ਪ੍ਰਸਾਰ ਤਹਿਤ ਮਾਨਵੀ ਸੰਵੇਦਨਾ ਨੂੰ ਮਨਫੀ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਹਮਲਾ ਹੋ ਰਿਹਾ ਹੈ।ਇਸ ਸਮੇਂ ਦੀ ਮੰਗ ਇਹ ਬਣਦੀ ਹੈ ਕਿ ਮਾਨਵੀ ਸੰਵੇਦਨਾ ਦਾ ਇਜ਼ਹਾਰ ਕਰਦਾ ਮਾਧਿਅਮ ਲੋਕਾਂ ਦੇ ਵੱਧ ਤੋਂ ਵੱਧ ਨੇੜੇ ਹੋਵੇ। ਕਵਿਤਾ ਸਾਹਿਤ ਦੀਆਂ ਬਾਕੀ ਵਿਧਾਵਾਂ ਨਾਲੋਂ ਮਨੁੱਖ ਦੀਆਂ ਸੰਵੇਦਨਾਵਾਂ ਦੇ ਨੇੜੇ ਹੁੰਦੀ ਹੈ।ਇਹ ਸਾਹਿਤ ਦੀ ਉਹ ਵਿਧਾ ਹੈ, ਜੋ ਸਮਾਜ ਦਾ ਪ੍ਰਭਾਵ ਛੇਤੀ ਕਬੂਲਦੀ ਵੀ ਹੈ ਤੇ ਮੁੜ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ।ਇਸ ਉਥਲ-ਪੁਥਲ ਦੇ ਦੌਰ ਵਿੱਚ ਸਮਾਂ ਵੱਧ ਤੋਂ ਵੱਧ ਸੰਵਾਦ ਤੇ ਚਿੰਤਨ ਦੀ ਮੰਗ ਕਰਦਾ ਹੈ।ਸਮੇਂ ਦੀ ਰਮਜ਼ ਪਹਿਚਾਣਦਿਆਂ ਇਸ ਅੰਧਾਧੁੰਦ ਦੌਰ ਵਿੱਚ ਬੇਬਾਕੀ ਨਾਲ ਕਾਵਿ ਸਿਰਜਣਾ ਕਰਨ ਵਾਲੇ ਸ਼ਾਇਰਾਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਵਿੱਚ ਮੱਖਣ ਮਾਨ ਦਾ ਨਾਂਅ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।ਉਸ ਪਾਸ ਡੂੰਘੀ ਸੰਵੇਦਨਾ, ਅਨੁਭਵਾਂ ਦਾ ਅਣਮੁੱਲ ਜ਼ਖੀਰਾ ਅਤੇ ਆਪਣਾ ਕਾਵਿ ਮੁਹਾਂਦਰਾ ਹੈ,ਜਿਸ ਨੂੰ ਛੋਟੇ-ਛੋਟੇ ਕਾਵਿ ਬਿਰਤਾਂਤਾਂ ਰਾਹੀਂ ਪੇਸ਼ ਕਰਨ ਦਾ ਵਲ਼ ਵੀ ਹੈ।ਕਵੀ ਹਰ ਘਟਨਾ 'ਤੇ ਗੰਭੀਰ ਨੀਝ ਰੱਖਦਾ ਹੈ ।ਉਹ ਬਦਲ ਰਹੀ ਜ਼ਿੰਦਗੀ, ਸਮਾਜ ਵਿਚਲੀ ਹਲਚਲ, ਆ ਰਹੇ ਬਦਲਾਅ, ਅਨੈਤਿਕ ਨਿਘਾਰਤਾ ਆਦਿ ਦਾ ਜਾਣੂ ਹੈ। ਇਸੇ ਲਈ ਉਸ ਦੀ ਕਲਮ ਦੇਸ਼-ਸਮਾਜ ਦੇ ਭਖਵੇਂ ਮਸਲਿਆਂ ਦਾ ਨਿਰੰਤਰ ਨੋਟਿਸ ਲੈਂਦੀ ਹੈ।ਉਹ ਸੋਸ਼ਲ ਮੀਡੀਆ 'ਤੇ ਅਕਸਰ ਹੀ ਇਸ ਤਰ੍ਹਾਂ ਦੇ ਵਰਤਾਰੇ ਦੀ ਪ੍ਰਭਾਵਿਕਤਾ ਨੂੰ ਆਪਣੀ ਅੰਤਰ ਦ੍ਰਿਸ਼ਟੀ ਨਾਲ ਵਾਚਦਾ ਹੈ।

ਉਸ ਦੀ ਪਹਿਲੀ ਕਿਤਾਬ ਪੁਸਤਕ 'ਬਿਰਸਾ ਮੁੰਡਾ ਦਾ ਪੁਨਰ ਜਨਮ' ਵਿੱਚੋਂ ਲੰਘਦਿਆਂ ਕਵਿਤਾ ਵਿਚਲੀ ਤੀਖਣਤਾ ਨਜ਼ਰ ਆਈ, ਜੋ ਸ਼ਬਦ ਅੰਦਰਲੇ ਵੇਗ ਨੂੰ ਪੇਸ਼ ਕਰਦੀ ਹੈ।ਮੱਖਣ ਮਾਨ ਸਮਝਦਾ ਹੈ ਕਿ ਆਪਣੀ ਹੋਂਦ ਦੀ ਲੜਾਈ ਲੜਨ ਵਾਲੇ ਲੋਕ ਹਾਲਾਤ ਦੀ ਪੈਦਾਇਸ਼ ਹੁੰਦੇ ਹਨ। ਆਪਣੀ ਕਵਿਤਾ ਵਿਚਲੇ ਅਰਥਾਂ ਨੂੰ ਸੰਚਾਲਿਤ ਕਰਦਿਆਂ ਕਵੀ ਕਰੂਰਤਾ ਪ੍ਰਤੀ ਰੋਸ ਤੇ ਵਿਰੋਧ ਪ੍ਰਗਟਾਉਂਦਾ ਹੈ, ਅਜਿਹਾ ਪ੍ਰਤੀਕਰਮ ਇਸ ਕਵਿਤਾ ਦਾ ਮੁੱਖ ਪ੍ਰੇਰਕ ਵਜੋਂ ਸਾਹਮਣੇ ਆਇਆ ਹੈ।ਇਹ ਕਵਿਤਾ ਆਪਣੇ ਹਿੱਸੇ ਦੀ ਲੜਾਈ ਲੜ ਰਹੇ ਲੋਕਾਂ ਦਾ ਦਰਦ ਹੀ ਨਹੀਂ, ਬਲਕਿ ਉਹਨਾਂ ਅੰਦਰਲੀ ਚੇਤਨਾ ਦਾ ਵੀ ਝਲਕਾਰਾ ਦਿੰਦੀ ਹੈ। ਇੱਥੋਂ ਇਹ ਸਾਬਤ ਹੁੰਦਾ ਹੈ ਕਿ ਮੱਖਣ ਮਾਨ ਦੀ ਵਿਚਾਰਧਾਰਕ ਸੂਝ ਸੰਤਾਪ ਹੰਢਾ ਰਹੀ ਮਾਨਸਿਕਤਾ ਨੂੰ ਸਮਝਦੀ ਹੋਈ ਬਿਰਸਾ ਮੁੰਡਾ ਦੇ ਪੁਨਰਜਨਮ ਲਈ ਉਡੀਕ ਰੱਖਦੀ ਜਾਪਦੀ ਹੈ।ਇਸ ਪਹਿਲੀ ਪੁਸਤਕ ਨੇ ਮੱਖਣ ਮਾਨ ਨੂੰ ਕਾਵਿ ਦਾਇਰੇ ਵਿੱਚ ਖੜ੍ਹਾ ਕੀਤਾ ਹੈ। ਉਸ ਦੀ ਨਵੀਂ ਕਾਵਿ ਪੁਸਤਕ 'ਰੰਗਾਂ ਦੀ ਗੁਫਤਗੂ' ਦੇ ਸਨਮੁੱਖ ਹੁੰਦਿਆਂ ਵੀ ਕਵੀ ਦੇ ਅੰਤਰੀਵ ਭਾਵਾਂ ਅੰਦਰਲੀ ਹਰਕਤ ਇੱਕ ਮੁਕਾਮ ਹਾਸਲ ਕਰਨ ਲਈ ਤੱਤਪਰ ਹੈ।ਇਸ ਜਮਾਤੀ ਸਮਾਜ ਅੰਦਰ ਜਾਤ ਦੀ ਸੰਰਚਨਾ ਵਿਚਲੀਆਂ ਵੰਡੀਆਂ ਦੀ ਕਸ਼ਮਕਸ਼ ਕਈ ਰੂਪਾਂ ਵਿੱਚ ਉਜਾਗਰ ਹੁੰਦੀ ਹੈ। ਸਮਾਜ ਵਿਚਲਾ ਅਸਾਵਾਂਪਣ ਕਵੀ ਨੂੰ ਤੰਗ ਕਰਦਾ ਹੈ, ਇਸੇ ਲਈ ਉਹ ਲੋਕਾਂ ਦੇ ਦਰਦ, ਸੰਤਾਪ, ਅਨਿਆਂ ਅਤੇ ਜ਼ੁਲਮ ਨੂੰ ਕਈ ਕੋਣਾਂ ਤੋਂ ਵਾਚਦਾ ਹੈ। ਇਸ ਮੁਲਕ ਵਿੱਚ ਪਰਤ-ਦਰ-ਪਰਤ ਹਰ ਖੇਤਰ ਅੰਦਰ ਹੁੰਦੇ ਸ਼ੋਸ਼ਣ ਤੇ ਵਿਤਕਰੇ ਨਾਲ ਜੁੜੀਆਂ ਅਨੇਕਾਂ ਘਟਨਾਵਾਂ ਦਿਨ ਪ੍ਰਤੀ ਦਿਨ ਸਾਹਮਣੇ ਆ ਰਹੀਆਂ ਹਨ। ਇਹ ਵਰਤਾਰਾ ਅੱਜ ਦਾ ਨਹੀਂ, ਬਲਕਿ ਸਦੀਆਂ ਤੋਂ ਚਲਦਾ ਆ ਰਿਹਾ। ਪੈਦਾਵਾਰੀ ਸਾਧਨਾਂ 'ਤੇ ਕਾਬਜ਼ ਜਮਾਤ ਕਿਸ ਤਰ੍ਹਾਂ ਸਾਧਨ ਵਿਹੂਣੇ ਲੋਕਾਂ ਨਾਲ ਵਰਤਾਓ ਕਰ ਰਹੀ ਹੈ ਤੇ ਇਹ ਵਿਵਹਾਰ ਕਰੂਰਤਾ ਵਿੱਚ ਉਜਾਗਰ ਹੋ ਰਿਹਾ ਹੈ। ਕਵਿਤਾ ਵਿਚਲਾ ਪਾਤਰ ਇਤਿਹਾਸ ਤੇ ਮਿਥਿਹਾਸ ਦੀਆਂ ਪਰਤਾਂ ਨੂੰ ਫਰੋਲਦਾ ਹੋਇਆ ਸੱਤਾਧਾਰੀ ਜਮਾਤ ਦੀਆਂ ਵਲਗਣਾਂ ਅੰਦਰ ਮਰ ਰਹੇ ਮਨੁੱਖ ਦੇ ਸੁਪਨਿਆਂ ਨੂੰ ਉੱਠਣ ਦੀ ਜਾਗ ਲਗਾਉਂਦਾ ਹੈ। ਇਸ ਕਵਿਤਾ ਦੀ ਪਹਿਲੀ ਧੁਨੀ ਯਥਾਰਥ ਨੂੰ ਪ੍ਰਗਟਾਉਂਦੀ ਹੋਈ ਇਸ ਦੀਆਂ ਕਈ ਤੈਹਾਂ ਖੋਲ੍ਹਦੀ ਹੈ, ਜਿਸ ਵਿੱਚ ਗੁਲਾਮੀਅਤ ਦੀ ਜਕੜ ਵਿੱਚ ਜੀਵਨ ਬਸਰ ਕਰ ਰਹੀ ਲੁਕਾਈ ਦਾ ਇੱਕ ਦਰਦ ਵੀ ਹੈ। ਮਾਨ ਦੀ ਕਵਿਤਾ ਵਿਚਲਾ ਪਾਤਰ ਸੁਪਨੇ ਤੇ ਯਥਾਰਥ ਦੇ ਟਕਰਾਅ ਵਿੱਚੋਂ ਅਜਿਹੀ ਤਰਾਸਦੀ ਦਾ ਵਾਕਫ਼ ਹੈ, ਜੋ ਇਸ ਸਮੇਂ ਦਾ ਸੱਚ ਹੈ। ਆਰਥਿਕ ਤੇ ਸਮਾਜਿਕ ਵਿਚਲੀ ਕਾਣੀ ਵੰਡ ਦਾ ਸੇਕ ਹੰਢਾਉਂਦੀ ਲੁਕਾਈ ਜਦੋਂ ਵੀ ਆਪਣੀ ਹਿੱਸੇਦਾਰੀ ਮੰਗਦੀ ਹੈ ਤਾਂ ਉਸ ਨੂੰ ਹੋਰ ਥੱਲੇ ਸੁੱਟਿਆ ਜਾਂਦਾ ਹੈ। ਕਵਿਤਾ ਇਸ ਸਥਿਤੀ ਦੇ ਮਰਸੀਏ ਗਾਉਂਦੀ ਤੇ ਮਧੋਲੇ ਗਏ ਅਰਮਾਨਾਂ ਦਾ ਦੁੱਖ ਮਹਿਸੂਸਦੀ ਹੈ।

ਕਹਿਣ ਨੂੰ ਤਾਂ ਸਭ ਆਖ ਦਿੰਦੇ ਨੇ
ਨਜ਼ਮ ਮਾਡਰਨ ਹੈ ਦਲੇਰ ਹੈ
ਖੁੱਲ੍ਹੇ, ਨਰੋਏ ਤੇ ਨਵੇਂ ਵਿਚਾਰਾਂ ਵਾਲੀ ਹੈ
ਕੀ ਇਹ ਸਭ ਛਲਾਵਾ ਹੈ
ਜਾਂ ਵਿਖਾਵਾ ਹੈ
ਸੱਚ ਤੇ ਇਹ ਹੈ
ਉਸ ਦੀਆਂ ਚਾਰੋਂ ਦਿਸ਼ਾਵਾਂ 'ਤੇ ਅੱਜ ਵੀ
ਰਾਹੂ ਤੇ ਕੇਤੂ ਜੇਹੀਆਂ ਅਨੇਕ ਧਿਰਾਂ ਦਾ ਕਬਜ਼ਾ ਹੈ
ਉਹ ਤਾਂ ਕਿਤੇ ਵੀ ਨਹੀਂ ਸੀ
ਸਿਵਾਏ ਖਲਾਅ ਦੇ
ਨਜ਼ਮ ਦੇ ਪਰਾਂ 'ਚ ਥੋਹਰ ਉੱਗ ਆਈ ਸੀ
ਉਹ ਜਿੰਨੀ ਵਾਰ ਵੀ ਫੜਫੜਾਈ
ਪਰਾਂ 'ਚੋਂ ਸਿੰਮਦਾ ਲਹੂ
ਹਰ ਯੁੱਗ ਦੀ ਪਰਿਕਰਮਾ ਕਰਦਾ
ਉਸ ਦੀ ਅਣਹੋਣੀ ਦਾ ਮਰਸੀਆ ਗਾ ਰਿਹਾ ਹੁੰਦਾ ਹੈ।

'ਪੁੱਠ ਪੈਰੀਂ ਰੜਕਦਾ ਮਰਸੀਆ' ਕਵਿਤਾ ਰਾਹੀਂ ਰੇਤ ਵਾਂਗ ਖੁਰਦੇ, ਘੁਣ ਵਾਂਗੂ ਭੁਰਦੇ ਅਰਮਾਨ ਤੇ ਮਜਬੂਰੀ ਸੰਗ ਖਹਿੰਦੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਗਿਆ ਹੈ। 'ਕਮਲ਼ਾ ਰਮਲਾ', 'ਸੋ ਦਰ ਕੇਹਾ', 'ਚੁੱਪ ਵਿਚਲਾ ਸ਼ੋਰ ਝੱਲਦਿਆਂ', 'ਮੈਂ ਖ਼ੁਦ ਨੂੰ ਰੱਖ ਕੇ ਭੁੱਲ ਗਿਆ ਹਾਂ', 'ਆਦਿ ਤੋਂ ਜੁਗਾਦਿ', 'ਅੰਬੇਦਕਰ ਕਿੱਥੇ ਹੈ' ਆਦਿ ਕਵਿਤਾਵਾਂ ਰਾਹੀਂ ਕਵੀ ਨੇ ਮਨੁੱਖੀ ਇਤਿਹਾਸ ਦੀ ਕਰੂਰ ਹਕੀਕਤ ਪੇਸ਼ ਕੀਤੀ ਹੈ। ਮੱਖਣ ਮਾਨ ਆਪਣੀ ਕਾਵਿ ਦ੍ਰਿਸ਼ਟੀ ਨਾਲ ਲੁੱਟੀ ਜਾ ਰਹੀ ਸ਼੍ਰੇਣੀ ਦੀ ਮਾਨਸਿਕਤਾ ਨੂੰ ਪਦਾਰਥ ਹਾਲਤਾਂ ਦੇ ਅਨੁਸਾਰ ਵੇਖਦਿਆਂ ਕਾਵਿ ਵਸਤੂ ਨੂੰ ਵਿਵੇਕਤਾ ਨਾਲ ਵਰਣਿਤ ਕਰਦਾ ਹੈ ਤਾਂ ਕਿ ਸੁਆਲਾਂ ਦੇ ਸਨਮੁੱਖ ਹੋ ਕੇ ਅੰਤਿਮ ਸੱਚ 'ਤੇ ਪਹੁੰਚਿਆ ਜਾਵੇ। ਇਸ ਕਵਿਤਾ ਵਿੱਚੋਂ ਭਾਵੁਕਤਾ ਤੇ ਬੌਧਿਕਤਾ ਦੇ ਸੁਮੇਲ ਦਾ ਸੰਤੁਲਨ ਵੇਖਿਆ ਜਾ ਸਕਦਾ ਹੈ। ਕਵੀ ਬਾਹਰਮੁਖੀ ਸਥਿਤੀ ਦੀ ਕਾਵਿ ਅਭੀਵਿਅਕਤੀ ਕਰਦਿਆਂ ਸਮਾਜ ਦੀਆਂ ਜਟਿਲਤਾਵਾਂ ਨੂੰ ਵੀ ਸਮਝਦਾ ਹੈ। ਇਸ ਲਈ ਇਹ ਕਵਿਤਾ ਸੰਕਲਪ ਤੇ ਅਮਲ ਦਾ ਪੱਧਰ ਮਾਪਦੀ ਹੈ। ਕਵਿਤਾ ਵਿਚਲਾ ਪਾਤਰ ਹਾਸ਼ੀਆਗਤ ਵਰਗ ਅੰਦਰ ਜਾਗ ਰਹੀ ਚੇਤਨਾ ਨੂੰ ਵੀ ਅਹਿਸਾਸਦਾ ਹੈ। 'ਮੁਕਤੀ ਦੁਆਰ', 'ਪੈਰਾਂ ਬਿਨ ਪਊਏ!', 'ਪਿੱਠ ਜਾਮਨ ਨਹੀਂ ਹੁੰਦੀ', 'ਕਾਮੇ ਘਰ ਦੇ ਧੀਆਂ ਪੁੱਤ/ਮਾਰਫ਼ਤ ਨਖੱਟੂ ਦੀ ਚੁੱਪ', 'ਬੁੱਧ ਹੋਣ ਤੋਂ ਪਹਿਲਾਂ', 'ਕੁਦਰਤ ਦੇ ਰੰਗਾਂ 'ਚ ਰੰਗੀ ਕੈਨਵਸ', 'ਮੈਂ ਖ਼ੁਦ ਨੂੰ ਰੱਖ ਕੇ ਭੁੱਲ ਗਿਆ ਹਾਂ' ਆਦਿ ਕਵਿਤਾਵਾਂ ਦੇ ਵਿੱਚੋਂ ਨਪੀੜੇ ਜਾ ਰਹੇ ਮਨੁੱਖ ਅੰਦਰ ਪੈਦਾ ਹੋ ਰਹੀ ਪ੍ਰਤੀਰੋਧੀ ਸੁਰ ਦੇ ਸੰਕੇਤਾਂ ਦੀ ਝਲਕ ਕਾਵਿ ਰਾਹੀਂ ਪੇਸ਼ ਹੋਈ ਹੈ। ਅੱਜ ਮੁਲਕ ਅੰਦਰ ਸਥਾਪਤੀ ਵਲੋਂ ਜੋ ਹੱਥਕੰਡੇ ਅਪਣਾਏ ਜਾ ਰਹੇ ਹਨ, ਇਸ ਭਿਅੰਕਰ ਸਥਿਤੀਆਂ ਦੇ ਅੰਸ਼ ਇਸ ਕਵਿਤਾ ਵਿੱਚੋਂ ਝਲਕਦੇ ਹਨ। ਇਹ ਕਵਿਤਾ ਇਤਿਹਾਸ ਨਾਲ ਤੁਰਦੀ ਮਿਥਿਹਾਸ ਦਾ ਸਥਿਤੀ ਅਨੁਸਾਰ ਰੂਪਾਂਤਰਣ ਕਰਦੀ ਹੋਈ ਆਰੀਅਨ ਦੀ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਦ੍ਰਾਵਿੜ ਦੀ ਦਸ਼ਾ ਨੂੰ ਖੋਲ੍ਹਦੀ ਹੈ।ਇਹ ਕਵਿਤਾ ਰਾਵਣ ਹੋਣ ਦਾ ਅਜੋਕੇ ਸੰਦਰਭ ਵਿੱਚ ਵੀ ਅਰਥ ਕਰਦੀ ਜਾਤੀ ਸੰਰਚਨਾ ਨੂੰ ਗਹਿਰਾ ਕਰਨ ਵਾਲੀਆਂ ਜੁਗਤਾਂ 'ਤੇ ਵਾਰ ਕਰਦੀ ਹੈ। ਮੱਧਯੁਗੀ/ਪਿਛਾਖੜੀ ਸੋਚ ਤੇ ਮਨੂੰਵਾਦੀ ਮੁੱਲਾਂ ਨੂੰ ਥੋਪਣ ਵਾਲੀ ਪ੍ਰਵਿਰਤੀ ਜੋ ਅਜੋਕੇ ਸਮਾਜ ਵਿੱਚ ਝਲਕ ਰਹੀ ਹੈ, ਉਸ ਪ੍ਰਤੀ ਇਹ ਕਵਿਤਾ ਸੁਚੇਤ ਹੈ।ਇਹ ਕਵਿਤਾ ਰਾਜਸੀ ਸੁਚੇਤਨਾ ਨੂੰ ਦ੍ਰਿਸ਼ਟਮਾਨ ਕਰਦੀ 'ਰੋਹਿਤ ਵੇਮੂਲਾ ਦਾ ਖ਼ਤ' ਵਰਗੀਆਂ ਰਚਨਾਵਾਂ ਨੂੰ ਸਿਰਜਣ ਦਾ ਦਮ ਰੱਖਦੀ ਹੈ, ਜਿਸ ਵਿੱਚ ਤਿੱਖੀ ਚੋਭ ਆਪਣੀ ਜ਼ਿੰਮੇਵਾਰੀ ਦਾ ਖੁਲਾਸਾ ਕਰਦੀ ਹੈ।

ਮੋਹ ਦੇ ਭਗਤਾਂ ਨੂੰ ਇਹ ਕਿਵੇਂ ਮਨਜ਼ੂਰ ਸੀ
ਕੋਈ ਭੀਲ ਦਾ ਪੁੱਤਰ ਵਿਦਿਅਕ ਸੰਸਥਾਵਾਂ ਅੰਦਰ
ਸਿਆਸਤ ਤੇ ਸਮਾਜਿਕ ਵਿਤਕਰੇ ਦੀ ਗੱਲ ਕਰ
ਉਹ ਆਪਣੇ ਵੇਲਿਆਂ ਦਾ ਸ਼ੰਭੂਕ ਸੀ
ਜਿਸ ਨੇ ਭਗਤੀ ਹੀ ਨਹੀਂ ਕੀਤੀ ਸੀ
ਰਾਜਨੀਤੀ ਦੇ ਅੱਖਰ ਅੱਖਰ ਨੂੰ ਸਮਝਿਆ ਸੀ
ਤੇ ਫਿਰਕਿਆਂ ਦੇ ਉਨ੍ਹਾਂ ਟੋਲਿਆਂ ਨੂੰ ਵੰਗਾਰਿਆ ਸੀ
ਜੋ ਸਮਾਜਿਕ ਵਿਤਕਰਾ ਵੀ ਕਰਦੇ ਹਨ
ਜ਼ਲੀਲ ਵੀ ਕਰਦੇ ਸਨ
ਤੇ ਇੱਕ ਨੇਸ਼ਨ ਦੀ ਗੱਲ ਵੀ ਕਰਦੇ ਸਨ।
ਉਹ ਆਪਣੇ ਵੇਲਿਆਂ ਦਾ ਏਕਲੱਵਯਾ ਸੀ
ਜਿਸ ਨੇ ਆਪਣੇ ਤੀਰਾਂ ਨਾਲ
ਹਾਕਮ ਦੀਆਂ ਅੱਖਾਂ ਹੀ ਨਹੀਂ ਵਿੰਨ੍ਹੀਆਂ ਸਨ

ਅੱਜ ਦੇਸ਼ ਦੀ ਰਾਜਸੀ ਸੱਤਾ ਦਾ ਫਾਸ਼ੀਵਾਦੀ ਹਮਲਾ ਆਪਣੀ ਹੋਂਦ ਤੇ ਆਪਣੇ ਵਿਚਾਰਾਂ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੇ ਲੋਕਾਂ 'ਤੇ ਹੋ ਰਿਹਾ ਹੈ। ਅਜਿਹੇ ਸਮੇਂ ਜਿੱਥੇ ਧਰਾਤਲੀ ਪੱਧਰ 'ਤੇ ਲੜਾਈ ਲੜੀ ਜਾ ਰਹੀ ਹੈ, ਉੱਥੇ ਵਿਚਾਰਧਾਰਕ ਪ੍ਰਤੀਬੱਧ ਕਵਿਤਾ ਅੰਦਰ ਪ੍ਰਤੀਰੋਧੀ ਸੁਰ ਇਸ ਵਰਤਾਰੇ ਪ੍ਰਤੀ ਗੂੰਜ ਰਹੀ ਹੈ।

ਇਹ ਇਸ ਸਮੇਂ ਦੀ ਵਿਡੰਬਨਾ ਹੈ ਕਿ ਘੱਟ ਗਿਣਤੀ ਲੋਕਾਂ 'ਤੇ ਹਮਲੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲ ਕੇ ਸੱਤਾਧਾਰੀ ਜਮਾਤ ਧਰਮਤੰਤਰੀ ਸਟੇਟ ਬਣਾਉਣ ਦੇ ਮਨਸੂਬੇ ਨੂੰ ਪੂਰਾ ਕਰਨਾ ਚਾਹੁੰਦੀ ਹੈ।ਮੁਲਕ ਅੰਦਰ ਇੱਕ ਪਾਸੇ ਕਾਰਪੋਰੇਟੀ ਸ਼ਕਤੀਆਂ ਦੀ ਲੁੱਟ ਦੇ ਨਾਲੋਂ ਨਾਲ ਫਾਸ਼ੀਵਾਦੀ ਸ਼ਕਤੀਸ਼ਾਲੀ ਦਾ ਉਭਾਰ ਵੱਖੋ ਵੱਖਰੇ ਖੇਤਰਾਂ ਵਿੱਚ ਪੈਰ ਪਸਾਰਦਾ ਹੋਇਆ ਦਹਿਸ਼ਤ ਤੇ ਭੈਅ ਪੈਦਾ ਕਰ ਰਿਹਾ ਹੈ। ਕਵਿਤਾ ਦਾ ਇਹ ਪਾਸਾਰ ਧਾਰਮਿਕ ਕੱਟੜਤਾ ਹੇਠ ਘੜੇ ਜਾ ਰਹੇ ਤਰਕਹੀਣ ਬਿੰਬ 'ਤੇ ਉਂਗਲ ਰੱਖਦਾ ਹੈ।ਇਹ ਬਿੰਬ ਸਮਾਜ ਅੰਦਰ ਗੈਰ ਵਿਗਿਆਨਕ ਸੋਚ ਉਭਾਰਦੇ ਬਿਰਤਾਂਤ ਸਿਰਜ ਕੇ ਅੰਧ-ਵਿਸ਼ਵਾਸ ਪੈਦਾ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਤੱਤ ਹਨ।

ਇਸ ਕਵਿਤਾ ਦੀ ਇਹ ਖ਼ੂਬੀ ਉੱਭਰਦੀ ਹੈ ਕਿ ਉਹ ਇਸ ਲੋਕ ਮਾਰੂ ਪ੍ਰਬੰਧ ਬਾਰੇ ਤਰਕਪੂਰਕ ਪੱਖ ਰੱਖਦੀ ਹੈ ।

ਚਿੜੀ ਉੱਡ
ਮੱਖੀ ਉੱਡ
ਗਾਂ ਉੱਡ
ਗਾਂ ਕਿਵੇਂ ਉਡ ਸਕਦੀ ਹੈ ਭਲਾ !
ਗਾਂ ਤਾਂ ਬਹੁਤ ਗੁਣਕਾਰੀ ਹੁੰਦੀ ਆ
ਉਸ ਦਾ ਦੁੱਧ, ਘਿਓ, ਗੋਬਰ, ਮੂਤਰ, ਬਹੁਤ ਲਾਭਕਾਰੀ ਹੁੰਦਾ ।
ਜਦੋਂ ਦੇਵੀ-ਦੇਵਤਿਆਂ ਵਾਂਗ ਪੂਜੀ ਜਾਂਦੀ ਹੈ ਗਾਂ
ਉਦੋਂ ਕਿਤੇ ਸਾਜ਼ਿਸ਼ ਤਹਿਤ
ਧੂੰਏਂ ਵਾਂਗ ਬਹੁਤ ਕੁੱਝ ਉੱਡ ਰਿਹਾ ਹੁੰਦਾ ਹੈ
ਮਸਲਨ
ਮਾਰਕੀਟ ਦੇ ਭਾਅ ਤੇਜ਼ ਕਰਨੇ ਹੋਣ
ਵੋਟ ਨੇ ਕੋਈ ਕ੍ਰਿਸ਼ਮਾ ਕਰਨਾ ਹੋਵੇ
ਕੋਈ ਅੜਿਆ-ਥੁੜਿਆ ਬਿੱਲ ਪਾਸ ਕਰਵਾਉਣਾ ਹੋਵੇ
ਕਿਸੇ ਕਾਂਡ ਨੂੰ ਪੁਨਰ ਸੁਰਜੀਤ ਕਰਨਾ ਹੋਵੇ
ਕਿਸੇ ਕਬੀਲੇ ਨੂੰ ਖ਼ੁਸ਼ ਕਰਨਾ ਹੋਵੇ
ਉਦੋਂ ਗਾਂ ਕਈ ਜਿਉਂਦਿਆਂ ਨੂੰ ਉਡਾ ਕੇ ਲੈ ਜਾਂਦੀ ਹੈ
ਥੇਹ ਦੇ ਥੇਹ ਬਣ ਜਾਂਦੇ ਨੇ ਸ਼ਹਿਰਾਂ ਦੇ ਸ਼ਹਿਰ
ਕਵਿਤਾ ਆਚਰਨ ਭੁੱਲ ਜਾਂਦੀ ਹੈ ਚਿੜੀ ਉੱਡ
ਮੱਖੀ ਉੱਡ
ਗਾਂ.. ਨਖੱਟੂ ਚੁੱਪ ਘੂਰ ਰਿਹਾ ਹੈ..।

ਮੱਖਣ ਮਾਨ ਕੋਲ ਜ਼ਿੰਦਗੀ, ਰਾਹਾਂ ਤੇ ਯਾਦਾਂ ਦੇ ਵੰਨ-ਸੁਵੰਨੇ ਰੰਗ ਹਨ, ਜਿਨ੍ਹਾਂ ਦਾ ਕੈਨਵਸ ਬਣਾਉਣਾ ਤੇ ਸ਼ਬਦਾਂ ਨਾਲ ਇਸ ਦਾਇਰੇ ਨੂੰ ਭਰਦਿਆਂ ਕਈ ਨਿਵੇਕਲੀਆਂ ਛੋਹਾਂ ਨੂੰ ਆਕਾਰਿਤ ਕਰਨ ਦੀ ਮੁਹਾਰਤ ਹੈ। ਉਸ ਕੋਲ ਮੁਹੱਬਤ ਦੇ ਬਹੁ ਰੰਗਾਂ ਵਿੱਚੋਂ ਜ਼ਿੰਦਗੀ ਜਿਊਣ ਦੇ ਰਾਹਾਂ ਨੂੰ ਸਕਾਰਿਤ ਕਰਨ ਦਾ ਜਾਗਦਾ ਸੁਪਨਾ ਹੈ।ਉਸ ਲਈ ਸਿਰਜਣਾ ਮੁਹੱਬਤ ਦਾ ਕੌਲ ਨਿਭਾਉਂਦੀ ਅਜਿਹੇ ਮਨੋਭਾਵਾਂ ਨੂੰ ਸਪੇਸ ਦਿੰਦੀ ਹੋਈ ਜਿਸ ਵਿੱਚੋਂ ਕਵਿਤਾ ਦੀ ਅਚਨਚੇਤ ਦਖ਼ਲਅੰਦਾਜ਼ੀ ਹੁੰਦੀ ਹੈ।ਕਵੀ ਕਵਿਤਾ ਨੂੰ ਪਿਆਰ ਦਾ ਉਹ ਜੁੱਜ਼ ਸਮਝਦਾ ਹੈ, ਜਿਸ ਦੇ ਅਹਿਸਾਸ ਅੰਦਰ ਜੀਵਨ ਦੇ ਅਨੇਕਾਂ ਸੇਡਜ਼ ਪਰਿਕਰਮਾ ਕਰਦੇ ਹਨ। ਇਨ੍ਹਾਂ ਨਾਲ ਗੁਫ਼ਤਗੂ ਕਰਦਾ ਕਵੀ ਬੇਭਰੋਸਗੀ ਦੇ ਮਾਹੌਲ ਵਿੱਚ ਬੋਝਲ ਜ਼ਿੰਦਗੀ ਦੇ ਬੇਲਗਾਮ ਪਲਾਂ ਤੋਂ ਵਿੱਥ ਧਾਰਨ ਕਰਦਾ ਹੈ। ਇਸ ਕਵਿਤਾ ਦੀ ਮੁਹੱਬਤੀ ਧੁਨੀ ਅਤੀਤ ਤੇ ਵਰਤਮਾਨ ਦੇ ਸਨਮੁੱਖ ਹੁੰਦਿਆਂ ਮੁਹੱਬਤੀ ਸੰਵੇਦਨਾ ਨੂੰ ਸਿਰਜ ਰਹੀ ਹੈ । ਉਸ ਲਈ ਪਿਆਰ ਬੰਦੇ ਦੇ ਮਨੋ ਦਵੰਦ ਵਿੱਚੋਂ ਨਹੀਂ ਨਿਕਲਿਆ ਤੇ ਨਾ ਹੀ ਇਹ ਜ਼ਿੰਮੇਵਾਰੀ ਦੇ ਪ੍ਰਪੰਚ ਵਿੱਚ ਗ੍ਰਸਿਆ ਹੋਇਆ ਹੈ। ਮੱਖਣ ਮਾਨ ਦੀਆਂ ਮੁਹੱਬਤ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਵਿੱਚੋਂ ਕਿਸੇ ਕਿਸਮ ਦੀ ਅਸ਼ਲੀਲਤਾ ਹਾਵੀ ਨਹੀਂ ਹੁੰਦੀ, ਬਲਕਿ ਉਹ ਮੁਹੱਬਤ ਕੈਨਵਸ ਵਿੱਚ ਵੀ ਨਿੱਜ ਨੂੰ ਮਾਨਵੀ ਹਿੱਤਾਂ ਵਿੱਚ ਢਾਲਦਾ ਹੋਇਆ ਜੀਵਨ ਦੇ ਗੰਭੀਰ ਵਰਤਾਰਿਆਂ ਨੂੰ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ ।ਉਹ ਉਹਨਾਂ ਪਹਿਲੂਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ, ਜਿਹੜੇ ਕਿ ਮੁਹੱਬਤ ਦੇ ਹਿੱਸੇ ਆਈ ਜ਼ਿੰਦਗੀ ਦੇਣ ਤੋਂ ਇਨਕਾਰੀ ਹਨ। ਉਹ ਮਾਨਵੀ ਮੁਹੱਬਤ ਦਾ ਸਿਰਨਾਵਾਂ ਲਿਖਦਾ ਹੋਇਆ ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਇਸ ਤਰ੍ਹਾਂ ਕਰਦਾ ਹੈ ਕਿ ਜ਼ਿੰਦਗੀ ਦੀਆਂ ਰਮਜ਼ਾਂ ਸਮਝ ਸਕੇ। ਆਪਣੀ ਸਕੂਨਮਈ ਮੰਜ਼ਲ ਨੂੰ ਤਲਾਸ਼ ਕਰਨਾ ਹੀ ਉਸ ਦਾ ਮੁਹੱਬਤ ਦਾ ਪ੍ਰਵਚਨ ਬਣ ਕੇ ਉਭਰਦਾ ਹੈ, ਜੋ ਉਸ ਅੰਦਰ ਮਨੁੱਖ ਹੋਣ ਦਾ ਗੌਰਵ ਪਹਿਚਾਣਦਾ ਹੈ। ਉਸ ਦੀ ਸਿਰਜਣ ਪ੍ਰਕਿਰਿਆ ਦਾ ਇਹ ਖਾਸਾ ਹੈ ਕਿ ਉਹ ਪਿਆਰ ਦੇ ਕੈਨਵਸ ਵਿਚ ਆਕ੍ਰਿਤੀਆਂ, ਬਿੰਬਾਂ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਲੋਹੇ ਦੀਆਂ ਕਮਰ ਪੇਟੀਆਂ

ਤਾਪੀ ਧਰਮਾ ਰਾਓ
ਅਨੁ-ਭਗਵੰਤ ਰਸੂਲਪੁਰੀ
ਪੰਨੇ-64, ਕੀਮਤ-120 ਰੁਪਏ

# ਔਰਤਾਂ 'ਤੇ ਤਸ਼ੱਦਦ ਦੀ ਗਾਥਾ

ਤਾਪੀ ਧਰਮਾ ਰਾਓ ਦੀ ਤੈਲਗੂ ਭਾਸ਼ਾ ਵਿਚ ਲਿਖੀ ਪੁਸਤਕ 'ਇਨਪਕਚਡਾਲ', ਜਿਸ ਦਾ ਪੰਜਾਬੀ ਅਨੁਵਾਦ 'ਲੋਹੇ ਕੀ ਕਮਰ ਪੇਟੀਆਂ' ਭਗਵੰਤ ਰਸੂਲਪੁਰੀ ਨੇ ਕੀਤਾ ਤੇ ਇਸ ਦਾ ਪ੍ਰਕਾਸ਼ਨ ਵ੍ਹਾਈਟ ਕਰੋ ਪਬਲਿਸ਼ਰ ਨੇ ਕੀਤਾ।

ਪੰਜਾਬੀ ਅਨੁਵਾਦ ਦਾ ਸਰੋਤ ਹੈ ਡਾ. ਸੀ. ਵਸੰਤਾ ਦੁਆਰਾ ਲੇਖਕ ਦੱਸਦਾ ਹੈ ਕਿਤੇ-ਕਿਤੇ ਮਰਦਾਂ ਨੇ ਵੀ ਅਜਿਹੇ ਬੰਧਨ ਆਪਣੇ ਉੱਪਰ ਲਾਏ।

ਹਿੰਦੀ ਵਿੱਚ ਅਨੁਵਾਦ ਕੀਤੀ ਤਾਪੀ ਧਰਮਾ ਰਾਓ ਦੀ ਤੈਲਗੂ ਭਾਸ਼ਾ ਵਿਚ ਲਿਖੀ ਉਪਰੋਕਤ ਪੁਸਤਕ।

ਭਾਰਤੀ ਇਤਿਹਾਸ ਵਿੱਚ ਔਰਤਾਂ 'ਤੇ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਤਰ੍ਹਾਂ ਦੇ ਜ਼ੁਲਮ ਹੁੰਦੇ ਰਹੇ। ਇਹਨਾਂ ਜ਼ੁਰਮਾਂ ਨੂੰ ਸਹਾਰਾ ਦੇਣ ਲਈ ਕਿਤੇ ਧਰਮ ਦਾ ਸਹਾਰਾ ਲਿਆ ਗਿਆ, ਕਿਤੇ ਸਮਾਜ ਦਾ ਤੇ ਕਿਤੇ ਨੈਤਿਕ ਕਦਰਾਂ-ਕੀਮਤਾਂ ਦਾ। ਕਮਰ ਪੇਟੀਆਂ ਵੀ ਇਕ ਤਰ੍ਹਾਂ ਨਾਲ 'ਪਵਿੱਤਰ ਬੰਧਨ' ਹੈ। ਹਿੰਦੀ ਅਨੁਵਾਦ ਦੇ ਅਨੁਸਾਰ 'ਲੋਹੇ ਦੀਆਂ ਕਮਰ ਪੇਟੀਆਂ' ਸ਼ਬਦ ਸਮੂਹ ਵਿਚ 'ਪਵਿੱਤਰਤਾ' ਵਾਲਾ ਉਹ ਭਾਵ ਆ ਨਹੀਂ ਸਕਿਆ, ਜਿਹੜਾ ਤੈਲਗੂ ਸ਼ਬਦ 'ਇਨਪਕਚਡਾਲੂ' ਵਿਚ ਸ਼ਾਮਲ ਹੈ। ਪੁਸਤਕ ਵਿੱਚ ਤਾਪੀ ਧਰਮਾ ਰਾਓ ਦੇ ਵਿਸ਼ੇ ਦੀ ਸਮਾਜਿਕ ਅਤੇ ਸੱਭਿਆਚਾਰਕ ਜਾਣ-ਪਛਾਣ ਇਤਿਹਾਸਕ ਪਰਿਪੇਖ ਵਿਚ ਦਿੱਤੀ ਹੈ। ਇਸ ਵਿਚ ਮਰਦ ਤੇ ਨਾਰੀ ਦੇ ਚਰਿੱਤਰ ਤੇ ਟੁੱਟਣ ਵਾਲੇ ਸੰਬੰਧਾਂ ਦੀ ਜਾਣਕਾਰੀ ਵੀ ਮਿਲਦੀ ਹੈ। ਇਹ ਪੁਸਤਕ ਸਮਾਜਿਕ-ਮਨੋਵਿਗਿਆਨ ਨਾਲ ਸੰਬੰਧਤ ਹੈ। ਜਿਸ ਵਿੱਚੋਂ ਮਰਦ ਦੀ ਮਾਨਸਿਕਤਾ ਤੇ ਔਰਤ ਦੀ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ।

ਤਾਪੀ ਧਰਮਾ ਰਾਓ ਦਾ ਜਨਮ 19 ਸਤੰਬਰ, 1887 ਨੂੰ ਹੋਇਆ ਤੇ ਮੌਤ 8 ਮਈ 1973 ਨੂੰ ਹੋਈ। 86 ਸਾਲ ਦੇ ਜੀਵਨ ਵਿਚ ਉਨ੍ਹਾਂ ਨੇ ਅਨੇਕ ਪੁਸਤਕਾਂ ਲਿਖੀਆਂ ।

ਤਾਪੀ ਧਰਮਾ ਰਾਓ ਮੁੱਖ ਰੂਪ ਵਿੱਚ ਪੰਡਿਤ, ਆਲੋਚਕ, ਨਾਟਕਕਾਰ, ਸਮਾਜ ਸੇਵਕ ਰਹੇ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਨਾਲ ਵੀ ਜੁੜੇ ਰਹੇ। ਉਨ੍ਹਾਂ ਦੀਆਂ ਤੈਲਗੂ ਵਿੱਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ।

ਉਸ ਦੀਆਂ ਪੁਸਤਕਾਂ ਵਿਚ ਗਿਆਨ ਤੋਂ ਵਧੇਰੇ ਅਨੁਭਵ ਹੈ ਅਤੇ ਪ੍ਰੰਪਰਾ ਤੋਂ ਵਧੇਰੇ ਵਿਹਾਰਕ ਤੱਥ ਹੈ। ਅਜਿਹੇ ਤੱਥ ਹਨ, ਜਿਨ੍ਹਾਂ ਵੱਲ ਵੇਖ ਕੇ ਵੀ ਲੋਕ ਨਜ਼ਰ-ਅੰਦਾਜ਼ ਕਰ ਜਾਂਦੇ ਸਨ ਅਤੇ ਜਾਣ ਕੇ ਅਣਜਾਣ ਬਣ ਜਾਂਦੇ ਸਨ. ਸੱਚ ਕਹਿਣ ਦੇ ਲਈ ਸਾਹਸ, ਸੰਜਮ, ਆਤਮ ਵਿਸ਼ਵਾਸ ਦੀ ਜ਼ਰੂਰਤ ਹੁੰਦੀ ਹੈ। ਤਾਪੀ ਧਰਮਾ ਰਾਓ ਆਪਣੇ ਇਨ੍ਹਾਂ ਗੁਣਾਂ ਦੇ ਕਾਰਨ ਹੀ ਇਸ ਤਰ੍ਹਾਂ ਦੀਆਂ ਪੁਸਤਕਾਂ ਲਿਖ ਸਕੇ ਹਨ। ਹਥਲੀ ਪੁਸਤਕ 'ਲੋਹੇ ਦੀਆਂ ਕਮਰ ਪੇਟੀਆਂ' ਇਸ ਦਾ ਸਬੂਤ ਹੈ।

ਪੁਸਤਕ ਛੋਟੀ ਹੈ, ਪਰ ਕਾਰਜ ਵੱਡਾ ਹੈ। ਪੁਸਤਕ ਨੂੰ 17 ਭਾਗਾਂ ਵਿਚ ਵੰਡਿਆ ਗਿਆ ਹੈ।

ਪੁਸਤਕ ਵਿਚ ਸਮਾਜ ਕਲਿਆਣ ਦੀ ਭਾਵਨਾ ਹੈ। ਦੇਸ਼-ਵਿਦੇਸ਼ ਦੀ ਸਮੱਗਰੀ ਪੁਸਤਕ ਦੀ ਆਧਾਰ ਸਮੱਗਰੀ ਹੈ।

ਕਮਰ ਪੇਟੀਆਂ ਸਾਡੀ ਪ੍ਰੰਪਰਾ ਵਿੱਚ ਯੌਨ ਸੰਬੰਧਾਂ ਤੇ, ਮਰਦਾਂ ਦਾ ਦਾਬਾ ਅਤੇ ਅਖੌਤੀ ਨੈਤਿਕ ਮਾਨਤਾਵਾਂ ਦੀ ਸੁੱਚਮਤਾ ਅਤੇ ਸਭ ਤੋਂ ਵੱਧ ਪਾਬੰਦੀਆਂ ਦੀ ਪੇਸ਼ਕਾਰੀ ਹੈ। ਇਸ ਪੁਸਤਕ ਵਿੱਚ ਕਮਰ ਪੇਟੀਆਂ ਦੇ ਇਤਿਹਾਸ, ਉਨ੍ਹਾਂ ਦੇ ਸਮਾਜ-ਨੀਤੀ ਸ਼ਾਸਤਰ ਅਤੇ ਵਰਤਮਾਨ ਵਿੱਚ ਉਨ੍ਹਾਂ ਦੇ ਲੋਕ ਪ੍ਰਚੱਲਤ ਸਬੂਤਾਂ ਦਾ ਸਰਲ ਭਾਸ਼ਾ ਵਿੱਚ ਵਰਨਣ ਕੀਤਾ ਗਿਆ ਹੈ। ਲੇਖਕ ਦੱਸਦਾ ਹੈ ਕਿ ਮੂਰੂਗੁਬਿਲਾਵਾਂ (ਇੱਜ਼ਤ ਰੱਖਿਆ ਕਵਚ) ਦੇ ਰੂਪ ਵਿੱਚ ਅੱਜ ਆਂਧਰਾ ਪ੍ਰਦੇਸ਼ ਵਿੱਚ ਜਿਹੜੇ ਹਾਰ-ਸ਼ਿੰਗਾਰ ਦੇ ਗਹਿਣੇ ਪ੍ਰਚੱਲਤ ਹਨ, ਉਹ ਕਮਰ ਪੇਟੀਆਂ ਦਾ ਆਧੁਨਿਕ ਰੂਪ ਦੀ ਇਕ ਝਲਕ ਹੈ। ਪੁਰਾਤੱਤਵ ਸਰਵੇਖਣ ਅਤੇ ਖੁਦਾਈਆਂ ਵਿੱਚੋਂ ਮਿਲੀਆਂ ਕਮਰ ਪੇਟੀਆਂ, ਉਨ੍ਹਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਨਾਲ ਜੁੜੀਆਂ ਮਾਨਤਾਵਾਂ ਦੇ ਸੰਬੰਧ ਵਿੱਚ ਪ੍ਰਮਾਣਿਕ ਰੂਪ ਵਿੱਚ ਜਾਣਕਾਰੀ ਇਸ ਪੁਸਤਕ ਵਿੱਚ ਹੀ ਪਹਿਲੀ ਵਾਰੀ ਮਿਲਦੀ ਹੈ। ਤਾਪੀ ਧਰਮਾ ਰਾਓ ਨੇ ਕੁਝ ਸਰੋਤਾਂ ਤੇ ਹਵਾਲਿਆਂ ਦੇ ਅਧਾਰ 'ਤੇ 'ਲੋਹੇ ਦੀਆਂ ਕਮਰ ਪੇਟੀਆਂ' ਦੇ ਸੰਦਰਭ ਵਿੱਚ ਔਰਤ ਦੀ ਸਮਾਜਿਕ ਸਥਿਤੀ ਤੇ ਬਣਤਰ ਦਾ ਵਰਨਣ ਕੀਤਾ ਏ।




ਔਰਤਾਂ ਦੇ ਅੰਗਾਂ 'ਤੇ ਲੱਗਣ ਵਾਲੀਆਂ ਬੰਦਸ਼ਨੁਮਾ ਪੇਟੀਆਂ ਵਿਚੋਂ ਕਮਰ ਪੇਟੀ ਮਨੁੱਖੀ ਸਭਿਅਤਾ ਦੀ ਪਸ਼ੂ ਬਿਰਤੀ ਦਾ ਬਿੰਬ ਹੈ, ਜਿਸ ਬਾਰੇ ਜਦੋਂ ਅੱਜ ਪੜ੍ਹਦੇ ਹਾਂ ਤਾਂ ਸ਼ਰਮਸਾਰ ਹੋਣਾ ਕੁਦਰਤੀ ਬਣ ਜਾਂਦਾ ਹੈ।

ਔਰਤ ਨੇ ਕਿਹੜੇ-ਕਿਹੜੇ ਪੜਾਅ ਪਾਰ ਕੀਤੇ ਹਨ, ਇਹਨਾਂ ਸ਼ਰਮਨਾਕ ਪੜਾਵਾਂ ਵਿੱਚੋਂ ਇੱਕ ਖਾਸ ਉਹ ਦੌਰ ਹੈ ਜਦੋਂ ਔਰਤਾਂ ਦੇ ਕਮਰ ਪੇਟੀਆਂ ਲਾਈਆਂ ਜਾਂਦੀਆਂ ਸਨ, ਭਾਵੇਂ ਇਹ ਸਾਰੀਆਂ ਔਰਤਾਂ ਦਾ ਵਰਤਾਰਾ ਨਾ ਵੀ ਹੋਵੇ, ਪਰ ਔਰਤਾਂ ਨਾਲ ਅਜਿਹਾ ਭੂਤਕਾਲ ਵਿੱਚ ਵਾਪਰਿਆ ਹੈ। ਅੱਜ ਤੱਕ ਸਤੀ ਪ੍ਰਥਾ, ਬਾਲ ਵਿਆਹ, ਵਿਧਵਾ ਵਿਆਹ, ਬਹੁ ਪਤੀ ਵਿਆਹ, ਦਹੇਜ ਪ੍ਰਥਾ ਤੇ ਜਨਮ ਦੌਰਾਨ ਮਾਰ ਦੇਣ ਵਰਗੀਆਂ ਕੁਰੀਤੀਆਂ ਬਾਰੇ ਤਾਂ ਬਹੁਤ ਕੁਝ ਲਿਖਿਆ ਤੇ ਪੜ੍ਹਿਆ ਗਿਆ, ਪਰ ਕਮਰ ਪੇਟੀਆਂ ਦੀ ਪ੍ਰਥਾ ਬਾਰੇ ਬਹੁਤ ਹੀ ਘੱਟ ਲਿਖਿਆ ਤੇ ਪੜ੍ਹਿਆ ਗਿਆ। ਇਹ ਵੀ ਇਕ ਅਜਿਹੀ ਹੀ ਸਮਾਜਿਕ ਪ੍ਰਥਾ ਸੀ, ਜਿਸ ਦੇ ਵਿਰੁੱਧ ਆਵਾਜ਼ ਉਠਾਈ ਜਾਣੀ ਚਾਹੀਦੀ ਸੀ । ਇਸ ਦਾ ਅਹਿਸਾਸ ਹੁਣ ਹੁੰਦਾ ਹੈ। ਲੋਹੇ ਦੀਆਂ ਕਮਰ ਪੇਟੀਆਂ ਔਰਤ ਨੂੰ ਕਾਬੂ ਤੇ ਆਪਣੇ ਅਧੀਨ ਰੱਖਣ ਵਾਲੇ ਇਕ ਸੰਦ ਦੇ ਰੂਪ ਵਿੱਚ ਇਜ਼ਾਦ ਹੋਈਆਂ । ਸਾਡੇ ਇਤਿਹਾਸਕਾਰਾਂ ਨੇ ਵੀ ਔਰਤ ਦੀ ਸਮਾਜਿਕ ਸਥਿਤੀ ਦੀ ਗੱਲ ਕਰਦਿਆਂ 'ਲੋਹੇ ਦੀਆਂ ਕਮਰ ਪੇਟੀਆਂ' ਸੰਬੰਧੀ ਸਰੋਤਾਂ ਨੂੰ ਲੱਭਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਜਿਸ ਕਾਰਨ ਔਰਤ ਦਮਨ ਦੇ ਇਸ ਚੈਪਟਰ ਵੱਲ ਸਾਡਾ ਕਦੇ ਧਿਆਨ ਹੀ ਨਹੀਂ ਗਿਆ।

ਕਮਰ ਪੇਟੀ ਦਾ ਨਾਂਅ ਸੁਣਦਿਆਂ ਹੀ ਇਹ ਕਿਹੋ ਜਿਹੀ ਵਸਤੂ ਹੈ? ਕਮਰ ਪੇਟੀ ਕਿਉਂ ਬਣਾਈ ਗਈ? ਕਿਸ ਲਈ ਤੇ ਕਿਵੇਂ ਬਣਾਈ ਗਈ? ਇਸ ਦਾ ਨਿਰਮਾਣ ਵਿਧਾਨ ਕੀ ਹੁੰਦਾ ਹੈ? ਇਹ ਕਿੱਥੋਂ ਮਿਲਦੀ ਹੈ? ਆਦਿ ਅਨੇਕ ਸਵਾਲ ਪਾਠਕਾਂ ਦੇ ਮਨ ਵਿਚ ਉੱਠਣੇ ਸੁਭਾਵਿਕ ਹਨ। ਇਸ ਪੁਸਤਕ ਦੀ ਇੱਕ ਪ੍ਰਾਪਤੀ ਅਜਿਹੇ ਸਵਾਲ ਖੜੇ ਕਰਨਾ ਵੀ ਕਹੀ ਜਾ ਸਕਦੀ ਹੈ।

ਔਰਤ ਦਾ ਸਮਾਜਿਕ ਦਮਨ ਸਾਡੇ ਗ੍ਰੰਥਾਂ ਵਿੱਚੋਂ ਵੀ ਮਿਲਦਾ ਏ, ਜਿਨ੍ਹਾਂ ਵਿੱਚ ਔਰਤ ਨੂੰ 'ਪਾਪ ਯੋਨੀ' ਤੱਕ ਕਿਹਾ ਗਿਆ ਹੈ। ਧਰਮ ਨੇ ਵੀ ਵੱਡੇ ਪੱਧਰ 'ਤੇ ਔਰਤ ਨਾਲ ਕੋਈ ਇਨਸਾਫ਼ ਨਹੀਂ ਕੀਤਾ।

ਪੁਸਤਕ ਦੇ ਲੇਖਕ ਨੇ ਇਤਿਹਾਸਕ ਪ੍ਰਦਰਸ਼ਨੀਆਂ ਵਿੱਚੋਂ ਖੋਜ ਕਰਕੇ ਕਮਰ ਪੇਟੀਆਂ ਦੇ ਸੰਬੰਧ ਵਿਚ ਕੁੱਝ ਮਹੱਤਵਪੂਰਨ ਤੱਥ ਲੱਭ ਲਏ ਹਨ। 1940 ਵਿਚ ਉਨ੍ਹਾਂ ਨੇ ਕਮਰ ਪੇਟੀਆਂ ਉੱਤੇ 'ਕਾਗੜਾ' ਨਾਂਅ ਦਾ ਤੈਲਗੂ ਮੈਗਜ਼ੀਨ ਵਿਚ ਲੇਖ ਵੀ ਲਿਖਿਆ ਸੀ। ਜਿਸ ਲੇਖ ਦੇ ਲਿਖੇ ਜਾਣ ਨਾਲ ਇਸ ਖੇਤਰ 'ਤੇ ਅਧਿਐਨ ਕਾਰਜ ਦਾ ਆਰੰਭ ਹੁੰਦਾ ਹੈ।

ਹਿੰਦੀ ਦੇ ਲੇਖਕ ਅੰਮ੍ਰਿਤ ਲਾਲ ਨਾਗਰ ਨੇ ਆਪਣੀ ਰਚਨਾ 'ਜੇਹ ਕੋਠੇਵਾਲੀਆ' 'ਚ ਕਮਰ ਪੇਟੀਆਂ ਦਾ ਜ਼ਿਕਰ ਕੀਤਾ ਹੈ। ਕਈ ਸਾਲ ਪਹਿਲਾਂ 'ਵੂਮੈਨ' ਨਾਂਅ ਦੇ ਵੱਡੇ ਅਕਾਰ ਦੇ ਅਮਰੀਕਨ ਗ੍ਰੰਥ ਵਿਚ ਧਾਤ ਦੀਆਂ ਬਣੀਆਂ ਕਮਰ ਪੇਟੀਆਂ ਦੇ ਫੋਟੋ ਵੇਖੇ ਮਿਲਦੇ ਹਨ, ਜਿਹੜੇ ਯੂਰਪੀ ਸਾਮੰਤੀ ਲੋਕ ਆਪਣੇ ਘਰ ਤੋਂ ਬਾਹਰ

### ਸਾਹਿਤ ਚਿੰਤਨ

### ਡਾ. ਤੇਜਿੰਦਰ ਵਿਰਲੀ

ਜਾਣ ਸਮੇਂ ਆਪਣੀਆਂ ਪਤਨੀਆਂ ਨੂੰ ਪਵਾ ਕੇ ਉਨ੍ਹਾਂ ਨੂੰ ਜਿੰਦਾ ਲਗਾ ਕੇ ਉੱਤੇ ਮੋਹਰ ਲਗਾ ਦਿੰਦੇ ਸਨ। ਜਦੋਂ ਵਾਪਸ ਆਉਂਦੇ ਸਨ ਤੇ ਆਪਣੇ ਹੱਥੀਂ ਉਹ ਜਿੰਦਾ ਖੋਲ੍ਹਦੇ ਸਨ।

ਲੇਖਕ ਦੇ ਅਨੁਸਾਰ ਸਮਾਜ ਦੇ ਮੁੱਖ ਦੋਵੇਂ ਰੂਪ ਮਾਤਾ ਪ੍ਰਧਾਨ ਸਮਾਜ ਤੇ ਪਿਤਾ ਪ੍ਰਧਾਨ ਸਮਾਜ ਵਿੱਚ ਕਮਰ ਪੇਟੀਆਂ ਦੀ ਪ੍ਰਥਾ ਪ੍ਰਚੱਲਤ ਸੀ। ਅੱਜ ਵੀ ਇਹ ਪ੍ਰਥਾ ਕੁੱਝ ਦੇਸ਼ਾਂ ਵਿਚ ਚੱਲ ਰਹੀ ਹੈ। ਉਹ ਇਸ ਗੱਲ ਦਾ ਦਾਅਵਾ ਕਰਦਾ ਹੈ।

ਧਰਮਾ ਰਾਓ ਜੀ ਦਾ ਕਹਿਣਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਲੜਕੀਆਂ ਦੇ ਗੁਪਤ ਅੰਗਾਂ ਉੱਤੇ ਪਾਉਣ ਵਾਲੇ ਗਹਿਣੇ ਕਮਰ ਪੇਟੀਆਂ ਦਾ ਹੀ ਪ੍ਰਤੀਬਿੰਬ ਹਨ। ਇਸ ਮਾੜੀ ਪ੍ਰਥਾ ਨੇ ਮਨੁੱਖ ਦੇ ਆਤਮ ਗੌਰਵ ਨੂੰ ਖੋਹ ਲਿਆ। ਇਸ ਸਮੇਂ ਵਿਚ ਉੱਚੇ ਆਦਰਸ਼ਾਂ ਵਾਲਾ ਮਨੁੱਖ ਅੰਦਰੋਂ ਅੱਜ ਵੀ ਪਸ਼ੂ ਹੈ।

ਕਮਰ ਪੇਟੀਆਂ ਨਾਲ ਸੰਬੰਧਤ ਜਾਣਕਾਰੀ ਅੰਗਰੇਜ਼ੀ ਪੁਸਤਕਾਂ ਵਿੱਚੋਂ ਪ੍ਰਾਪਤ ਹੁੰਦੀ ਹੈ। ਤੈਲਗੂ ਸਾਹਿਤ ਵਿਚ ਕਵੀਆਂ ਵੱਲੋਂ ਇਸ ਦਾ ਜ਼ਿਕਰ ਕੀਤਾ ਗਿਆ ਹੈ। ਹਿੰਦੀ ਅਨੁਵਾਦ ਅਨੁਸਾਰ ਹੋਰ ਭਾਰਤੀ ਭਾਸ਼ਾ ਵਿਚ ਇਸ ਤਰ੍ਹਾਂ ਦੀ ਕੋਈ ਪੁਸਤਕ ਨਹੀਂ ਹੈ ਜਿਸ ਵਿੱਚ ਕਮਰ ਪੇਟੀਆਂ ਬਾਰੇ ਜ਼ਿਕਰ ਹੋਇਆ ਹੋਵੇ। ਸਮਾਜ ਸ਼ਾਸਤਰੀ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਇਸ ਕਰਕੇ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ।

ਲੇਖਕ ਇਕ ਪੋਇੰਜ਼ਰ ਕਮਰ ਪੇਟੀ ਦਾ ਜ਼ਿਕਰ ਕਰਦਿਆਂ ਇਸ ਦਾ ਇਤਿਹਾਸ ਦੱਸਦਾ ਹੈ, ਉਹ ਆਖਦਾ ਹੈ ਕਿ ਪੰਜਾਹ ਸਾਲ ਪਹਿਲਾਂ ਇਹ ਕਮਰ ਪੇਟੀ ਕਿਸੇ ਕਬਰ ਵਿੱਚੋਂ ਮਿਲੀ ਸੀ, ਪ੍ਰੰਤੂ ਕਮਰ ਪੇਟੀ ਨੂੰ ਪਾਉਣ ਵਾਲੀ ਔਰਤ ਦੀ ਮੌਤ ਸੌ ਸਾਲ ਪਹਿਲਾਂ ਹੋਈ ਹੋਵੇਗੀ।

ਕਮਰ ਪੇਟੀਆਂ ਬਾਰੇ ਇਤਿਹਾਸਕ ਖੋਜ ਕਰਦਾ ਲੇਖਕ ਦੱਸਦਾ ਹੈ ਕਿ ਇਹ ਕਮਰ ਪੇਟੀਆਂ ਯੂਰਪ ਦੇ ਦੇਸ਼ਾਂ ਵਿੱਚ ਵੀ ਪ੍ਰਚੱਲਤ ਸਨ।ਸਬੂਤ ਵਜੋਂ ਉਹ ਆਖਦਾ ਹੈ ਇਸ ਦਾ ਪ੍ਰਮਾਣ ਅੱਜ ਵੀ ਕੁੱਝ ਪ੍ਰਦਰਸ਼ਨੀਆਂ ਵਿਚ ਮਿਲਣ ਵਾਲੀਆਂ ਕਮਰ ਪੇਟੀਆਂ ਹਨ।

ਬਿਨਾਂ ਕਿਸੇ ਸੰਦੇਹ ਨਾਲ ਕਿਹਾ ਜਾ ਸਕਦਾ ਹੈ ਕਿ ਪੂਰਬੀ ਦੇਸ਼ਾਂ ਵਿਚ ਕਮਰ ਪੇਟੀਆਂ ਦੀ ਪ੍ਰਥਾ ਪਹਿਲਾਂ ਸੀ। ਕਮਰ ਪੇਟੀਆਂ ਉੱਤੇ ਕੀਤੀ ਗਈ ਮੀਨਾਕਾਰੀ, ਉਨ੍ਹਾਂ ਉੱਤੇ ਦਿਖਾਈ ਦਿੰਦੀ ਕਲਾ ਆਦਿ ਨੂੰ ਵੇਖਣ ਤੋਂ ਬਾਅਦ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਇਹ ਪ੍ਰਥਾ ਪੂਰਬ ਵਿਚ ਬਹੁਤ ਪਹਿਲਾਂ ਸੀ । ਤਿੰਨ ਜਾਂ ਚਾਰ ਸੌ ਸਾਲ ਪਹਿਲਾਂ ਲਿਖੇ ਗਏ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਕਮਰ ਪੇਟੀਆਂ ਦੀ ਪ੍ਰਥਾ ਪੂਰਬ ਤੋਂ ਹੀ ਪੱਛਮ ਵਿਚ ਪਹੁੰਚੀ। ਲੇਖਕ ਅਨੁਸਾਰ ਪੱਛਮ ਵਿਚ ਕਮਰ ਪੇਟੀਆਂ ਦਾ ਨਿਰਮਾਣ ਇਟਲੀ ਦੇ ਪਾਂਡੂਆ (ਰਾਜਾ ਡਿਊਕ) ਕਰਾਰਾ ਨੇ ਪਹਿਲੀ ਵਾਰ ਕੀਤਾ। ਉਸ ਦੀ ਕਮਰ ਪੇਟੀ ਕਰਾਰਾ ਕਮਰ ਪੇਟੀ ਦੇ ਨਾਂਅ ਨਾਲ ਪ੍ਰਸਿੱਧ ਹੈ। ਇਤਾਲਵੀ ਸਿਧਾਂਤ ਅਤੇ ਯੂਰਪੀ ਵਿਚਾਰਾਂ ਦੇ ਅਨੁਸਾਰ ਇਹੀ ਕਿਹਾ ਜਾਂਦਾ ਹੈ ਕਿ ਕਰਾਰਾ ਕਮਰ ਪੇਟੀ ਹੀ ਦੁਨੀਆ ਦੀ ਪਹਿਲੀ ਕਮਰ ਪੇਟੀ ਹੈ ਕਿਉਂਕਿ ਇਸ ਤੋਂ ਪਹਿਲਾਂ ਕਿਸੇ ਨੇ ਅਜਿਹੀ ਵਸਤੂ ਨਹੀਂ ਵੇਖੀ ਸੀ । ਕਰਾਰਾ ਬਹੁਤ ਹੀ ਜ਼ਾਲਮ ਮਨੁੱਖ ਸੀ, ਇਸ ਲਈ ਸੰਭਵ ਹੈ ਕਿ ਉਸ ਨੇ ਕਮਰ ਪੇਟੀ ਦਾ ਨਿਰਮਾਣ ਕੀਤਾ ਹੋਵੇ।

ਕਰਾਰਾ ਦੂਜਿਆਂ ਨੂੰ ਸਤਾਉਣ ਦੇ ਲਈ ਨਵੇਂ-ਨਵੇਂ ਸਾਧਨਾਂ ਦੀ ਵਰਤੋਂ ਕਰਦਾ ਰਹਿੰਦਾ ਸੀ। ਪਰਾਈਆਂ ਔਰਤਾਂ ਨੂੰ ਕਾਬੂ ਕਰਨ ਅਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਸਤਾਉਣ ਦੇ ਲਈ ਅਨੇਕ ਤਰ੍ਹਾਂ ਦੇ ਅਜੀਬ ਸਾਧਨਾਂ ਦੀ ਵਰਤੋਂ ਵੀ ਉਹ ਕਰਦਾ ਸੀ। ਉਸ ਦੇ ਸੰਪਰਕ ਵਿਚ ਜਿੰਨੀਆਂ ਵੀ ਔਰਤਾਂ ਆਉਂਦੀਆਂ, ਉਹ ਉਨ੍ਹਾਂ ਸਾਰੀਆਂ ਨੂੰ ਉਹ ਕਮਰ ਪੇਟੀਆਂ ਪਵਾ ਦਿੰਦਾ ਸੀ ਤਾਂ ਕਿ ਕੋਈ ਵੀ ਔਰਤ ਗੈਰ ਮਰਦ ਨਾਲ ਸਰੀਰਕ ਸੰਬੰਧ ਨਾ ਬਣਾ ਸਕੇ।

ਲੇਖਕ ਦਾ ਮੱਤ ਹੈ ਕਿ ਕਰਾਰਾ ਨੇ ਸਭ ਤੋਂ ਪਹਿਲਾਂ ਕਮਰ ਪੇਟੀ ਨਹੀਂ ਬਣਵਾਈ। ਕਮਰ ਪੇਟੀ ਦੀ ਪ੍ਰਥਾ ਉਹ ਪੂਰਬ ਤੋਂ ਹੀ ਲੈ ਕੇ ਆਇਆ । ਪੱਛਮ ਦੇ ਲੋਕਾਂ ਨੇ ਇਹ ਕਮਰ ਪੇਟੀ ਭਾਵੇਂ ਕਰਾਰਾ ਦੇ ਰਾਹੀਂ ਹੀ ਦੇਖੀ।ਉਹ ਅਮੀਰ ਆਦਮੀ ਸੀ, ਉਹ ਦੁਨੀਆ ਭਰ ਦੇ ਦੇਸ਼ਾਂ ਵਿੱਚ ਸੈਰ ਕਰਨ ਜਾਂਦਾ ਸੀ।ਇਸ ਲਈ ਪੈਸੇ ਖਰਚ ਕਰਕੇ ਉਸ ਨੇ ਇਨ੍ਹਾਂ ਕਮਰ ਪੇਟੀਆਂ ਦਾ ਨਿਰਮਾਣ ਕਰਵਾਇਆ ਹੋਵੇਗਾ।

ਕਮਰ ਪੇਟੀ ਪਹਿਲਾਂ ਪੂਰਬ ਵਿੱਚ ਬਣੀ ਜਾਂ ਪੱਛਮ ਵਿੱਚ, ਸਾਡੇ ਲਈ ਮੁੱਖ ਮੁੱਦਾ ਇਹ ਨਹੀਂ ਸਾਡੇ ਲਈ ਮੁੱਖ ਮੁੱਦਾ ਇਹ ਹੈ ਕਿ ਇਹ ਸ਼ਰਮਨਾਕ ਕਰਮ ਪੇਟੀਆਂ ਮਰਦ ਨੇ ਔਰਤ ਨੂੰ ਆਪਣੇ ਅਧੀਨ ਰੱਖਣ ਦੀ ਮਾਨਸਿਕਤਾ ਵਿੱਚੋਂ ਪੈਦਾ ਕੀਤੀਆਂ ਤੇ ਇਹ ਕਮਜ਼ੋਰ ਮਰਦ ਦੀ ਔਰਤ ਤੇ ਗੁਲਾਮੀ ਦਾ ਪ੍ਰਤੀਕ ਹਨ।

13ਵੀਂ ਸਦੀ ਵਿਚ ਜਦੋਂ ਕਰੂਸੈਡ ਜੰਗ ਹੋਈ ਸੀ ਉਸੇ ਸਮੇਂ ਯੂਰਪੀਅਨ ਯੋਧੇ ਪੂਰਬ ਦੇ ਦੇਸ਼ਾਂ ਵਿਚ ਆਏ। ਯੇਰੂਸ਼ਲਮ ਦੇ ਲਈ ਇਸਾਈ, ਤੁਰਕ ਅਤੇ ਅਰਬੀਆਂ ਨੇ ਯੁੱਧ ਕੀਤਾ। ਉਸ ਸਮੇਂ ਸਾਡੇ ਦੇਸ਼ ਵਿਚ ਕਮਰ ਪੇਟੀਆਂ ਦੀ ਪ੍ਰਥਾ ਪ੍ਰਚੱਲਤ ਸੀ।ਕਰੂਸੈਡ ਯੁੱਧ ਵਿਚ ਆਪਣੀਆਂ ਪਤਨੀਆਂ ਤੋਂ ਦੂਰ ਪਹੁੰਚੇ ਲੜਾਕੂਆਂ ਨੂੰ ਇਹ ਕਮਰ ਪੇਟੀਆਂ ਚੰਗੀਆਂ ਲੱਗੀਆਂ ।

ਇਹ ਕਮਰ ਪੇਟੀਆਂ ਉਹਨਾਂ ਲੋਕਾਂ ਲਈ ਖਿੱਚ ਦਾ ਕੇਂਦਰ ਬਣੀਆਂ, ਜਿਹੜੇ ਅਕਸਰ ਆਪਣੀਆਂ ਪ੍ਰੇਮਕਾਵਾਂ ਅਤੇ ਪਤਨੀਆਂ ਨੂੰ ਛੱਡ ਕੇ ਦੂਰ ਦੇਸ਼ ਜਾਇਆ ਕਰਦੇ ਸਨ, ਇਸ ਲਈ ਆਪਣੀਆਂ ਔਰਤਾਂ ਦੇ ਲਈ ਕਮਰ ਪੇਟੀਆਂ ਉਹ ਇਥੋਂ ਲੈ ਜਾਇਆ ਕਰਦੇ ਸਨ ।

ਇਟਲੀ, ਜਰਮਨ, ਫ੍ਰਾਂਸ, ਸਪੇਨ ਆਦਿ ਦੇਸ਼ਾਂ ਦੇ ਗ੍ਰੰਥਾਂ ਵਿਚੋਂ ਮਿਲਦੇ ਸਰੋਤਾਂ ਦੇ ਅਧਾਰ ਉੱਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪ੍ਰਥਾ ਵੱਡੀ ਪੱਧਰ ਉੱਤੇ ਵੀ ਪ੍ਰਚੱਲਤ ਸੀ।

ਫ਼ਰਾਂਸ ਵਿਚ ਮੋਦੇਨਾ ਰਾਜਕੁਮਾਰ ਨੇ ਆਪਣੀ ਪਤਨੀ ਮੇਡਮਾਸ਼ਲ ਸ਼ਿਵਲਾਅ ਨੂੰ ਕਮਰ ਪੇਟੀ ਲਗਾਈ ਸੀ। ਰਾਜ ਕੁਮਾਰ ਸਨਕੀ ਵਿਅਕਤੀ ਸੀ । ਇਸ ਕਮਰ ਪੇਟੀ ਨਾਲ ਰਾਜਕੁਮਾਰੀ ਨੂੰ ਬਹੁਤ ਤਕਲੀਫ਼ ਹੁੰਦੀ ਸੀ। ਉਸ ਨੇ ਆਪਣੇ ਪਿਤਾ ਨੂੰ ਸਾਰੀ ਵਿੱਥਿਆ ਸੁਣਾਈ ।

ਸਯੂਵਡ (1700 ਈ.) ਨਾਂਅ ਦੇ ਲੇਖਕ ਨੇ ਇਸ ਸੰਬੰਧ ਵਿਚ ਆਪਣੇ ਗ੍ਰੰਥਾਂ ਵਿਚ ਲਿਖਿਆ ਸੀ। ਕਮਰ ਪੇਟੀਆਂ ਦੀ ਪ੍ਰਥਾ ਜਰਮਨੀ ਵਿਚ ਵੀ ਸੀ। ਦਸ-ਦਸ ਔਰਤਾਂ ਨਾਲ ਸੰਬੰਧ ਰੱਖਣ ਵਾਲਾ ਮਰਦ ਆਪਣੀ ਔਰਤ ਨੂੰ ਕਮਰ ਪੇਟੀ ਲਗਾ ਕੇ ਕੇਵਲ ਆਪਣੇ ਲਈ ਸੁਰੱਖਿਅਤ ਘਰ ਬਿਠਾਉਣਾ ਚਾਹੁੰਦਾ ਸੀ।


ਜਦੋਂ ਕਾਨੂੰਨ ਦਾ ਰਾਜ ਸਥਾਪਤ ਹੁੰਦਾ ਤਾਂ ਅਜਿਹੀਆਂ ਕਮਰ ਪੇਟੀਆਂ ਲਾਉਣ ਵਾਲੇ ਮਰਦਾਂ ਨੂੰ ਇਤਿਹਾਸ ਵਿੱਚ ਸਜ਼ਾਵਾਂ ਵੀ ਮਿਲੀਆਂ।

ਸੰਪਰਕ : 94647-97400

## ਸੱਜਰਾ ਸਾਹਿਤ



ਵਿਚਾਰ ਤੇ ਸੰਵਾਦ
ਆਲੋਚਨਾਤਮਕ ਸਾਹਿਤ ਲੇਖ
ਮੁੱਲ : 260, ਸਫੇ : 136
ਤਾਲਿਫ਼ ਪ੍ਰਕਾਸ਼ਨ, ਬਰਨਾਲਾ




ਪੰਜਾਬ, ਨਕਸਲੀ ਲਹਿਰ ਅਤੇ ਕਵਿਤਾ
ਸੰਦੀਪ ਸਿੰਘ (ਡਾ.)
ਮੁੱਲ : 250, ਸਫ਼ੇ : 147
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਗਹਿਰੀ ਪਿਆਸ
ਸੁਖਰਾਜ ਸਿੰਘ
ਮੁੱਲ : 150, ਸਫ਼ੇ : 76
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਮੈਂ ਕਵਿਤਾ ਹਾਂ
ਸਿਮਰਜੀਤ ਕੌਰ ਗਰੇਵਾਲ
ਮੁੱਲ : 200, ਸਫ਼ੇ : 124
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





ਛਾਵਾਂ ਠੰਡੀਆਂ ਨੇ ਬੋਹੜ ਦੀਆਂ
ਨਿਰਮਲ ਸਿੰਘ ਦਿਓਲ
ਮੁੱਲ : 250, ਸਫ਼ੇ : 140
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





ਸ਼ਾਇਰੀ ਦਾ ਸਰੂਰ
ਡਾ. ਸੁਰਿੰਦਰ ਕਾਹਲੋਂ
ਮੁੱਲ : 300, ਸਫ਼ੇ : 128
ਯੂਨੀਸਟਾਰ ਪਬਲੀਕੇਸ਼ਨ, ਮੋਹਾਲੀ





ਹਰਫ਼ਾਂ ਦੀ ਹਲਚਲ
ਸੁਖਰਾਜ ਸਿੰਘ
ਮੁੱਲ : 200, ਸਫ਼ੇ : 90
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਸੁਰਖ਼-ਆਬ
ਗੁਲ ਆਬ
ਮੁੱਲ : 200, ਸਫ਼ੇ : 108
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਸਵਾਮੀ ਹਰਿਨਾਮ ਦਾਸ ਉਦਾਸੀ
ਭਜਨ ਸਿੰਘ
ਮੁੱਲ : 180, ਸਫ਼ੇ : 123
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਪਿੰਡਿਆਂ ਤੋਂ ਪਾਰ
ਸ਼ਾਨ ਮਾਨ
ਮੁੱਲ : 299, ਸਫ਼ੇ : 112
ਆਰਸੀ ਪਬਲਿਸ਼ਰਜ਼, ਦਿੱਲੀ

# ਪੁਸਤਕ ਰੀਵਿਊ

## ਹਨੇਰੇ ਤੋਂ ਚਾਨਣ ਵੱਲ

ਰਵਿੰਦਰ ਰੁਪਾਲ ਕੌਲਗੜ੍ਹ
ਕੁੱਲ ਪੰਨੇ : 187, ਕੀਮਤ : 450 ਰੁਪਏ
ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਂਕ, ਦਿੱਲੀ

ਨੀਰਸ ਜ਼ਿੰਦਗੀ 'ਚ ਕਲਾ ਦੇ ਰੰਗ 'ਹਨੇਰੇ ਤੋਂ ਚਾਨਣ ਵੱਲ' ਰਵਿੰਦਰ ਰੁਪਾਲ ਕੌਲਗੜ੍ਹ ਦੀ ਅੱਠਵੀਂ ਪੁਸਤਕ ਹੈ। ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਂਕ ਦਿੱਲੀ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਸਮਰਪਿਤ ਹੈ ਉਸ ਦੇ ਅਧਿਆਪਕ ਇੰਦਰ ਸੈਨ, ਜਗਨਨਾਥ ਅਤੇ ਗੁਰਦੇਵ ਸਿੰਘ ਜੀ ਨੂੰ, ਜਿਨ੍ਹਾਂ ਉਸ ਨੂੰ ਅੱਖਰਾਂ ਨਾਲ ਜੋੜਿਆ। ਪੁਸਤਕ ਦੇ ਆਰੰਭ ਵਿੱਚ ਰਵਿੰਦਰ ਰੁਪਾਲਗੜ੍ਹ ਨੇ 'ਯਾਦਾਂ' ਸਿਰਲੇਖ ਹੇਠ ਆਪਣੇ ਵਿਚਾਰਾਂ ਰਾਹੀਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਉਪਰੰਤ ਸਵੈਜੀਵਨੀਨੁਮਾ 50 ਲੇਖਾਂ ਵਿੱਚ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਪੇਸ਼ ਕੀਤਾ ਹੈ। ਪੁਸਤਕ ਪਾਠਕਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਪੜ੍ਹਨ, ਲਿਖਣ ਨਾਲ ਇਨਸਾਨ ਵਿਗੜਦਾ ਨਹੀਂ, ਸਗੋਂ ਗਿਆਨ ਉਹਨਾਂ ਲੋਕਾਂ ਦਾ ਮਾਰਗ ਦਰਸ਼ਕ ਬਣਦਾ, ਜੋ ਰਾਹਾਂ ਤੋਂ ਭਟਕੇ ਹੁੰਦੇ ਹਨ। ਲੇਖਕ ਵੀ ਆਪਣੇ ਆਲੇ-ਦੁਆਲੇ, ਆਪਣੇ ਪਰਵਾਰ ਦਾ ਸ਼ੁਕਰ-ਗੁਜ਼ਾਰ ਹੈ, ਜਿਸ ਨੇ ਉਸ ਨੂੰ ਲਿਖਣ-ਪੜ੍ਹਨ ਦੇ ਨਾਲ ਜੋੜਿਆ। ਜ਼ਿੰਦਗੀ ਦੀ ਨੀਂਹ ਪੱਕੀ ਹੋਣ ਕਰਕੇ ਹੀ ਲੇਖਕ ਪੜ੍ਹਨ-ਲਿਖਣ ਦੇ ਕਾਬਲ ਬਣਿਆ ਹੈ।ਉਹ ਹਮੇਸ਼ਾ ਆਪਣੀ ਪੜ੍ਹਾਈ ਵਿੱਚ ਗੁੱਡ ਲੈਣ ਦਾ ਚਾਹਵਾਨ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਜੇ ਉਸ ਦੇ ਹੱਥ ਵਿੱਚ ਕਲਮ ਨਾ ਹੁੰਦੀ ਤਾਂ ਉਸ ਦੀਆਂ ਯਾਦਾਂ ਉਸ ਦੇ ਨਾਲ ਹੀ ਖਤਮ ਹੋ ਜਾਂਦੀਆਂ। ਉਸ ਨੂੰ ਸਿਆਸੀ ਲੇਖ ਲਿਖਣ ਲਈ ਵੀ ਪ੍ਰੇਰਿਤ ਕੀਤਾ ਗਿਆ। ਬਚਪਨ ਤੋਂ ਹੀ ਲੇਖਕ ਅੰਦਰ ਕੁਝ ਜਾਨਣ ਦੀ, ਕੁਝ ਕਰਨ ਦੀ ਤਾਂਘ ਪ੍ਰਬਲ ਰਹੀ ਹੈ। 'ਸੌ ਕੋਹ 'ਤੇ ਦੀਵਾ ਅਤੇ ਮਨ ਦਾ ਡਰ' ਵਰਗੇ ਅਖਾਣ ਉਸ ਨੂੰ ਜ਼ਿੰਦਗੀ ਦਾ ਸਬਕ ਸਿਖਾ ਗਏ। ਇਸ ਦੇ ਅਰਥ ਤੋਂ ਅਣਜਾਣ ਹੋਣ ਕਾਰਨ ਉਹ ਜ਼ਿੰਦਗੀ ਭਰ ਡਰਦਾ ਰਿਹਾ। ਜਦੋਂ ਉਸ ਦੇ ਮਾਮੇ ਨੇ ਉਸ ਦਾ ਡਰ ਕੱਢਿਆ, ਉਹ ਇਸ ਦਾ ਮਤਲਬ ਦੁਨੀਆ ਦੇ ਖਤਮ ਹੋਣ ਤੋਂ ਲੈਂਦਾ ਰਿਹਾ, ਲੇਕਿਨ ਮਾਮੇ ਨੇ ਉਸ ਨੂੰ ਇਹ ਸਪੱਸ਼ਟ ਕੀਤਾ ਕਿ ਇਸ ਵਿੱਚ ਸੱਚ ਦੇ ਦੀਵੇ ਦੀ ਗੱਲ ਹੋ ਰਹੀ ਹੈ। ਸੋ ਬਚਪਨ ਵਿੱਚ ਬੈਠਿਆ ਹੋਇਆ ਡਰ ਵੱਡੇ ਹੋ ਕੇ ਉਸ ਦੇ ਅੰਦਰੋਂ ਨਿਕਲ ਗਿਆ। ਹੋਰ ਵੀ ਕਈ ਉਦਾਹਰਣਾਂ ਉਹ ਇਸ ਪੁਸਤਕ ਵਿੱਚ ਦਿੰਦਾ ਹੈ। ਸਭ ਤੋਂ ਮਹੱਤਵਪੂਰਨ ਲੇਖ ਇਸ ਪੁਸਤਕ ਦੇ ਸਿਰਲੇਖ ਵਾਲਾ ਹੈ, ਜਿਸ ਵਿੱਚ ਲੇਖਕ ਕਲਾ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਹੋਇਆਂ ਕਹਿੰਦਾ ਹੈ ਕਿ ਕਲਾ ਜਿੱਥੇ ਬੰਦੇ ਨੂੰ ਰੁਜ਼ਗਾਰ ਦਿੰਦੀ ਹੈ, ਉਥੇ ਜੀਵਨ-ਜਾਚ ਵੀ ਸਿਖਾਉਂਦੀ ਹੈ। ਕਲਾ ਕੋਈ ਵੀ ਹੋਵੇ, ਬੰਦੇ ਦੇ ਅੰਦਰ ਹੀਣਭਾਵਨਾ ਨਹੀਂ ਆਉਣ ਦਿੰਦੀ। ਉਹ ਆਪਣੀ ਜ਼ਿੰਦਗੀ 'ਚੋਂ ਉਦਾਹਰਣ ਦੇ ਕੇ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਇਕ ਵਾਰ ਉਹ ਬਹੁਤ ਤਣਾਅ ਵਿੱਚ ਆ ਗਿਆ। ਆਤਮ-ਹੱਤਿਆ ਤੋਂ ਬਿਨਾਂ ਉਸ ਨੂੰ ਹੋਰ ਕੋਈ ਚਾਰਾ ਨਾ ਲੱਭਾ ਤਾਂ ਉਸ ਦੀ ਕਲਾ ਨੇ ਹੀ ਉਸ ਨੂੰ ਇਸ ਤਣਾਅ ਵਿੱਚੋਂ ਕੱਢਿਆ। ਮੇਜ਼ ਬਣਾਉਣ ਦੇ ਇੱਕ ਕੰਮ ਨੇ ਉਸ ਦੀ ਜ਼ਿੰਦਗੀ ਨੂੰ ਬਦਲ ਦਿੱਤਾ। ਉਸ ਨੂੰ ਜਿਉਣ ਦਾ ਇੱਕ ਮਕਸਦ ਮਿਲਿਆ ਜਿਸ ਨੇ ਲੇਖਕ ਨੂੰ ਸੋਚਣ ਲਾ ਦਿੱਤਾ ਕਿ ਹਰ ਇੱਕ ਨੂੰ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਚਾਹੀਦਾ ਹੈ, ਹਾਲਾਤ ਨਾਲ ਲੜਨਾ ਚਾਹੀਦਾ ਹੈ, ਮੁਸੀਬਤਾਂ ਹਰ ਇੱਕ 'ਤੇ ਆਉਂਦੀਆਂ ਹਨ, ਆਤਮ-ਹੱਤਿਆ ਉਸ ਦਾ ਹੱਲ ਨਹੀਂ ਹੈ। ਸੋ ਉਸ ਨੂੰ ਮਿਲਿਆ ਹੋਇਆ ਕੰਮ ਉਸ ਦੇ ਹੁਨਰ ਦੀ ਬਦੌਲਤ ਉਸ ਨੂੰ ਹਨੇਰੇ ਤੋਂ ਚਾਨਣ ਵਿੱਚ ਲੈ ਜਾਂਦਾ ਹੈ। ਉਸ ਨੂੰ ਜੀਵਨ ਦਾਨ ਦਿੰਦਾ ਹੈ ਤੇ ਰੰਗਲੀ ਦੁਨੀਆ ਵਿੱਚ ਫਿਰ ਤੋਂ ਜਿਉਣ ਦਾ ਮੌਕਾ ਮਿਲਦਾ ਹੈ। 'ਲੇਖਕ ਬਣਨ ਤੋਂ ਪਹਿਲਾਂ' ਲੇਖ ਵਿੱਚ ਰਵਿੰਦਰ ਰੁਪਾਲ ਮਲਿਆਲੀ ਭਾਸ਼ਾ ਦੇ ਪ੍ਰਸਿੱਧ ਨਾਵਲਕਾਰ 'ਸੇਤੂ' ਦੀ ਟਿੱਪਣੀ ਪੇਸ਼ ਕਰਦਾ ਹੈ, ਭਾਰਤੀ ਸਾਹਿਤ ਦੀ ਕੌਮਾਂਤਰੀ ਜਗਤ ਵਿੱਚ ਬਣਦੀ ਥਾਂ ਨਹੀਂ ਬਣ ਸਕੀ, ਕਿਉਂਕਿ ਭਾਰਤੀਆਂ ਕੋਲ ਜੰਗ ਅਤੇ ਸਮੂਹਿਕ ਪੀੜਾਦਾਇਕ ਵਰਤਾਰਿਆਂ ਦਾ ਤਜਰਬਾ ਨਹੀਂ। ਸੋ ਉਹ ਆਪਣੇ ਸਿਰਜਨਾਤਮਕ ਕਾਰਜਾਂ ਵਿੱਚ ਨਿੱਜੀ ਦੁੱਖਾਂ ਨੂੰ ਹੀ ਲੈ ਬੈਠਦੇ ਹਨ, ਤਦੇ ਹੀ ਭਾਰਤੀ ਸਾਹਿਤ ਹਾਲੇ ਕੌਮਾਂਤਰੀ ਪੱਧਰ ਦੀਆਂ ਨਜ਼ਰਾਂ ਨਹੀਂ ਚੜ੍ਹ ਰਿਹਾ। ਇਸ ਟਿੱਪਣੀ ਰਾਹੀਂ ਲੇਖਕ ਦੱਸਣਾ ਚਾਹੁੰਦਾ ਹੈ ਕਿ ਸਾਨੂੰ ਨਿੱਜ ਤੋਂ ਉੱਪਰ ਉੱਠ ਕੇ ਰਚਨਾ ਕਰਨੀ ਚਾਹੀਦੀ ਹੈ ਤਾਂ ਹੀ ਸਾਡੀ ਰਚਨਾ ਕੌਮਾਂਤਰੀ ਜਗਤ ਵਿੱਚ ਆਪਣੀ ਥਾਂ ਬਣਾ ਸਕੇਗੀ। ਇਸ ਪ੍ਰਕਾਰ ਸਾਰੇ ਹੀ ਲੇਖ ਪਾਠਕਾਂ ਲਈ ਪ੍ਰੇਰਨਾ ਬਣ ਸਕਦੇ ਹਨ। ਰਵਿੰਦਰ ਰੁਪਾਲ ਦੀ ਜ਼ਿੰਦਗੀ ਪਾਠਕਾਂ ਲਈ ਪ੍ਰੇਰਨਾ ਬਣ ਸਕਦੀ ਹੈ। ਪੁਸਤਕ ਰਾਹੀਂ ਲੇਖਕ ਦੀ ਜ਼ਿੰਦਗੀ ਵਿੱਚ ਵਾਪਰੀਆਂ ਘਟਨਾਵਾਂ ਹੀ ਪਾਠਕ ਨੂੰ ਬਹੁਤ ਕੁਝ ਸਿਖਾਉਂਦੀਆਂ ਹਨ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਕਰਦੀ ਪੁਸਤਕ ਨੂੰ ਸਾਹਿਤ ਜਗਤ ਵਿੱਚ ਨੂੰ ਜੀ ਆਇਆਂ।

—ਡਾ. ਭੁਪਿੰਦਰ ਕੌਰ

# ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਨਾਲ ਨਿਵਾਜੇ ਲਿਖਾਰੀ

## ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀਮੈਨ' ਨੂੰ ਪ੍ਰਿੰ. ਸੁਜਾਨ ਸਿੰਘ ਪੁਰਸਕਾਰ ਪ੍ਰਦਾਨ

**ਪਟਿਆਲਾ**-ਪੰਜਾਬ ਸਰਕਾਰ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਜ ਪੰਜਾਬ ਦਿਵਸ ਮੌਕੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਮਹੀਨਾ ਭਰ ਚੱਲਣ ਵਾਲੇ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦਾ ਆਗਾਜ਼ ਹੋ ਗਿਆ ਹੈ। ਸ. ਜ਼ਫ਼ਰ ਨੇ ਇਸ ਮੌਕੇ ਹਫ਼ਤਾ ਭਰ ਚੱਲਣ ਵਾਲੇ ਪੁਸਤਕ ਮੇਲੇ ਦਾ ਉਦਘਾਟਨ ਕੀਤਾ। ਇਸ ਉਪਰੰਤ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਕਾਲੀਦਾਸ ਆਡੀਟੋਰੀਅਮ 'ਚ ਕਰਵਾਏ ਗਏ ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਉੱਘੇ ਅਰਥ ਸ਼ਾਸ਼ਤਰੀ ਡਾ. ਸਰਦਾਰਾ ਸਿੰਘ ਜੌਹਲ ਨੇ ਕੀਤੀ ਅਤੇ ਉਨ੍ਹਾਂ ਵਿਭਾਗ ਦਾ ਝੰਡਾ ਫਹਿਰਾ ਕੇ ਸਮਾਗਮ ਦਾ ਸ਼ੁੱਭ ਆਰੰਭ ਕੀਤਾ। ਇਸ ਮੌਕੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਵੀ ਪ੍ਰਦਾਨ ਕੀਤੇ ਗਏ। ਗਾਇਕ ਮਨਰਾਜ ਪਾਤਰ ਨੇ ਆਪਣੀ ਸਾਹਿਤਕ ਗਾਇਕੀ ਨਾਲ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸੰਬੋਧਨ 'ਚ ਵਿਭਾਗ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਵੱਡੇ ਪੱਧਰ 'ਤੇ ਸਾਹਿਤਕ ਤੇ ਗਿਆਨਵਰਧਕ ਖਜ਼ਾਨੇ ਨੂੰ ਡਿਜੀਟਲ ਰੂਪ 'ਚ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਸਾਡਾ ਸਾਹਿਤ ਦੁਨੀਆ ਦੇ ਹਰ ਕੋਨੇ 'ਚ ਬੈਠਾ ਪਾਠਕ ਪੜ੍ਹ ਸਕੇਗਾ। ਵਿਭਾਗ ਦੀ ਵੈੱਬਸਾਈਟ 'ਤੇ ਸ਼ਬਦਾਵਲੀਆਂ, ਪੰਜਾਬੀ ਤੇ ਵਿਸ਼ਵ ਦਾ ਕਲਾਸਿਕ ਸਾਹਿਤ ਉਪਲੱਬਧ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗੀ ਮੁਸ਼ਕਲਾਂ ਸੰਬੰਧੀ ਨਿੱਗਰ ਯਤਨ ਕੀਤੇ ਜਾ ਰਹੇ ਹਨ। ਭਾਸ਼ਾਵਾਂ ਦੇ ਵਿਕਾਸ ਬਾਰੇ ਉਨ੍ਹਾ ਕਿਹਾ ਕਿ ਸਾਨੂੰ ਭਾਸ਼ਾ ਪ੍ਰਤੀ ਕੱਟੜ ਹੋਣ ਦੀ ਬਜਾਏ ਇਸ ਨੂੰ ਪਿਆਰ ਕਰਨਾ ਚਾਹੀਦਾ ਹੈ, ਜਿਸ ਨਾਲ ਭਾਸ਼ਾ ਦਾ ਵਧੇਰੇ ਪਸਾਰ ਹੁੰਦਾ ਹੈ। ਇਸ ਕਾਰਜ ਲਈ ਭਾਸ਼ਾ ਬੋਲਣ, ਲਿਖਣ ਤੇ ਪੜ੍ਹਨ ਵਾਲਾ ਹਰ ਵਿਅਕਤੀ ਯੋਗਦਾਨ ਪਾ ਸਕਦਾ ਹੈ। ਸਾਨੂੰ ਆਪਣੀ ਭਾਸ਼ਾ 'ਤੇ ਮਾਣ ਕਰਨਾ ਚਾਹੀਦਾ ਹੈ, ਨਾ ਕਿ ਕਿਸੇ ਹੋਰ ਭਾਸ਼ਾ ਦੀ ਵਿਰੋਧਤਾ ਕਰਨੀ ਚਾਹੀਦੀ ਹੈ। ਉਨ੍ਹਾਂ ਪੁਰਸਕਾਰ ਜੇਤੂਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਹੋਰ ਨਿੱਠ ਕੇ ਲਿਖਣ ਦੀ ਅਪੀਲ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਸਰਦਾਰਾ ਸਿੰਘ ਜੌਹਲ ਨੇ ਪੁਰਸਕਾਰ ਜੇਤੂਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਜੋ ਵੱਕਾਰੀ ਪੁਰਸਕਾਰ ਮਿਲੇ ਹਨ, ਉਨ੍ਹਾਂ ਦੀ ਲਾਜ ਰੱਖੀ ਜਾਵੇ,



ਭਾਵ ਉਨ੍ਹਾਂ ਦੇ ਪੱਧਰ ਦਾ ਲਿਖਣ ਲਈ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਲਿਖਾਰੀ ਨੂੰ ਆਪਣੇ ਲਈ ਲਿਖਣ ਦੀ ਥਾਂ ਸਮਾਜ ਲਈ ਲਿਖਣਾ ਚਾਹੀਦਾ ਹੈ, ਜੋ ਇੱਕ ਲੇਖਕ ਦਾ ਅਸਲੀ ਕਰਤੱਬ ਹੈ। ਉਨ੍ਹਾ ਕਿਹਾ ਕਿ ਆਪਸੀ ਬੇਥਵਾਕੀ ਤੇ ਸਾਡੇ ਆਗੂਆਂ ਦੀ ਸਿਰਫ਼ ਰਾਜ ਕਰਨ ਵਾਲੀ ਸੋਚ ਸਦਕਾ ਪਹਿਲਾ ਪੰਜਾਬ ਦਾ ਵਿੱਡ ਪੜਵਾਇਆ, ਭਾਵ ਦੇਸ਼ ਦੀ ਵੰਡ ਕਾਰਨ ਦੋ ਪੰਜਾਬ ਬਣੇ। ਫਿਰ ਚੜ੍ਹਦੇ ਪੰਜਾਬ ਦੇ ਤਿੰਨ ਟੋਟੇ ਕਰਵਾਏ। ਅੱਜ ਵੀ ਅਸੀਂ ਤਿੰਨ ਭਾਸ਼ਾਈ ਸੂਤਰ 'ਤੇ ਅਧਾਰਤ ਹੀ ਸਿੱਖਿਆ ਪ੍ਰਣਾਲੀ ਚਲਾ ਰਹੇ ਹਾਂ ਅਤੇ ਇਸ ਤੋਂ ਵਧ ਕੇ ਸਾਡੇ ਹੱਥ ਕੁਝ ਵੀ ਨਹੀਂ ਲੱਗਿਆ। ਉਨ੍ਹਾਂ ਕਿਹਾ ਕਿ ਲੋੜ ਹੈ ਆਪਣੀ ਭਾਸ਼ਾ ਦੇ ਪਸਾਰ ਤੇ ਇਸ ਨੂੰ ਹੋਰ ਅਮੀਰ ਬਣਾਉਣ ਲਈ ਸਾਂਝੇ ਯਤਨ ਕਰੀਏ। ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਦੀਆਂ ਮੌਜੂਦਾ ਸਰਗਰਮੀਆਂ ਲਈ ਸ਼ਲਾਘਾ ਕੀਤੀ।ਇਸ ਮੌਕੇ ਕੁਲਦੀਪ ਸਿੰਘ ਕਬਰਵਾਲਾ ਵੱਲੋਂ ਅਨੁਵਾਦਿਤ ਵਿਭਾਗੀ ਪੁਸਤਕ 'ਉੱਚੀਆਂ ਉਮੀਦਾਂ' ਅਤੇ 'ਅੰਗਰੇਜ਼ੀ-ਪੰਜਾਬੀ ਸ਼ਬਦਾਵਲੀ' (ਰਸਾਇਣ ਵਿਗਿਆਨ) ਲੋਕ ਅਰਪਣ ਕੀਤੀਆਂ ਗਈਆਂ। ਇਹ ਪੁਸਤਕਾਂ ਸਹਾਇਕ ਨਿਰਦੇਸ਼ਕਾਂ ਸੁਖਪ੍ਰੀਤ ਕੌਰ, ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ, ਖੋਜ ਸਹਾਇਕ ਸ਼ਰਨਜੀਤ ਕੌਰ ਤੇ ਪਲਵੀ ਦੁਆਰਾ ਤਿਆਰ ਕੀਤੀਆਂ ਗਈਆਂ ਹਨ। ਡਾ. ਸੰਤੋਖ ਸਿੰਘ ਸੁੱਖੀ ਖੋਜ ਅਫ਼ਸਰ ਤੇ ਖੋਜ ਸਹਾਇਕ ਹਰਜੀਤ ਕੌਰ ਦੁਆਰਾ ਸੰਪਾਦਿਤ ਵਿਭਾਗੀ ਰਸਾਲਾ 'ਪੰਜਾਬੀ ਦੁਨੀਆ' ਦਾ ਡਾ. ਜਗਤਾਰ ਵਿਸ਼ੇਸ਼ ਅੰਕ ਵੀ ਲੋਕ ਅਰਪਣ ਕੀਤਾ ਗਿਆ। ਸੰਯੁਕਤ ਨਿਰਦੇਸ਼ਕਾ ਹਰਭਜਨ ਕੌਰ ਨੇ ਸਭ ਦਾ ਧੰਨਵਾਦ ਕੀਤਾ। ਪੰਜਾਬੀ ਵਿਕਾਸ



ਵਿਭਾਗ ਦੇ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਦੀ ਦੇਖ-ਰੇਖ 'ਚ ਹੋਏ ਇਸ ਸਮਾਗਮ ਦੌਰਾਨ ਗਾਇਕ ਮਨਰਾਜ ਪਾਤਰ ਨੇ ਪਦਮਸ੍ਰੀ ਸੁਰਜੀਤ ਪਾਤਰ ਸਮੇਤ ਬਹੁਤ ਸਾਰੇ ਨਾਮਵਰ ਪੰਜਾਬੀ ਸ਼ਾਇਰਾਂ ਦੀਆਂ ਲਿਖਤਾਂ ਨੂੰ ਖ਼ੂਬਸੂਰਤ ਗਾਇਕੀ ਰਾਹੀਂ ਪੇਸ਼ ਕਰਕੇ ਮਾਹੌਲ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਬਾਖੂਬੀ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਤੇਜਿੰਦਰ ਗਿੱਲ, ਜਸਪ੍ਰੀਤ ਕੌਰ, ਸੁਰਿੰਦਰ ਕੌਰ, ਰਾਬੀਆ ਤੇ ਦਵਿੰਦਰ ਕੌਰ, ਖੋਜ ਅਫ਼ਸਰ ਸਤਪਾਲ ਸਿੰਘ, ਡਾ. ਸੁਰਜੀਤ ਸਿੰਘ ਭੱਟੀ, ਪ੍ਰਿੰ. ਮਨਮੋਹਨ ਸਿੰਘ, ਪਦਮਸ੍ਰੀ ਪ੍ਰਾਣ ਸੱਭਰਵਾਲ, ਡਾ. ਸੁਰਜੀਤ ਸਿੰਘ, ਡਾ. ਗੁਰਸੇਵਕ ਲੰਬੀ, ਸਾਹਿਤਕਾਰ ਪਵਨ ਹਰਚੰਦਪੁਰੀ, ਦਰਸ਼ਨ ਬੁੱਟਰ, ਬਲਵਿੰਦਰ ਸੰਧੂ, ਦਰਸ਼ਨ ਜੋਗਾ, ਨਿਰੰਜਣ ਬੋਹਾ, ਡਾ. ਦਰਸ਼ਨ ਸਿੰਘ ਆਸ਼ਟ, ਅਵਤਾਰਜੀਤ, ਗੁਰਚਰਨ ਪੱਬਾਰਾਲੀ, ਵੱਖ-ਵੱਖ ਜ਼ਿਲ੍ਹਿਆਂ ਦੇ ਭਾਸ਼ਾ ਅਫ਼ਸਰ, ਖੋਜ ਸਹਾਇਕ ਹਰਪ੍ਰੀਤ ਸਿੰਘ, ਕਿਰਨਜੀਤ ਕੌਰ, ਸਿਮਰਨਜੀਤ ਸਿੰਘ ਤੇ ਵੱਡੀ ਗਿਣਤੀ 'ਚ ਸਾਹਿਤਕਾਰ ਹਾਜ਼ਰ ਸਨ।

ਪੁਰਸਕਾਰਤ ਸ਼ਖ਼ਸੀਅਤਾਂ-ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਯਾਦਾਂ) ਗੁਰਿੰਦਰਜੀਤ ਦੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਜਸਵੀਰ ਸਿੰਘ ਰਾਣਾ ਦੀ ਪੁਸਤਕ '70% ਪ੍ਰੇਮ ਕਥਾ' ਨੂੰ, ਪ੍ਰਿੰ. ਸੁਜਾਨ ਸਿੰਘ ਪੁਰਸਕਾਰ (ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ) ਡਾ. ਪਰਮਜੀਤ ਢੀਂਗਰਾ ਦੀ ਪੁਸਤਕ 'ਕਿਤਾਬ ਜੋ ਅਜੇ ਬਾਕੀ ਹੈ' ਨੂੰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਸ਼ਮੀਲ ਦੀ ਪੁਸਤਕ 'ਤੇਗ' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਸੁਭਾਸ਼ ਭਾਸਕਰ ਦੀ ਪੁਸਤਕ 'ਅਣਵੰਡਿਆ ਪੰਜਾਬ' (ਡਾ. ਚੰਦਰ ਤ੍ਰਿਖਾ)' ਨੂੰ, ਐੱਮ.ਐੱਸ. ਰੰਧਾਵਾ ਪੁਰਸਕਾਰ (ਸੰਪਾਦਨ) ਅਮੀਆ ਕੁੰਵਰ ਦੀ ਪੁਸਤਕ 'ਇਮਰੋਜ਼ਨਾਮਾ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਡਾ. ਇੰਦਰਪ੍ਰੀਤ ਸਿੰਘ ਧਾਮੀ ਦੀ ਪੁਸਤਕ 'ਸੁਪਨਸਾਜ਼' ਨੂੰ, ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਗੁਰਦੀਪ ਸਿੰਘ ਦੀ ਪੁਸਤਕ 'ਇਹ ਦੇਸ ਪੰਜਾਬ ਦੀ ਸਮਝ ਨਾਹੀਂ' ਨੂੰ ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਕੋਸ਼ਕਾਰੀ) ਜਗਤਾਰ ਸਿੰਘ ਸੋਖੀ ਦੀ ਪੁਸਤਕ 'ਪੰਜਾਬੀ ਸਮਾਨਾਰਥਕ ਕੋਸ਼' ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਪੰਜਾਬੀ ਭਾਸ਼ਾ ਪ੍ਰਤੀ ਸ਼ਾਨਦਾਰ ਕਾਰਗੁਜ਼ਾਰੀ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ ਡਾ. ਅਜੀਤਪਾਲ ਸਿੰਘ ਜਟਾਣਾ ਤੇ ਵਿਭਾਗ ਦੇ ਮੁੱਖ ਦਫ਼ਤਰ ਦੀ ਸੀਨੀਅਰ ਸਹਾਇਕ ਸੁਮਨ ਵਰਮਾ ਨੂੰ ਬਿਹਤਰੀਨ ਕਾਰਗੁਜ਼ਾਰੀ ਲਈ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ।

# ਸੁਕੀਰਤ ਨੇ ਦਿੱਤਾ 20ਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ




**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ 20ਵਾਂ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ ਕਰਵਾਇਆ ਗਿਆ। ਸ਼ੁਰੂਆਤ ਵਿੱਚ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਭਾਪਾ ਪ੍ਰੀਤਮ ਸਿੰਘ ਅਤੇ ਯਾਦਗਾਰੀ ਭਾਸ਼ਣ ਦੀ ਰੂਪਰੇਖਾ ਤੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਭਾਪਾ ਪ੍ਰੀਤਮ ਸਿੰਘ ਦਾ ਸੁਪਨਾ ਸੀ ਕਿ ਦਿੱਲੀ ਵਿੱਚ ਪੰਜਾਬੀ ਲੇਖਕਾਂ ਲਈ ਇੱਕ ਅਜਿਹਾ ਕੇਂਦਰ ਹੋਵੇ, ਜਿੱਥੇ ਉਹ ਪੰਜਾਬੀ ਭਾਸ਼ਾ ਅਤੇ ਸਾਹਿਤ 'ਤੇ ਗੱਲਬਾਤ ਤੇ ਗੋਸ਼ਟੀਆਂ ਕਰ ਸਕਣ। ਉਨ੍ਹਾਂ ਦੀ ਦੂਰਦ੍ਰਿਸ਼ਟੀ ਸਦਕਾ ਉਹ ਸੁਪਨਾ 'ਪੰਜਾਬੀ ਭਵਨ' ਦੇ ਰੂਪ ਵਿੱਚ ਸਾਕਾਰ ਹੋਇਆ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ 2005 ਵਿੱਚ ਸ਼ੁਰੂ ਕੀਤੀ ਗਈ ਯਾਦਗਾਰੀ ਭਾਸ਼ਣ ਲੜੀ ਦੇ ਤਹਿਤ ਇਸ ਸਾਲ 20ਵਾਂ ਭਾਸ਼ਣ ਆਯੋਜਿਤ ਕੀਤਾ ਗਿਆ।ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਸਾਰਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਪਾ ਜੀ ਤੋਂ ਅਸੀਂ ਮਰਦੇ ਦਮ ਤੱਕ ਕੰਮ ਕਰਨਾ ਅਤੇ ਵੰਡ ਛਕਣਾ ਸਿੱਖਿਆ। ਉਹ ਗੁਰਬਾਣੀ ਨੂੰ ਸਿਰਫ ਜਪਦੇ ਹੀ ਨਹੀਂ, ਸਗੋਂ ਆਪਣੀ ਕਾਰਜਸ਼ੈਲੀ ਵਿੱਚ ਵੀ ਜੀਵੰਤ ਰੱਖਦੇ ਸਨ। ਉੱਘੇ ਕਹਾਣੀਕਾਰ ਸੁਕੀਰਤ ਨੇ ਭਾਪਾ ਜੀ ਨਾਲ ਆਪਣੇ ਇੰਟਰਵਿਊ ਦੇ ਹਵਾਲੇ ਨਾਲ ਯਾਦਗਾਰੀ ਭਾਸ਼ਣ ਦਿੰਦਿਆਂ ਕਿਹਾ ਕਿ ਭਾਪਾ ਜੀ ਦਾ ਸਮਾਂ ਦੇਵਕਦ ਲੋਕਾਂ ਦਾ ਸਮਾਂ ਸੀ। ਉਦੋਂ ਲੋਕ ਅਹੁਦਿਆਂ ਨਾਲ ਨਹੀਂ, ਸਗੋਂ ਆਪਣੇ ਕੰਮਾਂ ਨਾਲ ਜਾਣੇ ਜਾਂਦੇ ਸਨ। ਅੱਜਕੱਲ੍ਹ ਬੌਣੇ ਲੋਕਾਂ ਦਾ ਸਮਾਂ ਹੈ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਮੰਗੋਲੀਆ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਸਰਦਾਰ ਐੱਮ.ਪੀ. ਸਿੰਘ ਨੇ ਅੱਲਾਮਾ ਇਕਬਾਲ ਦੇ ਸ਼ੇਅਰ 'ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾ-ਵਰ ਪੈਦਾ' ਨਾਲ ਆਪਣੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਭਾਪਾ ਜੀ ਇੱਕ ਵਿਜ਼ਨਰੀ ਸ਼ਖ਼ਸੀਅਤ ਸਨ। ਉਹ ਭਾਸ਼ਾ ਦੇ ਮਹੱਤਵ ਨੂੰ ਡੂੰਘਾਈ ਨਾਲ ਸਮਝਦੇ ਸਨ। ਉਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ 'ਧੁੱਪ ਦੀ ਮਹਿਫ਼ਲ' ਵਰਗੇ ਆਯੋਜਨਾਂ ਦੀ ਅੱਜ ਪਹਿਲਾਂ ਨਾਲੋਂ ਵੱਧ ਲੋੜ ਹੈ। ਪ੍ਰੋਗਰਾਮ ਵਿੱਚ ਪਹੁੰਚੇ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਦੱਸਿਆ ਕਿ ਉਹ 1953 ਵਿੱਚ ਦਿੱਲੀ ਆਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਮੁਲਾਕਾਤ ਭਾਪਾ ਪ੍ਰੀਤਮ ਸਿੰਘ ਨਾਲ ਹੋਈ ਸੀ। ਇਸ ਮੌਕੇ ਪ੍ਰੋ. ਰਵੇਲ ਸਿੰਘ, ਡਾ. ਵਨੀਤਾ, ਪ੍ਰੋ. ਕੁਲਵੀਰ ਗੋਜਰਾ, ਡਾ. ਕੰਵਰਜੀਤ ਸਿੰਘ ਚਾਵਲਾ, ਪ੍ਰੋ. ਭਗਵਾਨ ਜੋਸ਼, ਭਾਈ ਵੀਰ ਸਿੰਘ, ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ, ਡਾ. ਮਨਜੀਤ ਸਿੰਘ, ਰਾਜਿੰਦਰ ਬਿਆਲਾ, ਨੀਲੂ, ਅਨੁਪਮਾ, ਜਤਿੰਦਰ ਸਿੰਘ ਬੇਦੀ, ਬਲਜਿੰਦਰ ਨਸਰਾਲੀ, ਡਾ. ਯਾਦਵਿੰਦਰ ਸਿੰਘ, ਡਾ. ਨਛੱਤਰ ਸਿੰਘ, ਚਰਨਜੀਤ ਰਾਹੀ, ਅਨੁਪਮਾ, ਮਨਧੀਰ ਦਿਓਲ, ਡਾ. ਸਾਧੂ ਸਿੰਘ, ਡਾ. ਜਸਵਿੰਦਰ ਕੌਰ ਬਿੰਦਰਾ, ਕਰਨਜੀਤ ਕੋਮਲ, ਸੁਰਿੰਦਰ ਸਿੰਘ ਓਬਰਾਏ, ਜਗਤਾਰ ਜੀਤ, ਮਹਿੰਦਰ ਸਿੰਘ ਕੂਕਾ, ਹਰਵਿੰਦਰ ਸਿੰਘ ਭਾਟੀਆ, ਅਮਨਦੀਪ ਸਿੰਘ, ਰੂਪ ਸਿੰਘ ਸਮੇਤ ਖੋਜਾਰਥੀ, ਵਿਦਿਆਰਥੀ ਤੇ ਪ੍ਰਕਾਸ਼ਨ ਜਗਤ ਦੇ ਕੁਝ ਨੁਮਾਇੰਦੇ ਵੀ ਹਾਜ਼ਰ ਸਨ।

# ਗੁਰੂ ਰਵਿਦਾਸ ਅਯੁਰਵੈਦਿਕ 'ਵਰਸਿਟੀ ਵੱਲੋਂ ਮਾਤ ਭਾਸ਼ਾ ਪੰਜਾਬੀ ਵਿਰੋਧੀ ਕਾਰਵਾਈ ਦੀ ਨਿੰਦਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਪੰਜਾਬ (ਹੁਸ਼ਿਆਰਪੁਰ) ਵੱਲੋਂ ਟੇਢੇ ਢੰਗ ਨਾਲ ਮਾਤ ਭਾਸ਼ਾ ਪੰਜਾਬੀ ਵਿਰੋਧੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਧਿਆਨ ਵਿੱਚ ਲਿਆਂਦਾ ਕਿ ਅਸਿਸਟੈਂਟ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ ਅਤੇ ਪ੍ਰੋਫ਼ੈਸਰ ਦੀਆਂ 38 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਗਿਆ, ਜਿਨ੍ਹਾਂ ਨੂੰ ਭਰਨ ਲਈ 1 ਨਵੰਬਰ, 2025 ਤੱਕ ਅਰਜ਼ੀਆਂ ਮੰਗੀਆਂ ਗਈਆਂ ਹਨ।ਇਨ੍ਹਾਂ ਅਸਾਮੀਆਂ ਲਈ ਪੰਜਾਬੀ ਨੂੰ ਟੇਢੇ ਢੰਗ ਨਾਲ ਖ਼ਤਮ ਕਰ ਦਿੱਤਾ ਗਿਆ ਹੈ।ਸ਼ਰਤਾਂ ਅਤੇ ਨਿਯਮਾਂ ਦੇ ਕਾਲਮ ਨੰ: 8 ਵਿਚ ਸਪੱਸ਼ਟ ਲਿਖਿਆ ਹੈ ਕਿ ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਕੀਤਾ ਹੋਵੇ।ਜੇ ਵਿਗਿਆਪਨ ਦੇਣ ਦੀ ਤਾਰੀਖ਼ ਤੱਕ ਉਮੀਦਵਾਰ ਨੇ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਨਹੀਂ ਕੀਤਾ ਤਾਂ ਉਹ ਅਸਾਮੀ ਉਪਰ ਨਿਯੁਕਤ ਹੋਣ ਉਪਰੰਤ ਤਿੰਨ ਸਾਲਾਂ ਦੇ ਵਿੱਚ ਪੰਜਾਬੀ ਦਾ ਪੇਪਰ ਪਾਸ ਕਰ ਸਕਦਾ ਹੈ।ਇਹ ਪੰਜਾਬ ਸਰਕਾਰ ਦੇ ਨੇਮਾਂ ਦੀ ਸਰਾਸਰ ਉਲੰਘਣਾ ਹੈ।ਉਮੀਦਵਾਰ ਵਿਗਿਆਪਨ ਵੇਲੇ ਤੱਕ ਪੰਜਾਬੀ ਭਾਸ਼ਾ ਦੇ ਇਮਤਿਹਾਨ ਵਿੱਚੋਂ ਪਾਸ ਹੋਣਾ ਚਾਹੀਦਾ ਹੈ ਨਾ ਕਿ ਨਿਯੁਕਤੀ ਬਾਅਦ ਉਹ ਪੇਪਰ ਪਾਸ ਕਰੇ।ਇਹ ਅਸਿੱਧੇ ਢੰਗ ਨਾਲ ਪੰਜਾਬੀ ਭਾਸ਼ਾ ਨਾਲ ਅਨਿਆਂ ਹੈ।ਇਹ ਯੂਨੀਵਰਸਿਟੀ ਪੰਜਾਬ ਦੀ ਯੂਨੀਵਰਸਿਟੀ ਹੈ, ਇਸ ਵਿੱਚ ਪੰਜਾਬ ਦੇ ਨੇਮਾਂ ਦੀ ਉਲੰਘਣਾ ਨਹੀਂ ਹੋ ਸਕਦੀ।ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਇਸ ਸੰਬੰਧੀ ਉਪ ਕੁਲਪਤੀ ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ, ਪੰਜਾਬ, ਸਿੱਖਿਆ ਅਤੇ ਭਾਸ਼ਾ ਮੰਤਰੀ, ਪੰਜਾਬ ਸਕੱਤਰ, ਉੱਚ ਸਿੱਖਿਆ, ਪੰਜਾਬ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਹੈ ਕਿ ਇਸ ਕੁਤਾਹੀ ਨੂੰ ਸੋਧਿਆ ਜਾਵੇ, ਨਹੀਂ ਤੇ ਫਿਰ ਰੋਸ ਤੇ ਸੰਘਰਸ਼ ਦਾ ਰਸਤਾ ਅਪਣਾਉਣਾ ਅਕਾਡਮੀ ਦੀ ਮਜਬੂਰੀ ਹੋਵੇਗੀ।ਨਿੰਦਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ



**ਸੰਗਰੂਰ**-ਸਾਹਿਤਕ ਸਿਰਜਣਾ ਦਾ ਕਾਰਜ ਕੇਵਲ ਮਸਲਿਆਂ ਦੀ ਪੇਸ਼ਕਾਰੀ ਕਰਨਾ ਹੀ ਨਹੀਂ ਹੁੰਦਾ ਬਲਕਿ ਲੋਕਾਂ ਲਈ ਕਲਿਆਣਕਾਰੀ ਹੋਣਾ ਵੀ ਲਾਜ਼ਮੀ ਹੈ। ਇਹ ਸ਼ਬਦ ਲੇਖਕ ਭਵਨ ਸੰਗਰੂਰ ਵਿਖੇ ਹੋਏ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਸਾਲਾਨਾ ਸਮਾਗਮ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ ਦੇ ਪ੍ਰਧਾਨ ਸ੍ਰੀ ਪਵਨ ਹਰਚੰਦਪੁਰੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਕਹੇ। ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅੱਜ ਵੀ ਫ਼ਾਸ਼ੀਵਾਦੀ ਤਾਕਤਾਂ ਦੇ ਖ਼ਿਲਾਫ਼ ਲੜਨ ਲਈ ਪ੍ਰੇਰਿਤ ਕਰਦੀ ਹੈ। ਪ੍ਰਿੰ. ਇਕਬਾਲ ਕੌਰ ਉਦਾਸੀ ਨੇ ਕਿਹਾ ਕਿ ਸਾਹਿਤ ਸਭਾਵਾਂ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਦੇ ਇਨਕਲਾਬੀ ਜਜ਼ਬੇ ਨੂੰ ਸੰਭਾਲ ਕੇ ਰੱਖਣਾ ਤਸੱਲੀ ਵਾਲੀ ਗੱਲ ਹੈ। ਇਸ ਮੌਕੇ ਸਭਾ ਵੱਲੋਂ ਹਰ ਸਾਲ ਦਿੱਤਾ ਜਾਣ ਵਾਲਾ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਗੁਲਜ਼ਾਰ ਸਿੰਘ ਸ਼ੌਂਕੀ ਨੂੰ, ਗੁਰਮੇਲ ਮਡਾਹੜ ਗਲਪ ਪੁਰਸਕਾਰ ਸੁਖਵਿੰਦਰ ਸਿੰਘ ਬਾਲੀਆਂ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ ਜੋਗਿੰਦਰ ਨੂਰਮੀਤ ਨੂੰ, ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਪ੍ਰਸਿੱਧ ਕਵੀ ਲਾਭ ਸਿੰਘ ਝੱਮਟ ਨੂੰ ਅਤੇ ਮੇਘ ਗੋਇਲ ਨਵ-ਪ੍ਰਤਿਭਾ ਪੁਰਸਕਾਰ ਪਵਨ ਕੁਮਾਰ ਹੋਸ਼ੀ ਨੂੰ ਦਿੱਤਾ ਗਿਆ। ਸ੍ਰੀ ਅਮਰ ਗਰਗ ਕਲਮਦਾਨ ਦੀ ਪੁਸਤਕ 'ਸੁਲੋਚਨਾ' ਉੱਪਰ ਗੋਸ਼ਟੀ ਵੀ ਕਰਵਾਈ ਗਈ, ਜਿਸ ਵਿੱਚ ਪੁਸਤਕ ਸੰਬੰਧੀ ਪੜ੍ਹੇ ਗਏ ਆਪਣੇ ਭਾਵਪੂਰਨ ਪਰਚੇ ਵਿੱਚ ਡਾ. ਮਨੀਸ਼ਾ ਰਾਣੀ ਨੇ ਸ੍ਰੀ ਅਮਰ ਗਰਗ ਕਲਮਦਾਨ ਨੂੰ ਲੋਕ-ਮਨਾਂ ਦੀ ਸੂਖਮ ਸੂਝ-ਬੂਝ ਰੱਖਣ ਵਾਲਾ ਕਹਾਣੀਕਾਰ ਕਿਹਾ। ਪੁਸਤਕ ਸੰਬੰਧੀ ਖੁੱਲ੍ਹ ਕੇ ਹੋਈ ਵਿਚਾਰ-ਚਰਚਾ ਵਿੱਚ ਪ੍ਰੋ. ਪ੍ਰੇਮ ਖੋਸਲਾ ਅਤੇ ਡਾ. ਮੀਤ ਖਟੜਾ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਸਮਾਗਮ ਵਿੱਚ ਸੁਖਵਿੰਦਰ ਸਿੰਘ ਲੋਟੇ ਵੱਲੋਂ ਸੰਪਾਦਿਤ ਸਭਾ ਦਾ ਸਾਂਝਾ ਕਾਵਿ-ਸੰਗ੍ਰਹਿ 'ਕਲਮੀ ਹੀਰੇ' ਵੀ ਲੋਕ ਅਰਪਣ ਕੀਤਾ, ਜਿਸ ਵਿੱਚ ਉਨ੍ਹਾਂ ਨੇ ਨਵੇਂ ਅਤੇ ਪੁਰਾਣੇ ਪੈਂਤੀ ਕਲਮਕਾਰਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਹਨ। ਸਮਾਗਮ ਦੇ ਆਰੰਭ ਵਿੱਚ ਡਾ. ਮਨਜਿੰਦਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨਾਲ ਹਾਜ਼ਰੀ ਲਵਾਈ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਵਿੱਚ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

# ਨਾਵਲ 'ਹਵੇਲੀਆਲਾ' 'ਤੇ ਚਰਚਾ

**ਚੰਡੀਗੜ੍ਹ**-ਸ੍ਰੀ ਜਸਪਾਲ ਮਾਨਖੇੜਾ ਦੇ ਚਰਚਿੱਤ ਨਾਵਲ 'ਹਵੇਲੀਆਲਾ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਇਹ ਨਾਵਲ ਜਬਰ-ਜ਼ੁਲਮ ਦੇ ਖਿਲਾਫ਼ ਇੱਕ ਲੋਕ ਅੰਦੋਲਨ ਉੱਤੇ ਅਧਾਰਿਤ ਹੈ।ਸਿਆਸੀ ਸ਼ਹਿ ਪ੍ਰਾਪਤ ਦਰਿੰਦਿਆਂ ਦੀ ਵਹਿਸ਼ਤ ਅਤੇ ਦਹਿਸ਼ਤ ਦਾ ਮੁਕਾਬਲਾ ਲੋਕ ਏਕਤਾ ਨੇ ਬਹਾਦਰੀ ਤੇ ਨਿਡਰਤਾ ਨਾਲ ਕੀਤਾ। ਅਜਿਹੇ ਲੋਕ ਸੰਘਰਸ਼ਾਂ ਦੀ ਗਾਥਾ ਭਵਿੱਖ ਲਈ ਰਾਹ-ਦਸੇਰਾ ਬਣ ਸਕਦੀ ਹੈ। ਸਾਡਾ ਸਮਾਜ ਜਗੀਰੂ ਸੋਚ ਤੇ ਪਿਤਰਕੀ ਸੱਤਾ ਨੇ ਜਕੜਿਆ ਹੋਇਆ ਹੈ। ਸੱਭਿਅਕ ਸਮਾਜ ਵਿੱਚ ਧੌਂਸ ਲਈ ਕੋਈ ਥਾਂ ਨਹੀਂ ਹੁੰਦੀ। ਹਰ ਅੰਦੋਲਨ ਦੀ ਆਪਣੀ ਚਾਲ ਤੇ ਪੜਾਅ ਹੁੰਦੇ ਹਨ। ਲਮਕਵੇਂ ਘੋਲ ਅਨੁਸ਼ਾਸਨ ਤੇ ਸੰਗਠਨ ਨਾਲ ਹੀ ਸੰਭਵ ਹਨ। ਸਾਡੇ ਸੁਪਨੇ, ਜਿੱਤਾਂ ਤੇ ਹਾਰਾਂ ਸਾਂਝੇ ਤੇ ਸਮੂਹਿਕ ਹੋਣੇ ਚਾਹੀਦੇ ਹਨ।ਸ੍ਰੀ ਅਭੈ ਸਿੰਘ ਨੇ ਕਿਹਾ ਕਿ ਲਮਕਵੇਂ ਘੋਲਾਂ ਨੂੰ ਸੋਧਵਾਦੀ ਕਹਿਣਾ ਠੀਕ ਨਹੀਂ ਹੈ। ਹਾਰ ਪਿੱਛੋਂ ਅੰਦੋਲਨ ਨੂੰ ਮੁੜ ਚਲਾਉਣਾ ਔਖਾ ਹੁੰਦਾ ਹੈ। ਫਾਂਸੀ ਦੀ ਸਜ਼ਾ ਨਾਲ ਰੇਪ ਨਹੀਂ ਰੁਕਦੇ। ਨਾਵਲਕਾਰ ਗੁਰਦੀਪ ਸਿੰਘ ਨਕਸ਼ਦੀਪ ਪੰਜਕੋਹਾ ਨੇ ਕਿਹਾ ਕਿ ਲੇਖਕ ਲਿਖਦਾ ਹੈ ਤੇ ਅਲੋਚਕ ਗਿਆਨ ਸਿਰਜਦਾ ਹੈ। ਡਾ. ਮੇਘਾ ਸਿੰਘ ਨੇ ਕਿਹਾ ਕਿ ਇਹ ਇਤਿਹਾਸਕ ਪ੍ਰਸੰਗ ਦਾ ਨਾਵਲ ਹੈ। ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਕਈ ਬੇਜ਼ਮੀਰੇ ਮਾਪੇ ਆਪਣੀਆਂ ਧੀਆਂ ਰਜਵਾੜਿਆਂ ਨੂੰ ਸੌਂਪ ਕੇ ਜਗੀਰਾਂ ਲੈਂਦੇ ਰਹੇ ਹਨ। ਲੋਕਾਂ ਨੂੰ ਜਾਗਰੂਕ ਤੇ ਜਥੇਬੰਦ ਕਰਕੇ ਲੜਾਈ ਲੜੀ ਜਾਣੀ ਹੈ। ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਨਾਵਲੀ ਜੁਗਤਾਂ ਤੇ ਬਿਰਤਾਂਤਕਾਰੀ ਪੱਖੋਂ ਇਹ ਵਧੀਆ ਨਾਵਲ ਹੈ। ਨਾਵਲ ਗੀਤਾਂ ਤੇ ਅਖੌਤਾਂ ਨਾਲ ਗੁੰਨ੍ਹਿਆ ਪਿਆ ਹੈ।ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਨਾਵਲ ਜ਼ਖ਼ਮ ਹਰੇ ਕਰਕੇ ਸੁਚੇਤ ਵੀ ਕਰਦਾ ਹੈ।ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਚੰਗੀ ਵਿਚਾਰਧਾਰਾ ਦੇ ਨਾਲ ਚੰਗੀ ਜਥੇਬੰਦੀ ਵੀ ਹੋਣੀ ਜ਼ਰੂਰੀ ਹੈ। ਲੇਖਕ ਆਦਰਸ਼ਵਾਦ ਦਾ ਸ਼ਿਕਾਰ ਨਹੀਂ ਹੁੰਦਾ। ਉਲਾਰਪੁਣਾ ਵੀ ਲਿਖਤ ਨੂੰ ਕਮਜ਼ੋਰ ਕਰਦਾ ਹੈ। ਸੱਜੇ ਤੇ ਖੱਬੇ ਕੁਰਾਹੇ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਸੀ। ਲੇਖਕ ਵਿਦਿਆਰਥੀ ਜੀਵਨ ਤੋਂ ਸਿਆਸੀ ਕਾਰਕੁੰਨ ਹੈ।ਜਸਵੰਤ ਸਿੰਘ, ਅਮਰਜੀਤ ਅਰਪਨ, ਜਸਮੇਲ ਸਿੰਘ, ਨਰਾਇਣ ਦੱਤ ਨੇ ਵੀ ਨਾਵਲ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਜਸਪਾਲ ਮਾਨਖੇੜਾ ਨੇ ਸਰੋਤਿਆਂ ਦੇ ਸਨਮੁਖ ਹੁੰਦਿਆਂ ਕਿਹਾ ਕਿ ਉਹ ਕਵਿਤਾ ਤੋਂ ਕਹਾਣੀ ਵੱਲ ਆਇਆ ਹੈ। ਉਸ ਨੇ ਇਹ ਅੰਦੋਲਨ ਨੇੜਿਓਂ ਤੱਕਿਆ ਹੈ। ਕਈ ਉਤਰਾਅ-ਚੜ੍ਹਾਅ ਦੇਖੇ। ਮੈਂ ਮਹਿਲ ਕਲਾਂ ਨੂੰ ਹਵੇਲੀਆਲਾ ਵਿੱਚ ਬਦਲ ਲਿਆ ਹੈ।ਦੀਪਤੀ ਬਬੂਟਾ ਨੇ ਪ੍ਰਧਾਨਗੀ 'ਚ ਕਿਹਾ ਕਿ ਘੋਲ ਸ਼ੁਰੂ ਕਰਨ ਲਈ ਸਿਰਫ਼ ਇੱਕ ਬੰਦਾ ਹੀ ਕਾਫੀ ਹੁੰਦਾ ਹੈ।ਹਿੱਤਾਂ ਦੀ ਰਾਖੀ ਲਈ ਕਾਨੂੰਨੀ ਜਾਣਕਾਰੀ ਵੀ ਜ਼ਰੂਰੀ ਹੈ। ਲੇਖਕ ਦੀ ਕਲਾ ਨੂੰ ਲਾਲ ਸਲਾਮ ਕਹਿਣਾ ਬਣਦਾ ਹੈ।ਉਪਰੋਕਤ ਤੋਂ ਇਲਾਵਾ ਪਰਮਜੀਤ ਸਿੰਘ ਮਾਨ, ਬਾਬੂ ਚੰਡੀਗੜ੍ਹੀਆ, ਜਸਵਿੰਦਰ ਜੱਸ, ਰਣਬੀਰ ਰਾਣਾ, ਸੁਰਜੀਤ ਸੁਮਨ, ਸਤਨਾਮ ਸਿੰਘ ਸ਼ੋਕਰ, ਪ੍ਰੋ. ਮਨਪ੍ਰੀਤ ਜੱਸ, ਜਸਵਿੰਦਰ ਸ਼ਰਮਾ ਸਮੇਤ ਹੋਰ ਵੀ ਲੇਖਕ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਕਹਾਣੀ ਸੰਗ੍ਰਹਿ 'ਤ੍ਰਾਹ-ਤ੍ਰਾਹ ਜਾਨ' 'ਤੇ ਵਿਚਾਰ-ਚਰਚਾ



**ਜਲੰਧਰ**-ਪੰਜਾਬ ਦੀ ਸਭ ਤੋਂ ਪੁਰਾਣੀ ਸਾਹਿਤ ਸਭਾ 'ਲਿਖਾਰੀ ਸਭਾ ਜਗਤਪੁਰ ਰਜਿ:' ਵੱਲੋਂ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਵਿਸ਼ਵ ਪ੍ਰਸਿੱਧ ਸਾਹਿਤਕਾਰ ਸ: ਮਹਿੰਦਰ ਸਿੰਘ ਦੋਸਾਂਝ ਜੋ ਕੇ ਸਭਾ ਦੇ ਸਰਪ੍ਰਸਤ ਵੀ ਹਨ, ਦੀ ਅਗਵਾਈ ਵਿਚ ਸਭਾ ਦੀ ਪੁਨਰਗਠਿਤ ਨਵੀਂ ਨੌਜਵਾਨ ਟੀਮ ਵੱਲੋਂ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਮਹਿੰਦਰ ਸਿੰਘ ਦੋਸਾਂਝ, ਸਰਪ੍ਰਸਤ ਲਿਖਾਰੀ ਸਭਾ ਰਜਿ: ਜਗਤਪੁਰ, ਕਹਾਣੀਕਾਰ ਗੁਰਦੀਪ ਸਿੰਘ ਮੁਕੱਦਮ, ਗਜ਼ਲਗੋ ਗੁਰਦੀਪ ਸਿੰਘ ਸੈਣੀ ਅਤੇ ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਪੁਰੇਵਾਲ ਬਿਰਾਜਮਾਨ ਹੋਏ। ਆਏ ਹੋਏ ਮਹਿਮਾਨਾਂ ਦਾ ਸਵਾਗਤ ਸਭਾ ਦੇ ਉੱਪ ਪ੍ਰਧਾਨ ਦੀਪ ਜਗਤਪੁਰ ਨੇ ਕੀਤਾ ਅਤੇ ਅਖੀਰ ਵਿਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਸ. ਇਕਬਾਲ ਸਿੰਘ ਨੇ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਸਭਾ ਦੇ ਸਕੱਤਰ ਨੂਰ ਕਮਲ ਨੇ ਬਾਖ਼ੂਬੀ ਨਿਭਾਈ। ਇਸ ਸਮਾਗਮ ਵਿਚ ਸਭਾ ਦੇ ਮੈਂਬਰ ਇਕਬਾਲ ਸਿੰਘ ਦੇ ਕਹਾਣੀ ਸੰਗ੍ਰਹਿ 'ਤ੍ਰਾਹ ਤ੍ਰਾਹ ਜਾਨ' 'ਤੇ ਇੱਕ ਵਿਚਾਰ ਚਰਚਾ ਕਰਵਾਈ ਗਈ, ਜਿਸ ਵਿੱਚ ਗੁਰਦੀਪ ਸਿੰਘ ਮੁਕੱਦਮ ਅਤੇ ਦੀਪ ਸ਼ੇਰਗਿੱਲ ਵੱਲੋਂ ਕਿਤਾਬ 'ਤੇ ਪਰਚੇ ਪੜ੍ਹੇ ਗਏ। ਸਮਾਗਮ ਵਿਚ ਆਏ ਹੋਏ ਸਾਰੇ ਹੀ ਬੁੱਧੀਜੀਵੀਆਂ ਨੇ ਕਿਤਾਬ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਹਾਜ਼ਰ ਕਵੀਆਂ ਦਾ ਇੱਕ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ 7 ਸਾਲ ਦੀ ਇੱਕ ਹੋਣਹਾਰ ਛੋਟੀ ਬੱਚੀ ਗੀਤਾਂਸ਼ੀ ਸਿੰਘ ਵੱਲੋਂ ਕੀਤੀ ਗਈ। ਇਲਾਕੇ ਦੇ ਬਹੁਤ ਸਾਰੇ ਨੌਜਵਾਨ ਅਤੇ ਪੁਰਾਣੇ ਕਵੀਆਂ ਨੇ ਇਸ ਕਵੀ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਸਮਾਗਮ ਦੀ ਰੌਣਕ ਵਧਾਈ।

# ਦਰਸ਼ਨ ਸਿੰਘ ਆਸ਼ਟ ਦਾ 59ਵਾਂ 'ਪੰਜਾਬ ਦਿਵਸ' 'ਤੇ ਵਿਸ਼ੇਸ਼ ਭਾਸ਼ਣ

**ਪਟਿਆਲਾ**-ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਦਰਸ਼ਨ ਸਿੰਘ ਆਸ਼ਟ ਵੱਲੋਂ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ।ਆਪਣੇ ਵਿਸ਼ੇਸ਼ ਭਾਸ਼ਣ ਦੌਰਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਕਿ ਪੰਜਾਬ ਦਿਵਸ ਦੇ ਇਤਿਹਾਸ, ਵਰਤਮਾਨ ਅਤੇ ਇਸ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਸਤਾਰ-ਪੂਰਵਕ ਚਾਨਣਾ ਪਾਉਂਦੇ ਹੋਏ ਕਿਹਾ ਕਿ ਪੰਜਾਬ ਸੂਬੇ ਦਾ ਸ਼ਾਨਾ-ਮੱਤਾ ਇਤਿਹਾਸ ਰਿਹਾ ਹੈ। ਇਸ ਦੀ ਆਪਣੀ ਮਾਂ ਬੋਲੀ, ਸੱਭਿਆਚਾਰ ਅਤੇ ਵਿਰਾਸਤ ਨੇ ਪੂਰੇ ਵਿਸ਼ਵ ਵਿੱਚ ਆਪਣੀ ਅਹਿਮ ਪਹਿਚਾਣ ਬਣਾਈ ਹੈ। ਉਹਨਾਂ ਨੇ ਵਿਦਿਆਰਥੀਆਂ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸੰਬੰਧੀ ਕੁਝ ਸਵਾਲ ਵੀ ਕੀਤੇ, ਜਿਨ੍ਹਾਂ ਦੇ ਵਿਦਿਆਰਥੀਆਂ ਨੇ ਤਸੱਲੀਬਖਸ਼ ਉੱਤਰ ਦਿੱਤੇ।



## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਨੂੰ ਜ਼ਮਾਨਤ ਤੋਂ ਇਨਕਾਰ ਦੇ ਮਾਇਨੇ : ਬੂਟਾ ਸਿੰਘ ਮਹਿਮੂਦਪੁਰ

ਧਰਮ ਸਿੰਘ ਗੁਰਾਇਆ ਨਾਲ ਮੁਲਾਕਾਤ : ਤਰਸੇਮ ਸਿੰਘ ਭੰਗੂ

'ਮੌਸਮ ਠੀਕ ਨਹੀਂ' : ਪਰਗਟ ਸਿੰਘ ਸਤੌਜ (ਫੋਕਸ) ਨਿਰੰਜਣ ਬੋਹਾ

ਅਮਰਜੀਤ ਸਿੰਘ ਅਮਨੀਤ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਪੰਜਾਬੀ ਦੁਨੀਆ : ਡਾ. ਜਗਤਾਰ ਵਿਸ਼ੇਸ਼ ਅੰਕ

ਭਾਸ਼ਾ ਵਿਭਾਗ ਪੰਜਾਬ ਦਾ 'ਪੰਜਾਬੀ ਦੁਨੀਆ' ਪੰਜਾਬੀ ਸਾਹਿਤ ਆਲੋਚਨਾ ਦਾ ਅਜਿਹਾ ਮਿਆਰੀ ਰਸਾਲਾ ਹੈ ਜੋ 75 ਸਾਲਾਂ ਤੋਂ ਛਪਦਾ ਆ ਰਿਹਾ ਹੈ।




ਹੱਥਲਾ ਅੰਕ 'ਪੰਜਾਬੀ ਦੁਨੀਆ' ਦਾ ਜੁਲਾਈ-ਅਕਤੂਬਰ, 2025 ਅੰਕ ਹੈ। ਹੁਣ ਇਹ ਪੰਜਾਬੀ ਰੈਫ਼ਰੀਡ ਰਿਸਰਚ ਜਰਨਲ ਦੇ ਤੌਰ ਤੇ ਛਪਦਾ ਹੈ। ਇਸ ਦੇ ਸਮੇਂ ਸਮੇਂ ਛਪੇ ਵਿਸ਼ੇਸ਼ ਅੰਕ ਅਕੈਡਮਕ ਖੇਤਰ ਵਿੱਚ ਚਰਚਾ ਦਾ ਵਿਸ਼ਾ ਬਣਦੇ ਆ ਰਹੇ ਹਨ। ਹੱਥਲੇ ਅੰਕ ਵਿੱਚ ਜਗਤਾਰ ਦੀ ਗ਼ਜ਼ਲ ਅਤੇ ਕਵਿਤਾ ਦੇ ਭਿੰਨ ਭਿੰਨ ਪੱਖਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਲੇਖ ਵਿਦਵਾਨਾਂ ਵੱਲੋਂ ਲਿਖੇ ਗਏ ਹਨ। ਮੁੱਖ ਸੰਪਾਦਕ ਵੱਲੋਂ ਸੰਪਾਦਕੀ ਵਿੱਚ ਲਿਖਿਆ ਗਿਆ ਹੈ, "ਭਾਸ਼ਾ ਵਿਭਾਗ ਪੰਜਾਬ ਉਨ੍ਹਾਂ ਨੂੰ ਅਕੀਦਤ ਨਾਲ ਯਾਦ ਕਰਦਿਆਂ ਅਤੇ ਡਾ. ਜਗਤਾਰ ਦੀ ਜੀਵਨੀ ਅਤੇ ਸਾਹਿਤ ਸਿਰਜਣਾ ਦਾ ਅਲੋਚਨਾਤਮਕ ਅਧਿਐਨ ਕਰਦਿਆਂ 'ਡਾ. ਜਗਤਾਰ ਵਿਸ਼ੇਸ਼ ਅੰਕ' ਛਾਪਣ ਦੀ ਖੁਸ਼ੀ ਲੈ ਲਿਹਾ ਹੈ। ਜਿਹੜਾ ਪਾਠਕਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ।'

ਹੱਥਲੇ ਅੰਕ ਵਿੱਚ ਸੁਰਜੀਤ ਜੱਜ ਨੇ 'ਸੂਖ਼ਮ ਤੇ ਸਾਰਥਕ ਸ਼ਾਇਰੀ ਦੀ ਸਦੀਵੀ ਸੁਰ-ਡਾ. ਜਗਤਾਰ', ਡਾ. ਮਨਮੋਹਨ ਸਿੰਘ ਤੀਰ ਨੇ 'ਡਾ. ਜਗਤਾਰ ਦਾ ਕਾਵਿ ਜਗਤ', ਡਾ. ਸੁਰਜੀਤ ਸਿੰਘ ਨੇ 'ਡਾ. ਜਗਤਾਰ ਦੀ ਕਾਵਿ ਯਾਤਰਾ : ਕਾਵਿ-ਪ੍ਰਤਿਮਾਨਾਂ ਦੇ ਰੂਪਾਂਤਰਣ ਦਾ ਇਤਿਹਾਸ', ਡਾ. ਗੁਰਇਕਬਾਲ ਸਿੰਘ ਨੇ 'ਪੰਜਾਬੀ ਗ਼ਜ਼ਲ ਦਾ ਬੁਲੰਦ ਸ਼ਾਇਰ-ਡਾ. ਜਗਤਾਰ', ਡਾ. ਸਰਦੂਲ ਸਿੰਘ ਔਜਲਾ ਨੇ 'ਡਾ. ਜਗਤਾਰ ਦੀ ਗ਼ਜ਼ਲ ਵਿਚ ਰੂਪਗਤ ਚੇਤਨਾ', ਸ਼ਮਸ਼ੇਰ ਮੋਹੀ ਨੇ 'ਪੰਜਾਬੀ ਗ਼ਜ਼ਲ ਨੂੰ ਅਮੀਰ ਵਿਰਾਸਤ ਬਖਸ਼ਣ ਵਾਲਾ ਗ਼ਜ਼ਲਕਾਰ ਡਾ. ਜਗਤਾਰ', ਜਗਵਿੰਦਰ ਜੋਧਾ ਨੇ 'ਡਾ. ਜਗਤਾਰ ਦੀ ਗ਼ਜ਼ਲਕਾਰੀ ਦੇ ਮੂਲ ਸਰੋਕਾਰ', ਡਾ. ਦੀਪਕ ਧਲੇਵਾਂ ਨੇ 'ਡਾ. ਜਗਤਾਰ ਦੀ ਕਵਿਤਾ ਦਾ ਵਿਚਾਰਧਾਰਕ ਅਵਚੇਤਨ', ਜਗਦੀਪ ਸਿੰਘ ਨੇ 'ਡਾ. ਜਗਤਾਰ ਦੀ ਗ਼ਜ਼ਲ ਸਿਰਜਣਾ ਅਤੇ ਮਾਨਵੀ ਭਾਵ ਸੰਰਚਨਾ ਦੇ ਕਾਵਿਕ ਪ੍ਰਗਟਾਉ ਦਾ ਸੁਹਜ', ਸ਼ਹਿਬਾਜ਼ ਖ਼ਾਨ ਨੇ 'ਡਾ. ਜਗਤਾਰ ਦੀ ਗ਼ਜ਼ਲ ਵਿੱਚ ਇਨਕਲਾਬੀ ਅਤੇ ਸੰਵੇਦਵਸ਼ੀਲ ਤੱਤ', ਡਾ. ਹਰਸਿਮਰਨ ਕੌਰ ਨੇ 'ਆਧੁਨਿਕ ਪੰਜਾਬੀ ਕਾਵਿ ਖੇਤਰ ਵਿੱਚ ਜਗਤਾਰ ਦਾ ਸਥਾਨ', ਡਾ. ਮਨਦੀਪ ਕੌਰ ਨੇ 'ਡਾ. ਜਗਤਾਰ ਦੀ ਗ਼ਜ਼ਲ ਭਾਸ਼ਾਈ ਜੁਗਤਾਂ', ਡਾ. ਪਰਮਪਾਲ ਸਿੰਘ ਨੇ 'ਜਗਤਾਰ ਦੀ ਕਵਿਤਾ ਦਾ ਵਿਚਾਰਧਾਰਾਈ ਅਧਿਐਨ', 'ਡਾ, ਸੰਦੀਪ ਸਿੰਘ ਨੇ 'ਜਗਤਾਰ ਦੁਆਰਾ ਰਚਿਤ ਕਾਵਿ ਸੰਗ੍ਰਹਿ 'ਲਹੂ ਦੇ ਨਕਸ਼' ਵਿਚਾਰਧਾਰਾਈ ਅਧਿਐਨ', ਹਰਪ੍ਰੀਤ ਕੁਮਾਰ ਨੇ 'ਡਾ. ਜਗਤਾਰ ਦੀ ਗ਼ਜ਼ਲ ਕਾਵਿ-ਸੰਵੇਦਨਾ', ਡਾ. ਦਵਿੰਦਰ ਸਿੰਘ ਬੋਹਾ ਨੇ 'ਸਮਕਾਲ ਨਾਲ ਸੰਜੀਦਾ ਸੰਵਾਦ-ਸ਼ੀਸ਼ੇ ਦਾ ਜੰਗਲ' ਅਤੇ ਅੰਤਮ ਲੇਖ ਡਾ. ਸੰਤੋਖ ਸਿੰਘ ਸੁੱਖੀ ਨੇ 'ਡਾ. ਜਗਤਾਰ ਦੇ ਗੀਤਾਂ ਵਿਚ ਚਾਅ, ਚਿੰਤਾ ਤੇ ਚਿੰਤਨ' ਆਦਿ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਪਾਠਕ ਡਾ. ਜਗਤਾਰ ਦੀ ਸ਼ਾਇਰੀ ਨੂੰ ਅੱਛੀ ਤਰ੍ਹਾਂ ਸਮਝ ਸਕਦੇ ਹਨ। ਵਿਦਵਾਨਾਂ ਨੇ ਡਾ. ਜਗਤਾਰ ਦੀ ਸ਼ਾਇਰੀ ਦੇ ਨਵੇਂ ਸੂਤਰਾਂ ਦੀ ਤਲਾਸ਼ ਕੀਤੀ ਹੈ। ਇਹ ਅੰਕ ਪ੍ਰਕਾਸ਼ਤ ਕਰਕੇ ਭਾਸ਼ਾ ਵਿਭਾਗ ਪੰਜਾਬ ਨੇ ਨਿੱਗਰ ਕਾਰਜ ਕੀਤਾ ਹੈ। 'ਪੰਜਾਬੀ ਦੁਨੀਆ' ਦੇ ਟਾਇਟਲ ਦੇ ਅੰਦਰਵਾਰ ਡਾ. ਜਗਤਾਰ ਦੀਆਂ ਪੁਸਤਕਾਂ ਦੇ ਟਾਇਟਲ ਪ੍ਰਕਾਸ਼ਤ ਕੀਤੇ ਗਏ ਹਨ।

ਇਸ ਅੰਕ ਦੇ ਸਫ਼ੇ : 260, ਮੁੱਲ : 80 ਰੁਪਏ, ਮੁੱਖ ਸੰਪਾਦਕ : ਜਸਵੰਤ ਸਿੰਘ ਜ਼ਫ਼ਰ (ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ), ਸੰਪਾਦਕ : ਡਾ. ਸੰਤੋਖ ਸਿੰਘ ਸੁੱਖੀ (ਖੋਜ ਅਫ਼ਸਰ), ਪਤਾ : ਪੰਜਾਬੀ ਦੁਨੀਆ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

## ਸ਼ਬਦ ਸਪਲੀਮੈਂਟ

ਸ਼ਬਦ ਸ਼ਪਲੀਮੈਂਟ-42 ਦਾ ਨਵਾਂ ਅੰਕ 'ਪੰਜਾਬੀ ਸੌਰਟ ਸਟੋਰੀਅਜ਼ ਸਪੈਸ਼ਲ ਇਸ਼ੂ' ਹੈ।




ਇਸ ਅੰਕ ਵਿੱਚ ਪੰਜਾਬੀ ਦੀਆਂ 17 ਪ੍ਰਤੀਨਿੱਧ ਕਹਾਣੀਆਂ ਦੀ ਚੋਣ ਕਰਕੇ ਉਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ ਗਿਆ ਹੈ। ਪ੍ਰਫੇਸ ਵਿੱਚ ਸੰਪਾਦਕੀ ਮੰਡਲ ਨੇ ਸੰਖੇਪ ਵਿੱਚ ਪੰਜਾਬੀ ਕਹਾਣੀ ਦਾ ਇਤਿਹਾਸ ਤੇ ਵੱਖ ਵੱਖ ਪੜਾ ਨਿਰਧਾਰਤ ਕੀਤੇ ਹਨ। ਇਸ ਵਿਸ਼ੇਸ਼ ਅੰਕ ਵਿੱਚ ਰਾਮ ਸਰੂਪ ਅਣਖੀ ਦੀ ਕਹਾਣੀ 'ਸੁੱਤਾ ਨਾਗ' The Sleeping Serpent, ਰਘੁਬੀਰ ਢੰਡ ਦੀ ਕਹਾਣੀ 'ਸ਼ਾਨੇ-ਪੰਜਾਬ' The Pride of Punjab, ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਰੋਟੀ' The Meal, ਜਸਬੀਰ ਭੁੱਲਰ ਦੀ ਕਹਾਣੀ 'ਪਿਉ ਤੇ ਪੁੱਤਰ' Father and Son, ਕਿਰਪਾਲ ਕਜਾਕ (ਪਾਣੀ ਦੀ ਕੰਧ' The Wall if Water, ਗੁਰਪਾਲ ਲਿੱਟ ਦੀ ਕਹਾਣੀ 'ਰੇਪ ਕੇਸ' The Rape Case, ਪ੍ਰੇਮ ਗੋਰਖੀ 'ਜ਼ਿੰਦਗੀ' The Life, ਹਰਜੀਤ ਅਟਵਾਲ 'ਜੈਂਟਲਮੈਨ' The Gentleman, ਜਿੰਦਰ 'ਤਿਲਕਣ' The Slippery Path, ਮਕਸੂਦ ਸਾਕਿਬ 'ਸੁੱਚਾ ਤਿੱਲ਼' The Pure Gold Glittering Thread, ਤਲਵਿੰਦਰ ਸਿੰਘ 'ਵਿਚਲੀ ਔਰਤ' The Woman Within, ਕੇਸਰਾ ਰਾਮ 'ਵਾਇਰਸ' The Virus, ਜਤਿੰਦਰ ਹਾਂਸ 'ਲੁਤਰੋ' The Big Mouth, ਭਗਵੰਤ ਰਸੂਲਪੁਰੀ (ਜੜ੍ਹਾਂ) The Roots, ਖ਼ਾਲਿਦ ਫਰਹਾਦ ਧਾਲੀਵਾਲ 'ਮਾਲਕਣ' The Boss Lady, ਅਰਵਿੰਦਰ ਕੌਰ ਧਾਲੀਵਾਲ ਦੀ ਕਹਾਣੀ 'ਨੀਲੇ ਮੋਰਾਂ ਵਾਲੀ ਚਾਦਰ' The Blue Peacock Patterned Sheet, 'ਰਵੀ ਸ਼ੇਰਗਿੱਲ 'ਪਹਾੜਾਂ ਤੋਂ ਖੁਰ ਰਹੀ ਬਰਫ਼' The Snow Melting From The Mountains ਆਦਿ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਤ ਕੀਤੇ ਗਏ ਹਨ। ਇਸ ਮਹੱਤਵਪੂਰਨ ਅੰਕ ਨੂੰ ਅਨੁਵਾਦ ਕਰਨਾ ਬਹੁਤ ਮਿਹਨਤ ਦਾ ਕਾਰਜ ਹੈ। ਟਾਟਿਲ ਦੇ ਅੰਦਰਵਾਰ ਦੋ ਪੰਨਿਆਂ ਉੱਤੇ ਪੰਜਾਬੀ ਕਹਾਣੀਆਂਕਾਰਾਂ ਦੀਆਂ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸੰਪਾਦਕ ਹਰਜੀਤ ਅਟਵਾਲ ਅਤੇ ਜਿੰਦਰ ਨੂੰ ਇਹ ਕਾਰਜ ਲਈ ਵਧਾਈ ਕਿ ਉਸ ਨੇ ਹੱਥਲੇ ਅੰਕ ਨੂੰ ਤਿਆਰ ਕਰਨ 'ਤੇ ਬਹੁਤ ਮਿਹਨਤ ਕੀਤਾ ਹੈ। ਕਿਸੇ ਪੰਜਾਬੀ ਰਸਾਲੇ ਦਾ ਇਹ ਨਿਵੇਕਲਾ ਅੰਕ ਹੈ। ਸੰਪਾਦਕ ਦਾ ਦਾਅਵਾ ਹੈ ਕਿ ਇਸ ਅੰਕ ਨੂੰ ਹਰ ਅੰਗਰੇਜ਼ੀ ਪੜ੍ਹਨ ਵਾਲੇ ਪਾਠਕਾਂ ਤੱਕ ਪੁੱਜਦਾ ਕੀਤਾ ਜਾਵੇਗਾ। ਅੰਕ ਅੰਗਰੇਜ਼ੀ ਦੇ ਪਾਠਕਾਂ ਲਈ ਬਹੁਤ ਮਹੱਤਵਪੂਰਨ ਹੈ।

ਇਸ ਅੰਕ ਦੇ ਸਫ਼ੇ : 152, ਮੁੱਲ 100 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (98148-03254), ਰਚਨਾਵਾਂ ਭੇਜਣ ਲਈ ਪਤਾ : jinder340@gmail.com

## ਸ਼ਬਦ ਤ੍ਰਿੰਜਣ : ਜੁਲਾਈ-ਸਤੰਬਰ, 2025




'ਸ਼ਬਦ ਤ੍ਰਿੰਜਣ' ਦੇ ਨਵੇਂ ਅੰਕ ਦੀ ਸੰਪਾਦਕੀ 'ਪਾਣੀ ਪਿਤਾ' ਤੇ ਲਿਖੀ ਹੈ। ਅੰਕ ਵਿੱਚ ਸ਼ੇਰ ਜੰਗ ਜਾਂਗਲੀ (ਜਾਂਗਲੀ ਸਾਧ ਬਣ ਗਿਆ), ਰਮੇਸ਼ ਕੁਮਾਰ, ਤਰਸੇਮ ਸਿੰਘ ਭੰਗੂ (ਸ਼ਰੀਫ਼ ਸ਼ਹਿਰ ਸ਼ਾਨਦਾਰ ਕੁੱਤੇ), ਜੰਗਪਾਲ ਸਿੰਘ (ਗਰਾਮੋਫੋਨ ਰਿਕਾਰਡ ਤੋਂ ਆਨ-ਲਾਈਨ ਤੱਕ', ਮੰਗਤ ਕੁਲਜਿੰਦ (ਹਾਏ ਗਰਮੀ), ਇੰਦਰਜੀਤ ਕੌਰ, ਹਰੀ ਕਾਦਿਆਨੀ (ਬਾਪੂ ਯੱਭਲੀਆਂ ਮਾਰੇ), ਡਾ. ਸਾਧੂ ਰਾਮ ਲੰਗੇਆਣਾ (ਦਾਦੀ ਮਾਂ), ਨੂਰ ਸੰਤੋਖਪੁਰੀ (ਵਿਲੱਖਣ ਦੁੱਖਾਂ ਦੀ ਦਵਾਈ), ਹਰਜਿੰਦਰ ਕੌਰ (ਦੁਨੀਆ ਪੁੱਠੇ ਰਾਹ ਪੈਗੀ), ਮਾਲਵਿੰਦਰ ਸ਼ਾਇਰ (ਮੱਛਰਦਾਨੀ ਲੈ ਦੇ ਮਾਹੀਆ), ਸੁਖਦੇਣ ਸਿੰਘ ਔਲਖ (ਪਰਧਾਨਗੀ), ਰਾਜਿੰਦਰ ਵਰਮਾ (ਚੱਕਾ ਜਾਮ) ਅਮਨਦੀਪ ਸਿੰਘ ਮੋਗਾ (ਵਿਟਾਮਿਨ ਸੀ ਦੀ ਕਮੀ ਕਾਰਨ ਅਤੇ ਇਲਾਜ) ਆਦਿ ਵਿਅੰਗ ਲਿਖਤਾਂ ਛਪੀਆਂ ਹਨ। ਇਸ ਤੋਂ ਇਲਾਵਾ ਕੁਝ ਕਾਵਿਤਾਵਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਅੰਤਲੇ ਪੰਨੇ ਉੱਤੇ ਜਗਦੀਸ਼ ਰਾਏ ਕੁਲਰੀਆਂ ਦੀਆਂ ਮਿੰਨੀ ਕਹਾਣੀਆਂ' ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕੁਝ ਵਿਅੰਗ ਪੁਸਤਕਾਂ ਦੇ ਰੀਵਿਊ ਸਮੇਤ ਅੰਕ ਪੜ੍ਹਨਯੋਗ ਸਮੱਗਰੀ ਪ੍ਰਕਾਸ਼ਤ ਕਰਦਾ ਆ ਰਿਹਾ ਹੈ। ਇਸ ਅੰਕ ਦੇ ਸਫ਼ੇ : 48, ਮੁੱਲ : 30 ਰੁਪਏ, ਸੰਪਾਦਕ : ਮੰਗਤ ਰਾਏ ਮਿੱਤਲ, ਰਚਨਾਵਾਂ ਭੇਜਣ ਲਈ :

email: mangat99999@yahoo.co.in

ਸੰਤੋਖ ਸਿੰਘ ਸੁੱਖੀ ਸਮਕਾਲੀ ਪੰਜਾਬੀ ਕਾਵਿ ਦ੍ਰਿਸ਼ ਵਿੱਚ ਦੁੱਖ, ਦੁਖਾਂਤ ਅਤੇ ਸੰਵੇਦਨਾ ਦੇ ਰਲਵੇਂ-ਮਿਲਵੇਂ ਅਨੁਭਵ ਅਤੇ ਬੋਧ ਵਿੱਚੋਂ ਕਾਵਿ ਸਿਰਜਣਕਾਰੀ ਕਰਦਾ ਹੈ। ਵਰਣ ਵਿਵਸਥਾ ਦਾ ਨਪੀੜਿਆ, ਝੰਬਿਆ, ਦਰੜਿਆ ਮਨੁੱਖ ਸੰਤੋਖ ਦੀ ਪਹਿਲ ਹੈ ਹੀ, ਪ੍ਰੰਤੂ ਸਮਾਜੀ ਵਿਵਸਥਾ ਦਾ ਚੂਸਿਆ ਹੋਇਆ ਮਨੁੱਖ ਉਸ ਦਾ ਕਾਵਿ ਪਾਤਰ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਦ੍ਰਿਸ਼ ਵਿੱਚ ਸੰਤੋਖ ਵਿਰਾਟ ਸਰੋਕਾਰਾਂ ਨੂੰ ਆਪਣੇ ਕਾਵਿ ਦਾ ਮਰਕਜ਼ ਬਣਾਉਂਦਾ ਹੈ, ਅਲਪ ਸਰੋਕਾਰਾਂ ਨੂੰ ਵਿਅੰਗ ਹੇਠ ਲਿਆ ਕੇ ਰਚੀ ਜਾ ਰਹੀ ਪੰਜਾਬੀ ਕਵਿਤਾ ਨੂੰ ਮਿਹਣਾ ਦਿੰਦਾ ਹੈ, ਉਸ ਨੂੰ ਠੁੱਠ ਦਿਖਾਉਂਦਾ ਹੈ। ਪੰਜਾਬੀ ਦੇ ਉਪਭੋਗੀ ਸੱਭਿਆਚਾਰ ਦੀ ਗ੍ਰਿਫ਼ਤ ਵਿੱਚ ਕਵੀਆਂ ਨਾਲ ਆਢਾ ਲੈਂਦਾ ਹੈ, ਉਹਨਾਂ ਨੂੰ ਲਲਕਾਰ ਦੀ ਪੱਧਰ 'ਤੇ ਚੇਤਾ ਕਰਾਉਂਦਾ ਹੈ ਕਿ ਜੇ ਕਵੀ ਹੋ ਤਾਂ ਅਨਿਆਂ, ਜਬਰ ਅਤੇ ਹਿੰਸਾ ਦੇ ਵਿਰੁੱਧ ਆਵਾਜ਼ ਉਠਾਓ। ਉਸ ਲਈ ਕਵੀ ਹੋਣਾ ਜੰਗ ਲੜਨ ਵਰਗਾ ਕੰਮ ਹੈ।ਉਹ ਸ਼ਬਦ ਦੇ ਮੈਦਾਨ ਵਿੱਚ ਜੰਗ ਤਾਂ ਲੜ ਹੀ ਰਿਹਾ ਹੈ ਸਗੋਂ ਨਾਲੋ-ਨਾਲ ਸਮਾਜੀ ਪਿੜ ਵਿੱਚ ਸਰਗਰਮ ਯੁੱਧ ਦਾ ਹਿੱਸਾ ਵੀ ਹੈ। ਮੈਂ ਉਹਦੀ ਕਵਿਤਾ ਨੂੰ ਮੁਹੱਬਤ ਕਰਦਾ ਹਾਂ। **—ਡਾ. ਸਰਬਜੀਤ ਸਿੰਘ**

# ਸੰਤੋਖ ਸਿੰਘ ਸੁੱਖੀ ਦੀਆਂ ਕਵਿਤਾਵਾਂ

## ਰੌਸ਼ਨੀ ਅੰਦਰਲੇ ਹਥਿਆਰਾਂ ਨੂੰ ਦੇਖਦਿਆਂ

ਉਸ ਦੀਆਂ
ਬੁੱਢੀਆਂ ਹੋ ਰਹੀਆਂ ਅੱਖਾਂ ਵਿੱਚ
ਅਜੇ ਵੀ
ਚਾਅ ਸੀ ਸਵੇਰਾ ਦੇਖਣ ਦਾ
ਉਸ ਨੇ ਜਵਾਨੀ ਉਮਰੇ
ਆਪਣੇ ਵਰਗੇ ਲੋਕਾਂ ਲਈ
ਸੁਪਨਿਆਂ ਦੀ ਇਬਾਰਤ ਲਿਖੀ ਸੀ
ਚਾਵਾਂ ਨੂੰ ਆਪਣੇ ਕੋਲ ਬਿਠਾਉਣ ਲਈ
ਪੀੜ੍ਹੀ ਬਣਵਾਈ ਸੀ
ਸਿਰਾਂ ਵਿੱਚ ਗੱਡੀਆਂ ਗੁੱਲ ਮੇਖਾਂ
ਨੂੰ ਹੌਲੀ ਹੌਲੀ ਕੱਢਣ ਦਾ
ਕੀਤਾ ਸੀ ਯਤਨ
ਅੱਖਰਾਂ ਨੂੰ
ਹਨੇਰ ਧਰਤੀ ਤੱਕ
ਲੈ ਆਉਣ ਨੂੰ ਕਹਿੰਦਾ ਸੀ
ਤੇ ਸ਼ਬਦਾਂ ਦੇ ਅਰਥਾਂ ਵਾਕਾਂ ਦੇ ਚਾਨਣ ਨਾਲ ਰੁਸ਼ਨਾਉਣਾ ਚਾਹੁੰਦਾ ਸੀ
ਆਲ਼ਾ ਦੁਆਲਾ
ਚਾਵਾਂ, ਛਾਵਾਂ, ਰਾਵਾਂ, ਦੁਆਵਾਂ ਨਾਲ
ਮਹਿਕਣ ਲੱਗੇ ਇਹ ਧਰਤੀ

ਇਤਿਹਾਸ ਦੇ ਝੂਠ ਨੂੰ
ਸੱਚ ਦੀਆਂ ਨਹੁੰਦਰਾਂ ਨਾਲ ਚਾਹੁੰਦਾ ਸੀ ਪੱਟਣਾ
ਪਿਲ ਪਿਲ ਕਰਦੇ ਦਰਸ਼ਨ ਦਾ ਫੋੜਾ ਚਾਹੁੰਦਾ ਸੀ ਭੰਨਣਾ
ਉਹ ਅੱਖ ਵਿੱਚ ਚਾਹੁੰਦਾ ਸੀ ਅੱਖ
ਜਿਸ ਨੂੰ ਸਾਰੇ ਕਾਲਾਂ ਦੀ ਗਤੀ, ਰੀਤੀ, ਦਿਖਦੇ ਹੋਣ
ਜਿਹੜੀ ਪੈਦਾ ਕਰੇ ਹੋਰ ਲੱਖਾਂ ਅੱਖਾਂ
ਤੇ ਧਰਤੀ ਸੂਰਜ ਦੇ ਚਾਨਣ ਨਾਲ ਨਹੀਂ
ਸਗੋਂ ਜ਼ਿਹਨ ਦੇ ਪ੍ਰਕਾਸ਼ ਨਾਲ ਮਹਿਕੇ

ਉਹ ਕਰਾਉਣਾ ਚਾਹੁੰਦਾ ਸੀ ਉਹਨਾਂ ਭਾਂਡਿਆਂ ਨੂੰ ਕਲੀ
ਜਿਹੜੇ ਸਦੀਆਂ ਤੋਂ ਜੁੜੇ ਸਨ
ਬਦਲ ਦੇਣਾ ਚਾਹੁੰਦਾ ਸੀ
ਲਿਬਾਸ, ਅਭਾਸ
ਅੰਦਰੋਂ ਅੰਦਰੀ ਫੈਲਿਆ ਹੋਇਆ ਪ੍ਰਵਾਸ
ਉਸ ਨੇ ਅੰਦਰ ਤੋਂ ਜਾਣਿਆ ਸੀ ਕਿ
ਮਾਲਕੀ ਤੇ ਗੁਲਾਮੀ
ਜਿੰਮੀਦਾਰੀ ਤੇ ਮਜ਼ਦੂਰੀ
ਦੁਕਾਨਦਾਰੀ ਤੇ ਨੌਕਰੀ
ਵਿਰੋਧੀ ਜੁੱਟ ਤੇ ਗੁੱਟ ਨਹੀਂ
ਸਗੋਂ ਕੋਈ ਹਨੇਰੀ ਵਗਣ ਤੋਂ ਬਾਅਦ ਵੀ
ਉਹੀ ਰਹਿੰਦਾ
ਜਿਹੜਾ ਸਮਾਜ ਨੇ ਘੜਿਆ
ਵੱਡ ਜਾਤੀਆ, ਵੱਡ ਗੋਤੀਆ, ਵੱਡੇ ਪੰਨ੍ਹੇ ਵਾਲਾ
ਜਾਣਦਾ ਸੀ
ਸਮਾਜਿਕ ਯੁੱਧ ਪਹਿਲਾਂ ਸਿਰ ਵਿੱਚ ਲੜੇ ਜਾਂਦੇ
ਉਸ ਦੇ ਪੂਰਵਜਾਂ ਲਈ ਲੜਨ ਲਈ ਕਿਸੇ
ਨਾ ਕੀਤਾ ਸਿਰ ਦਾ ਯੁੱਧ

ਜੋ ਜਿੱਥੇ ਸੀ
ਲਲਕਾਰਾਂ, ਫਿਟਕਾਰਾਂ, ਦੂਰ ਫਿਟੇ ਦੀ ਲੜਾਈ
ਲੜਦੇ ਰਹੇ
ਮੰਡੀ ਨੂੰ ਕਢਦੇ ਰਹੇ ਗਾਲ਼ਾਂ
ਸਰਮਾਏਦਾਰੀ ਦਾ ਕਰਦੇ ਰਹੇ ਮੂੰਹ ਕਾਲਾ
ਪਰ ਨਾ ਪਹੁੰਚੇ
ਕਿਰਤੀਆਂ ਦੇ ਦੁਖਦੇ ਹੱਡਾਂ ਤੱਕ

ਜਿਹੜਾ ਪਹੁੰਚਣ ਦੀ ਗੱਲ ਕਰਦਾ
ਕਰਾਰ ਦਿੱਤਾ ਜਾਂਦਾ
ਜਾਤੀਵਾਦੀ

ਉਹ ਇਸ ਨੂੰ ਸਮਝਦਾ
ਲੜਦਾ ਰਿਹਾ
ਸੱਤਾ ਨੇ ਆਟੇ ਦੀ ਖੇਡ ਖੇਡੀ
ਸੰਘਰਸ਼ ਦੇ ਬਹੁਤ ਦੀਵੇ ਬੁਝ ਗਏ
ਕੁਝ ਅੱਖਾਂ ਵਿੱਚ ਦੇ ਦਿੱਤਾ
ਧਰਮ ਦਾ ਤੱਕਲਾ
ਕੁਝ ਆਪੇ ਦੇ ਹੋ ਗਏ ਸ਼ਿਕਾਰ
ਸਾਡਾ ਯੁੱਧ ਕੋਈ ਹੋਰ ਲੜੇ

ਉਸ ਦੀਆਂ ਬਾਹਾਂ ਵਿਚ
ਰੋਹ ਹੁੰਦਾ
ਵਿਦਰੋਹ ਹੁੰਦਾ
ਪਰ ਵਕਤ ਨੇ ਬੁੱਢਾ ਕਰ ਦਿੱਤਾ
ਬੁੱਢੇ ਕੋਲ ਖੂੰਡੀ ਹੋ ਗਈ
ਸਹਾਰੇ ਵਾਲੀ
ਕਿਤਾਬਾਂ ਦੀ ਖੁਸ਼ਬੂ ਨੂੰ
ਅਜੇ ਵੀ ਸਾਂਭੀ ਫਿਰਦਾ
ਆਪਣੇ ਅਕੀਦੇ ਨਾਲ ਲੜ ਰਿਹਾ
ਪਤਾ ਨਹੀਂ ਉਸ ਨੂੰ ਕੌਣ ਦੱਸ ਗਿਆ ਸੀ
ਬਚਪਨ ਵਿਚ ਹੀ
ਕਿ ਲੜੇ ਬਿਨਾਂ ਕਦੇ ਵੀ ਗੁਜ਼ਾਰਾ ਨਹੀਂ ਹੁੰਦਾ।
—ਸੰਤੋਖ ਸਿੰਘ ਸੁੱਖੀ

2

ਸੱਚ ਦੇ ਪਿੰਡੇ ਦੀ ਪ੍ਰਸ਼ਨਾਵਲੀ
ਸਾਡੇ ਮੱਥਿਆਂ 'ਚੋਂ ਕਿਸ ਨੇ ਚੁਗੇ ਭਾਗ
ਸਾਡੀਆਂ ਅੱਖਾਂ 'ਚੋਂ ਕਸ਼ੀਦੇ ਕਿਸੇ ਨੇ ਸਪਨੇ
ਕਿਸ ਨੇ ਸਾਡੇ ਪਿੰਡੇ ਨੂੰ ਲੱਗੀ ਮਿੱਟੀ ਦਾ ਰੰਗ ਪਛਾਣਿਆ
ਕਿਸ ਨੇ ਕਿਹਾ ਇਹ ਜੀਵ ਨਿਰਜੀਵਾਂ ਵਰਗੇ ਹਨ
ਕਿਸ ਨੇ ਸਾਡੇ ਪੈਰਾਂ ਲਈ ਲਾਜ਼ਮੀ ਕੀਤਾ ਕੰਡਿਆਂ 'ਤੇ ਤੁਰਨਾ
ਕਿਸ ਨੇ ਸਾਡੇ ਲਈ ਘੜੀ ਮਰਿਆਦਾ ਜਿਸ ਵਿਚ
ਕਿਸੇ ਨੂੰ ਕਿਉਂ ਦਿਖਾਈ ਨਹੀਂ ਦਿੰਦੇ
ਸੰਗਲ, ਨਿਉਲਾਂ, ਰੱਸੀਆਂ, ਫਾਹੇ, ਪਟੇ,
ਨਪੀੜਨ ਲਈ ਕਿਨ੍ਹਾਂ ਨੇ ਬਣਾਈ
ਗ੍ਰੰਥਾਂ ਦੀ ਘੁਲਾੜੀ
ਤੇ ਕਿਨ੍ਹਾਂ ਨੇ ਪਾੜਿਆ ਸਾਡੇ
ਹੋਣ ਦਾ ਪ੍ਰਮਾਣ ਪੱਤਰ

ਜਨਾਬ ਇਹ ਸਵਾਲ
ਸਿੱਧੇ ਤੁਹਾਡੇ ਲਈ ਹਨ
ਐਵੇਂ ਪਰ੍ਹਾਂ ਨਾ ਹੋਣਾ
ਇਹ ਕਹਿ ਦੇਣਾ
ਜੇ ਤੁਸੀਂ ਗੁਲਾਮ ਹੋ ਤਾਂ ਬੋਲਦਾ ਕੌਣ ਹੈ?
ਨਾ ਹੋਣਾ ਉਹਲੇ ਕਿਸੇ ਦਲੀਲ ਦੇ

## ਤੁਹਾਨੂੰ ਨਹੀਂ ਪਤਾ?

ਤੁਹਾਨੂੰ ਪਤਾ ਹੈ
ਤੁਸੀਂ ਮੀਸਣੇ ਹੋ
ਚੁੱਪ ਥੱਲੇ ਦੋਗਲੇ ਬਣਦੇ ਹੋ
ਤੁਹਾਡੀ ਭਿਆਲੀ ਹੈ
ਉਨ੍ਹਾਂ ਨਾਲ
ਜਿਹੜੇ ਜ਼ੁਲਮ ਕਰਨ ਵਾਲਿਆਂ ਦੇ
ਵਾਰਸ ਨੇ
ਤੁਸੀਂ ਤਾਂ ਕਹਿੰਦੇ ਸੀ ਅਸੀਂ
ਜਾਣਦੇ ਹਾਂ ਨਛੱਤਰਾਂ ਬਾਰੇ
ਬ੍ਰਹਿਮੰਡ ਬਾਰੇ
ਕਿਹੜੇ ਗ੍ਰਹਿ ਦੀ ਕਿਹੜੀ ਚਾਲ

ਤੁਹਾਨੂੰ ਧਰਤੀ 'ਤੇ ਨਾ ਦਿਖੇ ਉਹ ਲੋਕ
ਜਿਨ੍ਹਾ ਨੂੰ ਪਸ਼ੂ ਬਣਾ
ਵਸਾਇਆ ਸੀ ਹਨੇਰ ਬਸਤੀਆਂ ਵਿੱਚ
ਨਾ ਅੱਖਰ, ਨਾ ਅੱਖ, ਨਾ ਅੱਗ, ਨਾ ਪਾਣੀ
ਪਿਛੇਤ ਹੀ ਪਿਛੇਤ
ਨਾ ਦਿਖਾਏ ਕਿਸੇ ਨੇ ਖੇਤ

ਜਨਾਬ ਦੇਖੋ
ਕੀ ਕਹਿ ਰਹੀਆਂ ਨੇ
ਵਰਤਮਾਨ ਦੀਆਂ ਅੱਖਾਂ

ਕਿ ਦੇਖੋ
ਸਿਆਣੇ ਬੰਦਿਆਂ ਦਾ ਕਰਮ ਹੁੰਦਾ
ਦੇਖਣਾ, ਸਮਝਣਾ, ਪਰਖਣਾ,
ਚੰਗਿਆਈ ਲਈ ਲੜਨਾ, ਲੜਾਉਣਾ
ਵਕਤ ਦੇ ਸਫ਼ੇ 'ਤੇ
ਆਪਣੇ ਖਿਆਲ ਦੀ ਲੀਕ ਵਾਹੁਣਾ

ਜੇ ਨਹੀਂ ਵਾਹੁਣੀ ਕੋਈ ਲੀਕ
ਕੇਵਲ ਮੋਮ ਬਣਨਾ ਹੈ
ਗਿੱਲੀ ਮਿੱਟੀ ਬਣਨਾ ਹੈ
ਹਰ ਉਂਗਲ ਵਿੱਚ ਚੜ੍ਹਨ ਵਾਲਾ ਛੱਲਾ ਬਣਨਾ ਹੈ
ਹਰ ਮੋਢੇ 'ਤੇ ਬੈਠਣ ਵਾਲਾ ਤੋਤਾ ਬਣਨਾ ਹੈ
ਤਾਂ ਬਣੋ
ਤੁਹਾਨੂੰ ਮੁਬਾਰਕ
ਆਪ ਹੀ ਐਲਾਨੀ ਹੋਈ
ਤੁਹਾਡੀ ਸਮਤੋਲ ਨਜ਼ਰ
'ਬਰਾਬਰਤਾ' ਦੀ ਤੱਕੜੀ
ਬਣਾਉਟੀ ਭਾਸ਼ਾ ਵਿੱਚੋਂ ਨਿਕਲੀ ਸੱਤਾ ਲਈ ਲਾਰ ਦਾ ਨਾਚ

ਤੁਸੀਂ ਚੁੱਪ ਰਹੋ
ਅਸੀਂ ਆਪ ਲਈ ਆਪ ਬੋਲਾਂਗੇ
ਸਾਡੇ ਸਵਾਲ ਜ਼ਹਿਰ ਬਣ
ਫੂਕਦੇ ਰਹਿਣਗੇ
ਤੇ ਤੁਸੀਂ ਤੜਪਦੇ ਰਹੋਗੇ
ਇਸੇ ਤਰ੍ਹਾਂ, ਇਸੇ ਧਰਤੀ 'ਤੇ।

## ਲਘੂਤਮ ਦੇ ਪੈਰਾਂ ਨਾਲ ਤੁਰਦਿਆਂ

ਜੇ ਸਾਡੀ ਸੱਚੇ ਇਤਿਹਾਸ 'ਤੇ ਟੇਕ ਹੁੰਦੀ
ਵਿਰਾਸਤ ਦੀਆਂ ਪੈੜਾਂ ਸੱਚ ਮੁੱਚ ਦੇਖੀਆਂ ਹੁੰਦੀਆਂ
ਕਾਲੇ ਨਹੁੰਆਂ ਦਾ ਪੜ੍ਹਿਆ ਹੁੰਦਾ ਕੋਈ ਸ਼ਾਸਤਰ
ਹੰਝੂਆਂ ਦਾ ਕੀਤਾ ਹੁੰਦਾ ਕੋਈ ਤਰਜ਼ਮਾ
ਕਮਜ਼ੋਰ ਖੁੱਚਾਂ ਦਾ
ਕੀਤਾ ਹੁੰਦਾ ਕੋਈ ਐਕਸਰੇ
ਬੁਝੀਆਂ ਅੱਖਾਂ ਦੀ ਪੜ੍ਹੀ ਹੁੰਦੀ
ਕੋਈ ਇਬਾਰਤ
ਪਾਣੀ ਤੋਂ ਮਹਿਰੂਮ ਰਹਿ ਗਏ ਲੋਕਾਂ ਦੀ
ਜੀਭ ਦਾ ਦੇਖਿਆ ਹੁੰਦਾ ਰੰਗ
ਪੜ੍ਹਿਆ ਹੁੰਦਾ ਮਿੱਟੀ ਦੀ ਮਾਲਕੀ ਲਈ ਤਰਸਦੇ ਮਨਾਂ ਨੂੰ
ਸੁਪਨਿਆਂ ਲਈ ਹਵਾ ਵਿੱਚ ਉੱਭਰੇ
ਆਰਿਆਂ ਦੇ ਗਿਣੇ ਹੁੰਦੇ ਦੰਦੇ
ਅੱਖਰਾਂ ਲਈ ਤਰਸਦੇ ਮਸਤਕਾਂ ਦੀ ਨਾਪੀ ਹੁੰਦੀ ਡੂੰਘ
ਹੱਥਾਂ ਦੀਆਂ ਮਾਸਪੇਸ਼ੀਆਂ ਦੀ ਪੜ੍ਹੀ ਹੁੰਦੀ ਤਪਸ਼
ਜੇ ਸਧਰਾਂ ਦੇ ਪਿੰਡਿਆਂ 'ਤੇ
ਪਈਆਂ ਲਾਸਾਂ ਦਾ ਕੀਤਾ ਹੁੰਦਾ ਹਿਸਾਬ

ਤਾਂ ਸਾਡੇ ਵਰਤਮਾਨ 'ਤੇ ਦਾਗ਼ ਨਾ ਹੁੰਦੇ
ਮੈਲਾ ਨਾ ਹੁੰਦਾ
ਬੰਦਿਆਂ ਦੇ ਬੰਦਾ ਹੋਣ ਦੀ
ਲਗਾਉਣੀ ਨਾ ਪੈਂਦੀ ਕਲਗੀ
ਧੀਆਂ ਦੀਆਂ ਅੱਖਾਂ ਵਿਚ
ਨਾ ਉੱਭਰੇ ਹੁੰਦੇ ਡਰ
ਬੱਚਿਆਂ ਦੀਆਂ ਬਾਹਾਂ ਨੂੰ
ਨਾ ਹੁੰਦੀ ਕਾਹਲ
ਕਿ ਬਣਨ ਉਹਨਾਂ ਦੇ ਪਰ
ਮਾਪਿਆਂ ਦੇ ਚਿੱਤ ਵਿੱਚ
ਨਾ ਧਰੀ ਜਾਂਦੀ ਮੌਤ
ਬਜ਼ੁਰਗਾਂ ਨੂੰ ਇਹ ਮੁਲਕ
ਆਪਣਾ ਲੱਗਣੋਂ ਨਾ ਹਟਦਾ
ਬੰਦੇ ਅੰਦਰੋਂ ਨਾ ਮੁੱਕਦਾ ਬੰਦਗੀ
ਸੰਜੀਵ ਰਹਿੰਦੀ ਤਾਜ਼ਗੀ
ਬਰਕਰਾਰ ਰਹਿੰਦੀ ਮਿਠਾਸ ਤੇ ਮੁਹੱਬਤ

ਕਿੱਥੇ ਹੈ ਬੰਦੇ ਦਾ ਬੰਦਾ ਹੋਣ ਦਾ ਧਰਮ
ਕਦੋਂ ਪਰਤੇਗਾ ਉਹ ਸੱਚੇ ਰਾਹਾਂ 'ਤੇ
ਜਿਸ ਵਿੱਚੋਂ ਆਉਂਦੀ ਹੋਵੇ ਸੁਗੰਧ
ਖਿੜਦੀ ਹੋਵੇ ਚਾਨਣੀ...
ਜੇ ਸਾਡੀ ਸੱਚੇ ਇਤਿਹਾਸ 'ਤੇ ਟੇਕ ਹੁੰਦੀ...

## ਭਾਸ਼ਾ ਦੇ ਅਰਥ ਕਿਉਂ ਨਹੀਂ ਬਦਲਦੇ?

ਮੇਰੇ ਮੱਥੇ 'ਤੇ
ਮੇਰੀ ਪਰਿਭਾਸ਼ਾ ਕਿਸ ਨੇ ਲਿਖੀ ਹੈ
ਕਿਸ ਨੇ ਸਿਰਜ ਦਿੱਤੀ ਹੈ
ਨਵੀਂ ਭਾਸ਼ਾ
ਨਵਾਂ ਮੁਹਾਵਰਾ

ਚਮਕਦੇ ਦਮਕਦੇ ਸ਼ੀਸ਼ਿਆਂ ਵਿੱਚ
ਜਿੱਥੇ ਜਿਸਮ ਤੜਪ ਉਠਦੇ ਹਨ
ਜ਼ਿਹਨ ਵਿਚ ਫ਼ੈਲ ਜਾਂਦਾ ਹੈ
ਵੱਖਰਾ ਹੀ ਰੰਗ
ਜਿੱਥੇ ਕੁਦਰਤ ਦੇ ਨਿਯਮ
ਮਾਰੇ ਜਾਂਦੇ ਹਨ ਕੋਹ ਕੋਹ
ਉਥੇ ਬੰਦਾ ਕਛਕੌਲ ਲੈ
ਪਵਾਉਣ ਨੂੰ ਖੜਾ ਹੈ ਆਪਣੀ ਹੋਣੀ
ਉਥੇ ਮੈਂ ਵੀ ਖੜ੍ਹਾ ਸਾਂ
ਨਵਾਂ ਮਨੁੱਖ ਬਣ ਕੇ
ਆਪਣਾ ਇਤਿਹਾਸ ਭੁਲਾ ਕੇ
ਮੈਂ ਨਵੇਂ ਕੱਪੜੇ ਪਾਏ ਸੀ
ਉਹਨਾਂ 'ਤੇ ਬਿਲਕੁਲ ਨਹੀਂ ਸੀ
ਕੋਈ ਮੈਲ਼ ਬੰਧਿਆਈ
ਮੈਂ ਪਿਛਲੇ ਸਮੇਂ ਦੇ ਸਾਰੇ ਪਰਚੇ ਪਾੜੇ ਸਨ
ਕਿ ਕੋਈ ਕਹਿ ਦੇਵੇ
ਇਸ ਯੁੱਗ ਵਿਚ
ਇਸ ਦਾ ਬੱਚਤ ਖ਼ਾਤਾ ਕਿਉਂ ਹੈ
ਇਸ ਦੇ ਮੱਥੇ 'ਤੇ ਕਿਉਂ ਖੁਣੀ ਹੈ
ਇਸ ਦੀ ਪੁਰਾਣੀ ਸਮਝ ਦੀ ਕੋਈ ਆਕ੍ਰਿਤੀ
ਮੈਂ ਬਿਲਕੁਲ
ਨਵੇਂ ਯੁੱਗ ਦੇ ਸੱਚਿਆਂ ਵਾਂਗ ਖੜ੍ਹਾ ਸੀ
ਸੋਚਦਾ ਸਾਂ
ਹੁਣ ਕੋਈ ਨਹੀਂ ਪਹਿਚਾਣੇਗਾ
ਮੇਰੇ ਬਜ਼ੁਰਗਾਂ ਦਾ ਰੰਗ
ਪਰ ਇਸ ਯੁੱਗ ਕੋਲ
ਬਦਲਵੇਂ ਕੰਨਟੈਕਟ ਲੈਂਜ ਸਨ
ਬਦਲਦੇ ਸਮੇਂ ਵਿੱਚ ਵੀ ਦੇਖ ਸਕਦੇ ਸਨ
ਉਸ ਦੇ ਪੁਰਾਣੇ ਰੰਗ

ਮੈਂ ਫੜਿਆ ਗਿਆ
ਮੇਰੀ ਡੰਡ ਲਾਹੀ ਗਈ
ਸੁਰਤ ਕੀਤੀ ਗਈ ਟਿਕਾਣੇ
ਮੁੜ ਉਥੇ ਹੀ ਖੜ੍ਹਾ ਸਾਂ
ਜਿੱਥੇ ਸਦੀਆਂ ਪਹਿਲਾਂ

ਸ਼ਬਦ ਨਵੇਂ ਸਨ
ਅਰਥ ਉਹੀ
ਪਹਿਲੀ ਵਾਰ ਭਾਸ਼ਾ 'ਤੇ ਗੁੱਸਾ ਆਇਆ
ਅਖੇ ਬਦਲਦੀ ਹੈ ਇਹ
ਬਾਰਾਂ ਕੋਹਾਂ 'ਤੇ
ਹਰ ਯੁੱਗ ਵਿਚ
ਹਰ ਕਾਲ ਵਿੱਚ

ਪਰ ਕਿਉਂ ਨਹੀਂ ਅਰਥ ਬਦਲਦੀ
ਜਿਸ ਨਾਲ ਕੋਈ ਬੰਦਾ
ਬੰਦਾ ਹੋਣ ਦਾ ਲੈ ਸਕੇ ਸਕੂਨ

ਮੇਰੇ ਮੱਥੇ 'ਤੇ
ਮੇਰੀ ਕਿਸ ਲਿਖੀ ਮੇਰੀ ਪਰਿਭਾਸ਼ਾ ....

**ਸੰਪਰਕ-88725-11179**

ਸਫ਼ਾ 1 ਦੀ ਬਾਕੀ

## ਸ਼ਬਦਾਂ ਦਾ ਪ੍ਰਤਾਪ...

ਸਿਰਜ ਸਕਦਾ ਇਕ ਨਵੀਂ ਔਕਾਤ, ਜਿਸ 'ਤੇ ਹੁੰਦਾ ਏ ਸਭ ਨੂੰ ਨਾਜ਼।

ਸ਼ਬਦ ਕਦੇ ਨਹੀਂ ਮਰਦਾ। ਸਦਾ ਜਿਉਂਦਾ। ਬੰਦਾ ਮਰਦਾ। ਕਈ ਨਸਲਾਂ ਵੀ ਖਤਮ ਹੋ ਜਾਂਦੀਆਂ, ਪਰ ਲਿਖੇ ਹੋਏ ਸ਼ਬਦ ਸਦਾ ਚਿਰੰਜੀਵ। ਇਹੀ ਚਿਰੰਜੀਵਤਾ ਬੀਤੇ ਸਮਿਆਂ ਦਾ ਇਤਿਹਾਸ, ਬਜ਼ੁਰਗਾਂ ਦੀਆਂ ਕੀਰਤੀਆਂ ਅਤੇ ਕਰਮਯੋਗਤਾ ਦੀ ਤਹਿਰੀਕ ਨਵੀਆਂ ਨਸਲਾਂ ਦੇ ਨਾਂਅ ਕਰਦਾ।

ਗੁਰਬਾਣੀ ਦਾ ਫੁਰਮਾਨ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ।' ਪਰ ਅਸੀਂ ਤਾਂ ਗੁਰਬਾਣੀ ਨੂੰ ਸ਼ਬਦ ਰੂਪ ਵਿਚ ਸਮਝਣ ਅਤੇ ਇਸ ਅਨੁਸਾਰ ਆਪਣੀ ਜੀਵਨ-ਜਾਚ ਅਪਨਾਉਣ ਤੋਂ ਹੀ ਆਕੀ। ਅਸੀਂ ਸਿਰਫ਼ ਸ਼ਬਦ ਗੁਰੂ ਨੂੰ ਪੂਜਣ ਤੀਕ ਹੀ ਸੀਮਤ ਹੋ ਗਏ।

ਕਦੇ-ਕਦੇ ਸ਼ਬਦ ਸੋਗ ਵੀ, ਸਰਾਪ ਵੀ ਅਤੇ ਵਰਲਾਪ ਵੀ ਹੁੰਦਾ। ਕਦੇ ਹੰਝੂਆਂ ਵਿਚ ਭਿੱਜੀ ਇਬਾਰਤ ਵੀ ਤੇ ਕਦੇ ਰੱਤ ਲਿਬੜੀ ਦਾਸਤਾਨ ਵੀ। ਸ਼ਬਦ ਜਦ ਅਜਿਹੀ ਅਵਸਥਾ ਹੰਢਾਉਂਦਾ ਤਾਂ ਸ਼ਬਦ ਤੇ ਪਿੰਡੇ ਉਗੇ ਹੰਝੂਆਂ ਦੀਆਂ ਘਰਾਲਾਂ, ਹਿਰਦੇ ਵਿਚ ਉੱਠੀ ਚੀਸ ਅਤੇ ਮਸਤਕ ਵਿਚ ਕਰੁਣਾ ਦਾ ਅਹਿਸਾਸ ਹੋਣ 'ਤੇ ਪਤਾ ਲੱਗਦਾ ਕਿ ਸ਼ਬਦ ਦੇ ਅਰਥ ਕਿਵੇਂ ਰੋਂਦੇ, ਖੁਦ ਨੂੰ ਵਰਾਉਣ ਵਿਚ ਵੀ ਅਸਫ਼ਲ ਰਹਿੰਦੇ।

ਸ਼ਬਦ, ਕਦੇ ਦਿਨ ਦਾ ਆਗਾਜ਼ ਅਤੇ ਕਦੇ ਸੀਨੇ ਵਿਚ ਸਾਂਭਿਆ ਰਾਤ ਦਾ ਰਾਜ। ਕਦੇ ਦੁਪਹਿਰਾਂ ਦਾ ਸੇਕ ਅਤੇ ਕਦੇ ਚੁੱਪ ਵਿਚ ਦਫ਼ਨ ਹੋਈ ਹੇਕ ਵੀ। ਕਦੇ ਪੈਰਾਂ 'ਚ ਉੱਗੀਆਂ ਬਿਆਈਆਂ ਨੂੰ ਉਲਥਾਉਂਦਾ ਅਤੇ ਕਦੇ ਅੱਖਾਂ ਵਿਚ ਜੰਮ ਚੁੱਕੇ ਅੱਥਰੂਆਂ ਦੇ ਦੁੱਖੜੇ ਸੁਣਾਉਂਦਾ।

ਸ਼ਬਦ, ਸਰੋਕਾਰਾਂ ਦੀ ਆਵਾਜ਼, ਸਮਾਜਿਕ ਸੰਬੰਧਾਂ ਦੀਆਂ ਪਰਤਾਂ, ਰਿਸ਼ਤਿਆਂ ਵਿਚ ਹੋਏ ਮਘੋਰਿਆਂ ਦੇ ਦਰਸ਼ਨ ਅਤੇ ਆਪਣਿਆਂ ਵਿਚ ਪਈਆਂ ਵਿੱਥਾਂ ਦੀ ਜਾਣਕਾਰੀ ਵੀ ਦਿੰਦਾ।

ਸ਼ਬਦ ਜਦ ਬੰਦੇ ਦੇ ਅੰਦਰ ਦੀ ਲਿਖਤ-ਪ੍ਰਵਾਜ਼ ਬਣਦਾ ਤਾਂ ਬੰਦਾ ਖੁਦ ਨੂੰ ਮਿਲ, ਪਾਰਸ ਬਣਨ ਦੇ ਰਾਹ ਤੁਰਦਾ। ਬੰਦੇ ਨੂੰ ਸੁਮੱਤੇ ਰਾਹੀਂ ਤੋਰਨਾ ਹੀ ਸ਼ਬਦ ਦਾ ਮੀਰੀ ਗੁਣ।

ਸ਼ਬਦ ਬਹੁਤ ਕੁਝ ਸਾਡੀ ਚੇਤਨਾ ਅਤੇ ਅਵਚੇਤਨਾ ਵਿਚ ਧਰਦਾ। ਪਰ ਅਸੀਂ ਇਸ ਨੂੰ ਕਿਸ ਰੂਪ ਵਿਚ ਸਮਝਣਾ, ਅਪਨਾਉਣਾ, ਪਰਤਾਂ ਫਰੋਲਣਾ, ਅਰਥਾਂ ਦੀ ਥਾਹ ਪਾਉਣਾ ਅਤੇ ਆਤਮਾ ਨੂੰ ਜਗਾਉਣਾ, ਇਹ ਤਾਂ ਸਾਨੂੰ ਹੀ ਖੁਦ ਕਰਨਾ ਪੈਣਾ।

ਸ਼ਬਦ ਦੀ ਪੀਂਘ 'ਤੇ ਹੁਲਾਰੇ ਲੈਂਦਿਆਂ ਅਤੇ ਅੰਬਰ ਨੂੰ ਛੂਹਣ ਦੀ ਤਮੰਨਾ ਪਾਲਦਿਆਂ ਵੀ ਧਰਤੀ 'ਤੇ ਰਹਿਣ ਦੀ ਜਾਚ ਆ ਜਾਵੇ ਤਾਂ ਸ਼ਬਦ-ਸੁੱਖ ਸਾਡਾ ਹਾਸਲ ਅਤੇ ਹੁਲਾਰੇ ਸੰਵੇਦਨਾ ਦਾ ਸੁਰਖ ਰੰਗ ਬਣ ਜਾਂਦੇ। ਤਾਂ ਹੀ ਨਿੱਕੀ-ਨਿੱਕੀ ਭੂਰ ਵਿਚ ਕੁੜੀਆਂ-ਚਿੜੀਆਂ ਪੀਂਘ ਝੂਟਦਿਆਂ ਅੰਬਰ ਨੂੰ ਹੱਥ ਲਾਉਣ ਅਤੇ ਉੱਚੇ ਉਡਣ ਦੀ ਤਾਂਘ ਦਾ ਪ੍ਰਗਟਾਵਾ ਹੀ ਹੁੰਦੀਆਂ।

ਸ਼ਬਦ, ਕਦੇ ਰੁੱਸ ਜਾਂਦੇ, ਕਦੇ ਮੰਨਦੇ। ਕਦੇ ਰੋਂਦੇ ਅਤੇ ਕਦੇ ਰੁਆਂਦੇ। ਕਦੇ ਹੱਸਦੇ ਤੇ ਕਦੇ ਹਸਾਂਦੇ। ਕਦੇ ਸਾਹਾਂ ਜੇਡ ਨੇੜਤਾ ਦਾ ਅਹਿਸਾਸ ਅਤੇ ਕਦੇ ਚਿਰਵਿਛੁੰਨੇ ਨੂੰ ਮਿਲਣ ਦਾ ਵਿਸਮਾਦ।

ਬੜਾ ਔਖਾ ਹੁੰਦਾ ਏ ਰੁੱਸੇ ਹੋਏ ਸ਼ਬਦਾਂ ਨੂੰ ਮਨਾਉਣਾ, ਕਿਉਂਕਿ ਇਨ੍ਹਾਂ ਦੇ ਰੁੱਸਣ 'ਤੇ ਬੰਦਾ ਕਈ ਵਾਰ ਖੁਦ ਨਾਲ ਵੀ ਰੁੱਸ ਜਾਂਦਾ। ਭਲਾ! ਖੁਦ ਨਾਲ ਰੁੱਸਿਆਂ ਨੂੰ ਕੌਣ ਮਨਾਵੇ?

ਸ਼ਬਦਾਂ ਦੀ ਸੰਗਤ ਸਭ ਤੋਂ ਸਾਰਥਿਕ ਅਤੇ ਸੰਜੀਵ। ਕੋਈ ਪਰਦਾਦਾਰੀ ਨਹੀਂ ਅਤੇ ਨਾ ਹੀ ਝਿਜਕ। ਸ਼ਬਦ ਹਮੇਸ਼ਾ ਸੱਚ ਦਾ ਸਰੂਪ ਅਤੇ ਇਸ ਵਿੱਚੋਂ ਹੀ ਅਸੀਂ ਆਪਣੇ ਅੰਦਰਲੇ ਸੱਚ, ਸ਼ਾਂਤੀ, ਸੁਖਨ, ਸਹਿਜਤਾ ਅਤੇ ਸੁਹਜਤਾ ਨੂੰ ਆਪਣਾ ਹਮਰਾਹ ਬਣਾਉਂਦੇ।

ਸ਼ਬਦ ਸਾਡੀ ਭਟਕਣਾ ਨੂੰ ਘਟਾਉਂਦੇ। ਸੁੰਨ ਸਮਾਧੀ ਤੋੜਦੇ ਤੇ ਛਿੰਨ ਭੰਗਰਤਾ ਨੂੰ ਹਲੂਣਦੇ। ਸੁੱਤਿਆਂ ਨੂੰ ਜਗਾਉਂਦੇ, ਕਿਉਂਕਿ ਸ਼ਬਦ ਜਦ ਸੁਰਤ ਨੂੰ ਜਗਾਵੇ ਤਾਂ ਤੁਹਾਡੇ ਅੰਦਰਲੇ ਨੂੰ ਰੌਸ਼ਨ ਕਰਦੇ, ਜ਼ਿੰਦਗੀ ਦੀਆਂ ਰਾਹਾਂ ਨੂੰ ਚਮਕਾਉਣ ਦਾ ਸਬੱਬ ਬਣਦੇ।

ਸ਼ਬਦ ਨਾਲ ਹੀ ਗੱਲ ਤੁਰਦੀ ਤੇ ਸ਼ਬਦ ਨਾਲ ਸੰਵਾਦ। ਸ਼ਬਦ ਨਾਲ ਜ਼ਿੰਦਗੀ ਰੰਗੀਏ ਅਤੇ ਸ਼ਬਦ ਹੀ ਰੂਹੀ ਨਾਦ। ਸ਼ਬਦ ਵਿਚ ਹਰ ਪਲ ਜਾਗਦਾ ਅਤੇ ਬਣੇ ਸੰਧੂਰੀ ਯਾਦ। ਸ਼ਬਦ ਅੜੀ ਮਨਾਂਵਦੇ ਤੇ ਰਹਿੰਦੇ ਸਦਾ ਅਜ਼ਾਦ। ਸ਼ਬਦ ਵਿਚ ਕਦੇ ਕਰੁਣਾ ਰੋਵੇ ਅਤੇ ਕਦੇ ਸ਼ਬਦ ਵਿਸਮਾਦ। ਸ਼ਬਦ ਸਾਹਾਂ ਦਾ ਬਣੇ ਸੰਗੀਤ ਅਤੇ ਸ਼ਬਦ ਕਰੇ ਅਬਾਦ। ਸ਼ਬਦ ਵਿਚ ਅਰਦਾਸ ਗੂੰਜਦੀ ਅਤੇ ਸ਼ਬਦਾਂ ਵਿਚ ਫਰਿਆਦ। ਸ਼ਬਦਾਂ ਵਿਚ ਕਦੇ ਸੱਸੀ ਕੂਕੇ ਅਤੇ ਸ਼ਬਦੀਂ ਸਿਸਕੇ ਫਰਿਹਾਦ। ਸ਼ਬਦ ਸ਼ਬਦ ਜੇ ਹੋ ਜਾਣ ਦੀ, ਆਵੇ ਕਿਧਰੇ ਜਾਚ ਤਾਂ ਜੀਵਨ ਦੀਆਂ ਸੱਤੇ ਖੈਰਾਂ ਦਾ ਮਾਣ ਲਈਏ ਪ੍ਰਤਾਪ।

ਸ਼ਬਦ ਕਦੇ ਵੀ ਨਿਗੂਣੇ, ਬੇਅਰਥੇ, ਬੇਜ਼ਾਨ ਜਾਂ ਬੇਆਬਰੂ ਨਹੀਂ ਹੁੰਦੇ। ਸਦਾ ਜਾਗਦੇ। ਸਿਰ ਉੱਚਾ ਕਰਨ ਵਾਲੇ ਅਤੇ ਆਪਣੀ ਰੋਹਬਦਾਰੀ ਦਾ ਸਿੱਕਾ ਹਰ ਲਿਖਤ ਵਿਚ ਉਪਜਾਉਣ ਵਾਲੇ। ਯਾਦ ਰਹੇ ਕਿ ਕਿਸੇ ਵੀ ਲਿਖਤ ਜਾਂ ਘਟਨਾ ਨੂੰ ਯਾਦਗਾਰੀ ਬਣਾਉਣ ਲਈ ਬੰਦਾ ਹਮੇਸ਼ਾ ਸ਼ਬਦਾਂ ਦਾ ਆਸਰਾ ਲੈਂਦਾ ਅਤੇ ਸ਼ਬਦ ਕਦੇ ਵੀ ਨਿਰਾਸ਼ ਨਹੀਂ ਕਰਦੇ।

ਸ਼ਬਦਾਂ ਨੂੰ ਪਲੋਸੋ, ਪਿਆਰ ਕਰੋ ਤੇ ਸਹਿਲਾਓ। ਇਨ੍ਹਾਂ ਦੀ ਮਟਕਣੀ ਵਿਚ ਮਸਤ ਲੋਰ ਦੀ ਨਿਸ਼ਾਨਦੇਹੀ ਕਰੋ। ਸ਼ਬਦਾਂ ਵਿਚ ਉਡੀਕ ਦੇ ਨੈਣਾਂ ਵਿਚ ਹੰਝੂਆਂ ਦਾ ਬਿਰਤਾਂਤ ਵੀ ਹੋਵੇ, ਕਿਸੇ ਦੀ ਪ੍ਰਾਪਤੀ ਦਾ ਜਸ਼ਨ ਵੀ ਹੋਵੇ। ਕਿਸੇ ਦੀ ਅਸਫ਼ਲਤਾ ਜਾਂ ਨਿਰਾਸ਼ਾ ਵਿਚ ਮੋਢਾ ਪਲੋਸਣ ਅਤੇ ਧੀਰਜ ਧਰਾਉਣ ਦਾ ਵੱਲ ਵੀ ਹੋਵੇ। ਕਿਸੇ ਦੇ ਦੀਦਿਆਂ ਵਿਚ ਸੁਪਨਗੋਈ ਦੀ ਰੀਝ ਵੀ ਹੋਵੇ ਅਤੇ ਸੁਪਨੇ ਦੀ ਤਿੜਕਣ ਨੂੰ ਸਹਿਲਾਉਣ ਦਾ ਹੁਨਰ ਵੀ ਹੋਵੇ। ਕਿਸੇ ਜ਼ਖ਼ਮ ਦੀ ਪੀੜ ਅਤੇ ਦਰਦ ਨੂੰ ਸਮਝਣ ਦਾ ਵੱਲ ਵੀ ਅਤੇ ਮਰ੍ਹਮ ਲਾਉਣ ਦੀ ਸੋਝੀ ਵੀ।

ਸ਼ਬਦ ਕਦੇ ਗ਼ਜ਼ਲ ਬਣਦੇ ਅਤੇ ਕਦੇ ਬਣਦੇ ਗੀਤ।

ਕਦੇ ਕਵਿਤਾ ਦੀ ਲੋਈ ਲੈਂਦੇ ਅਤੇ ਕਦੇ ਕਹਾਣੀ ਗੀਤ।

ਕਦੇ ਵਿੱਛੜੇ ਨੂੰ ਮਿਲਾਉਂਦੇ ਅਤੇ ਕਦੇ ਪੈਦਾ ਕਰਨ ਪ੍ਰੀਤ।

ਕਦੇ ਹਿੱਕਾਂ ਵਿਚ ਨਿੱਘ ਬੀਜਦੇ ਤੇ ਕਦੇ ਅੰਦਰਲੀ ਸੀਤ।

ਕਦੇ ਚੁੱਪ ਨੂੰ ਬੋਲ ਬਖਸ਼ਦੇ ਅਤੇ ਕਦੇ ਚਾਨਣ ਝੀਤ।

ਕਦੇ ਆਪਣੇ ਆਪ ਨੂੰ ਮਿਲਦੇ ਅਤੇ ਕਦੇ ਮਿਲਾਂਦੇ ਮੀਤ।

ਆਖਰੀ ਸਫ਼ਾ ਦੀ ਬਾਕੀ

## 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ...

ਜਾਂਦਾ ਹੈ। ਇਸ ਵਾਰ ਕਿਉਂ ਕਿ ਮੇਲਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੀ, ਇਸ ਕਰਕੇ ਗੀਤ ਦਾ ਉਨਵਾਨ ਸੀ: ਗ਼ਦਰੀ ਗੁਲਾਬ ਖਿੜਦੇ ਰਹਿਣਗੇ@। ਇਕ ਸੌ ਦੇ ਕਰੀਬ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ ਅਮੋਲਕ ਸਿੰਘ ਦਾ ਇਹ ਸੰਗੀਤ-ਨਾਟ- ਉਪੇਰਾ ਸਰੋਤਿਆਂ ਨੇ ਸਾਹ ਰੋਕ ਕੇ ਵੇਖਿਆ ਤੇ ਸੁਣਿਆ।

ਉਪੇਰੇ ਵਿੱਚ ਜਦੋਂ ਗੁਲਾਬ ਕੌਰ ਝੰਡਾ ਲੈ ਕੇ ਅੱਗੇ ਵਧਦੀ ਹੋਈ ਗਾਉਂਦੀ ਹੈ, 'ਕਿਹੜਾ ਰੋਕ ਲਊ ਅਸਾਂ ਨੇ ਖਿੜਨਾ, ਗ਼ਦਰੀ ਗੁਲਾਬ ਬਣ ਕੇ ਲਾਉਣੀ ਜਿੰਦਗੀ ਗ਼ਦਰ ਦੇ ਲੇਖੇ, ਇਹਤੋਂ ਚੰਗੀ ਕਿਹੜੀ ਜ਼ਿੰਦਗੀ, ਰਾਹ ਜ਼ਿੰਦਗੀ ਦੇ ਆਪੇ ਪੈਂਦੇ ਲੱਭਣੇ, ਜੀ ਭਾਗੋ ਦੀਆਂ ਵਾਰਸਾਂ ਨੂੰ....' ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉੱਠਦਾ ਹੈ।

ਇਸ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਸੰਘੇੜਾ ਨੇ ਝੰਡਾ ਲਹਿਰਾਇਆ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀ ਮੇਘਾਂ ਨੇ ਸਭ ਨੂੰ ਜਿਉ ਆਇਆ ਆਖਿਆ ਅਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਗ਼ਦਰੀ ਬਾਬਿਆਂ ਦਾ ਸਾਮਰਾਜ ਵਿਰੋਧੀ ਸੰਪੂਰਨ ਪ੍ਰਭੂ ਸੱਤਾ, ਬਰਾਬਰੀ, ਧਰਮ ਨਿਰਪੱਖਤਾ ਅਤੇ ਮੁਲਕ ਦੀ ਵੰਨ ਸੁਵੰਨਤਾ ਅਨੁਸਾਰ ਸੰਘੀ ਢਾਂਚਾ ਉਸਾਰਨ ਲਈ ਯਤਨਾਂ ਵਿੱਚ ਤੇਜ਼ੀ ਲਿਆਉਣ ਦਾ ਸੱਦਾ ਦਿੱਤਾ।

ਮੇਲੇ ਸਬੰਧੀ ਇਹ ਲਿਖਤ ਅਧੂਰੀ ਰਹੇਗੀ ਜੇਕਰ ਕਵੀ ਦਰਬਾਰ ਦਾ ਜ਼ਿਕਰ ਨਾ ਕੀਤਾ ਜਾਵੇ। ਕਵੀਆਂ ਵੱਲੋਂ ਰਚਨਾਵਾਂ ਪੇਸ਼ ਕਰਨ ਤੋਂ ਪਹਿਲਾਂ ਬਹੁਤ ਸਾਰੀਆਂ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਸੁਰਿੰਦਰ ਕੁਮਾਰੀ ਕੋਛੜ, ਪਾਲ ਕੌਰ, ਸੁਰਜੀਤ ਜੱਜ, ਹਰਮੀਤ ਵਿਦਿਆਰਥੀ ਅਤੇ ਸੁਸ਼ੀਲ ਦੁਸਾਂਝ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ। ਹਰਵਿੰਦਰ ਭੰਡਾਲ ਦੇ ਸੱਦੇ 'ਤੇ ਮਨਜੀਤ ਪੁਰੀ, ਸੰਦੀਪ ਜਸਵਾਲ, ਬਲਜੀਤ ਬੱਲ (ਗੁਗਨ), ਤਲਵਿੰਦਰ ਸ਼ੇਰਗਿੱਲ, ਪੁਸ਼ਪਿੰਦਰ ਵਿਰਕ, ਪ੍ਰੋਫੈਸਰ ਗੋਪਾਲ ਸਿੰਘ ਬੁੱਟਰ, ਤਾਰੀ ਅਟਵਾਲ, ਪ੍ਰੀਤ ਜੱਗਾ, ਸਬਦੀਸ਼, ਅਰਵਿੰਦਰ ਕੌਰ ਕਾਕੜਾ, ਸਤੇਂਦਰ ਕੁਮਾਰ ਅਤੇ ਮਨਦੀਪ ਔਲਖ ਨੇ ਕਵਿਤਾਵਾਂ ਰਾਹੀਂ ਆਪਣੇ ਜਜ਼ਬਾਤ ਸਾਂਝੇ ਕੀਤੇ।

ਇਥੇ ਇੱਕ ਵਾਰ ਫਿਰ ਪੁਸਤਕ ਪੰਡਾਲ ਵੱਲ ਮੁੜਨਾ ਪੈਣਾ ਹੈ। ਉੱਘੇ ਪੱਤਰਕਾਰ ਜਤਿੰਦਰ ਪੰਨੂ ਵੱਖ-ਵੱਖ ਸਟਾਲਾਂ 'ਤੇ ਘੁੰਮਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਟਾਲ 'ਤੇ ਰੁਕੇ ਤਾਂ ਮਿੰਟੋ ਮਿੰਟੀ ਵੱਖ ਵੱਖ ਯੂਨੀਵਰਸਿਟੀਆਂ ਦੀ ਕਾਰਜ ਪ੍ਰਣਾਲੀ ਦਾ ਤਬਸਰਾ ਕਰ ਗਏ। ਬਰਨਾਲੇ ਵਾਲਿਆਂ ਦੀ ਪੁਸਤਕ ਪ੍ਰਦਰਸ਼ਨੀ ਮਰਹੂਮ ਪ੍ਰੀਤਮ ਸਿੰਘ ਦਰਦੀ ਦੇ ਸਿਰੜ ਅਤੇ ਪ੍ਰਤੀਬੱਧਤਾ ਦੀ ਕਹਾਣੀ ਦੱਸ ਰਹੀ ਨਜ਼ਰ ਆਈ। ਨਵਾਂ ਜ਼ਮਾਨਾ ਦੇ ਸਟਾਲ 'ਤੇ ਕ੍ਰਿਸ਼ਨਾ ਐਤਵਾਰਤਾ ਦੀ ਗਿਣਤੀ ਵਧਾਉਣ ਲਈ ਚੰਦੇ ਇਕੱਤਰ ਕਰਨ ਵਿੱਚ ਮਸ਼ਰੂਫ ਦਿਸੀ। ਇਸ ਸਟਾਲ 'ਤੇ ਆਪਣੀ ਪੁਸਤਕ ਹੱਡੀ ਹੰਡਾਏ ਸੱਚ ਰਾਹੀਂ ਬਲਬੀਰ ਪਰਵਾਨਾ ਹਾਜ਼ਰ ਸੀ। ਪੁਸਤਕ ਪੰਡਾਲ ਵਿੱਚ ਵਿਚਰਦਿਆਂ ਮਿੱਤਰ ਮਿਲਣੀਆਂ ਦਾ ਸਿਲਸਿਲਾ ਆਪਣੇ ਆਪ ਵਿੱਚ ਇੱਕ ਵਿਲੱਖਣ ਵਰਤਾਰਾ ਹੈ।

ਇੱਥੇ ਹੀ ਹਰਮੇਸ਼ ਮਾਲੜੀ ਨੇ ਕੈਲਗਰੀ ਵਾਲੇ ਜਰਨੈਲ ਤੱਗੜ ਨਾਲ ਮੁਲਾਕਾਤ ਕਰਵਾਈ। ਉਹਨਾਂ ਨੇ ਐਨ ਆਰ ਆਈ ਵੀਰਾਂ ਦਾ ਮੇਲੇ ਵਿੱਚ ਉਤਸ਼ਾਹ ਨਾਲ ਸ਼ਾਮਿਲ ਹੋਣ ਦਾ ਜ਼ਿਕਰ ਕੀਤਾ। ਉਨ੍ਹਾਂ ਇਸ ਗੱਲ ਦੀ ਉਚੇਚ ਨਾਲ ਸਾਂਝ ਪਾਈ ਕਿ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਸਾਮਰਾਜਵਾਦ ਵਿਰੁੱਧ ਆਵਾਜ਼ ਤਿੱਖੀ ਹੋ ਰਹੀ ਹੈ। ਇੱਥੇ ਗੁਰਮੀਤ ਹੁਰਾਂ ਦੀ ਗੱਲ ਚੇਤੇ ਆ ਗਈ ਕਿ ਗ਼ਦਰੀ ਬਾਬਿਆਂ ਦੇ ਮੇਲੇ ਦੀ ਆਭਾ ਵਿੱਚ ਸਾਮਰਾਜ ਵਿਰੁੱਧ ਜੰਗ ਦੇ ਬਿਗਲ ਦੀ ਆਵਾਜ਼ ਹੋਰ ਬੁਲੰਦ ਹੁੰਦੀ ਹੈ। ਨਾਵਲਕਾਰ ਜਿੰਗਾ ਸਿੰਘ ਨੇ ਆਪਣਾ ਸੱਜਰਾ ਨਾਵਲ ਇਹਨਾਂ ਸਤਰਾਂ ਦੇ ਲੇਖਕ ਨੂੰ ਭੇਂਟ ਕੀਤਾ। ਇਥੇ ਹੀ ਕਮਿਊਨਿਸਟ ਆਗੂ ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਜਗਰੂਪ ਅਤੇ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨਾਲ ਮੁਲਾਕਾਤ ਹੋ ਗਈ। ਉਨਾਂ ਨੇ ਮੇਲੇ ਸਬੰਧੀ ਆਪੋ ਆਪਣੀਆਂ ਟਿੱਪਣੀਆਂ ਕੀਤੀਆਂ, ਕੁਝ ਖੱਟੀਆਂ ਤੇ ਕੁਝ ਮਿੱਠੀਆਂ। ਕਾਮਰੇਡ ਗੋਰੀਆਂ ਨੇ ਉੱਘੇ ਚਿੰਤਕ ਕਾਮਰੇਡ ਪ੍ਰਭਾਤ ਪਟਨਾਇਕ ਨਾਲ ਦਿੱਲੀ ਵਿੱਚ ਹੋਈ ਗੱਲਬਾਤ ਦਾ ਵੇਰਵਾ ਚਾਅ ਨਾਲ ਦੱਸਿਆ।

ਇੱਕ ਆਖਰੀ ਗੱਲ। ਮੇਲੇ ਵਿੱਚ ਵੱਖ-ਵੱਖ ਕਮਿਊਨਿਸਟ ਧਿਰਾਂ ਦੇ ਕਾਰਕੂਨ ਆਪਸੀ ਸੰਵਾਦ ਲਈ ਉਤਸਕ ਨਜ਼ਰ ਆਏ। ਇਹ ਵਰਤਾਰਾ ਉਸ ਧਾਰਨਾ ਦੀ ਸ਼ਾਹਦੀ ਭਰਦਾ ਹੈ, ਜਿਸ ਵਿੱਚ ਆਖਿਆ ਜਾਂਦਾ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਕਮਿਊਨਿਸਟਾਂ ਦਾ ਮੱਕਾ ਹੈ।

**ਸੰਪਰਕ : 98725-40447**

ਸਫ਼ਾ 3 ਦੀ ਬਾਕੀ

## ਤਲਖ਼ ਯਥਾਰਥ 'ਚ ਜੀਵਨ ਦੇ ਰੰਗਾਂ ਦਾ ਕਾਵਿ ਕੈਨਵਸ..

ਪ੍ਰਤੀਕਾਂ ਅਤੇ ਨਕਸ਼ਾਂ ਨੂੰ ਸ਼ਬਦਾਂ ਵਿੱਚ ਇੰਝ ਪਰੋ ਕੇ ਪੇਸ਼ ਕਰਦਾ ਕਿ ਪਾਠਕ ਆਪਣੇ ਮਨ ਵਿੱਚ ਛਟਪਟਾ ਰਹੀਆਂ ਪਿਆਰਮੁਖੀ ਮੂਰਤਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਜੁਟ ਜਾਂਦਾ ਹੈ।ਉਹ ਜੀਵਨ ਫ਼ਿਲਾਸਫ਼ੀ ਨੂੰ ਪਿਆਰ ਗੁੰਨ੍ਹਦਾ ਹੋਇਆ ਮਾਨਵੀ ਰੰਗਤ ਦਿੰਦਾ ਆਪਣੇ ਸਿਧਾਂਤ ਤੋਂ ਕਦੇ ਨਹੀਂ ਥਿੜਕਦਾ, ਜਿਸ ਤਹਿਤ ਉਹ ਰਾਹਾਂ ਦੀ ਪਹਿਚਾਣ ਰੱਖਦਾ ਹੋਇਆ ਆਪਣੀ ਦਿਸ਼ਾ ਪ੍ਰਤੀ ਸੁਚੇਤ ਹੈ।

ਮੇਰੇ ਕੋਲ ਦੋ ਵਿਚਾਰਧਾਰਾ ਸਨ
ਇਸ਼ਕ ਹਕੀਕੀ ਤੇ ਇਸ਼ਕ ਮਜਾਜ਼ੀ
ਜਿਸ ਦੇ ਪੁੜਾਂ 'ਚ ਘਿਰਿਆ
ਕਈ ਵਾਰ ਠੱਗਿਆ ਗਿਆ ਹਾਂ
ਤੇਰੇ ਕੋਲ ਵਿਚਾਰਧਾਰਾ ਨਹੀਂ, ਬਿੰਬ ਸਨ
ਜਿਸ ਨੂੰ ਤੂੰ ਕਵਿਤਾ 'ਚ ਲਿਖ
ਭਰ ਦੇਂਦੀ ਸਾਰੇ ਦੇ ਸਾਰੇ ਨੂੰ
ਮੈਂ ਤੇਰੀ ਕਵਿਤਾ 'ਚ ਖ਼ੁਦ ਨੂੰ ਤਲਾਸ਼ਦਾ
ਤੇਰੇ ਸੁਰਖ਼ ਰੰਗ 'ਚ ਰੰਗਿਆ ਗਿਆ ਸਾਂ
ਮੇਰੇ ਕੋਲ ਸੂਫ਼ੀਆਂ ਦੀ ਵਿਰਾਸਤ ਸੀ
ਤੇਰੇ ਕੋਲ ਰਿਸ਼ਤਿਆਂ ਦੀਆਂ ਬੇੜੀਆਂ
ਬੇੜੀਆਂ ਤੇ ਸੂਫ਼ੀ
ਦੋ ਵੱਖਰੇ ਵੱਖਰੇ ਫਰੇਮ
ਤੇ ਵੱਖੋ ਵੱਖਰੀਆਂ ਦਿਸ਼ਾਵਾਂ ਸਨ
ਜੋ ਆਪੋ ਆਪਣੇ ਰੂਟਸ 'ਚ ਖਿੱਲਰ ਗਏ।

ਉਸ ਦੇ ਪਿਆਰ ਦਾ ਦਾਇਰਾ ਸੀਮਤ ਨਹੀਂ, ਬਲਕਿ ਸਮੁੱਚੀ ਮਾਨਵਤਾ ਲਈ ਫੈਲਿਆ ਹੋਇਆ ਹੈ। ਕਵੀ ਮੰਡੀ ਨੇ ਸਿਰਜੇ ਅਖੌਤੀ ਪਿਆਰ ਦੇ ਅਰਥਾਂ ਨੂੰ ਵਾਂਝੇ ਕਰਕੇ ਆਪਣੀ ਮੁਹੱਬਤ ਦੇ ਰਿਸ਼ਤੇ ਨੂੰ ਬੁਣਦਾ ਹੋਇਆ ਪਿਆਰ ਦਾ ਰੰਗ ਮਾਣ ਦਾ ਇਛੁੱਕ ਹੈ। 'ਜੰਗਲ ਦੀ ਕਵਿਤਾ', 'ਬੇਸੁੱਧ ਪੌਣ ਤੇ ਮਨ ਦਾ ਕਿਰਿਆ ਕਰਮ', 'ਬੰਸਰੀ ਬਨਾਮ ਸੈੱਲ ਫੋਨ', 'ਮੋਇਆਂ 'ਤੇ ਕਾਹਦੇ ਸ਼ਿਕਵੇ', 'ਅੰਨ੍ਹੇ ਸ਼ੀਸ਼ੇ ਦਾ ਕਬੂਲਨਾਮਾ' ਆਦਿ ਕਵਿਤਾਵਾਂ ਵਿੱਚੋਂ ਮੁਹੱਬਤ ਦੇ ਕਈ ਰੰਗ ਫੜੇ ਜਾ ਸਕਦੇ ਹਨ।ਜਿਸ ਵਿੱਚੋਂ ਜ਼ਿੰਦਗੀ ਦੀ ਲੜਾਈ ਲੜਨ ਦੀਆਂ ਉਹ ਤਮਾਮ ਸੰਭਾਵਨਾਵਾਂ ਵੀ ਨਜ਼ਰ ਆਉਂਦੀਆਂ ਹਨ।

ਅਸੀਂ ਲੜੇ ਸਾਂ
ਆਪੋ-ਆਪਣੇ ਹਥਿਆਰਾਂ ਸਮੇਤ
ਯੋਗਤਾ
ਕਿਸੇ ਇਮਤਿਹਾਨ ਤੋਂ ਪਾਸ ਕੀਤੀ ਡਿਗਰੀ ਨਹੀਂ ਹੁੰਦੀ
ਕਈ ਵਾਰ ਉਂਝ ਹੀ ਜ਼ਿੰਦਗੀ ਦੇ
ਇਮਤਿਹਾਨਾਂ ਵਿੱਚੋਂ ਗੁਜ਼ਰਨਾ ਹੁੰਦਾ
ਰਿਸ਼ਤਿਆਂ ਦਾ ਇਤਿਹਾਸ
ਗੂਗਲ 'ਤੇ ਸਰਚ ਕੀਤਿਆਂ ਨਹੀਂ ਮਿਲਦਾ
ਇਸ ਦੇ ਧਰਾਤਲ ਵਿੱਚੋਂ ਗੁਜ਼ਰ ਕੇ
ਕਿੰਨੇ ਅਕਬਰ
ਸਿਕੰਦਰ
ਔਰੰਗਜ਼ੇਬ
ਤੇ ਬਾਬਰਾਂ ਨਾਲ
ਮੱਥਾ ਜੋੜ ਕੇ ਲੜਨਾ ਪੈਂਦਾ ਹੈ

ਕਵੀ ਨੇ ਔਰਤ ਦੀ ਸਥਿਤੀ ਨੂੰ ਸਮਝਦਿਆਂ ਸਥਾਪਤੀ ਦੀਆਂ ਬਹੁਤ ਸਾਰੀਆਂ ਵਲਗਣਾਂ, ਮੁੱਲਾਂ, ਸੰਸਕਾਰਾਂ ਦਾ ਵੀ ਜ਼ਿਕਰ ਕੀਤਾ ਹੈ। ਔਰਤ ਨੂੰ ਇਸ ਸਮਾਜ ਵਿੱਚ ਹਮੇਸ਼ਾ ਹੀ ਦੂਜੈਲਾ ਸਥਾਨ ਦਿੱਤਾ ਗਿਆ ਹੈ। ਕਵੀ ਇਸ ਪ੍ਰਤੀ ਚਿੰਤਤ ਵੀ ਹੁੰਦਾ ਹੈ ਕਿ ਬਰਾਬਰ ਦੇ ਭਾਗੀਦਾਰੀ ਵਰਗ ਦੀਆਂ ਭਾਵਨਾਵਾਂ ਪ੍ਰਤੀ ਇਹ ਰਵੱਈਆ ਨਾਂਹਮੁਖੀ ਕਿਉਂ।ਵਿਆਹ, ਪਿਆਰ ਤੇ ਔਰਤ ਦੀ ਆਜ਼ਾਦੀ ਦੇ ਸਵਾਲ ਪ੍ਰਤੀ ਸੌੜਾਪਣ ਕਈ ਪੱਖਾਂ ਤੋਂ ਵੇਖਿਆ ਜਾਂਦਾ ਹੈ।ਉਸ ਦੇ ਹਰ ਵਿਚਰਨ ਨੂੰ ਚੱਕਰਵਿਊ ਵਿਚ ਬੰਨ੍ਹ ਕੇ ਰਹਿਣ, ਬਹਿਣ, ਖਾਣ ਤੇ ਸੋਚਣ ਨੂੰ ਇਹ ਪ੍ਰਬੰਧ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜਕੜਦਾ ਹੈ।ਇਸ ਕਵਿਤਾ ਵਿਚਲਾ ਪਾਤਰ ਇਸ ਪ੍ਰਤੀ ਜਾਗਰੂਕ ਹੋਣ ਕਰਕੇ ਕੁੜੀ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਉਹਨਾਂ ਦੀ ਧਿਰ ਸਾਬਤ ਹੁੰਦਾ ਹੈ। ਕੁੜੀਆਂ ਅੰਦਰਲੀ ਦਰਦ ਦੀ ਦਾਸਤਾਨ ਨੂੰ ਮਹਿਸੂਸ ਕਰਦਾ ਹੋਇਆ ਲਿਖਦਾ ਹੈ।

ਇਸ ਲਈ ਕੁੜੀਆਂ ਪੱਥਰ ਹੁੰਦੀਆਂ ਨੇ
ਉਹਨਾਂ ਦੀ ਕਥਾ ਦਾ ਨਾਇਕ ਵੀ ਪੱਥਰ ਦਾ
ਖਲਨਾਇਕ ਵੀ ਪੱਥਰ ਦਾ ਹੁੰਦਾ ਹੈ
ਉਹਨਾਂ ਦਾ ਕੋਈ ਘਰ ਨਹੀਂ ਹੁੰਦਾ
ਉਹਨਾਂ ਦਾ ਕੋਈ ਵਜੂਦ ਨਹੀਂ ਹੁੰਦਾ
ਉਹਨਾਂ ਕੋਲ ਸੁਪਨੇ ਤਾਂ ਹੁੰਦੇ ਨੇ
ਪਰ ਮੀਟਣ ਵਾਲੀਆਂ ਅੱਖਾਂ ਨਹੀਂ ਹੁੰਦੀਆਂ।

ਮੱਖਣ ਮਾਨ ਦੀ ਰਿਸ਼ਤਿਆਂ ਪ੍ਰਤੀ ਵੀ ਸੁਚੇਤਨਤਾ ਸਾਹਮਣੇ ਆਉਂਦੀ ਹੈ। ਇਸ ਕਵਿਤਾ ਵਿੱਚ ਬਹੁਤ ਸਾਰੇ ਕਾਵਿ ਚਿੱਤਰ ਸਾਹਮਣੇ ਆਏ ਹਨ, ਜਿਵੇਂ ਦੇਸ ਰਾਜ ਕਾਲੀ 'ਤੇ ਲਿਖਿਆ ਹੋਇਆ 'ਬਾਪ ਦੀ ਗੁੜ੍ਹਤੀ, ਗਿਆਨ ਦੀ ਵਿਭੂਤੀ', ਇਸੇ ਤਰ੍ਹਾਂ ਸਰਬਜੀਤ ਕੌਰ ਸੋਹਲ, ਵਰਿੰਦਰ ਕੁਮਾਰ ਸ਼ਰਮਾ, ਸੁਰਿੰਦਰ ਸ਼ਾਰਦਾ ਤੇ ਪਰਮਵੀਰ ਦੇ 'ਤੇ ਲਿਖੇ ਹੋਏ ਅਹਿਸਾਸਮਈ ਕਾਵਿਕ ਭਾਵਾਂ ਅੰਦਰਲੀ ਸੂਖਮਤਾ ਕਵੀ ਦੀ ਕਾਵਿਕਾਰੀ ਦੇ ਖ਼ੂਬਸੂਰਤ ਨਮੂਨੇ ਹਨ।

ਕੁੱਲ ਮਿਲਾ ਕੇ ਮੱਖਣ ਮਾਨ ਦੀ ਸਮੁੱਚੀ ਕਵਿਤਾ ਪੜ੍ਹਦੇ ਹੋਏ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਕੋਈਦਾਰਸ਼ਨਿਕ ਕਾਵਿ ਵਿੱਚੋਂ ਲੰਘ ਰਹੇ ਹਾਂ।ਕਿਤੇ-ਕਿਤੇ ਕਵਿਤਾ ਵਿਚਲੀ ਬੌਧਿਕ ਰੰਗਤ ਕਵਿਤਾ ਦੀ ਰਵਾਨੀ ਨੂੰ ਰੋਕਦੀ ਹੈ। ਇਸ ਵਿਚਲੇ ਕਾਵਿ ਵਿਚਾਰ ਵਿਚਲੇ ਅਰਥਾਂ ਤੱਕ ਪਹੁੰਚਣ ਲਈ ਪਾਠਕ ਨੂੰ ਕਈ ਸੁਆਲਾਂ ਦੇ ਸਨਮੁੱਖ ਹੋਣਾ ਪੈਂਦਾ।ਕਿਤੇ ਇਹ ਸੁਆਲ ਸਮਝਣ ਲਈ ਗਹਿਰੇ ਉਤਰਨ ਦੀ ਲੋੜ ਹੈ।ਇਸ ਲਈ ਸਧਾਰਨ ਪਾਠਕ ਨੂੰ ਕਈ ਥਾਵਾਂ 'ਤੇ ਕਵਿਤਾ ਅੰਦਰ ਲਹਿਣ ਦੀ ਮੁਸ਼ਕਲ ਬਣ ਜਾਂਦੀ ਹੈ।ਅਸਲ ਵਿੱਚ ਇਹ ਕਵਿਤਾ ਉੱਥੇ ਸੰਚਾਰ ਦੀ ਸਮੱਸਿਆ ਪੈਦਾ ਕਰਦੀ ਹੈ, ਜਦੋਂ ਵਰਤਾਰੇ ਨੂੰ ਸਤਹੀ ਪੱਧਰ ਤੱਕ ਦੇਖਿਆ ਜਾਂਦਾ ਹੈ ਜਾਂ ਕਵਿਤਾ ਨੂੰ ਮਹਿਜ਼ ਆਨੰਦ ਦੀ ਪ੍ਰਾਪਤੀ ਦਾ ਸਾਧਨ ਸਮਝ ਲਿਆ ਜਾਂਦਾ ਹੈ।ਇਸ ਕਵਿਤਾ ਦੀ ਖ਼ੂਬੀ ਇਹ ਹੈ ਕਿ ਇਸ ਨੇ ਆਪਣੇ ਵਿਚਾਰਧਾਰਕ ਪੈਂਤੜੇ ਨੂੰ ਓਹਲੇ ਨਹੀਂ ਕੀਤਾ, ਬਲਕਿ ਅਜੋਕੇ ਮਾਨਵੀ ਸਰੋਕਾਰ ਨੂੰ ਨਾਲ ਰੱਖਿਆ ਹੈ।ਕਿਤੇ-ਕਿਤੇ ਕਵਿਤਾ ਦਾ ਵਸਤੂਗਤ ਰਿਦਮ ਖਿੰਡਾਅ ਵੱਲ ਝੁਕਿਆ ਨਜ਼ਰ ਪਿਆ, ਪਰ ਕਵਿਤਾ ਦਾ ਪੈਂਤੜਾ ਕਿਤੇ ਵੀ ਅਰਥ ਤੋਂ ਊਣਾ ਨਹੀਂ ਹੋਇਆ। ਸਮਕਾਲ ਦਾ ਚਿੰਤਨਮਈ ਕਾਵਿ ਚਿੱਤਰਮਾਨ ਹੀ ਇਸ ਕਵਿਤਾ ਦਾ ਹਾਸਲ ਬਣਦਾ ਹੈ।ਇਹ ਪੁਸਤਕ ਵਿਚਾਰ, ਭਾਵਨਾ ਤੇ ਸ਼ਬਦਾਂ ਦਾ ਸੁਮੇਲ ਬਣਦੀ ਹੋਈ ਮੱਖਣ ਮਾਨ ਦੀ ਅਗਲੀ ਕਾਵਿਕ ਪੁਲਾਂਘ ਸਾਬਤ ਹੁੰਦੀ ਹੈ।ਇਸ ਪੁਸਤਕ ਦਾ ਕਵਿਤਾ ਦੇ ਕੈਨਵਸ ਵਿੱਚ ਸੁਆਗਤ ਹੈ।

ਆਖਰੀ ਸਫ਼ਾ ਦੀ ਬਾਕੀ

## ਗ਼ਦਰੀ ਬਾਬਿਆਂ ਦੇ ਮੇਲੇ 'ਚ 'ਕਿਤਾਬਾਂ ਦੀ ਮੰਡੀ' ...

Jalandhar, ਗੀਤ ਕਿਤਾਬ ਘਰ ਕਾਲਾ ਸੰਘਾ, ਪੀਪਲਜ਼ ਫੋਰਮ ਬਰਗਾੜੀ, S.U.C.I. ਕਮਿਊਨਿਸਟ ਪਾਰਟੀ, ਕਲਗੀਧਰ ਗੁਰਮਤਿ ਪ੍ਰਚਾਰ, ਮੋਨਿਕਾ ਦਿੱਲੀ, ਮਿਲਿੰਦ ਪ੍ਰਕਾਸ਼ਨ ਜਲੰਧਰ, ਸਿਫਤ ਕਿਤਾਬ ਘਰ ਪਟਿਆਲਾ, ਇਨਕਲਾਬੀ ਕੇਂਦਰ ਪੰਜਾਬ, ਬਾਬਾ ਬੂਝਾ ਸਿੰਘ ਪ੍ਰਕਾਸ਼ਨ ਨਵਾਂਸ਼ਹਿਰ, ਪੁਸਤਕ ਹੱਟ ਲੋਕ ਰੰਗ ਪਬਲੀਕੇਸ਼ਨ ਪਟਿਆਲਾ, ਪੰਜਾਬ ਇਸਲਾਮਿਕ ਪਬਲੀਕੇਸ਼ਨ ਮਲੇਰਕੋਟਲਾ, ਬਰਕਤ ਪਬਲੀਕੇਸ਼ਨ ਬਾਗੜੀਆਂ, ਨਵਚੇਤਨਾ ਪਬਲੀਕੇਸ਼ਨ ਜਲੰਧਰ, ਲੈਨਿਨ ਕਿਤਾਬ ਘਰ ਮਹਿਲ ਕਲਾਂ, ਬਿਬੇਕਗੜ੍ਹ ਪ੍ਰਕਾਸ਼ਨ ਆਨੰਦਪੁਰ ਸਾਹਿਬ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲੁਧਿਆਣਾ ਮੂਨਕ, ਕਥੋ ਪ੍ਰਕਾਸ਼ਨ ਪਟਿਆਲਾ, ਕਾਂਗ ਪ੍ਰਕਾਸ਼ਨ ਜਲੰਧਰ, ਸੰਗਰਾਮੀ ਲਹਿਰ ਜਲੰਧਰ, ਨੌਜਵਾਨ ਭਾਰਤ ਸਭਾ, ਬਸਤਾ ਕਿਤਾਬ ਘਰ ਪਟਿਆਲਾ, ਇਨਕਲਾਬੀ ਸਾਡਾ ਰਾਹ, ਅੰਬਰ ਪ੍ਰਕਾਸ਼ਨ ਲੁਧਿਆਣਾ, ਸੋਹਣ ਲਾਲ ਪੇਂਟਰ, ਖੁਸ਼ਪ੍ਰੀਤ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਨਵਸ ਪੇਂਟਿੰਗ, ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ, ਮੈਜਿਕ ਐਂਡ ਬੁੱਕ ਸ਼ਾਪ ਲੰਗੇਰੀ, ਅਫਲਾਜ਼ ਏ ਰਾਵੀ ਬੁੱਕ ਸਟੋਰ ਬੁਢਲਾਡਾ, ਜਪੁ ਕਿਤਾਬ ਘਰ ਮਲੋਟ, ਸਾਡਾ ਡਾਕਟਰ ਟੀਮ ਬਠਿੰਡਾ, ਰਵੀਦਾਸੀਆ ਧਰਮ ਪ੍ਰਚਾਰ ਜਲੰਧਰ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰੱਸਟ ਅੰਮ੍ਰਿਤਸਰ, ਆਵਾਜ਼ ਘਰ ਆਡੀਓ ਲਾਇਬ੍ਰੇਰੀ, ਪਰਵਾਜ਼ ਪ੍ਰਕਾਸ਼ਨ ਰੰਗਮੰਚ ਫਗਵਾੜਾ, ਕੌਰ ਆਰਟ ਕਾਰਨਰ ਲੁਧਿਆਣਾ, ਕੰਵਰਦੀਪ ਸਿੰਘ ਸੁਲਤਾਨਪੁਰ, ਪੇਂਟਿੰਗ, ਸੁਹਾਵੀ ਆਡੀਓ ਬੁਕਸ ਲੁਧਿਆਣਾ, ਸਰਵਹਾਰਾ ਪ੍ਰਕਾਸ਼ਨ ਨਵੀਂ ਦਿੱਲੀ, ਨਾਗਰਿਕ ਪੱਤ੍ਰਿਕਾ ਉਤਰਾਖੰਡ, ਗਾਰਗੀ ਪ੍ਰਕਾਸ਼ਨ ਨਵੀਂ ਦਿੱਲੀ, ਫਰਹਾਰਾ ਪ੍ਰਕਾਸ਼ਨ ਨਵੀਂ ਦਿੱਲੀ, ਅੰਤਰਰਾਸ਼ਟਰੀ ਪ੍ਰਕਾਸ਼ਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਸਾਹਿਬਦੀਪ ਪ੍ਰਕਾਸ਼ਨ, ਗੋਰੈਡ ਨਵੀਂ ਦਿੱਲੀ, ਲਾਲ ਤਾਰਾ ਪਬਲੀਕੇਸ਼ਨ ਨਵੀਂ ਦਿੱਲੀ, ਆਰਟਿਸਟ ਫਾਰ ਚੇਂਜ, ਵਿਕਟਰੀ ਪ੍ਰਕਾਸ਼ਨ ਨਵੀਂ ਦਿੱਲੀ ਤੋਂ ਇਲਾਵਾ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਕਿਤਾਬਾਂ ਦੀ ਮੰਡੀ ਵਿਚ ਹਿੱਸਾ ਲੈ ਕੇ ਟੇਬਲਾਂ ਨੂੰ ਸ਼ਿੰਗਾਰਿਆ ਗਿਆ। ਕਹਿਣ ਦਾ ਭਾਵ ਕਿ ਪੰਜਾਬ ਤੋਂ ਇਲਾਵਾ ਦਿੱਲੀ, ਹਰਿਆਣਾ, ਜੰਮੂ ਕਸ਼ਮੀਰ, ਉਤਰਾਖੰਡ ਅਤੇ ਯੂ.ਪੀ. ਤੋਂ ਵੀ ਪ੍ਰਕਾਸ਼ਕ ਇਸ ਮੇਲੇ ਵਿਚ ਪੁੱਜੇ।

ਪਿਛਲੇ ਤਿੰਨ ਸਾਲਾਂ ਤੋਂ ਲੇਖਕਾਂ, ਪ੍ਰਕਾਸ਼ਕਾਂ, ਪੁਸਤਕ ਵਿਕਰੇਤਾਵਾਂ ਅਤੇ ਪਾਠਕਾਂ ਦਾ ਆਪਸੀ ਤਾਲਮੇਲ ਬਿਠਾਉਣ, ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਮੇਲੇ ਦਾ ਪਹਿਲਾ ਦਿਨ 'ਪੁਸਤਕ ਸੱਭਿਆਚਾਰ' ਦੇ ਨਾਂਅ ਕੀਤਾ ਜਾਂਦਾ ਹੈ।

ਇਸ ਵਿਚ ਇਕ ਪੈਨਲ ਡਿਸਕਸ਼ਨ ਵੀ ਕਰਵਾਈ ਜਾਂਦੀ ਹੈ। ਜਿਸ ਵਿਚ ਪ੍ਰਕਾਸ਼ਕ/ਪੁਸਤਕ ਵਿਕ੍ਰੇਤਾ ਅਤੇ ਪਾਠਕ ਕਿਤਾਬਾਂ ਦੇ ਰੂਪ ਵਿਚ ਆ ਰਹੀਆਂ ਚੁਣੌਤੀਆਂ ਦੇ ਸਨਮੁੱਖ ਹੁੰਦੇ ਹਨ।

ਪਹਿਲੀ ਵਾਰ ਨਵਾਂ ਜ਼ਮਾਨਾ ਦੇ ਸੰਪਾਦਕ ਅਤੇ ਲੇਖਕ ਪ੍ਰੋ. ਹਰਜਿੰਦਰ ਸਿੰਘ ਅਟਵਾਲ ਤੋਂ ਇਲਾਵਾ ਪੰਜ ਆਬ ਦੇ ਕੇਸਰ, ਚਿੰਤਨ ਪ੍ਰਕਾਸ਼ਨ ਦੇ ਅਰੁਣ, ਲਿਟਰੇਰੀ ਜਿਊਲਰਜ਼ ਦੀ ਅੰਮ੍ਰਿਤਬੀਰ ਅਤੇ ਪੁਸਤਕ ਵਿਕ੍ਰੇਤਾ ਜਸਬੀਰ ਬੇਗਮਪੁਰ ਦੇ ਆਧਾਰ 'ਤੇ ਪੈਨਲ ਡਿਸਕਸ਼ਨ ਕਰਵਾਈ ਗਈ, ਜਿਸ ਦਾ ਦਰਸ਼ਕਾਂ ਅਤੇ ਪਾਠਕਾਂ ਵੱਲੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ। ਇਸੇ ਤਰ੍ਹਾਂ ਅਗਲੇ ਸਾਲ ਪੀਪਲਜ਼ ਫੋਰਮ ਦੇ ਖੁਸ਼ਵੰਤ ਬਰਗਾੜੀ, ਦਿਲਦੀਪ ਪ੍ਰਕਾਸ਼ਨ ਦੇ ਦੀਪ ਦਿਲਬਰ, ਲੇਖਕ ਬਲਬੀਰ ਪਰਵਾਨਾ ਅਤੇ ਕਹਾਣੀ ਧਾਰਾ ਦੇ ਸੰਪਾਦਕ ਭਗਵੰਤ ਰਸੂਲਪੁਰੀ ਸ਼ਾਮਲ ਕੀਤੇ ਗਏ।

ਇਸ ਵਾਰ ਦੇ ਪੈਨਲ ਡਿਸਕਸ਼ਨ ਵਿਚ ਪੰਜਾਬ 'ਮੰਤਵ' ਦੇ ਸੰਪਾਦਕ ਵਿਸ਼ਾਲ, ਲੇਖਕ ਪ੍ਰੋ. ਗੋਪਾਲ ਸਿੰਘ ਬੁੱਟਰ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਰਿੰਦਰ ਦੀਵਾਨਾ, ਆਟਮ ਆਰਟ ਦੀ ਪ੍ਰੀਤੀ ਸ਼ੈਲੀ ਤੋਂ ਇਲਾਵਾ ਪੰਜਾਬ ਤੋਂ ਬਾਹਰੋਂ ਲਖਨਊ ਤੋਂ ਆਏ ਜਨ ਚੇਤਨਾ ਵੱਲੋਂ ਵਰਸ਼ਾਲੀ ਨੇ ਹਿੱਸਾ ਲਿਆ। ਖ਼ਾਸ ਕਰਕੇ ਇਸ ਵਾਰ ਇਸ ਦੀ ਮਹੱਤਤਾ ਹੋਰ ਵੀ ਜ਼ਿਆਦਾ ਵਧ ਗਈ ਹੈ ਜਦੋਂ ਸਟੇਟ ਵੱਲੋਂ ਜੰਮੂ ਕਸ਼ਮੀਰ ਅਤੇ ਦੇਸ਼ ਦੇ ਹੋਰ ਬੁੱਧੀਜੀਵੀ ਲੇਖਕਾਂ/ਲੇਖਕਾਵਾਂ ਦੀਆਂ ਲੱਗਭੱਗ ਪੰਝੀ ਕਿਤਾਬਾਂ 'ਤੇ ਪਾਬੰਦੀ ਮੜ੍ਹ ਦਿੱਤੀ ਗਈ। ਇਸ ਵਾਰ ਦੀ ਪੈਨਲ ਡਿਸਕਸ਼ਨ ਤੋਂ ਪਹਿਲਾਂ ਜਿੱਥੇ ਪ੍ਰੋ. ਹਰਜਿੰਦਰ ਸਿੰਘ ਅਟਵਾਲ ਅਤੇ ਉੱਘੇ ਲੇਖਕ ਪ੍ਰੇਮ ਪ੍ਰਕਾਸ਼ ਨੂੰ ਯਾਦ ਕੀਤਾ ਗਿਆ, ਉਥੇ ਉਨ੍ਹਾਂ ਉਪਰੋਕਤ ਪੰਝੀ ਕਿਤਾਬਾਂ ਦੇ ਸੰਬੰਧ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਖਿਲਾਫ ਵੀ ਜ਼ੋਰਦਾਰ ਆਵਾਜ਼ ਚੁੱਕੀ ਗਈ।

ਇਸ ਵਾਰ ਦੇ ਮੇਲੇ ਵਿਚ ਲੱਗਭੱਗ 100 ਦੇ ਕਰੀਬ ਕਿਤਾਬਾਂ ਦੇ ਨਵੇਂ ਟਾਈਟਲ ਪ੍ਰਕਾਸ਼ਕਾਂ ਅਤੇ ਲੇਖਕਾਂ ਵੱਲੋਂ ਕਵੀ ਦਰਬਾਰ ਵਿਚ ਰਿਲੀਜ਼ ਕੀਤੇ ਗਏ।

ਮੇਲੇ ਵਿਚ ਮੱਛੀ ਤੇ ਪਾਣੀ, ਚੀ ਗਵੇਰਾ ਦੀ ਜੀਵਨੀ, ਚਮਕਦਾ ਲਾਲ ਸਿਤਾਰਾ, ਭਗਤ ਸਿੰਘ ਦੀਆਂ ਲਿਖਤਾਂ, ਮਾਰਕਸਵਾਦੀ, ਤਰਕਸ਼ੀਲ ਸਾਹਿਤ, ਗ਼ਦਰੀ ਬਾਬਿਆਂ ਦੇ ਜੀਵਨ ਸੰਬੰਧੀ ਪੁਸਤਕਾਂ ਤੋਂ ਇਲਾਵਾ ਪੰਜਾਬੀ ਲੇਖਕਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਖਿੱਚ ਦਾ ਕੇਂਦਰ ਬਣੀਆਂ। ਜਿੱਥੇ ਪਾਠਕ ਲੱਖਾਂ ਰੁਪਏ ਦੀਆਂ ਪੁਸਤਕਾਂ ਦੇ ਝੋਲੇ ਭਰ ਕੇ ਆਪਣੇ ਘਰਾਂ ਨੂੰ ਲੈ ਕੇ ਗਏ, ਉਥੇ ਪ੍ਰਕਾਸ਼ਕਾਂ/ਪੁਸਤਕ ਵਿਕ੍ਰੇਤਾਵਾਂ ਨੇ ਲੱਖਾਂ ਰੁਪਏ ਦੀਆਂ ਪੁਸਤਕਾਂ ਦਾ ਅਦਾਨ-ਪ੍ਰਦਾਨ ਵੀ ਕੀਤਾ, ਇਸ ਆਸ ਨਾਲ ਕਿ ਸਾਲ ਭਰ ਲੱਗਣ ਵਾਲੇ ਪੁਸਤਕ ਮੇਲਿਆਂ ਵਿਚ ਉਹ ਆਪਣੀਆਂ ਕਿਤਾਬਾਂ ਦੀ ਨੁਮਾਇਸ਼ ਲਗਾ ਸਕਣਗੇ।

ਉਮੀਦ ਹੈ ਇਹ ਪੁਸਤਕ ਮੇਲਾ ਹੋਰ ਬੁਲੰਦੀਆਂ ਸਰ ਕਰੇਗਾ ਤੇ ਲੋਕਾਂ ਸੰਗ ਦਰਪੇਸ਼ ਚੁਣੌਤੀਆਂ ਨੂੰ ਉਲੰਘਦਾ ਹੋਇਆ ਨਵੇਂ ਰਾਹ ਬਣਾਵੇਗਾ।

ਗਿਆਨ ਸੈਦਪੁਰੀ

# 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਦੇਖਦਿਆਂ...








ਪਿਛਲੇ ਵਰ੍ਹੇ 33ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਕਾਰਪੋਰੇਟ ਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਸੀ। ਉਸ ਮੇਲੇ ਦੌਰਾਨ ਹੀ ਐਲਾਨਿਆ ਗਿਆ ਸੀ ਕਿ 2025 ਦਾ ਮੇਲਾ ਕਿਸੇ ਨਾ ਕਿਸੇ ਰੂਪ ਵਿੱਚ 'ਗ਼ਦਰੀ ਗੁਲਾਬ' ਬੀਬੀ ਗੁਲਾਬ ਕੌਰ ਦੇ ਵਿਛੋੜੇ ਦੇ 100ਵੇਂ ਵਰ੍ਹੇ ਨੂੰ ਸਲਾਮ ਕਰਦਿਆਂ ਵਿਸ਼ੇਸ਼ ਕਰਕੇ ਔਰਤਾਂ ਦੀ ਸਮਾਜ, ਇਤਿਹਾਸ, ਸੰਘਰਸ਼ ਅਤੇ ਨਵੇਂ ਸਮਾਜ ਦੀ ਸਿਰਜਣਾ ਵਿੱਚ ਭੂਮਿਕਾ ਨੂੰ ਕਲਾਵੇ ਵਿੱਚ ਲੈਣ ਦਾ ਯਤਨ ਹੋਏਗਾ।

ਇਸ ਵਾਰ ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਿਤ 34ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਵਿਚ 30 ਤੇ 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਮੇਲਾ ਦੇਖਦਿਆਂ, ਇਸ ਦੇ ਰੰਗ ਪਹਿਲੇ ਨਾਲੋਂ ਵੀ ਗੂੜ੍ਹੇ ਹੋਏ।

ਮੌਜੂਦਾ ਦੌਰ, ਜਿਸ ਵਿੱਚ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾਉਣ ਅਤੇ ਵੰਡਣ ਲਈ ਨਫਰਤੀ ਜ਼ਹਿਰ ਫੈਲਾਈ ਜਾ ਰਹੀ ਹੈ। ਹੱਕਾਂ ਲਈ ਸੰਘਰਸ਼ ਦੇ ਪਿੜ ਮੱਲਣ ਵਾਲੇ ਲੋਕਾਂ ਨੂੰ ਜੇਲ੍ਹੀ ਸੁੱਟਿਆ ਜਾ ਰਿਹਾ ਹੈ। ਅਜਿਹੇ ਵਿੱਚ ਮੇਲੇ ਦੀ ਸਾਰਥਿਕਤਾ ਲਈ ਯਤਨ ਵਧੇਰੇ ਸੰਜੀਦਗੀ ਦੀ ਮੰਗ ਕਰਦੇ ਹਨ। ਇਸੇ ਸੰਦਰਭ ਵਿੱਚ ਪੂਰੇ ਦੇਸ਼ ਭਗਤ ਯਾਦਗਾਰ ਕੰਪਲੈਕਸ ਨੂੰ @ਗ਼ਦਰੀ ਹਾਫਿਜ਼ ਅਬਦੁੱਲਾ ਨਗਰ@ ਨਾਂਅ ਦਿੱਤਾ ਗਿਆ। ਆਪਣੇ ਆਪ ਵਿੱਚ ਇਹ ਗੱਲ ਬੜੀ ਹੀ ਮਹੱਤਵਪੂਰਨ ਹੈ। ਲੋਕਾਂ ਨੂੰ ਆਪਣੀ ਹੋਣੀ ਦੇ ਆਪ ਮਾਲਕ ਬਣਨ ਲਈ ਗ਼ਦਰੀ ਬਾਬਿਆਂ ਵੱਲੋਂ ਵਿੱਢੀ ਜੰਗ ਵਿੱਚ ਗ਼ਦਰੀ ਗੁਲਾਬ ਕੌਰ ਦੇ ਹਮਰਾਹ ਰਹੇ ਯੋਧਿਆਂ ਨੂੰ ਵੀ 'ਗ਼ਦਰੀ ਹਾਫਿਜ਼ ਅਬਦੁੱਲਾ ਨਗਰ' ਵਿੱਚ ਉਚਿਤ ਸਥਾਨ ਦਿੱਤਾ ਗਿਆ। ਪੁਸਤਕ ਪੰਡਾਲ ਨੂੰ ਕੋਟਲਾ ਨੌਧ ਸਿੰਘ ਅਤੇ ਦੌਲਾ ਸਿੰਘ ਵਾਲਾ ਦਾ ਨਾਂ ਦਿੱਤਾ ਗਿਆ। ਇੱਕ ਹੋਰ ਪੰਡਾਲ ਨੂੰ ਬਾਬਾ ਹਰਨਾਮ ਸਿੰਘ ਟੁੰਡੀਲਾਟ ਹਾਲ ਬਣਾਇਆ ਗਿਆ।





ਮੇਲੇ ਵਿੱਚ ਜਿੱਥੇ ਚਿੱਤਰਕਲਾ, ਫੋਟੋ ਕਲਾ ਤੇ ਪੁਸਤਕ ਪ੍ਰਦਰਸ਼ਨੀ ਦਾ ਜਲੌਅ ਅਨੰਦਤ ਕਰ ਦਿੰਦਾ ਹੈ, ਉੱਥੇ ਕਾਮਰੇਡ ਚੈਨ ਸਿੰਘ ਚੈਨ ਅਤੇ ਸੁਸ਼ੀਲਾ ਚੈਨ ਦੀ ਯਾਦ ਵਿੱਚ ਹੋ ਰਿਹਾ ਗਾਇਨ ਮੁਕਾਬਲਾ ਵੀ ਮੇਲੀਆ ਦਾ ਧਿਆਨ ਖਿੱਚਦਾ ਹੈ। ਇਸ ਵਿੱਚ ਇੱਕ ਵਿਦਿਆਰਥਣ ਨਿਆਜ਼ੀਆ ਵੱਲੋਂ ਪੇਸ਼ ਕੀਤਾ ਗੀਤ, @ਸੜਕ 'ਤੇ ਰੋੜੀ ਕੁੱਟ ਰਹੀਆਂ ਮੁਟਿਆਰਾਂ ਨੂੰ ਦੇਖੋ, ਮਹਿਲੀ ਰੰਗ ਮਨਾ ਰਹੀਆਂ ਬਹਾਰਾਂ ਨੂੰ ਦੇਖੋ....@ ਸਾਡੇ ਸਮਾਜ ਦੀ ਨਾ -ਬਰਾਬਰਤਾ ਦੀ ਤਸਵੀਰ ਪੇਸ਼ ਕਰ ਰਿਹਾ ਹੈ।

ਮੇਲੇ ਦਾ ਅਹਿਮ ਹਿੱਸਾ ਵਿਚਾਰ ਚਰਚਾ ਜਿੱਥੇ ਨਵੇਕਲੀਆਂ ਜਾਣਕਾਰੀਆਂ ਵਿੱਚ ਵਾਧਾ ਕਰ ਗਿਆ, ਉੱਥੇ ਸਰੋਤਿਆਂ ਦੇ ਮਨਾਂ ਅੰਦਰ ਸੁਲਘਦੇ ਸਵਾਲ ਖੜੇ ਕਰ ਗਿਆ। ਵਿਚਾਰ ਚਰਚਾ ਦੌਰਾਨ ਉੱਘੇ ਕਮਿਊਨਿਸਟ ਚਿੰਤਕ ਪ੍ਰਭਾਤ ਪਟਨਾਇਕ ਨੂੰ ਆਪਣੇ ਵਿਚਾਰ ਪੇਸ਼ ਕੀਤੇ।



ਕਾਮਰੇਡ ਪ੍ਰਭਾਤ ਪਟਨਾਇਕ ਨੇ ਸਰੋਤਿਆਂ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਨਵ- ਉਦਾਰਵਾਦ ਦਾ ਸੰਕਟ ਪੂਰੀ ਦੁਨੀਆਂ ਵਿੱਚ ਹੈ। ਇਸ ਦੌਰ ਵਿੱਚ ਪੈਦਾਵਾਰ ਤਾਂ ਵੱਧ ਰਹੀ ਹੈ ਪਰ ਉਸਦੀ ਮੰਗ ਘਟ ਰਹੀ ਹੈ। ਉਹਨਾਂ ਕਿਹਾ ਕਿ ਨਵੀਂ ਕਿਸਮ ਦਾ ਫਾਸ਼ੀਵਾਦ ਅੱਗੇ ਵੱਧ ਰਿਹਾ ਹੈ। ਜਦੋਂ ਪੂੰਜੀਵਾਦ ਖਤਰੇ ਵਿੱਚ ਹੁੰਦਾ ਹੈ ਤਾਂ ਉਹ ਫਾਸ਼ੀਵਾਦੀਆਂ ਨਾਲ ਗੱਠਜੋੜ ਕਰਦਾ ਹੈ। ਉਹਨਾਂ ਕਿਹਾ ਕਿ ਫਾਸ਼ੀਵਾਦ ਸੰਸਾਰ ਵਿਆਪੀ ਸਮੱਸਿਆ ਹੈ ਤੇ ਸੰਸਾਰ ਪੱਧਰੀ ਹੀ ਇਸ ਵਿਰੁੱਧ ਆਵਾਜ਼ ਉਠਣੀ ਚਾਹੀਦੀ ਹੈ।

ਦੂਜੇ ਬੁਲਾਰੇ ਸੰਵੇਦਨਸ਼ੀਲ ਕਵੀ, ਨਾਟਕਕਾਰ ਅਤੇ ਸਮਰੱਥ ਪੱਤਰਕਾਰ ਡਾ. ਸਵਰਾਜਬੀਰ ਨੇ ਫਾਸ਼ੀਵਾਦ ਬਾਰੇ ਨਵੀਆਂ ਤੇ ਮਹੱਤਵਪੂਰਨ ਗੱਲਾਂ ਕੀਤੀਆਂ। ਉਨ੍ਹਾਂ ਨੇ 1921 ਵਿੱਚ ਕਿਸੇ ਵੇਲੇ ਆਖੇ ਗਏ ਸ਼ਬਦਾਂ ਦੇ ਹਵਾਲੇ ਨਾਲ ਕਿਹਾ ਕਿ ਭਾਰਤ ਵਿੱਚ ਸਾਵਰਕਰ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨਾਂ ਪਾਸ਼ ਦੀ ਕਵਿਤਾ, 'ਸਾਡੇ ਸਮਿਆਂ 'ਚ...... ਦਾ ਜ਼ਿਕਰ ਕਰਦਿਆਂ ਕਿਹਾ ਕਿ ਛੱਤੀਸਗੜ੍ਹ ਦੇ ਹਾਲਾਤ ਨਾਲ ਜੋੜਿਆਂ ਇਸ ਦੇ ਅਰਥ ਹੋਰ ਡੂੰਘੇ ਹੋ ਜਾਂਦੇ ਹਨ ਤੇ ਮਨ ਉਦਾਸ। ਉਹਨਾਂ ਕਿਹਾ ਕਿ ਮੂਲਵਾਦ ਆਪਣੇ ਆਪ ਵਿੱਚ ਫਾਸ਼ੀਵਾਦ ਨਹੀਂ ਹੁੰਦਾ, ਪਰ ਇਸ ਦੇ ਬੀਜ ਇਸ ਵਿੱਚ ਪਏ ਹੁੰਦੇ ਹਨ। ਡਾ. ਸਵਰਾਜਬੀਰ ਨੇ ਸਾਵਰਕਰ ਦੀ ਕਿਤਾਬ ਦੇ ਹਵਾਲੇ ਨਾਲ ਹਿੰਦੂਤਵਾ ਅਤੇ ਫਾਸ਼ੀਵਾਦ ਦੀ ਵਿਆਖਿਆ ਕਰਦਿਆਂ ਕਿਹਾ ਕਿ ਬੇਸ਼ੱਕ ਖੱਬੇ ਪੱਖੀ ਧਿਰਾਂ ਦਾ ਸੰਘਰਸ਼ ਵਿਅਰਥ ਨਹੀਂ ਹੈ ਪਰ ਪ੍ਰਭਾਵਸ਼ਾਲੀ ਢੰਗ ਅਜੇ ਨਜ਼ਰ ਨਹੀਂ ਆਉਂਦਾ। ਲੋਕਾਂ ਤੱਕ ਪਹੁੰਚ ਕਰਨ ਲਈ ਇਹਨਾਂ ਧਿਰਾਂ ਨੂੰ ਆਪਣੇ ਵਿਧੀ ਵਿਧਾਨ ਨੂੰ ਦਰੁਸਤ ਕਰਨਾ ਹੋਵੇਗਾ।

ਮੇਲੇ ਵਿੱਚ ਘੁੰਮਦਿਆਂ ਤੁਹਾਨੂੰ ਉਤਸ਼ਾਹਜਨਕ ਅਨੁਭਵ ਪ੍ਰਾਪਤ ਹੁੰਦੇ ਹਨ। ਤਸੱਲੀਬਖਸ਼ ਤਾਂ ਨਹੀਂ ਪਰ ਜਵਾਨੀ ਦਾ ਇੱਕ ਹਿੱਸਾ ਗ਼ਦਰੀ ਬਾਬਿਆਂ ਦੀ ਵਿਰਾਸਤ, ਉਨ੍ਹਾਂ ਦਾ ਪੈਗ਼ਾਮ ਤੇ ਮੰਤਵ ਜਾਣਨ ਲਈ ਮੇਲੇ ਵਿੱਚ ਪਹੁੰਚਦਾ ਹੈ। ਮਿਸਾਲ ਦੇ ਤੌਰ 'ਤੇ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਿਹਾ ਨੌਜਵਾਨ ਅਮੀਸ਼ ਬਾਗਪੁਰ ਦਿੱਲੀ ਤੋਂ ਸਿੱਧਾ ਮੇਲੇ ਵਿੱਚ ਪਹੁੰਚਦਾ ਹੈ, ਆਪਣੇ ਘਰ ਜਾਣ ਤੋਂ ਪਹਿਲਾਂ। ਸਪੇਨ ਤੋਂ ਮੇਲੇ ਵਿੱਚ ਆਈ ਨੌਜਵਾਨ ਮੁਟਿਆਰ ਅਲੈਜਾਬੈਥ ਪੁਸਤਕ ਮੇਲੇ ਵਿੱਚ ਹਸੂੰ ਹਸੂੰ ਕਰਦੀ ਕਿਤਾਬਾਂ ਨੂੰ ਨੀਝ ਨਾਲ ਤੱਕਦੀ ਹੈ। ਉਹ ਦੱਸਦੀ ਹੈ ਕਿ ਉਹ ਆਪਣੇ ਹੋਰ ਦੋਸਤਾਂ ਨਾਲ ਮੇਲਾ ਵੇਖਣ ਲਈ ਹੀ ਸਪੇਨ ਤੋਂ ਜਲੰਧਰ ਆਈ ਹੈ। 'ਮੇਲਾ ਗਦਰੀ ਬਾਬਿਆਂ ਦਾ' ਵਿੱਚ ਇੱਕ ਹੋਰ ਮੇਲੇ ਵਜੋਂ ਜਾਣਿਆ ਜਾਂਦਾ ਪੁਸਤਕ ਮੇਲਾ ਮੇਲੀਆਂ ਨੂੰ ਬੜਾ ਕੁਝ ਪਰੋਸ ਗਿਆ। ਇੱਥੇ ਦੇ ਪੁਸਤਕ ਸਟਾਲਾਂ ਵਿੱਚ ਅਹਿਮਦੀਆ ਮੁਸਲਮ ਜਮਾਤ ਦੇ ਸਟਾਲ 'ਤੇ ਜਾ ਕੇ ਤੁਹਾਨੂੰ ਵੱਖਰੀ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ। ਇਸ ਸਟਾਲ ਵਾਲੇ ਆਪਣੀ ਜਮਾਤ ਦੇ ਮੁਖੀ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਦਾ ਪੈਗਾਮ ਲੋਕਾਂ ਤੱਕ ਪਹੁੰਚਾਉਣ ਲਈ ਆਪਣਾ ਸਾਹਿਤ ਮੁਫਤ ਮੁਹਈਆ ਕਰਵਾਉਂਦੇ ਹਨ। ਹਜ਼ਰਤ ਮਿਰਜ਼ਾ ਦੇਸ਼ ਪ੍ਰੇਮ ਨੂੰ ਪਰਿਭਾਸ਼ਿਤ ਕਰਦੇ ਹੋਏ ਫਰਮਾਉਂਦੇ ਹਨ ਕਿ ਆਪਣੇ ਦੇਸ਼ ਨਾਲ ਵਫਾਦਾਰੀ ਜਾਂ ਪ੍ਰੇਮ ਦਾ ਸ਼ਬਦ ਬੋਲਣਾ ਜਾਂ ਸੁਣਨਾ ਸੌਖਾ ਜਿਹਾ ਲੱਗਦਾ ਹੈ ਪਰ ਅਸਲ ਵਿੱਚ ਇਹਨਾਂ ਸ਼ਬਦਾਂ ਵਿੱਚ ਲੁਕੇ ਹੋਏ ਅਰਥ ਬਹੁਤ ਹੀ ਡੂੰਘੇ ਤੇ ਵਿਸ਼ਾਲ ਹਨ....।



ਮੇਲੇ ਵਿੱਚ ਹਾਜ਼ਰੀ ਲਵਾਉਣ ਆਏ ਪ੍ਰੋਫੈਸਰ ਜਗਮੋਹਨ ਸਿੰਘ ਕਹਿੰਦੇ ਹਨ ਕਿ ਮੇਲੇ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਚੰਗਾ ਸੰਕੇਤ ਹੈ। ਨੌਜਵਾਨਾਂ ਅੰਦਰ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਦੀ ਸੋਚ ਦਾ ਪਰਵਾਹ ਕਰਨ ਲਈ ਅਜਿਹੇ ਮੇਲੇ ਕਾਰਗਰ ਸਾਬਤ ਹੁੰਦੇ ਹ ਨ।

ਮੇਲੇ ਅੰਦਰ ਵਿਸ਼ੇਸ਼ ਤਕਰੀਰਾਂ ਦੇ ਪ੍ਰੋਗਰਾਮ ਵਿੱਚ ਜੰਮੂ ਕਸ਼ਮੀਰ ਤੋਂ ਸੀ.ਪੀ ਐਮ ਦੇ ਆਗੂ ਮੁਹੰਮਦ ਯੂਸਫ ਤਾਰੀਗਾਮੀ ਨੇ ਕਸ਼ਮੀਰੀ ਲੋਕਾਂ ਦੇ ਦਰਦ ਦੀ ਕਹਾਣੀ ਸੁਣਾਉਣ ਦੇ ਨਾਲ ਨਾਲ ਭਰੋਸਾ ਪ੍ਰਗਟ ਕੀਤਾ ਹੈ ਕਿ ਗ਼ਦਰੀਆਂ ਦੇ ਵਾਰਸਾਂ ਦਾ ਭਵਿੱਖ ਰੌਸ਼ਨ ਹੋਵੇਗਾ। ਇਸੇ ਸੈਸ਼ਨ ਵਿੱਚ ਡਾ. ਨਵਸ਼ਰਨ ਨੇ ਆਪਣੀ ਦਮਦਾਰ ਤਕਰੀਰ ਵਿੱਚ ਵੱਖ ਵੱਖ ਸੰਘਰਸ਼ਾਂ ਵਿੱਚ ਭਾਰਤੀ ਔਰਤਾਂ ਦੇ ਯੋਗਦਾਨ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਖੁਸ਼ ਹੈਸੀਅਤ ਦੇ ਮੋਰਚੇ ਵਿੱਚ ਸ਼ਹੀਦ ਹੋਈਆਂ ਔਰਤ ਵੀਰਾਂਗੁਣਾ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਬਚਨ ਕੌਰ ਤੇ ਚੰਦ ਕੌਰ ਦਾ ਸੰਸਕਾਰ ਇੱਕ ਥਾਂ ਕੀਤਾ ਗਿਆ ਸੀ।ਇਹ ਦੋਵੇਂ ਵੱਖ ਵੱਖ ਜਾਤਾਂ ਨਾਲ ਸੰਬੰਧਿਤ ਸਨ। ਇਹ ਗੱਲ ਇਸ ਕਰਕੇ ਮਹੱਤਵਪੂਰਨ ਹੋ ਜਾਂਦੀ ਹੈ ਕਿ ਜਿਸ ਵਕਤ ਪੰਜਾਬ ਵਿੱਚ ਅਜੇ ਵੀ ਬਹੁਤੇ ਪਿੰਡਾਂ ਵਿੱਚ ਸ਼ਮਸ਼ਾਨ ਘਾਟ ਵੱਖਰੇ ਵੱਖਰੇ ਹਨ ਤਾਂ ਉਕਤ ਔਰਤਾਂ ਦਾ ਸਾਂਝਾ ਸਿਵਾ ਮੌਜੂਦਾ ਦੌਰ ਵਿੱਚ ਸਾਂਝ ਵਧਾਉਣ ਲਈ ਪ੍ਰੇਰਨਾ ਸਰੋਤ ਹੈ।

ਹੁਣ ਗੱਲ ਕਰਦੇ ਹਾਂ ਮੇਲੇ ਵਿੱਚ ਸਭ ਤੋਂ ਖਿੱਚ ਭਰਪੂਰ ਝੰਡੇ ਦੇ ਗੀਤ ਦੀ। ਦਰਅਸਲ ਇਹ ਗੀਤ ਮੇਲੀਆਂ ਦੇ ਮਨਾਂ ਅੰਦਰ ਵਸ ਚੁੱਕਾ ਹੈ। ਮੇਲੇ ਦੇ ਥੀਮ ਅਨੁਸਾਰ ਹਰ ਸਾਲ ਇਹ ਗੀਤ ਨਵੇਂ ਰੰਗ ਬਿਖੇਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ










# ਗ਼ਦਰੀ ਬਾਬਿਆਂ ਦੇ ਮੇਲੇ 'ਚ 'ਕਿਤਾਬਾਂ ਦੀ ਮੰਡੀ'

ਕਿਤਾਬਾਂ ਦੀ ਮੰਡੀ? ਇਹ ਤਾਂ ਬਚਪਨ ਤੋਂ ਕੰਨਾਂ ਵਿਚ ਬੋਲ ਟਣਕਦੇ ਰਹਿੰਦੇ ਸਨ ਕਿ ਸਬਜ਼ੀ ਮੰਡੀ, ਦਾਣਾ ਮੰਡੀ, ਗੁੜ ਮੰਡੀ, ਜਗਰਾਵਾਂ ਵਿਚ ਪਸ਼ੂਆਂ ਦੀ ਮੰਡੀ, ਮੋਗਾ ਮੰਡੀ 'ਚ ਟਰੈਕਟਰ-ਟਰਾਲੀਆਂ ਦੀ ਮੰਡੀ, ਸਕੂਟਰ/ਕਾਰਾਂ ਦੀ ਮੰਡੀ। ਤੁਸੀਂ ਹੀਰਾ ਮੰਡੀ ਲਾਹੌਰ, ਦਿੱਲੀ ਦੀ ਜੀ.ਬੀ. ਰੋਡ ਮੰਡੀ, ਕਲਕੱਤਾ ਦੀ ਸੋਨਾਗਾਚਾ ਮੰਡੀ ਤੇ ਹੋਰ ਵੱਡੇ-ਵੱਡੇ ਸ਼ਹਿਰਾਂ ਵਿਚ ਲਗਦੀ ਜਿਸਮ-ਫਰੋਸ਼ੀ ਦੀ ਮੰਡੀ, ਪਰ ਕਿਤਾਬਾਂ ਦੀ ਮੰਡੀ! ਜੀ ਹਾਂ! ਇਹ ਮੰਡੀ ਲਗਦੀ ਹੈ

ਕੇਸਰ

ਪਿਛਲੇ 34 ਸਾਲਾਂ ਤੋਂ 30, 31 ਅਕਤੂਬਰ ਤੇ ਪਹਿਲੀ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ। ਇਸ ਮੰਡੀ ਵਿੱਚੋਂ ਤੁਸੀਂ ਹਰ ਤਰ੍ਹਾਂ ਦੀਆਂ ਕਿਤਾਬਾਂ ਖ਼ਰੀਦ ਸਕਦੇ ਹੋ।

ਇਸ ਮੰਡੀ ਦਾ ਆਗਾਜ਼ ਹੋਇਆ 1992 ਦੇ ਸਤੰਬਰ ਮਹੀਨੇ ਪਹਿਲਾ 'ਗ਼ਦਰੀ ਬਾਬਿਆਂ ਦਾ ਮੇਲਾ' ਲਗਾਉਣ ਨਾਲ। ਇਹ ਵੀ ਮੇਲੇ ਦਾ ਇਤਫ਼ਾਕ ਹੀ ਸੀ ਕਿ ਕੁਝ ਨੌਜੁਆਨ, ਜਿਹੜੇ ਹੁਣ ਜਾਂ ਤਾਂ ਖੂੰਡੀ ਦੇ ਸਹਾਰੇ ਤੁਰ ਰਹੇ ਹੋਣਗੇ ਜਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹੋਣ, ਖੰਡਰ ਬੀਆਬਾਨ ਹੋ ਚੁੱਕੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਨੂੰ ਆਬਾਦ ਕਰਨ ਲਈ ਪ੍ਰਬੰਧਕੀ ਕਮੇਟੀ ਕੋਲ ਵਾਲੀਬਾਲ ਦਾ ਨੈੱਟ ਲਗਾਉਣ ਲਈ ਬੇਨਤੀ ਕਰਨ ਆਏ। ਉਸ ਵੇਲੇ ਪ੍ਰਬੰਧਕੀ ਕਮੇਟੀ ਦੇ ਬਜ਼ੁਰਗ ਦੇਸ਼ ਭਗਤ ਘੁਲਾਟੀਏ, ਖੰਡਰ ਤੇ ਵੀਰਾਨ ਹੋ ਚੁੱਕੀ ਬਿਲਡਿੰਗ ਵਿਚ ਇਸ ਆਸ ਨਾਲ ਅੰਦਰ ਬੈਠੇ ਸਨ ਕਿ ਕਦੀ ਤਾਂ ਨੌਜਵਾਨੀ ਹਾਲ ਵਿਚ ਲੱਗੀਆਂ 'ਮੂਰਤਾਂ' ਦਾ ਮੁੱਲ ਮੋੜੇਗੀ। ਹੁਣ ਉਨ੍ਹਾਂ ਨੂੰ ਇਹ ਨੌਜੁਆਨ ਆਸ ਦੀ ਕਿਰਨ ਬਣਦੇ ਨਜ਼ਰ ਆਏ। ਉਨ੍ਹਾਂ ਨੌਜੁਆਨਾਂ ਨੂੰ ਕਿਹਾ ਕਿ ਇਸ ਬਿਲਡਿੰਗ ਦੇ ਨਾਲ ਲਗਦੀ ਬਿਲਡਿੰਗ ਵਿਚ ਹੰਸ ਰਾਜ ਸਟੇਡੀਅਮ ਹੈ, ਉਸ ਵਿਚ ਬਥੇਰੇ ਨੈੱਟ ਲੱਗੇ ਹੋਏ ਹਨ ਅਤੇ ਸਿਖਲਾਈ ਲਈ ਸਰਕਾਰੀ ਕੋਚਾਂ ਦਾ ਵੀ ਤਾਂਤਾ ਲੱਗਿਆ ਹੋਇਆ ਹੈ, ਪਰ ਬਿਲਡਿੰਗ ਵਿਚ ਲੱਗੀਆਂ ਤਸਵੀਰਾਂ ਦੀ ਧੂੜ ਝਾੜਨ ਤੇ ਇਨ੍ਹਾਂ ਨੂੰ ਯਾਦ ਕਰਨਾ ਵੀ ਤੁਹਾਡੇ ਵਰਗੇ ਨੌਜੁਆਨਾਂ ਦਾ ਕੰਮ ਹੈ।

.... ਤੇ ਉਸੇ ਵਕਤ ਇਨ੍ਹਾਂ ਨੌਜੁਆਨਾਂ ਨੇ ਤਹੱਈਆ ਕੀਤਾ ਕਿ ਦੇਸ਼ ਭਗਤਾਂ ਦੀ ਯਾਦ ਵਿਚ ਮੇਲਾ ਲਗਾਇਆ ਜਾਵੇਗਾ ਤੇ ਉਸੇ ਦਿਨ 'ਮੇਲਾ ਗ਼ਦਰੀ ਬਾਬਿਆਂ ਦਾ' ਕਮੇਟੀ ਬਣ ਗਈ ਤੇ ਮੇਲੇ ਦਾ ਐਲਾਨ ਕਰ ਦਿੱਤਾ ਸਤੰਬਰ ਦੇ ਮਹੀਨੇ। ਇਨ੍ਹਾਂ ਨੌਜੁਆਨਾਂ ਵਿਚ ਗੁਰਮੀਤ, ਬਲਦੇਵ ਕਿਸ਼ੋਰ ਤੇ ਇਸ ਦੁਨੀਆ ਤੋਂ ਰੁਖ਼ਸਤ ਹੋ ਚੁੱਕੇ ਹਰਮੀਤ ਔਜਲਾ, ਪਰਮਜੀਤ ਪੰਨਾ, ਮਹਿੰਦਰ, ਪੱਪਾ ਬਲਬੀਰ ਬਾਸੀ ਆਦਿ ਸਨ।

ਉਸੇ ਵਕਤ ਟਰੈਕਟਰ ਲਿਆ ਕੇ ਵਿਹੜਾ ਪੱਧਰਾ ਕੀਤਾ। ਨੌਜੁਆਨਾਂ ਨੇ ਆਪਣੇ ਦਮ 'ਤੇ ਫੰਡ ਇਕੱਠਾ ਕਰਕੇ ਮੇਲਾ ਲਗਾਇਆ ਤੇ ਬਾਕੀ ਬਚਦੇ ਪੈਸੇ ਕਮੇਟੀ ਦੇ ਸਪੁਰਦ ਕਰ ਦਿੱਤੇ। ਪਹਿਲਾ ਮੇਲਾ ਸਤੰਬਰ ਮਹੀਨੇ ਦਿਨ ਵੇਲੇ ਪੱਧਰੇ ਕੀਤੇ ਵਿਹੜੇ ਵਿਚ ਲਗਾਇਆ ਗਿਆ। ਇਸ ਮੇਲੇ ਵਿਚ 'ਦੋ ਕਿਤਾਬਾਂ ਦੇ ਵਣਜਾਰਿਆਂ' ਨੇ ਵੀ ਦਸਤਕ ਦਿੱਤੀ। ਮੇਲਾ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ।

ਦੂਸਰਾ ਮੇਲਾ ਗ਼ਦਰ ਪਾਰਟੀ ਵੱਲੋਂ 1 ਨਵੰਬਰ 1913 ਨੂੰ ਛਾਪੇ ਜਾਂਦੇ 'ਗ਼ਦਰ' ਪਰਚੇ ਨੂੰ ਮੁੱਖ ਰੱਖਦਿਆਂ ਪਹਿਲੀ ਨਵੰਬਰ ਦਿਨ-ਰਾਤ ਦਾ ਐਲਾਨ ਕਰ ਦਿੱਤਾ।

ਦੂਜੇ ਮੇਲੇ ਤੋਂ ਬਾਅਦ ਮੇਲਾ ਆਪਣੀ ਉਡਾਨ ਭਰਨ ਲੱਗਾ ਤੇ ਚੌਥੇ ਮੇਲੇ ਵਿਚ ਦਰਸ਼ਕਾਂ ਦਾ ਹੜ੍ਹ ਆ ਗਿਆ। ਇਸ ਕਰਕੇ ਕਮੇਟੀ ਵੱਲੋਂ ਪੰਜਵਾਂ ਮੇਲਾ ਸ਼ਹੀਦ ਭਗਤ ਸਿੰਘ ਗਰਾਊਂਡ ਵਿਚ ਲਗਾਉਣ ਦਾ ਐਲਾਨ ਕਰ ਦਿੱਤਾ।

ਉਸ ਵਕਤ ਕੁਝ ਕਿਤਾਬਾਂ ਦੇ ਵਣਜਾਰੇ ਗੱਟਿਆਂ, ਬੋਰੀਆਂ ਵਿਚ ਕਿਤਾਬਾਂ ਲੈ ਕੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੇ ਕਸਬਿਆਂ ਵਿਚ ਹੁੰਦੀਆਂ ਰੈਲੀਆਂ/ਮੁਜ਼ਾਹਰਿਆਂ ਵਿਚ ਪਾਠਕਾਂ ਤੱਕ ਪਹੁੰਚ ਕਰਨ ਲੱਗੇ। ਸਾਲ ਭਰ ਘੁੰਮਣ ਤੋਂ ਬਾਅਦ ਉਨ੍ਹਾਂ ਦਾ ਆਖ਼ਰੀ ਡੇਰਾ ਹੁੰਦਾ 'ਮੇਲਾ ਗ਼ਦਰੀ ਬਾਬਿਆਂ ਦਾ' ਵਿਚ। ਜਿਉਂ-ਜਿਉਂ ਮੇਲਾ ਆਪਣੀਆਂ ਸਿਖ਼ਰਾਂ ਛੋਹਣ ਲੱਗਾ, ਤਿਉਂ-ਤਿਉਂ ਕਿਤਾਬਾਂ ਦੇ ਵਣਜਾਰਿਆਂ ਦੀ ਗਿਣਤੀ ਵੀ ਵਧਣ ਲੱਗੀ। ਤੇ ਕਿਤਾਬਾਂ ਨੂੰ ਉਤਸ਼ਾਹਿਤ ਕਰਨ ਲਈ ਉਸ ਵੇਲੇ ਦੀ ਪ੍ਰਬੰਧਕੀ ਕਮੇਟੀ ਬਾਕਾਇਦਾ ਟੇਬਲ ਮੁਹੱਈਆ ਕਰਵਾਉਣ ਲੱਗੀ। ਪਿਛਲੇ ਕੁਝ ਸਾਲਾਂ ਤੋਂ ਮੇਲੇ ਵਿਚ ਪੁੱਜਣ ਵਾਲੇ ਪ੍ਰਕਾਸ਼ਕਾਂ ਅਤੇ ਪੁਸਤਕ ਵਿਕ੍ਰੇਤਾਵਾਂ ਦੀ ਗਿਣਤੀ ਵਧਣ ਕਾਰਨ ਜਗ੍ਹਾ ਦੀ ਘਾਟ ਹੋਣ ਲੱਗੀ। ਜਗ੍ਹਾ ਦੀ ਸਮੱਸਿਆ ਹੋਣ ਕਰਕੇ ਪੁਸਤਕ ਮੇਲੇ ਨੂੰ ਵਿਧੀਬੱਧ ਤਰੀਕੇ ਨਾਲ ਚਲਾਉਣ ਲਈ ਗੰਭੀਰ ਚਰਚਾਵਾਂ ਹੋਣ ਲੱਗੀਆਂ। ਪ੍ਰਕਾਸ਼ਕਾਂ ਤੇ ਪੁਸਤਕ ਵਿਕਰੇਤਾਵਾਂ ਦੀ ਪ੍ਰਬੰਧਕੀ ਕਮੇਟੀ ਨਾਲ ਇਕ ਤਾਲਮੇਲ ਕਮੇਟੀ ਬਣਾਈ ਗਈ। ਮੇਲੇ ਵਿਚ ਪੁੱਜਣ ਵਾਲੇ ਪ੍ਰਕਾਸ਼ਕਾਂ/ਪੁਸਤਕ ਵਿਕ੍ਰੇਤਾਵਾਂ ਲਈ ਇਕ ਸਹਿਮਤੀ ਪੱਤਰ ਤਿਆਰ ਕੀਤਾ ਗਿਆ, ਜਿਸ ਵਿਚ ਕੁਝ ਨਿਯਮ ਤੈਅ ਕੀਤੇ ਗਏ। ਪੁਸਤਕ ਪ੍ਰਦਰਸ਼ਨੀ ਵਿਚ ਗ਼ਦਰੀ ਬਾਬਿਆਂ ਦੇ ਆਸ਼ੇ ਨੂੰ ਪ੍ਰਫੁੱਲਿਤ ਕਰਨ ਵਾਲੇ ਸਾਹਿਤ ਤੋਂ ਇਲਾਵਾ ਅਗਾਂਹਵਧੂ ਅਤੇ ਨਰੋਏ ਸਾਹਿਤ ਨੂੰ ਪਰਨਾਈਆਂ ਕਿਤਾਬਾਂ ਹੀ ਲਗਾਈਆਂ ਜਾਂਦੀਆਂ ਹਨ। ਸੀਮਿਤ ਜਗ੍ਹਾ ਅਤੇ ਮੇਜ਼ਾਂ ਦੀ ਸੀਮਿਤ ਗਿਣਤੀ ਨੂੰ ਵੇਖਦੇ ਹੋਏ ਕਮੇਟੀ ਵੱਲੋਂ ਨਿਰਧਾਰਤ ਮੇਜ਼ ਤੈਅ ਕੀਤੇ ਜਾਂਦੇ ਹਨ। ਪੁਸਤਕ ਮੇਲੇ ਵਿਚ ਪੁਸਤਕ ਪ੍ਰਦਰਸ਼ਨੀ ਤੇ ਸਾਹਿਤਕ ਕਲਾ ਕਿਰਤਾਂ ਤੋਂ ਬਿਨਾਂ ਹੋਰ ਕੋਈ ਪ੍ਰਦਰਸ਼ਨੀ ਜਿਵੇਂ ਕਰਾਫਟ/ਸਜਾਵਟੀ ਵਸਤਾਂ ਆਦਿ ਦਾ ਪ੍ਰਦਰਸ਼ਨ ਪੰਡਾਲ ਦੇ ਅੰਦਰ ਨਹੀਂ ਲਗਾਇਆ ਜਾਂਦਾ।



ਇਸ ਸਹਿਮਤੀ ਪੱਤਰ ਦਾ ਹੁੰਗਾਰਾ ਇਸ ਤਰ੍ਹਾਂ ਮਿਲਿਆ, ਜਿਵੇਂ ਪ੍ਰਕਾਸ਼ਕਾਂ/ਪੁਸਤਕ ਵਿਕ੍ਰੇਤਾਵਾਂ ਨੂੰ ਵਿਆਹ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੋਵੇ। ਪ੍ਰਕਾਸ਼ਕ ਅਤੇ ਪੁਸਤਕ ਵਿਕਰੇਤਾ ਵਾਰ-ਵਾਰ ਫੋਨ ਕਰਕੇ ਆਪਣੇ ਸਟਾਲਾਂ ਦੀ ਬੁਕਿੰਗ ਵੀ ਪੱਕਿਆਂ ਕਰ ਰਹੇ ਸਨ। ਲਗਾਤਾਰ ਆਪਣੇ ਲਈ ਟੇਬਲਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਬੇਨਤੀ ਕਰ ਰਹੇ ਸਨ।

ਮੇਲੇ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਨੌਜਵਾਨ ਭਾਰਤ ਸਭਾ, ਨਵਾਂ ਜ਼ਮਾਨਾ, ਪੰਜ ਆਬ ਪ੍ਰਕਾਸ਼ਨ ਜਲੰਧਰ, ਜਨ ਚੇਤਨਾ ਪ੍ਰਕਾਸ਼ਨ ਲਖਨਊ, ਕੈਫੇ ਵਰਲਡ ਬਠਿੰਡਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲੁਧਿਆਣਾ, ਨਵਰੰਗ ਪਬਲੀਕੇਸ਼ਨ, ਆਧਾਰ ਪ੍ਰਕਾਸ਼ਨ ਪੰਚਕੂਲਾ, ਦੀਪਕ ਪਬਲਿਸ਼ਰਜ਼ ਜਲੰਧਰ, ਦਿਲਦੀਪ ਪ੍ਰਕਾਸ਼ਨ ਸਮਰਾਲਾ, ਚਿੰਤਨ ਪ੍ਰਕਾਸ਼ਨ ਲੁਧਿਆਣਾ, ਜਨ ਚੇਤਨਾ ਪ੍ਰਕਾਸ਼ਨ ਲੁਧਿਆਣਾ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਚੇਤਨਾ ਪ੍ਰਕਾਸ਼ਨ ਲੁਧਿਆਣਾ, ਭਾਸ਼ਾ ਵਿਭਾਗ ਪੰਜਾਬ, ਸੰਗਮ ਪਬਲੀਕੇਸ਼ਨ ਸਮਾਣਾ, ਪੰਜਾਬ ਬੁੱਕ ਸੈਂਟਰ, ਬੇਗਮਪੁਰਾ ਬੁੱਕ ਸ਼ਾਪ, ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, ਕੈਲੀਬਰ ਪਬਲੀਕੇਸ਼ਨ ਪਟਿਆਲਾ, ਆਟਮ ਆਰਟ ਪਟਿਆਲਾ, ਹਾਊਸ ਆਫ ਲਿਟਰੇਚਰ ਲੁਧਿਆਣਾ, ਉਡਾਰੀਆਂ ਕਿਤਾਬ ਘਰ ਲੁਧਿਆਣਾ, ਦਾ ਕਿਤਾਬ ਆਰਟ+ਪਬਲੀਕੇਸ਼ਨ ਪਟਿਆਲਾ, ਕੁਕਨੁਸ ਪ੍ਰਕਾਸ਼ਨ ਜਲੰਧਰ, ਪ੍ਰੋਗਰੈਸਿਵ-ਆਫ ਦੇ ਲਿਟਰੇਚਰ ਦਿੱਲੀ ਯੂਨੀਵਰਸਿਟੀ, ਪੰਜਾਬੀ ਕਵੀ ਪਬਲੀਕੇਸ਼ਨ ਮੋਗਾ, ਸਾਹਿਤ ਸ਼ਿਲਾ ਪ੍ਰਕਾਸ਼ਨ ਸ਼ਾਹਦਰਾ, ਕਿਤਾਬ ਹੱਟ ਮੂਸਾ, ਵ੍ਹਾਈਟ ਕਰੋ ਪਬਲੀਸ਼ਰਜ਼ ਮਾਨਸਾ, ਵਰਮਾ ਬੁੱਕ ਕੰਪਨੀ ਗਾਜ਼ੀਆਬਾਦ, ਪੀਪਲਜ਼ ਆਰਟ ਪਟਿਆਲਾ, ਸਹਿਜ ਪਬਲੀਕੇਸ਼ਨ ਸਮਾਣਾ, ਸਪਰੈਡ ਪਬਲੀਕੇਸ਼ਨ ਰਾਮਪੁਰ, ਦ ਲਿਟਰਰੀ ਜਿਊਲਰਜ਼ ਲੁਧਿਆਣਾ, ਪ੍ਰਕਾਸ਼ਨ ਸੰਸਥਾਨ ਨਵੀਂ ਦਿੱਲੀ, ਚਣਕੋਆ ਪ੍ਰਕਾਸ਼ਨ ਬਲਾਚੌਰ, ਦ ਆਈ ਬੀ ਈ ਐਕਸ ਵਰਲਡ ਬੁਕਸ ਜਲੰਧਰ, ਦਲਿਤ ਸਾਹਿਤ ਸਦਨ ਜਲੰਧਰ, ਮਾਰਕਸਵਾਦੀ ਕਿਤਾਬ ਘਰ ਮਹਿਲ ਕਲਾਂ, ਠੇਕਾ ਕਿਤਾਬ ਘਰ ਫਰੀਦਕੋਟ, ਕਾਮਰੇਡ ਗੁਰਮੀਤ ਸਿੰਘ ਢੱਡਾ ਪ੍ਰਕਾਸ਼ਨ ਜਲੰਧਰ, ERA KITAB ਮੀਰਪੁਰ, ਸਾਦਿਕ ਪਬਲੀਕੇਸ਼ਨ ਬਠਿੰਡਾ, ਵਿਸ਼ਵ ਕਿਤਾਬ ਘਰ ਲੌਗੋਂਵਾਲ, ਟਰੂ ਸਪੈਰੋ ਪਬਲੀਸ਼ਰਜ਼ ਪਟਿਆਲਾ, ਵਿਦਿਆਰਥੀ ਕਿਤਾਬ ਘਰ ਫਰੀਦਕੋਟ, ਫਰੀਦ ਬੁੱਕ ਸੈਂਟਰ ਫਰੀਦਕੋਟ, ਉੜਾ ਪ੍ਰਕਾਸ਼ਨ ਮੋਗਾ, ਅਹਿਮਦੀਆ ਮੁਸਲਿਮ ਜਮਾਤ ਜਲੰਧਰ, ਅਨੂਪ ਕਿਤਾਬ ਘਰ ਪਾਣੀਪਤ, ਆਲਮ-ਏ ਕਿਤਾਬ ਘਰ ਚੰਡੀਗੜ੍ਹ, ਲੋਕ ਹਿਤ ਰੰਗ ਕਿਤਾਬ ਘਰ ਭਵਾਨੀਗੜ੍ਹ, Victorious Punjab Publication

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ